**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

*Jassi Gill*
CA DRE# 00966763

**Ad Space Available**
**Call: 847-359-0746**


ਸਸਤੀ ਅਤੇ ਵਧੀਆ
ਹੈਲਥ ਇੰਸ਼ੋਰੈਂਸ
Quality Health Care
Including MEDI-CAL
COVERED CALIFORNIA
*Manjit Gill*
Certified Insurance Agent
CA. Lic#0B23990
Ph:510-888-1180
209-524-4008
**Gill Financial & Insurance Services**
27165 Mission Blvd, Hayward CA 94544
www.gillfinancial.com

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 15, Issue 7, February 15, 2014 — 20451 N Plum Grove Rd., Palatine, IL 60074 — Ph:847-359-0746, Fax:847-705-9388

## ਸਾਕਾ ਨੀਲਾ ਤਾਰਾ

# ਕੈਪਟਨ ਨੇ ਬਾਦਲ ਨੂੰ ਪਾਇਆ ਘੇਰਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਸਾਕਾ ਨੀਲਾ ਤਾਰਾ ਅਤੇ ਸਿੱਖ ਕਤਲੇਆਮ ਦੇ ਮਾਮਲੇ 'ਤੇ ਸਿਆਸਤ ਪੂਰੀ ਤਰ੍ਹਾਂ ਭਖ ਗਈ ਹੈ। ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਟੀ.ਵੀ. ਚੈਨਲ ਨਾਲ ਇੰਟਰਵਿਊ ਦੌਰਾਨ ਸਿੱਖ ਕਤਲੇਆਮ ਬਾਰੇ ਕੀਤੀਆਂ ਟਿੱਪਣੀਆਂ ਤੇ ਸਾਕਾ ਨੀਲਾ ਤਾਰਾ ਵੇਲੇ ਬਰਤਾਨਵੀ ਮਦਦ ਦੇ ਦਸਤਾਵੇਜ਼ ਨਸ਼ਰ ਹੋਣ ਮਗਰੋਂ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਨੂੰ ਬੁਰੀ ਤਰ੍ਹਾਂ ਘੇਰ ਲਿਆ ਸੀ ਪਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਾਰੇ ਕੀਤੇ ਖੁਲਾਸਿਆਂ ਮਗਰੋਂ ਅਕਾਲੀ ਦਲ ਦੀ ਗਿਣਤੀ-ਮਿਣਤੀ ਪੁੱਠੀ ਪੈਂਦੀ ਨਜ਼ਰ ਆ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਸ. ਬਾਦਲ ਉਤੇ ਸਾਕਾ ਨੀਲਾ ਤਾਰਾ ਵਰਗੇ ਗੰਭੀਰ ਮੁੱਦੇ ਤੋਂ ਸਿਆਸੀ ਫ਼ਾਇਦਾ ਲੈਣ ਦੀ ਕੋਸ਼ਿਸ਼ ਦਾ ਦੋਸ਼ ਲਾਉਂਦਿਆਂ ਕਿਹਾ ਕਿ ਸ. ਬਾਦਲ ਨੇ ਇਸ ਸਾਕੇ ਤੋਂ ਪਹਿਲਾਂ ਤੇ ਬਾਅਦ ਵਿਚ ਕਈ ਵੱਡੀਆਂ ਗ਼ਲਤੀਆਂ ਕੀਤੀਆਂ, ਤੇ ਫਿਰ ਬਾਅਦ ਵਿਚ ਖ਼ੁਦ ਬਚਣ ਲਈ ਉੱਤਰ ਪ੍ਰਦੇਸ਼ ਦੇ ਬਾਜਪੁਰ ਦੇ ਫਾਰਮ ਹਾਊਸ ਵਿਚ ਜਾ ਕੇ ਲੁਕ ਗਏ ਜਿਹੜਾ ਹੁਣ ਉਤਰਾਖੰਡ ਵਿਚ ਹੈ। ਉਨ੍ਹਾਂ ਇਹ ਵੀ ਕਿਹਾ ਕਿ 1984 ਦੇ ਸਿੱਖ ਕਤਲੇਆਮ ਵਿਚ ਭਾਜਪਾ ਤੇ ਆਰ.ਐਸ.ਐਸ. ਦੇ ਵਰਕਰਾਂ ਤੇ ਆਗੂਆਂ ਦੀ ਸ਼ਮੂਲੀਅਤ ਬਾਰੇ ਵੀ ਸ. ਬਾਦਲ ਦੀ ਖਾਮੋਸ਼ੀ ਹੈਰਾਨੀਜਨਕ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਨਿੱਜੀ ਸਕੱਤਰ ਆਰ.ਕੇ. ਧਵਨ ਨੂੰ 25 ਅਪਰੈਲ 1984 ਨੂੰ ਲਿਖੀ ਚਿੱਠੀ ਦਾ ਹਵਾਲਾ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਸ. ਬਾਦਲ ਨੂੰ ਵੰਗਾਰਿਆ ਕਿ ਉਹ ਇਹ ਸਪਸ਼ਟ ਕਰੇ ਕਿ ਕੀ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਕੇਂਦਰ ਸਰਕਾਰ ਨਾਲ ਚੱਲ ਰਹੀ ਗੱਲਬਾਤ ਵਿਚ ਉਹ ਨਿੱਜੀ ਤੌਰ 'ਤੇ ਸ਼ਾਮਲ ਸੀ ਜਾਂ ਨਹੀਂ? ਚਿੱਠੀ ਵਿਚ ਲਿਖਿਆ ਹੈ, "ਤੁਸੀਂ ਜਾਣਦੇ ਹੋ ਕਿ ਸਰਦਾਰ ਗੁਰਚਰਨ ਸਿੰਘ (ਟੌਹੜਾ) ਦੀ ਜਾਨ ਨੂੰ ਵੱਡਾ ਖ਼ਤਰਾ ਹੈ ਜਿਸ ਕਰ ਕੇ ਮੈਂ ਤੁਹਾਨੂੰ ਇਹ ਚਿੱਠੀ ਲਿਖ ਰਿਹਾ ਹਾਂ। ਸੰਤ ਜਰਨੈਲ ਸਿੰਘ (ਭਿੰਡਰਾਂਵਾਲੇ) ਪਿੱਛੇ ਹਟਣ ਵਾਲੇ ਨਹੀਂ ਤੇ ਮੈਂ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਦਾ ਹਾਂ ਕਿ ਸਾਨੂੰ ਉਹੀ ਕਰਨਾ ਪਵੇਗਾ ਜਿਸ ਦੀ ਅਸੀਂ ਪਹਿਲਾਂ ਵਿਉਂਤ ਬਣਾਈ ਸੀ ਤੇ ਸ. ਪ੍ਰਕਾਸ਼ ਸਿੰਘ ਬਾਦਲ ਇਸ ਬਾਰੇ ਤੁਹਾਨੂੰ ਪਹਿਲਾਂ ਹੀ ਤਫ਼ਸੀਲ ਵਿਚ ਦੱਸ ਚੁੱਕੇ ਹਨ। ਜਦੋਂ ਫੌਜ ਆਉਂਦੀ ਦੇਖੀ ਤਾਂ ਭਿੰਡਰਾਂਵਾਲੇ ਦੇ ਬਹੁਤੇ ਹਮਾਇਤੀ ਦੌੜ ਜਾਣਗੇ ਤੇ ਸੰਭਵ ਹੈ ਕਿ ਉਹ ਵੀ ਦੌੜ ਜਾਵੇ।"


ਕੈਪਟਨ ਅਮਰਿੰਦਰ ਸਿੰਘ

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 26 ਮਈ 1984 ਨੂੰ ਦਿੱਲੀ ਗੈਸਟ ਹਾਊਸ ਵਿਚ ਰੱਖੀ ਮੀਟਿੰਗ ਜਿਥੇ ਸ. ਬਾਦਲ ਆਪਣੇ ਦੋ ਸਾਥੀਆਂ ਨਾਲ ਤਿੰਨ ਕੇਂਦਰੀ ਮੰਤਰੀਆਂ ਨੂੰ ਮਿਲੇ ਸਨ, ਤੋਂ ਬਾਅਦ ਸ. ਬਾਦਲ ਦੇ ਦੋ ਸਾਥੀ ਤਾਂ ਤੁਰੰਤ ਪੰਜਾਬ ਲਈ ਰਵਾਨਾ ਹੋ ਗਏ ਜਦੋਂਕਿ ਸ. ਬਾਦਲ ਆਪ ਯੂ.ਪੀ. ਦੇ ਬਾਜਪੁਰ ਫਾਰਮ ਹਾਊਸ ਵਿਚ ਚਲੇ ਗਏ। ਪਹਿਲੀ ਜੂਨ 1984 ਨੂੰ ਪੁਲਿਸ ਤੇ ਸੀ.ਆਰ.ਪੀ.ਐਫ. ਨੇ ਸ੍ਰੀ ਦਰਬਾਰ ਸਾਹਿਬ ਨੂੰ ਘੇਰ ਲਿਆ ਸੀ। ਉਨ੍ਹਾਂ ਨੇ ਸ. ਬਾਦਲ ਨੂੰ ਸਵਾਲ ਕੀਤਾ ਹੈ ਕਿ ਉਹ ਇਨ੍ਹਾਂ ਹਾਲਾਤ 'ਤੇ ਚੁੱਪ ਰਹੇ ਅਤੇ ਕਿਉਂ ਹਾਲਾਤ ਗੰਭੀਰ ਹੋ ਜਾਣ ਦੇ ਬਾਵਜੂਦ ਆਪਣੀ ਹਿੰਮਤ ਦਾ ਸਬੂਤ ਦਿੰਦਿਆਂ ਉਹ ਪੰਜਾਬ ਨਹੀਂ ਪਰਤੇ? ਉਨ੍ਹਾਂ ਮੁਤਾਬਕ ਸ. ਬਾਦਲ ਉਹ ਸਹੁੰ ਪੁਗਾਉਣ ਵਿਚ ਵੀ ਨਾਕਾਮ ਰਹੇ ਜਿਹੜੀ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਆਪਣੇ ਸਾਥੀਆਂ ਨਾਲ ਖਾਧੀ ਸੀ ਕਿ ਉਹ ਕਿਸੇ ਵੀ ਫ਼ੌਜੀ ਆਪ੍ਰੇਸ਼ਨ ਦਾ ਸਾਹਮਣਾ ਕਰਨਗੇ ਤੇ ਫ਼ੌਜ ਨੂੰ ਸ੍ਰੀ ਦਰਬਾਰ ਸਾਹਿਬ ਅੰਦਰ ਦਾਖਲ ਹੋਣ ਤੋਂ ਰੋਕਣਗੇ, ਭਾਵੇਂ ਇਸ ਲਈ ਉਨ੍ਹਾਂ ਨੂੰ ਆਪਣੀ ਜਾਨ ਦੀ ਕੁਰਬਾਨੀ ਕਿਉਂ ਨਾ ਦੇਣੀ ਪਵੇ। ਉਨ੍ਹਾਂ ਨੇ ਖ਼ੁਲਾਸਾ ਕੀਤਾ ਕਿ ਬਾਦਲ ਨੇ ਬੀ.ਬੀ.ਸੀ. ਦੇ ਪੱਤਰਕਾਰਾਂ ਮਾਰਕ ਟੱਲੀ ਤੇ ਸਤੀਸ਼ ਜੈਕਬ ਤੱਕ ਦੇ ਫੋਨ ਚੁੱਕਣੇ ਵੀ ਬੰਦ ਕਰ ਦਿੱਤੇ ਸਨ ਜਿਹੜੇ ਇਸ ਸੱਚਾਈ ਦਾ ਸਬੂਤ ਹਨ।

ਕਾਂਗਰਸ ਆਗੂ ਨੇ ਸ. ਬਾਦਲ ਨੂੰ ਕਿਹਾ ਕਿ ਜਿਵੇਂ ਕੋਈ ਉਨ੍ਹਾਂ ਦੀਆਂ ਗ਼ਲਤੀਆਂ ਲਈ ਉਨ੍ਹਾਂ ਦੇ ਬੇਟੇ ਸੁਖਬੀਰ ਨੂੰ ਦੋਸ਼ੀ ਨਹੀਂ ਠਹਿਰਾ ਸਕਦਾ ਜਿਹੜੇ ਉਸ ਵੇਲੇ ਨੌਜਵਾਨ ਸਨ ਤੇ ਵਿਦੇਸ਼ੀ ਯੂਨੀਵਰਸਿਟੀ ਵਿਚ ਪੜ੍ਹ ਰਹੇ ਸਨ, ਉਹ ਕਾਂਗਰਸ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਵੀ ਸਾਕਾ ਨੀਲਾ ਤਾਰਾ ਲਈ ਮੁਆਫ਼ੀ ਮੰਗਣ ਲਈ ਨਹੀਂ

*(ਬਾਕੀ ਸਫਾ 6 'ਤੇ)*

### ਕੈਪਟਨ ਅਮਰਿੰਦਰ ਦਾ ਪ੍ਰਚਾਰ ਝੂਠਾ: ਬਾਦਲ



**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 1984 ਵਿਚ ਹੋਏ ਸਾਕਾ ਨੀਲਾ ਤਾਰਾ ਦੌਰਾਨ ਯੂ.ਪੀ. ਦੇ ਬਾਜਪੁਰ ਸਥਿਤ ਫਾਰਮ ਹਾਊਸ ਵਿਚ ਜਾ ਕੇ ਲੁਕਣ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਕੈਪਟਨ ਦੇ ਦੋਸ਼ਾਂ ਵਿਚ ਰੱਤੀ ਭਰ ਵੀ ਸੱਚਾਈ

*(ਬਾਕੀ ਸਫਾ 6 'ਤੇ)*

### ਦੰਗਿਆਂ ਵਿਚ ਭਾਜਪਾ ਦਾ ਹੱਥ ਨਹੀਂ: ਸੁਖਬੀਰ



**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਨਵੰਬਰ 1984 ਦੇ ਦੰਗਿਆਂ ਵਿਚ ਭਾਜਪਾ ਆਗੂਆਂ ਦੇ ਵੀ ਸ਼ਾਮਲ ਹੋਣ ਨੂੰ ਰੱਦ ਕਰਦਿਆਂ ਕਿਹਾ ਕਿ ਹੁਣ ਤੱਕ ਇਨ੍ਹਾਂ ਕੇਸਾਂ ਦੀ ਜਾਂਚ ਲਈ ਬਿਠਾਏ ਕਮਿਸ਼ਨਾਂ ਤੇ ਕਮੇਟੀਆਂ ਦੀਆਂ ਰਿਪੋਰਟਾਂ ਵਿਚ ਕਦੇ ਕਿਸੇ ਭਾਜਪਾ ਆਗੂ ਦਾ ਨਾਂ ਨਹੀਂ ਆਇਆ।


### ਬਾਦਲ ਤੋਂ 'ਪੰਥ ਰਤਨ' ਵਾਪਸ ਲਿਆ ਜਾਵੇ: ਖਹਿਰਾ



**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮੰਗ ਕੀਤੀ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲੋਂ ਉਨ੍ਹਾਂ ਦੀ ਪੰਥ ਰਤਨ ਦੀ ਉਪਾਧੀ ਵਾਪਸ ਲਈ ਜਾਵੇ ਕਿਉਂਕਿ ਉਨ੍ਹਾਂ ਨੇ ਸਾਕਾ ਨੀਲਾ ਤਾਰਾ ਸਮੇਂ ਜੇਲ੍ਹ ਵਿਚ ਹੋਣ ਦਾ ਗੁੰਮਰਾਹਕੁਨ ਬਿਆਨ ਦਿੱਤਾ ਹੈ। ਪੰਜਾਬ

*(ਬਾਕੀ ਸਫਾ 6 'ਤੇ)*

**REAL ESTATE & HOME LOANS**
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
209.918.6464
ahundal@c21mm.com


Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorney At Law*
**Berkeley Office**
2161 Shattuck Ave., 304, Berkeley
Ph:510-841-4582 Fax:510-217-6847
**Sacramento Office**
Call For Appointment
Ph:916-924-1617
Email: manpreet@gahralaw.com

# ਭਾਰਤ ਵਿਚ .ਗਰੀਬਾਂ ਦੀ ਗਿਣਤੀ ਘਟੀ !

**ਨਵੀਂ ਦਿੱਲੀ:** ਯੋਜਨਾ ਤੇ ਸੰਸਦੀ ਮਾਮਲਿਆਂ ਬਾਰੇ ਕੇਂਦਰੀ ਰਾਜ ਮੰਤਰੀ ਰਾਜੀਵ ਸ਼ੁਕਲਾ ਨੇ ਲੋਕ ਸਭਾ ਵਿਚ ਲਿਖਤੀ ਤੌਰ 'ਤੇ ਦੱਸਿਆ ਕਿ ਦੇਸ਼ ਅੰਦਰ ਗਰੀਬਾਂ ਦੀ ਗਿਣਤੀ ਘਟੀ ਹੈ। ਸਾਲ 2004-05 ਦੌਰਾਨ ਦੇਸ਼ ਅੰਦਰ 40.75 ਕਰੋੜ ਲੋਕ ਗਰੀਬ ਸਨ ਜੋ 2011-12 ਵਿਚ ਘਟ ਕੇ 2.7 ਕਰੋੜ ਰਹਿ ਗਏ।

ਸਾਲ 2011-12 ਦੌਰਾਨ ਕੀਤੇ ਸਰਵੇਖਣ ਅਨੁਸਾਰ ਉੱਤਰ ਪ੍ਰਦੇਸ਼ ਵਿਚ ਗਰੀਬੀ ਰੇਖਾ ਤੋਂ ਹੇਠਲੇ ਲੋਕਾਂ ਦੀ ਗਿਣਤੀ ਦੇਸ਼ ਭਰ ਵਿਚ ਸਭ ਤੋਂ ਵੱਧ ਹੈ।

ਇਹ ਗਿਣਤੀ 5.98 ਕਰੋੜ ਬਣਦੀ ਹੈ ਜਦੋਂਕਿ ਉਪਰੋਕਤ ਸਮੇਂ ਦੌਰਾਨ ਬਿਹਾਰ ਵਿਚ 3.58 ਕਰੋੜ, ਮੱਧ ਪ੍ਰਦੇਸ਼ 'ਚ 2.34 ਕਰੋੜ, ਮਹਾਰਾਸ਼ਟਰ ਵਿਚ 1.97 ਕਰੋੜ ਤੇ ਪੱਛਮੀ ਬੰਗਾਲ ਵਿਚ 1.84 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਸਨ।

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

Pinnacle Carriers Inc., San Jose, CA
Now Hiring Company Drivers
Team and Solo (With Two Yr Experience )
Owner Operators
Specialize in Reefer & Dry Loads.
Run All 48 States



*Trailer rentals
*Get paid weekly on time.
*Fuel advance
*Also provide fuel cards
We have late model trucks and brand new refers.
ਕੰਪਨੀ ਡਰਾਈਵਰਾਂ
ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)
ਓਨਰ ਅਪਰੇਟਰਾਂ ਦੀ ਲੋੜ ਹੈ
*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ *ਕਿਰਾਏ ਦੇ ਟਰੇਲਰ ਉਪਲਬਧ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਡਵਾਂਸ ਅਤੇ ਫਿਊਲ ਕਾਰਡ
Sharanbeer Atwal: 408-373-4168
Manpreet and Preet: 408-835-3007
www.pinnaclecarriers.com
51-6

GILL EXPRESS
REPAIR
ਟਰੱਕ ਅਤੇ ਟ੍ਰੇਲਰ ਰਿਪੇਅਰ



ਤਸੱਲੀਬਖਸ਼ ਕੰਮ ਤੇ ਵਾਜਬ ਰੇਟ
ਨਵੇਂ ਪੁਰਾਣੇ ਟਾਇਰ
ਬ੍ਰੇਕ
ਆਇਲ ਚੇਂਜ
ਰੀਅਰਐਂਡ
ਟ੍ਰਾਂਸਮਿਸ਼ਨ
ਕਲੱਚ
ਵੈਲਡਿੰਗ
ਕਿੰਗਪਿੰਨਾਂ
ਸਸਪੈਂਸ਼ਨ
ਬੁਸ਼ਿੰਗ
EXIT HERNDON AVE. @ KLIEN TRUCK STOP, FRESNO CA
559-800-8687

# ਗੁਰਦੁਆਰਾ ਸਾਹਿਬ ਫਰੀਮਾਂਟ

## ਸੁਪਰੀਮ ਕੌਂਸਲ ਚੋਣਾਂ

'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ' ਦੇ ਮਹਾਂਵਾਕ ਅਨੁਸਾਰ ਸਿੱਖ ਪੰਚਾਇਤ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੰਗਤ ਨੂੰ ਇਕ ਕੇਸਰੀ ਨਿਸ਼ਾਨ ਹੇਠ ਲਿਆਉਣ ਲਈ ਵਚਨਬਧ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਪੰਜ ਸਿੰਘ ਚੁਣਨ ਦਾ 'ਗੁਰਮਤਾ' ਕਰਕੇ ਪੰਜ ਸਿੰਘਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਸਾਡੀ ਸਿੱਖ ਸੰਗਤ ਨੂੰ ਅਪੀਲ ਹੈ ਕਿ ਆਪਾਂ 'ਗੁਰਮਤੇ' ਰਾਹੀਂ ਗੁਰੂ ਦੀ ਹਜੂਰੀ ਵਿਚ ਚੁਣੇ ਸਿੰਘਾਂ ਦੇ ਹੱਕ ਵਿਚ ਡੱਟ ਕੇ ਖੜੇ ਹੋਈਏ ਅਤੇ ਆਪਣਾ ਕੀਮਤੀ ਵੋਟ ਸਿੱਖ ਪੰਚਾਇਤ ਦੇ ਸਾਂਝੇ ਉਮੀਦਵਾਰਾਂ ਨੂੰ ਪਾ ਕੇ ਕਾਮਯਾਬ ਕਰੀਏ।



ਸਿੱਖ ਭਾਈਚਾਰੇ ਦੇ ਬਹੁਪੱਖੀ ਵਿਕਾਸ ਲਈ ਚਲ ਰਹੇ ਪ੍ਰਾਜੈਕਟਾਂ ਨੂੰ ਨੇਪਰੇ ਚਾੜਨ, ਗੁਰੂ ਘਰ ਨੂੰ ਦਰਪੇਸ਼ ਮਸਲਿਆਂ ਨੂੰ ਮਿਲ ਬੈਠ ਕੇ ਹਲ ਕਰਨ ਦਾ ਸਿਸਟਮ ਅਪਨਾਉਣ, ਗੁਰੂ ਘਰ ਦੇ ਸਾਧਨਾਂ ਦੀ ਠੀਕ ਅਤੇ ਸੁਚੱਜੀ ਵਰਤੋਂ ਕਰਨ, ਬੱਚਿਆਂ ਅਤੇ ਨੌਜਵਾਨ ਪੀੜੀ ਲਈ ਲੋੜੀਂਦੇ ਪ੍ਰੋਗਰਾਮ ਤਿਆਰ ਕਰਨ, ਹਿਸਾਬ-ਕਿਤਾਬ ਨੂੰ ਪਾਰਦਰਸ਼ੀ ਬਣਾਉਣ ਅਤੇ ਭਾਈਚਾਰੇ ਵਿਚ ਸਾਂਝੀਵਾਲਤਾ ਦਾ ਮਾਹੌਲ ਸਿਰਜਣ ਲਈ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ 9 ਮਾਰਚ ਨੂੰ ਹੋ ਰਹੀਆਂ ਚੋਣਾਂ ਵਿਚ ਸਿੱਖ ਪੰਚਾਇਤ ਦੇ ਪੜੇ-ਲਿਖੇ ਨੌਜਵਾਨਾਂ ਨੂੰ ਵੋਟ ਪਾ ਕੇ ਕਾਮਯਾਬ ਬਣਾਓ ਜੀ।

## ਸਿੱਖ ਪੰਚਾਇਤ ਦੇ ਸਾਂਝੇ ਉਮੀਦਵਾਰਾਂ ਹਨ



ਹਰਜੀਤ ਸਿੰਘ



ਜਸਦੇਵ ਸਿੰਘ



ਗੁਰਿੰਦਰ ਸਿੰਘ



ਲਖਬੀਰ ਸਿੰਘ



ਤਰਸੇਮ ਸਿੰਘ

## ਬੇਨਤੀ ਕਰਤਾ: ਸਿੱਖ ਪੰਚਾਇਤ, ਫਰੀਮਾਂਟ

ਫੋਨ: (408) 667-3116, (408) 896-4518 ਅਤੇ (510) 299-7982

# ਸਿੱਖ ਕਤਲੇਆਮ ਦੀ ਜਾਂਚ ਲਈ ਵਿਸ਼ੇਸ਼ ਟੀਮ ਬਣੇਗੀ

**ਨਵੀਂ ਦਿੱਲੀ:** ਦਿੱਲੀ ਦੇ ਉਪ-ਰਾਜਪਾਲ ਨਜੀਬ ਜੰਗ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਬਾਰੇ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾਉਣ ਲਈ ਸਹਿਮਤੀ ਦੇ ਦਿੱਤੀ ਹੈ। ਦਿੱਲੀ ਸਰਕਾਰ ਨੇ ਸਿੱਖ ਜਥੇਬੰਦੀਆਂ ਦੀ ਮੰਗ 'ਤੇ ਸਿਟ ਬਣਾਉਣ ਦਾ ਫੈਸਲਾ ਕੀਤਾ ਸੀ ਤੇ ਉਪ ਰਾਜਪਾਲ ਨੂੰ ਸਿਫਾਰਸ਼ ਕੀਤੀ ਸੀ ਕਿ 1984 ਦੇ ਦੰਗਿਆਂ ਦੀ ਜਾਂਚ ਲਈ ਸਿਟ ਬਣਾਈ ਜਾਵੇ। ਆਮ ਆਦਮੀ ਪਾਰਟੀ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਵਿਚ ਸਿੱਖ ਵੋਟਰਾਂ ਨਾਲ 1984 ਕਤਲੇਆਮ ਦੀ ਮੁੜ ਜਾਂਚ ਦਾ ਵਾਅਦਾ ਕੀਤਾ ਗਿਆ ਸੀ। ਇਸ ਮਾਮਲੇ ਵਿਚ ਉੱਘੇ ਵਕੀਲ ਤੇ ਆਮ ਆਦਮੀ ਪਾਰਟੀ ਦੇ ਆਗੂ ਐਚ.ਐਸ. ਫੂਲਕਾ ਵੀ ਦਿੱਲੀ ਸਰਕਾਰ ਦਾ ਸਾਥ ਦੇ ਰਹੇ ਹਨ।

ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਉਪ ਰਾਜਪਾਲ ਨਾਲ ਮੁਲਾਕਾਤ ਮਗਰੋਂ ਦੱਸਿਆ ਕਿ ਸ੍ਰੀ ਨਜੀਬ ਜੰਗ ਨਵੰਬਰ 1984 ਬਾਰੇ ਸਿਟ ਬਣਾਉਣ ਲਈ ਸਹਿਮਤ ਹੋ ਗਏ ਹਨ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਕੇਜਰੀਵਾਲ ਸਰਕਾਰ ਨੇ ਇਸ ਮੁੱਦੇ 'ਤੇ ਤੇਜ਼ੀ ਨਾਲ ਕੰਮ ਕੀਤਾ ਸੀ। ਸਰਕਾਰ ਦੇ ਕਰੀਬੀ ਸੂਤਰਾਂ ਮੁਤਾਬਕ ਉਪ ਰਾਜਪਾਲ ਵੱਲੋਂ ਅਗਲੀ ਕਾਰਵਾਈ ਕਰਨ 'ਤੇ ਸਾਰੀਆਂ ਰਸਮੀ ਕਾਰਵਾਈਆਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ।

ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਨੇ ਸਿੱਖ ਕਤਲੇਆਮ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਲਈ ਪੰਜਾਬ ਕਾਡਰ ਦੇ ਪੁਲਿਸ ਅਫਸਰ ਸੁਰੇਸ਼ ਅਰੋੜਾ ਦੇ ਨਾਂ ਦੀ ਸਿਫਾਰਸ਼ ਕੀਤੀ ਹੈ। ਸ੍ਰੀ ਅਰੋੜਾ ਪੰਜਾਬ ਵਿਜੀਲੈਂਸ ਬਿਊਰੋ ਦੇ ਚੀਫ ਡਾਇਰੈਕਟਰ ਹਨ ਤੇ ਉਨ੍ਹਾਂ ਦਾ ਰੈਂਕ ਡੀ.ਜੀ.ਪੀ. ਦਾ ਹੈ। ਆਮ ਆਦਮੀ ਪਾਰਟੀ ਦੇ ਆਗੂ ਅਤੇ ਸੀਨੀਅਰ ਐਡਵੋਕੇਟ ਐਚ.ਐਸ. ਫੂਲਕਾ ਨੇ ਦੱਸਿਆ ਕਿ ਉਨ੍ਹਾਂ ਨੇ ਜਾਂਚ ਟੀਮ ਦੀ ਅਗਵਾਈ ਲਈ ਸੁਰੇਸ਼ ਅਰੋੜਾ ਦੇ ਨਾਂ ਦਾ ਸੁਝਾਅ ਦਿੱਤਾ ਹੈ। ਹੁਣ ਜੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸ੍ਰੀ ਅਰੋੜਾ ਨੂੰ ਵਿਸ਼ੇਸ਼ ਜਾਂਚ ਟੀਮ ਨੂੰ ਸੇਵਾਵਾਂ ਦੇਣ ਲਈ ਸਮਾਂ ਦੇਣਗੇ ਤਾਂ ਦਿੱਲੀ ਸਰਕਾਰ ਉਨ੍ਹਾਂ (ਸੁਰੇਸ਼ ਅਰੋੜਾ) ਨੂੰ ਟੀਮ ਦਾ ਮੁਖੀ ਥਾਪ ਦੇਵੇਗੀ। ਸਰਕਾਰੀ ਅੰਕੜਿਆਂ ਮੁਤਾਬਕ ਨਵੰਬਰ 1984 ਵਿਚ ਦਿੱਲੀ ਵਿਚ ਪੌਣੇ ਤਿੰਨ ਹਜ਼ਾਰ ਸਿੱਖ ਮਾਰੇ ਗਏ ਸਨ ਤੇ ਕਰੋੜਾਂ ਰੁਪਏ ਦੀ ਜਾਇਦਾਦ ਦੰਗਿਆਂ ਦੀ ਭੇਟ ਚੜ੍ਹੀ ਸੀ। ਇਨ੍ਹਾਂ ਦੰਗਿਆਂ ਲਈ ਸੱਤ ਕਮੇਟੀਆਂ ਤੇ ਦੋ ਕਮਿਸ਼ਨ ਬਣੇ ਤੇ 587 ਮਾਮਲੇ ਦਰਜ ਕੀਤੇ ਗਏ ਜਿਨ੍ਹਾਂ ਵਿਚੋਂ 237 ਮਾਮਲਿਆਂ ਨੂੰ ਅਜੇ ਤੱਕ ਦਿੱਲੀ ਪੁਲਿਸ ਨੇ ਨਹੀਂ ਖੋਲ੍ਹਿਆ ਹੈ।




## ਇਕ ਸਾਲ ਵਿਚ ਪੂਰੀ ਹੋਵੇਗੀ ਜਾਂਚ

**ਨਵੀਂ ਦਿੱਲੀ:** ਐਸਆਈਟੀ ਜਾਂਚ ਤਹਿਤ ਬੰਦ ਕੀਤੇ ਜਾਂ ਅਨਟਰੇਸ ਦਰਸਾਏ ਸਾਰੇ ਕੇਸ ਖੋਲ੍ਹ ਕੇ ਉਨ੍ਹਾਂ ਦੀ ਦੁਬਾਰਾ ਜਾਂਚ ਕੀਤੀ ਜਾਵੇਗੀ ਤੇ ਜੇ ਲੋੜ ਪਈ ਤਾਂ ਨਵੇਂ ਸਿਰਿਓਂ ਐਫ. ਆਈ. ਆਰ. ਵੀ ਦਰਜ ਕੀਤੀਆਂ ਜਾਣਗੀਆਂ ਜਿਨ੍ਹਾਂ ਕੇਸਾਂ ਵਿਚ ਜਾਂਚ ਮੁਕੰਮਲ ਹੋ ਚੁੱਕੀ ਹੈ, ਉਨ੍ਹਾਂ ਬਾਰੇ ਚਾਰਜਸ਼ੀਟਾਂ ਦਾਇਰ ਕੀਤੀਆਂ ਜਾਣਗੀਆਂ। ਇਹ ਸਾਰੀ ਜਾਂਚ ਇਕ ਸਾਲ ਵਿਚ ਪੂਰੀ ਹੋਏਗੀ। ਸੂਤਰਾਂ ਅਨੁਸਾਰ ਜਾਂਚ ਦਾ ਜ਼ਿੰਮਾ ਦਿੱਲੀ ਤੋਂ ਬਾਹਰਲੇ ਪੁਲਿਸ ਅਫਸਰਾਂ ਨੂੰ ਦਿੱਤਾ ਜਾਵੇਗਾ।

ਦਿੱਲੀ ਪੁਲਿਸ ਨੂੰ ਐਸ.ਆਈ.ਟੀ. ਵਿਚੋਂ ਬਾਹਰ ਰੱਖਿਆ ਜਾਵੇਗਾ ਕਿਉਂਕਿ ਇਸ ਮਾਮਲੇ ਵਿਚ ਉਸ ਦੀ ਭੂਮਿਕਾ 'ਤੇ ਸਵਾਲ ਉਠਾਏ ਜਾਂਦੇ ਰਹੇ ਸਨ। ਐਫ.ਆਈ.ਆਰਜ਼. ਦੁਬਾਰਾ ਖੋਲ੍ਹੇ ਜਾਣ ਤੋਂ ਇਲਾਵਾ ਇਹ ਪੁਲਿਸ ਵੱਲੋਂ ਸਬੂਤ ਮਿਟਾਉਣ ਦੇ ਦੋਸ਼ਾਂ ਦੀ ਵੀ ਜਾਂਚ ਕਰੇਗੀ। ਸਰਕਾਰੀ ਰਿਕਾਰਡ ਮੁਤਾਬਕ 2733 ਲੋਕ ਦੰਗਿਆਂ ਵਿਚ ਮਾਰੇ ਗਏ ਸਨ। ਕੁੱਲ ਮਿਲਾ ਕੇ 587 ਐਫ.ਆਈ.ਆਰਜ਼. ਦਰਜ ਕੀਤੀਆਂ ਗਈਆਂ ਜਿਨ੍ਹਾਂ ਵਿਚੋਂ 241 ਬੰਦ ਕਰ ਦਿੱਤੀਆਂ ਗਈਆਂ ਜਾਂ ਜਿਨ੍ਹਾਂ ਬਾਰੇ ਕੋਈ ਕਾਰਵਾਈ ਨਾ ਕੀਤੀ ਗਈ। ਨਾਨਾਵਤੀ ਕਮਿਸ਼ਨ ਨੇ ਚਾਰ ਕੇਸ ਮੁੜ ਖੋਲ੍ਹੇ ਸਨ ਜਿਨ੍ਹਾਂ ਵਿਚ ਹੁਣ ਤਕ ਕੋਈ ਖਾਸ ਕਾਰਵਾਈ ਨਹੀਂ ਹੋ ਸਕੀ। ਕਈ ਕਮਿਸ਼ਨਾਂ ਵੱਲੋਂ ਪੁਲਿਸ ਦੀ ਭੂਮਿਕਾ 'ਤੇ ਸੁਆਲ ਉਠਾਏ ਗਏ ਸਨ ਕਿ ਉਸ ਨੇ ਸਬੂਤ ਮਿਟਾਏ ਸਨ।

## ਮਾਨ ਵੱਲੋਂ ਸਾਰੀਆਂ ਸੀਟਾਂ ਤੋਂ ਚੋਣ ਲੜਨ ਦਾ ਐਲਾਨ

**ਫਤਹਿਗੜ੍ਹ ਚੂੜੀਆਂ:** ਲੋਕ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅ) ਹਰਿਆਣਾ, ਰਾਜਸਥਾਨ, ਚੰਡੀਗੜ੍ਹ ਤੋਂ ਇਲਾਵਾ ਪੰਜਾਬ ਦੀਆਂ



13 ਲੋਕ ਸਭਾ ਸੀਟਾਂ 'ਤੇ ਵੀ ਚੋਣਾਂ ਲੜੇਗਾ। ਇਹ ਦਾਅਵਾ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਆਉਂਦੇ ਕੁਝ ਦਿਨਾਂ ਤੱਕ ਪਾਰਟੀ ਦੇ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਹਾ ਬਾਦਲ ਸਰਕਾਰ ਤੋਂ ਹਰ ਵਰਗ ਦੁਖੀ ਹੈ ਤੇ ਬੀਤੇ ਦਿਨੀਂ ਬਠਿੰਡਾ ਵਿਚ ਇਕ ਅਧਿਆਪਕਾਂ ਦੀ 14 ਮਹੀਨਿਆਂ ਦੀ ਮਾਸੂਮ ਬੱਚੀ ਦੀ ਮੌਤ ਲਈ ਬਾਦਲ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਬੀਬੀਆਂ ਦੇ ਨਾਲ ਨਾਲ ਬੱਚਿਆਂ ਨੂੰ ਵੀ ਨਹੀਂ ਬਖ਼ਸ਼ ਰਹੀ।

ਸ. ਮਾਨ ਨੇ ਕਿਹਾ ਕਿ ਪੰਜਾਬ ਵੱਲ ਪੈਰ ਪਸਾਰਨ ਦੀ ਕੋਸ਼ਿਸ਼ ਵਿਚ ਲੱਗੀ ਆਮ ਆਦਮੀ ਪਾਰਟੀ ਦੇ ਸਮਰਥਨ ਦੀ ਗੱਲ ਉਹ ਤਾਂ ਹੀ ਕਰਨਗੇ ਜੇ ਆਮ ਆਦਮੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀਆਂ ਨੀਤੀਆਂ ਉਪਰ ਖਰਾ ਉਤਰੇਗੀ।

## ਸਾਕਾ ਨੀਲਾ ਤਾਰਾ ਵੇਲੇ ਬਾਦਲ ਦੀ ਭੂਮਿਕਾ 'ਤੇ ਫਿਰ ਉਠੇ ਸਵਾਲ

**ਅੰਮ੍ਰਿਤਸਰ:** ਖ਼ਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਕਿਹਾ ਹੈ ਕਿ ਸਾਕਾ ਨੀਲਾ ਤਾਰਾ ਬਾਰੇ ਜਿਵੇਂ ਇੰਗਲੈਂਡ ਦੀ ਮਦਦ ਦਾ ਗੁਪਤਾ ਸੱਚ ਨੰਗਾ ਹੋ ਰਿਹਾ ਹੈ, ਇਸੇ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ ਦੀ ਸਾਕਾ ਨੀਲਾ ਤਾਰਾ ਬਾਰੇ ਇੰਦਰਾ ਗਾਂਧੀ ਨਾਲ ਕੀਤੀ ਯੋਜਨਾਬੰਦੀ ਦਾ ਸੱਚ ਵੀ ਸਾਹਮਣੇ ਆਉਣਾ ਚਾਹੀਦਾ ਹੈ।

ਇਥੇ ਸੰਤ ਲੌਂਗੋਵਾਲ ਵੱਲੋਂ 25 ਅਪਰੈਲ, 1984 ਨੂੰ ਇੰਦਰਾ ਗਾਂਧੀ ਦੇ ਨਿੱਜੀ ਸਕੱਤਰ ਆਰ.ਕੇ. ਧਵਨ ਨੂੰ ਲਿਖੀ ਚਿੱਠੀ ਜਾਰੀ ਕਰਦਿਆਂ ਖ਼ਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਲਿਖੀ ਇਸ ਚਿੱਠੀ ਨਾਲ ਸਿੱਖ ਹਿਰਦੇ ਛਲਨੀ-ਛਲਨੀ ਹੋ ਗਏ ਹਨ।

ਚਿੱਠੀ ਵਿਚ ਲਿਖਿਆ ਗਿਆ ਹੈ ਕਿ ਸੰਤ ਭਿੰਡਰਾਂਵਾਲਾ ਆਪਣੀ ਜ਼ਿਦ ਨਹੀਂ ਛੱਡ ਰਿਹਾ ਤੇ ਸਾਨੂੰ ਉਹ ਸਭ ਕੁਝ ਕਰਨਾ ਪੈਣਾ ਹੈ ਜਿਸ ਬਾਰੇ ਪ੍ਰਕਾਸ਼ ਸਿੰਘ ਬਾਦਲ ਤੁਹਾਨੂੰ ਪਹਿਲਾਂ ਹੀ ਦੱਸ ਚੁੱਕੇ ਹਨ ਤੇ ਸੰਤ ਭਿੰਡਰਾਂਵਾਲੇ ਦੇ ਬੰਦੇ ਫੌਜ ਦੇਖ ਕੇ ਭੱਜ ਜਾਣਗੇ।

ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦਾ ਬਿਆਨ ਕਿ ਸ. ਬਾਦਲ ਨੇ ਕੇਂਦਰੀ ਮੰਤਰੀਆਂ ਨਾਲ ਮਈ ਮਹੀਨੇ ਦੇ ਅਖ਼ੀਰ ਵਿਚ ਗੁਪਤ ਮੀਟਿੰਗਾਂ ਕੀਤੀਆਂ ਤੇ 26 ਮਈ 1984 ਨੂੰ ਸਾਕਾ ਨੀਲਾ ਤਾਰਾ ਤੋਂ ਕੁਝ ਦਿਨ ਪਹਿਲਾਂ ਆਪਣੇ ਯੂ.ਪੀ. ਵਾਲੇ ਫਾਰਮ ਵਿਚ ਲੁਕ ਗਿਆ, ਇਸ ਸਚਾਈ 'ਤੇ ਮੋਹਰ ਲਾਉਂਦਾ ਹੈ।

ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੇ ਉਸ ਸਮੇਂ ਦੇ ਡੀ.ਸੀ. ਰਮੇਸ਼ਇੰਦਰ ਸਿੰਘ ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਫ਼ੌਜੀ ਹਮਲੇ ਸਮੇਂ ਫ਼ੌਜ ਨੂੰ ਸ੍ਰੀ ਦਰਬਾਰ ਸਾਹਿਬ ਅੰਦਰ ਆਉਣ ਦੀ ਲਿਖਤੀ ਆਗਿਆ ਦਿੱਤੀ ਸੀ, ਨੂੰ ਬਾਦਲ ਸਰਕਾਰ ਨੇ ਮੁੱਖ ਸਕੱਤਰ ਲਾ ਕੇ ਤੇ ਹੋਰ ਉਚੇ ਅਹੁਦੇ ਬਖ਼ਸ਼ੇ। ਜਦੋਂਕਿ ਉਸ ਸਮੇਂ ਦੇ ਡੀ.ਸੀ. ਗੁਰਦੇਵ ਸਿੰਘ ਬਰਾੜ ਨੇ ਫੌਜ ਦੇ ਦਾਖ਼ਲੇ ਦੀ ਆਗਿਆ ਦੇਣ ਦੀ ਬਜਾਏ ਅਸਤੀਫ਼ਾ ਦੇਣਾ ਠੀਕ ਸਮਝਿਆ।

## ਅਕਾਲੀਆਂ ਨੂੰ ਦਿੱਲੀ ਦੰਗਿਆਂ ਦਾ ਮੁੱਦਾ ਖੁੱਸਣ ਦਾ ਡਰ

**ਚੰਡੀਗੜ੍ਹ:** ਪਿਛਲੇ ਤਕਰੀਬਨ ਢਾਈ ਦਹਾਕੇ ਤੋਂ ਕਾਂਗਰਸ ਵਿਰੁੱਧ ਦਿੱਲੀ ਦੇ ਸਿੱਖ ਵਿਰੋਧੀ ਦੰਗਿਆਂ ਨੂੰ ਅਸਰਦਾਰ ਤਰੀਕੇ ਨਾਲ ਸਿਆਸੀ ਪ੍ਰਚਾਰ ਲਈ ਵਰਤਦੇ ਆ ਰਹੇ ਅਕਾਲੀਆਂ ਨੂੰ ਹੁਣ ਇਹ ਮੁੱਦਾ ਹੱਥੋਂ ਖੁਸਦਾ ਨਜ਼ਰ ਆ ਰਿਹਾ ਹੈ। ਦਿੱਲੀ ਵਿਚ ਬਣੀ ਕੇਜਰੀਵਾਲ ਸਰਕਾਰ ਨੇ ਬਿਨਾਂ ਕਿਸੇ ਬਹੁਤੇ ਰੌਲੇ-ਰੱਪੇ ਦੇ ਸਿੱਖ ਵਿਰੋਧੀ ਦੰਗਿਆਂ ਦੇ ਕੇਸਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਏ ਜਾਣ ਦਾ ਫੈਸਲਾ ਕੀਤਾ ਹੈ। ਕੇਜਰੀਵਾਲ ਸਰਕਾਰ ਵੱਲੋਂ ਦੰਗਾ ਪੀੜਤਾਂ ਨੂੰ ਇਨਸਾਫ਼ ਲਈ ਚੁੱਕਿਆ ਅਜਿਹਾ ਕਦਮ ਅਕਾਲੀਆਂ ਲਈ ਵੱਡੀ ਸਿਰਦਰਦੀ ਬਣ ਰਿਹਾ ਹੈ ਕਿਉਂਕਿ ਜਿਸ ਮੁੱਦੇ ਨੂੰ ਲੈ ਕੇ ਉਹ ਸਿੱਖ ਭਾਵਨਾਵਾਂ ਨੂੰ ਵਰਤਦੇ ਆ ਰਹੇ ਹਨ, ਮੁੱਦਾ ਤਿਲਕ ਕੇ ਕੇਜਰੀਵਾਲ ਦੀ ਝੋਲੀ ਵਿਚ ਪੈ ਸਕਦਾ ਹੈ। ਕੇਜਰੀਵਾਲ ਸਰਕਾਰ ਵੱਲੋਂ ਵਿਸ਼ੇਸ਼ ਜਾਂਚ ਟੀਮ ਗਠਿਤ ਕਰਨ ਵਿਰੁੱਧ ਜਿਸ ਤਰ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਸਮੂਹ ਅਕਾਲੀ ਲੀਡਰਸ਼ਿਪ ਵੱਲੋਂ ਤਿੱਖਾ ਪ੍ਰਤੀਕਰਮ ਜ਼ਾਹਰ ਕੀਤਾ ਗਿਆ ਹੈ, ਉਹ ਅਕਾਲੀ ਲੀਡਰਸ਼ਿਪ ਦੇ ਮਨਾਂ ਅੰਦਰ ਕੇਜਰੀਵਾਲ ਦੀ ਚੁਣੌਤੀ ਦੇ ਪੈਦਾ ਹੋਏ ਡਰ ਦਾ ਵੀ ਪ੍ਰਗਟਾਵਾ ਸਮਝਿਆ ਜਾ ਰਿਹਾ ਹੈ।

ਅਕਾਲੀ ਦਲ ਲੰਬੇ ਸਮੇਂ ਤੋਂ ਇਸ ਗੱਲ ਦੀ ਠੋਕ ਵਜਾ ਕੇ ਮੰਗ ਕਰਦਾ ਰਿਹਾ ਹੈ ਕਿ ਦਿੱਲੀ ਦੰਗਿਆਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਜਾਵੇ ਤੇ ਦੋਸ਼ੀ ਪਾਏ ਜਾਣ ਵਾਲੇ ਲੋਕਾਂ ਦੇ ਮਾਮਲਿਆਂ ਨੂੰ ਜਲਦੀ ਨਿਪਟਾਉਣ ਲਈ ਫਾਸਟ ਟਰੈਕ ਅਦਾਲਤਾਂ ਬਣਾਈਆਂ ਜਾਣ। ਮਈ, 2008 ਵਿਚ ਪੰਜਾਬ ਦੇ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਵਫ਼ਦ ਨੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਮਿਲ ਕੇ ਵਿਸ਼ੇਸ਼ ਜਾਂਚ ਟੀਮ ਬਣਾਏ ਜਾਣ ਦੀ ਮੰਗ ਕੀਤੀ ਸੀ।

ਇਸ ਤੋਂ ਬਾਅਦ ਵੀ ਅਨੇਕਾਂ ਥਾਵਾਂ ਉਪਰ ਇਹ ਮੰਗ ਦੁਹਰਾਈ ਜਾਂਦੀ ਰਹੀ ਹੈ। ਹੁਣ ਦਿੱਲੀ ਵਿਚ ਬਣੀ ਕੇਜਰੀਵਾਲ ਸਰਕਾਰ ਨੇ ਦਿੱਲੀ ਦੇ ਲੋਕਾਂ ਨਾਲ ਕੀਤੇ ਚੋਣ ਵਾਅਦੇ ਨੂੰ ਪੂਰਾ ਕਰਦਿਆਂ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਲਈ ਕਮਿਸ਼ਨ ਗਠਿਤ ਕਰਨ ਦਾ ਫੈਸਲਾ ਕਰ ਦਿੱਤਾ ਹੈ।ਅਕਾਲੀ ਲੀਡਰਸ਼ਿਪ ਨੂੰ ਇਸ ਗੱਲ ਦਾ ਪਾਲ੍ਹਾ ਵੱਢ-ਵੱਢ ਖਾ ਰਿਹਾ ਹੈ ਕਿ ਅਜਿਹੇ ਕਦਮਾਂ ਨਾਲ ਕੇਜਰੀਵਾਲ ਦੀ ਲੋਕਪ੍ਰਿਅਤਾ ਸਿੱਖ ਸੰਗਤ ਵਿਚ ਵੀ ਵਧ ਸਕਦੀ ਹੈ।

ਅਕਾਲੀ ਦਲ ਉਪਰ ਇਹ ਸਵਾਲ ਉੱਠ ਰਹੇ ਹਨ ਕਿ ਕਰੀਬ ਛੇ ਸਾਲ ਕੇਂਦਰ ਵਿਚ ਵਾਜਪਾਈ ਸਰਕਾਰ ਰਹੀ ਤੇ ਅਕਾਲੀ ਦਲ ਉਸ ਦਾ ਸਰਗਰਮ ਭਾਈਵਾਲ ਸੀ, ਉਸ ਸਮੇਂ ਅਕਾਲੀ ਦਲ ਨੇ ਦੰਗਿਆਂ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਲਈ ਕੋਈ ਕਦਮ ਕਿਉਂ ਨਹੀਂ ਚੁੱਕਿਆ? ਸਿਆਸੀ ਹਲਕਿਆਂ ਵਿਚ ਇਹ ਆਮ ਪ੍ਰਭਾਵ ਹੈ ਕਿ ਇਕ ਪਾਸੇ ਤਾਂ ਸਾਰੇ ਅਕਾਲੀ ਜਾਂਚ ਟੀਮ ਕਾਇਮ ਕਰਨ ਵਿਰੁੱਧ ਬਿਆਨਬਾਜ਼ੀ ਕਰ ਰਹੇ ਹਨ ਪਰ ਨਾਲ ਦੀ ਨਾਲ ਇਕ ਵਿਉਂਤਬੱਧ ਨੀਤੀ ਤਹਿਤ ਸੰਸਦ ਦੇ ਅੰਦਰ ਤੇ ਬਾਹਰ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਉਪਰ ਰੌਲਾ ਵੀ ਪਾ ਰਹੇ ਹਨ।

# ਸੰਤ ਭਿੰਡਰਾਂਵਾਲੇ ਨੇ ਇੰਦਰਾ ਗਾਂਧੀ ਨੂੰ ਦਿੱਤੀ ਸੀ ਚੇਤਾਵਨੀ

**ਜਲੰਧਰ:** ਸਾਕਾ ਨੀਲਾ ਤਾਰਾ ਤੋਂ ਪਹਿਲਾਂ ਹੋਈ ਖ਼ਤੋ-ਕਿਤਾਬਤ ਦਾ ਮਾਮਲਾ ਪੂਰੀ ਤਰ੍ਹਾਂ ਗਰਮਾ ਗਿਆ ਹੈ। ਰਾਜਨੀਤਕ ਧਿਰਾਂ ਇਸ ਨੂੰ ਜ਼ੋਰ-ਸ਼ੋਰ ਨਾਲ ਉਠਾ ਰਹੀਆਂ ਹਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਸ੍ਰੀਮਤੀ ਇੰਦਰਾ ਗਾਂਧੀ ਨੂੰ ਢਾਈ ਸਫ਼ਿਆਂ ਦਾ ਹੱਥ-ਲਿਖਤ ਪੱਤਰ ਭੇਜਿਆ ਸੀ ਜਿਸ ਵਿਚ ਸੰਤ ਭਿੰਡਰਾਂਵਾਲੇ ਨੇ ਇੰਦਰਾ ਗਾਂਧੀ ਨੂੰ ਚੇਤਾਵਨੀ ਦਿੱਤੀ ਸੀ। ਇਸ ਖ਼ਤ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਸਿੱਖਾਂ ਨਾਲ ਹੋਈਆਂ ਵਧੀਕੀਆਂ ਨੂੰ ਉਦਾਹਰਣਾਂ ਦੇ ਕੇ ਲਿਖਿਆ ਸੀ ਤੇ ਇਸ ਖ਼ਤ ਦੀ ਸ਼ਬਦਾਵਲੀ ਵੀ ਬੜੀ ਸਖ਼ਤ ਲਹਿਜੇ ਵਾਲੀ ਸੀ। ਇਹ ਖ਼ਤ 19 ਫਰਵਰੀ, 1983 ਨੂੰ ਲਿਖਿਆ ਗਿਆ ਸੀ ਜਿਸ ਦੇ ਜਵਾਬ ਵਿਚ ਇੰਦਰਾ ਗਾਂਧੀ ਨੇ ਵੀ ਸੰਤ ਭਿੰਡਰਾਂਵਾਲੇ ਨੂੰ 21 ਫਰਵਰੀ, 1983 ਨੂੰ ਲਿਖੇ ਪੱਤਰ ਵਿਚ ਸਤਿਕਾਰਯੋਗ ਸੰਤ ਕਹਿੰਦਿਆਂ ਸੰਬੋਧਨ ਕੀਤਾ ਸੀ। ਇਸ ਖ਼ਤ ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕੋਲ ਪਹੁੰਚਾਉਣ ਦੀ ਪੁਸ਼ਟੀ ਕਰਦਿਆਂ ਭਰਪੂਰ ਸਿੰਘ ਬਲਬੀਰ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਖ਼ਤ ਲਿਖਿਆ ਸੀ। ਉਨ੍ਹਾਂ ਕਿਹਾ ਕਿ ਇੰਦਰਾ ਗਾਂਧੀ ਸ਼ੁਰੂ ਵਿਚ ਇਸ ਗੱਲ ਦੀ ਧਾਰਨੀ ਸੀ ਕਿ ਮਸਲੇ ਨੂੰ ਗੱਲਬਾਤ ਰਾਹੀਂ ਹੱਲ ਕਰ ਲਿਆ ਜਾਵੇ। ਉਨ੍ਹਾਂ ਸਿੱਖ ਆਗੂਆਂ 'ਤੇ ਵੀ ਉਂਗਲੀ ਕੀਤੀ ਕਿ ਜਿਥੇ ਪ੍ਰਧਾਨ ਮੰਤਰੀ ਦੇ ਸਲਾਹਕਾਰਾਂ ਵਿਚ ਉਹ ਲੋਕ ਸ਼ਾਮਲ ਸਨ ਜਿਹੜੇ ਮਸਲੇ ਨੂੰ ਉਲਝਾਉਣ ਵਿਚ ਲੱਗੇ ਰਹੇ। ਇਸੇ ਤਰ੍ਹਾਂ ਹੀ ਸਮਝੌਤੇ ਲਈ ਜਾਣ ਵਾਲੇ ਸਿੱਖ ਆਗੂ ਵੀ ਹਰ ਵਾਰ ਆਪਣੀਆਂ ਮੰਗਾਂ ਬਾਰੇ ਝਿਜਕਦੇ ਰਹੇ। ਭਰਪੂਰ ਸਿੰਘ ਬਲਬੀਰ ਨੇ ਕਿਹਾ ਕਿ ਪੰਜਾਬ ਦੀਆਂ ਮੰਗਾਂ ਲੈ ਕੇ ਜਾਣ ਵਾਲੀ ਅਕਾਲੀ ਲੀਡਰਸ਼ਿਪ ਨੂੰ ਬਹੁਤੀ ਸਮਝ ਨਹੀਂ ਸੀ ਕਿ ਉਹ ਮਾਮਲੇ ਨੂੰ ਕਿਸ ਢੰਗ ਨਾਲ ਹੱਲ ਕਰਵਾਉਣ ਲਈ ਅੱਗੇ ਤੋਰਨ। ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਇਸ ਲੀਡਰਸ਼ਿਪ ਵਿਚ ਵੀ ਉਹ ਜਥੇਦਾਰ ਸ਼ਾਮਲ ਸਨ ਜਿਹੜੇ ਮਸਲੇ ਨੂੰ ਹੱਲ ਹੀ ਨਹੀਂ ਸੀ ਕਰਾਉਣਾ ਚਾਹੁੰਦੇ।



### ਸੰਤ ਭਿੰਡਰਾਂਵਾਲੇ ਦਾ ਖਤ

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਆਪਣਾ ਖ਼ਤ ਸ਼ੁਰੂ ਕਰਦਿਆਂ ਲਿਖਿਆ ਸੀ ਕਿ, 'ੴ ਸਤਿਗੁਰ ਪ੍ਰਸਾਦਿ।। ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ਸੈਫ ਸਰੋਹੀ ਸੈਥੀ ਯਹੈ ਹਮਾਰੈ ਪੀਰ।।3। ਰਾਜਨੀਤੀ ਪੱਖ ਤੋਂ ਹਿੰਦੁਸਤਾਨ ਦੇ ਪ੍ਰਮੁੱਖ ਸੇਵਾਦਾਰ ਬੀਬੀ ਇੰਦਰਾ ਜੀ, ਤੁਹਾਡੇ ਬੋਲ਼ੇ ਕੰਨਾਂ ਤਕ ਸਿੱਖਾਂ ਨਾਲ ਹੋ ਰਹੇ ਵਿਤਕਰਿਆਂ ਤੋਂ, ਸਿੱਖ ਦੁਖੀ ਹਿਰਦਿਆਂ ਦੀ ਆਵਾਜ਼ ਪਹੁੰਚਾਉਣ ਵਾਸਤੇ ਚਿੱਠੀ ਦੁਆਰਾ ਮੈਂ ਆਪਣਾ ਵਿਚਾਰ ਪ੍ਰਗਟ ਕਰ ਰਿਹਾ ਹਾਂ। ਭਾਵੇਂ 'ਬੋਲ਼ੇ ਕੰਨਾਂ' ਦਾ ਅੱਖਰ ਸੁਣ ਕੇ ਤੁਹਾਨੂੰ ਕੁਝ ਮਹਿਸੂਸ ਹੋਵੇਗਾ ਕਿ ਕਿਹੋ ਜਿਹੀ ਭਾਸ਼ਾ ਵਰਤੀ ਹੈ ਪਰ ਮੈਂ ਬੋਲ਼ੇਪਨ ਦੀ ਸਿਧਤਾ ਵਾਸਤੇ ਕੁਝ ਵਿਚਾਰ ਦੱਸਣੇ ਜ਼ਰੂਰੀ ਸਮਝਦਾ ਹਾਂ, ਧਿਆਨ ਨਾਲ ਪੜ੍ਹ ਲੈਣਾ।

ਖ਼ਤ ਵਿਚ ਉਨ੍ਹਾਂ ਕੇਂਦਰ ਦੀ ਸਰਕਾਰ ਨੂੰ ਬੋਲ਼ੇਪਨ ਦੀ ਸਰਕਾਰ ਦੱਸਿਆ ਹੈ ਤੇ ਨਾਲ ਹੀ ਕਿਹਾ ਕਿ ਸਿੱਖਾਂ ਨੂੰ ਪੰਜਾਬੀ ਬੋਲਣ ਵਾਸਤੇ, ਪੰਜਾਬੀ ਸੂਬਾ ਲੈਣ ਵਾਸਤੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਟਰਾਂਸਮੀਟਰ ਲਾਉਣ ਵਾਸਤੇ, ਸਿੱਖ ਇਕ ਵੱਖਰੀ ਕੌਮ ਕਹਾਉਣ ਵਾਸਤੇ, ਧਾਰਮਿਕ ਸਥਾਨਾਂ ਨੂੰ ਪਵਿੱਤਰ ਦਰਜਾ ਦਿਵਾਉਣ ਵਾਸਤੇ ਤੇ ਆਪਣੇ ਧਾਰਮਿਕ ਚਿੰਨ੍ਹ ਨੂੰ ਪ੍ਰਪੱਕਤਾ ਸਹਿਤ ਧਾਰਨ ਕਰਨ ਵਾਸਤੇ, ਆਜ਼ਾਦੀ ਤੋਂ ਪਿੱਛੋਂ ਦੋ ਲੱਖ ਤੋਂ ਵੱਧ ਕੈਦ ਤੇ ਭਾਰੀ ਗਿਣਤੀ ਵਿਚ ਸ਼ਹੀਦੀਆਂ ਪਾ ਕੇ ਵੀ ਤੁਹਾਡੇ ਬੋਲ਼ੇ ਕੰਨਾਂ ਤੱਕ ਆਵਾਜ਼ ਨਹੀਂ ਪੁੱਜੀ।

ਉਨ੍ਹਾਂ ਖ਼ਤ ਵਿਚ ਇਹ ਵੀ ਲਿਖਿਆ ਕਿ ਸਿੱਖ ਹਮੇਸ਼ਾ ਜਬਰ ਦਾ ਮੁਕਾਬਲਾ ਸਬਰ ਨਾਲ ਕਰਦਾ ਹੈ ਤੇ ਸਬਰ ਨਾਲ ਕਰਾਂਗੇ ਪਰ ਤੁਹਾਨੂੰ ਯਾਦ ਹੋਣਾ ਚਾਹੀਦਾ ਹੈ ਕਿ ਜਦੋਂ ਸਬਰ ਦਾ ਪਿਆਲਾ ਭਰ ਜਾਵੇ ਤਦੋਂ ਸਿੱਖਾਂ ਨੂੰ ਮਜਬੂਰ ਹੋ ਕੇ ਆਪਣਾ ਹੱਕ ਲੈਣ ਵਾਸਤੇ ਆਪਣੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਮੰਨ ਕੇ 'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।। ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ' ਦੇ ਅਨੁਸਾਰ ਚੱਲਣਾ ਪੈਂਦਾ ਹੈ, ਪਰ ਇਸ 'ਤੇ ਚੱਲਣ ਵਾਸਤੇ ਅਜੇ ਸਾਡਾ ਕੋਈ ਇਰਾਦਾ ਨਹੀਂ ਹੈ ਪਰ ਜੇ ਕੁਰਸੀ ਦੇ ਨਸ਼ੇ ਵਿਚ ਇਸੇ ਤਰ੍ਹਾਂ ਸਿੱਖਾਂ ਨਾਲ ਅੱਤਿਆਚਾਰ ਹੁੰਦਾ ਰਿਹਾ ਤਾਂ ਇਸ ਨੂੰ ਹੁਣ ਬਹੁਤ ਸਾਲ ਜਾਂ ਮਹੀਨੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਆਪਣੇ ਖ਼ਤ ਦੇ ਅਖ਼ੀਰ ਵਿਚ ਲਿਖਿਆ ਕਿ ਸਿੱਖ ਵਿਦਿਆਰਥੀ ਨੂੰ ਨਜ਼ਰਬੰਦ ਕਰਨਾ, ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਾਤਲ ਮੁੱਖ ਮੰਤਰੀ ਪੰਜਾਬ, ਐਸ.ਪੀ. ਡੀ.ਆਰ. ਭੱਟੀ, ਡੀ.ਆਈ.ਜੀ. ਮਾਂਗਟ ਪਟਿਆਲਾ ਤੇ ਇਨ੍ਹਾਂ ਦੇ ਸਾਥੀਆਂ ਨੂੰ ਡੀ.ਸੀ. ਹੁਕਮ ਰੂਪੀ ਖੰਭਾਂ ਹੇਠ ਲੁਕਾਉਣਾ, ਬੋਲ਼ੇ ਤੇ ਗੂੰਗੇਪਨ ਦੀ ਪ੍ਰਤੱਖ ਮਿਸਾਲ ਹੈ। ਇਹ ਸੰਖੇਪ ਵਿਚ ਦੱਸਿਆ ਹੈ। ਸਮਾਂ ਆਉਣ 'ਤੇ ਵਿਸਥਾਰ ਨਾਲ ਸਿੱਖਾਂ ਨਾਲ ਹੋ ਰਹੇ ਵਿਤਕਰਿਆਂ ਬਾਰੇ ਦੱਸਾਂਗਾ। -ਜਰਨੈਲ ਸਿੰਘ ਖ਼ਾਲਸਾ (19-2-83)

# ਗੁਰਮੀਤ ਸਿੰਘ ਖਾਲਸਾ ਨੂੰ ਡੂੰਘਾ ਸਦਮਾ, ਭਰਾ ਸੁਰਗਵਾਸ

**ਸਟਾਕਟਨ (ਬਿਊਰੋ):** ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਸ. ਗੁਰਮੀਤ ਸਿੰਘ ਖਾਲਸਾ ਨੂੰ ਉਸ ਸਮੇਂ ਡੂੰਘਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਛੋਟੇ ਭਰਾ ਰਾਜਬੀਰ ਸਿੰਘ (ਜਿੰਦਰ) ਗੋਰਾਇਆ ਦਾ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। ਉਹ 49 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਪਤਨੀ ਹਰਜੀਤ ਕੌਰ, ਦੋ ਧੀਆਂ- ਇੰਦਰਜੀਤ ਕੌਰ ਤੇ ਤਰਜੀਤ ਕੌਰ ਅਤੇ ਇਕ ਪੁੱਤਰ ਗਗਨਦੀਪ ਸਿੰਘ ਛਡ ਗਏ ਹਨ।



*ਰਾਜਬੀਰ ਸਿੰਘ (ਜਿੰਦਰ)*

ਸਵਰਗੀ ਰਾਜਬੀਰ ਸਿੰਘ ਇਕ ਵਿਆਹ ਵਿਚ ਸ਼ਾਮਲ ਹੋਣ ਲਈ ਕਰੀਬ ਦੋ ਹਫਤੇ ਪਹਿਲਾਂ ਆਪਣੇ ਜੱਦੀ ਪਿੰਡ ਰਣਸੀਂਹ ਕੇ ਮੀਰਾਂ, ਜਿਲਾ ਗੁਰਦਾਸਪੁਰ ਗਏ ਸਨ। 8 ਫਰਵਰੀ ਨੂੰ ਵਿਆਹ ਦਾ ਸਮਾਗਮ ਖਤਮ ਹੁੰਦਿਆਂ ਹੀ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ। ਉਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਪਰ ਡਾਕਟਰ ਉਨ੍ਹਾਂ ਨੂੰ ਬਚਾ ਨਾ ਸਕੇ। ਉਨ੍ਹਾਂ ਦੇ ਪਰਿਵਾਰ ਦੇ ਪਹੁੰਚਣ ਉਪਰੰਤ ਪਿੰਡ ਰਣਸੀਂਹ ਕੇ ਮੀਰਾਂ ਵਿਚ ਹੀ ਉਨ੍ਹਾਂ ਦਾ ਸਸਕਾਰ ਕਰ ਦਿਤਾ ਗਿਆ।

ਰਾਜਬੀਰ ਸਿੰਘ ਕੋਈ 25 ਵਰ੍ਹਿਆਂ ਤੋਂ ਕੈਲੀਫੋਰਨੀਆ ਵਸੇ ਹੋਏ ਸਨ ਅਤੇ ਪਿਛਲੇ 12 ਸਾਲ ਤੋਂ ਸਟਾਕਟਨ ਰਹਿੰਦੇ ਸਨ। ਉਹ ਬਹੁਤ ਹੀ ਮਿਲਾਪੜੇ ਸੁਭਾ ਦੇ ਸਨ ਅਤੇ ਉਨ੍ਹਾਂ ਦੇ ਦੋਸਤਾਂ ਦਾ ਦਾਇਰਾ ਕਾਫੀ ਵਸੀਹ ਸੀ। ਪਰਿਵਾਰ ਨਾਲ ਸੰਪਰਕ ਸ. ਗੁਰਮੀਤ ਸਿੰਘ ਖਾਲਸਾ ਫੋਨ 408-896-4518 ਜਾਂ ਪਲਵਿੰਦਰ ਸਿੰਘ ਫੋਨ 408-515-9185 ਰਾਹੀਂ ਕੀਤਾ ਜਾ ਸਕਦਾ ਹੈ।

# ਬਲਬੀਰ ਸਿੰਘ ਟੁੱਟ ਦਾ ਭਰਾ ਸੁਰਗਵਾਸ

**ਸੈਨ ਹੋਜੇ (ਬਿਊਰੋ):** ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਬੰਧਕਾਂ ਵਿਚ ਸ਼ਾਮਲ ਰਹੇ ਅਤੇ ਅਜਕਲ੍ਹ ਇੰਡੀਆਨਾ ਰਹਿੰਦੇ ਦਸ਼ਮੇਸ਼ ਅਕਾਦਮੀ ਦੇ ਡਾਇਰੈਕਟਰ ਬਲਬੀਰ ਸਿੰਘ ਟੁੱਟ ਨੂੰ ਉਸ ਵਕਤ ਡੂੰਘਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਭਰਾ ਹਰਜਿੰਦਰ ਸਿੰਘ ਟੁੱਟ ਦਾ ਲੰਘੀ 9 ਫਰਵਰੀ ਨੂੰ ਦੇਹਾਂਤ ਹੋ ਗਿਆ। ਉਹ ਆਪਣੇ ਪਿਛੇ ਪਤਨੀ ਬੀਬੀ ਜਸਵਿੰਦਰ ਕੌਰ ਟੁੱਟ, ਦੋ ਬੇਟੀਆਂ- ਕਮਲਪ੍ਰੀਤ ਕੌਰ ਤੇ ਦਲਜੀਤ ਕੌਰ ਅਤੇ ਪੁੱਤਰ ਇੰਦਰਵੀਰ ਸਿੰਘ ਤੋਂ ਇਲਾਵਾ ਮਾਤਾ ਸਵਰਨ ਕੌਰ, ਭਰਾ ਬਲਬੀਰ ਸਿੰਘ ਟੁੱਟ, ਜਰਨੈਲ ਸਿੰਘ ਟੁੱਟ, ਭੈਣਾਂ ਇੰਦਰਪਾਲ ਕੌਰ ਮਾਨ, ਗੁਰਬਚਨ ਕੌਰ ਸਿੱਧੂ ਅਤੇ ਕਮਲਜੀਤ ਕੌਰ ਛਡ ਗਏ ਹਨ। ਉਹ ਲੰਬੇ ਸਮੇਂ ਤੋਂ ਸੈਨ ਹੋਜੇ ਰਹਿੰਦੇ ਸਨ।



ਸਵਰਗੀ ਭਾਈ ਹਰਜਿੰਦਰ ਸਿੰਘ ਟੁੱਟ ਦਾ ਅੰਤਿਮ ਸਸਕਾਰ ਹੇਵਰਡ ਦੇ ਚੈਪਲ ਆਫ ਚਾਈਨਜ਼ (ਮਿਸ਼ਨ ਬੂਲੇਵਾਰਡ) ਫਿਊਨਰਲ ਹੋਮ ਵਿਚ 16 ਫਰਵਰੀ ਐਤਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤਕ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸੈਨ ਹੋਜੇ ਵਿਖੇ ਬਾਅਦ ਦੁਪਹਿਰ 2 ਵਜੇ ਤੋਂ 4 ਵਜੇ ਤਕ ਹੋਵੇਗੀ। ਪਰਿਵਾਰ ਨਾਲ ਸੰਪਰਕ ਬੀਬੀ ਜਸਵਿੰਦਰ ਕੌਰ ਟੁੱਟ ਫੋਨ 408-647-3273, ਬਲਬੀਰ ਸਿੰਘ ਟੁੱਟ ਫੋਨ 317-702-5051 ਜਾਂ ਜਰਨੈਲ ਸਿੰਘ ਟੁੱਟ ਫੋਨ 209-649-4295 ਰਾਹੀਂ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਸੈਨ ਹੋਜ਼ੇ ਵਿਚ ਹੋਲਾ-ਮਹੱਲਾ 15 ਮਾਰਚ ਨੂੰ

ਸੈਨ ਹੋਜ਼ੇ (ਬਿਊਰੋ): ਖਾਲਸਾ ਜੀ ਕੇ ਬੋਲ ਬਾਲੇ ਦਾ ਪ੍ਰਤੀਕ ਹੋਲਾ-ਮਹੱਲਾ ਗੁਰਦੁਆਰਾ ਸੈਨ ਹੋਜ਼ੇ ਵਿਚ 15 ਮਾਰਚ ਸਨਿਚਰਵਾਰ ਨੂੰ ਖਾਲਸਾਈ ਜਾਹੋ-ਜਲਾਲ ਅਤੇ ਖਾਲਸਾਈ ਰਵਾਇਤਾਂ ਅਨੁਸਾਰ ਮਨਾਇਆ ਜਾਵੇਗਾ। ਪ੍ਰਬੰਧਕਾਂ ਅਨੁਸਾਰ ਇਸ ਦਿਨ ਗਤਕਾ, ਦੌੜਾਂ, ਬਾਸਕਟਬਾਲ, ਵਾਲੀਬਾਲ, ਰੱਸਾਕਸ਼ੀ ਤੋਂ ਇਲਾਵਾ ਘੋੜ ਸਵਾਰੀ ਅਤੇ ਨੇਜ਼ਾਬਾਜ਼ੀ ਦੇ ਮੁਕਾਬਲੇ ਹੋਣਗੇ। ਇਨ੍ਹਾਂ ਖੇਡਾਂ ਵਿਚ ਬੱਚੇ ਅਤੇ ਬਜ਼ੁਰਗ ਹਿੱਸਾ ਲੈ ਸਕਣਗੇ। ਪੰਥ ਪ੍ਰਸਿੱਧ ਗੁਰੂ ਕੇ ਕੀਰਤਨੀ, ਢਾਡੀ-ਕਵੀਸ਼ਰੀ ਜਥੇ, ਕਥਾਵਾਚਕ ਅਤੇ ਪੰਥਕ ਬੁਲਾਰੇ ਹਾਜ਼ਰੀਆਂ ਭਰਨਗੇ।

ਇਸ ਮਹੱਲੇ ਵਿਚ ਗੁਰੂ ਨਾਨਕ ਖਾਲਸਾ ਸਕੂਲ ਗੁਰਦੁਆਰਾ ਸੈਨ ਹੋਜ਼ੇ ਦੇ ਤਕਰੀਬਨ 700 ਬੱਚਿਆਂ ਤੋਂ ਇਲਾਵਾ ਕੈਲੀਫੋਰਨੀਆ ਦੇ ਵੱਖ ਵੱਖ ਇਲਾਕਿਆਂ ਤੋਂ ਬੱਚੇ ਰਵਾਇਤੀ ਖਾਲਸਾਈ ਬਾਣੇ ਵਿਚ ਹਿੱਸਾ ਲੈਣਗੇ। ਜਿਹੜੇ ਬੱਚੇ ਪੰਜ ਕਕਾਰਧਾਰੀ, ਸ਼ਸਤਰਧਾਰੀ ਹੋ ਕੇ, ਬਾਣਾ ਪਹਿਣ ਕੇ, ਦਮਾਲਾ ਸਜਾ ਕੇ ਅਤੇ ਹੱਥਾਂ ਵਿਚ ਤੀਰ ਲੈ ਕੇ ਵਧੀਆ ਪ੍ਰਦਰਸ਼ਨ ਕਰਨਗੇ, ਉਨ੍ਹਾਂ ਨੂੰ ਖਾਸ ਇਨਾਮ ਦਿੱਤੇ ਜਾਣਗੇ। ਉਨ੍ਹਾਂ ਨੂੰ ਘੋੜੇ ਦੀ ਸਵਾਰੀ ਵੀ ਕਰਵਾਈ ਜਾਵੇਗੀ। ਸ੍ਰੀ ਅਨੰਦਪੁਰ ਸਾਹਿਬ ਵਾਲਾ ਮਾਹੌਲ ਸਿਰਜਣ ਲਈ ਮਹੱਲਾ ਵੀ ਕੱਢਿਆ ਜਾਵੇਗਾ ਜਿਸ ਵਿਚ ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਹਿੱਸਾ ਲੈਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਸਮੂਹ ਸੰਗਤ ਨੂੰ ਇਸ ਦਿਨ ਗੁਰਦੁਆਰਾ ਸਾਹਿਬ ਵਿਚ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਹੈ।


## ਘਰੇਲੂ ਕੰਮ ਕਾਰ ਲਈ ਬੀਬੀ ਦੀ ਲੋੜ ਹੈ

**ਓਕਲੈਂਡ, ਕੈਲੀਫੋਰਨੀਆ ਵਿਚ ਇਕ ਪੰਜਾਬੀ ਪਰਿਵਾਰ ਦੇ ਨਾਲ ਰਹਿ ਕੇ ਘਰ ਦੀ ਸਾਫ-ਸਫਾਈ, ਰੋਟੀ-ਪਾਣੀ ਤੇ ਲੌਂਡਰੀ ਵਗੈਰਾ ਕਰਨ ਵਾਸਤੇ ਇਕ ਤੰਦਰੁਸਤ, ਖੁਸ਼ ਮਿਜਾਜ਼ ਬੀਬੀ ਦੀ ਲੋੜ ਹੈ। ਵਾਜਬ ਤਨਖਾਹ। ਬਜ਼ੁਰਗ ਬੀਬੀਆਂ ਸੰਪਰਕ ਨਾ ਕਰਨ।**

## ਫੋਨ: 510-703-4733



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**

*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

**1816 Main Ave., Secramento CA, 95838**



## Want to Sell Your Home

**We can sell your home fast @ best price.**

**ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ**



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

Please call me to find out value of your home.
If you are thinking to Buy or Sell a Home, please give us a chance

*Call: Sohanpreet 'Sam' Chahal*

**@916-612-5773**

Serving from Bay Area to Sacramento

**Multi-Million Dollars Producer-2007 to 2012**

## Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਿਸੇ ਤਣ ਪੱਤਣ ਨਹੀਂ ਲੱਗ ਰਿਹਾ ਨਾਨਕਸ਼ਾਹੀ ਕੈਲੰਡਰ ਵਿਵਾਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਨਾਨਕਸ਼ਾਹੀ ਕੈਲੰਡਰ ਬਾਰੇ ਚੱਲ ਰਿਹਾ ਵਿਵਾਦ ਮੁੜ ਭਖਣ ਲੱਗ ਪਿਆ ਹੈ ਪਰ ਸ਼੍ਰੋਮਣੀ ਕਮੇਟੀ ਅਤੇ ਸਿੰਘ ਸਾਹਿਬਾਨ ਇਸ ਵਿਵਾਦ ਦਾ ਹੱਲ ਕੱਢਣ ਦੀ ਬਜਾਏ ਇਸ ਮਾਮਲੇ ਨੂੰ ਮੁੜ ਠੰਢੇ ਬਸਤੇ ਵਿਚ ਪਾਉਣ ਨੂੰ ਤਰਜੀਹ ਦੇ ਰਹੇ ਹਨ। ਸਿੱਖ ਜਥੇਬੰਦੀਆਂ ਨੇ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਬਿਕਰਮੀ ਕੈਲੰਡਰ ਵਿਚ ਤਬਦੀਲ ਕਰਨ ਦੀ ਕੋਸ਼ਿਸ਼ ਦਾ ਇਲਜ਼ਾਮ ਲਾਉਂਦਿਆਂ ਅਕਾਲ ਤਖ਼ਤ ਦੇ ਜਥੇਦਾਰ ਤੋਂ ਮੰਗ ਕੀਤੀ ਹੈ ਕਿ ਇਸ ਬਾਰੇ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਪੰਥਕ ਧਿਰਾਂ ਦੀ ਰਾਏ ਲਈ ਜਾਵੇ। ਕਈ ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਨਾਨਕਸ਼ਾਹੀ ਕੈਲੰਡਰ ਵਿਚ ਮੁੜ ਸੋਧ ਕਰ ਕੇ ਇਸ ਨੂੰ ਬਿਕਰਮੀ ਕੈਲੰਡਰ ਬਣਾਉਣਾ ਸਾਜ਼ਿਸ਼ ਦਾ ਹਿੱਸਾ ਹੈ ਤੇ ਇਹ ਕਾਰਵਾਈ ਆਰ.ਐਸ.ਐਸ. ਦੇ ਪ੍ਰਭਾਵ ਹੇਠ ਕੀਤੀ ਜਾ ਰਹੀ ਹੈ।

ਜਥੇਬੰਦੀਆਂ ਨੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਕਮੇਟੀ ਆਰ.ਐਸ.ਐਸ. ਦੇ ਪ੍ਰਭਾਵ ਹੇਠ ਜਥੇਦਾਰਾਂ 'ਤੇ ਦਬਾਅ ਬਣਾ ਕੇ ਇਹ ਕਾਰਵਾਈ ਕਰਵਾ ਰਹੀ ਹੈ। ਵਿਦੇਸ਼ਾਂ ਵਿਚ ਬੈਠੇ ਸਿੱਖ ਅਤੇ ਸਿੱਖ ਜਥੇਬੰਦੀਆਂ ਵੱਲੋਂ ਤਾਂ ਪਹਿਲਾਂ ਹੀ 2010 ਵਿਚ ਸੋਧ ਕੇ ਜਾਰੀ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ ਰੱਦ ਕਰ ਦਿੱਤਾ ਗਿਆ ਸੀ ਤੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦਿੱਤੀ ਗਈ ਹੈ। ਉਸ ਮੁਤਾਬਕ ਹੀ ਗੁਰਪੁਰਬ ਤੇ ਹੋਰ ਤਿਥ-ਤਿਉਹਾਰ ਮਨਾਏ ਜਾ ਰਹੇ ਹਨ। ਨਾਨਕਸ਼ਾਹੀ ਕੈਲੰਡਰ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ




ਗਿਆਨੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਇਸ ਵਿਚ ਸੋਧ ਬਾਰੇ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਆਪੋ-ਆਪਣੇ ਸੁਝਾਅ ਭੇਜੇ ਹਨ। ਕੁਝ ਜਥੇਬੰਦੀਆਂ ਇਸ ਨੂੰ ਮੂਲ ਰੂਪ ਵਿਚ ਬਿਕਰਮੀ ਕੈਲੰਡਰ ਵਜੋਂ ਹੀ ਲਾਗੂ ਕਰਨ ਦੇ ਹੱਕ ਵਿਚ ਹਨ ਅਤੇ ਕੁਝ ਇਸ ਵਿਚ ਕੀਤੀਆਂ ਸੋਧਾਂ ਨੂੰ ਖਤਮ ਕਰ ਕੇ ਇਸ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਦੇ ਰੂਪ ਵਿਚ ਲਾਗੂ ਕਰਨ ਦੇ ਹੱਕ ਵਿਚ ਹਨ। ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਜਥੇਬੰਦੀਆਂ ਦੇ ਸੁਝਾਵਾਂ ਨੂੰ ਘੋਖਿਆ ਜਾਵੇਗਾ।

ਚੇਤੇ ਰਹੇ ਕਿ ਆਪਣੀ ਵੱਖਰੀ ਹੋਂਦ, ਪਛਾਣ, ਰੀਤ ਤੇ ਵਿਹਾਰ ਦਰਸਾਉਣ ਅਤੇ ਆਪਣੇ ਵਿਸ਼ੇਸ਼ ਦਿਵਸ ਮਨਾਉਣ ਬਾਰੇ ਭਰਮ-ਭੁਲੇਖਾ ਦੂਰ ਕਰਨ ਹਿੱਤ ਸਿੱਖਾਂ ਵੱਲੋਂ ਹੋਂਦ ਵਿਚ ਲਿਆਂਦਾ ਗਿਆ ਨਾਨਕਸ਼ਾਹੀ ਕੈਲੰਡਰ ਮੌਜੂਦਾ ਹਾਲਤ ਵਿਚ ਕੌਮ ਨੂੰ ਇਕਜੁੱਟ ਕਰਨ ਦੀ ਥਾਂ ਖਿੰਡਾਉਣ ਦਾ ਜ਼ਰੀਆ ਬਣ ਰਿਹਾ ਹੈ। 2003 ਵਾਲੇ ਕੈਲੰਡਰ ਦੇ ਹਮਾਇਤੀ ਸਿੱਖਾਂ, 2010 ਦੇ ਸੋਧੇ ਹੋਏ ਕੈਲੰਡਰ ਨੂੰ ਮੰਨਣ ਵਾਲਿਆਂ ਅਤੇ ਪੁਰਾਣੇ ਬਿਕਰਮੀ ਕੈਲੰਡਰ ਦੇ ਹੱਕ ਵਿਚ ਬੋਲਣ ਵਾਲਿਆਂ ਦੇ ਰੂਪ ਵਿਚ ਕਈ ਧਿਰਾਂ ਬਣ ਗਈਆਂ ਹਨ। ਵਿਸ਼ਵੀ ਜ਼ਿਓਰਜੀਅਨ ਜਾਂ ਰੋਮਨ (ਈਸਵੀ) ਕੈਲੰਡਰ ਤੇ ਬਿਕਰਮੀ ਕੈਲੰਡਰ ਦੀ ਮਿਸ਼ ਚੰਦਰਮਾ ਚਾਲ ਤੋਂ ਅਲੱਗ, 1998-99 ਵਿਚ ਕੈਨੇਡੀਅਨ ਸਿੱਖ ਸ. ਪਾਲ ਸਿੰਘ ਪੁਰੇਵਾਲ ਨੇ ਸੂਰਜ ਚਾਲ ਨਾਲ ਸਿੱਖਾਂ ਦਾ ਵੱਖਰਾ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ ਸੀ ਜਿਸ ਦੀ ਸ਼ੁਰੂਆਤ 1469 ਈਸਵੀ ਤੋਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਤੋਂ ਤੈਅ ਕੀਤੀ ਗਈ। ਸ. ਪੁਰੇਵਾਲ ਦਾ ਤਰਕ ਸੀ ਕਿ ਬਿਕਰਮੀ ਕੈਲੰਡਰ ਅਨੁਸਾਰ ਗੁਰੂ ਸਾਹਿਬਾਨ ਦੇ ਵਿਸ਼ੇਸ਼ ਪੁਰਬ ਤੇ ਸੰਗਰਾਂਦਾਂ ਦੀ ਤਰੀਕ ਹਰ ਵਰ੍ਹੇ ਬਦਲ ਜਾਂਦੀ ਸੀ ਤੇ ਇਸ ਨਾਲ ਕਈ ਵਾਰ ਅਸਪਸ਼ਟ ਹਾਲਤ ਪੈਦਾ ਹੋ ਜਾਂਦੀ ਹੈ, ਜਿਵੇਂ 1982 ਵਿਚ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਇਕੋ ਦਿਨ 22 ਦਸੰਬਰ ਨੂੰ ਆ ਗਏ ਸਨ।

ਸ. ਪੁਰੇਵਾਲ ਵੱਲੋਂ ਪੇਸ਼ ਕੀਤੇ ਕਲੰਡਰ ਨੂੰ 2003 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਾਨਤਾ ਤਾਂ ਮਿਲ ਗਈ ਪਰ ਲੋਕਾਂ ਦੇ ਮਨ ਵਿਚ ਵਸੇ ਰੋਮਨ ਕੈਲੰਡਰ ਨਾਲ ਇਸ ਦਾ ਤਾਲਮੇਲ ਸਹੀ ਨਾ ਬਣਿਆ ਜਿਸ ਨਾਲ ਰੋਮਨ ਸਾਲਾਂ ਵਿਚ ਕੁਝ ਗੁਰਪੁਰਬ ਦੋਹਰੀ ਵਾਰ ਆ ਗਏ ਤੇ ਕੁਝ ਪੂਰੇ ਸਾਲ ਵਿਚ ਇਕ ਵਾਰ ਵੀ ਨਹੀਂ ਆਏ। ਇਸ ਤੋਂ ਇਲਾਵਾ ਆਮ ਸਿੱਖਾਂ ਵਿਚ ਵਿਸ਼ੇਸ਼ ਦਿਹਾੜਿਆਂ ਪ੍ਰਤੀ ਭੰਬਲਭੂਸਾ ਬਰਕਰਾਰ ਰਿਹਾ ਜਿਸ ਦਾ ਕਾਰਨ ਤਖ਼ਤ ਸ੍ਰੀ ਹਜ਼ੂਰ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ ਤੇ ਸੰਤ ਸਮਾਜ ਵੱਲੋਂ ਬਿਕਰਮੀ ਕੈਲੰਡਰ ਅਨੁਸਾਰ ਹੀ ਗੁਰੂ ਪੁਰਬ ਮਨਾਉਣਾ ਜਾਰੀ ਰੱਖਣਾ ਵੀ ਸਮਝਿਆ ਗਿਆ ਜਦਕਿ ਵਿਦੇਸ਼ੀ ਸਿੱਖ ਜਥੇਬੰਦੀਆਂ ਸਮੇਤ ਕੁਝ ਸਥਾਨਕ ਸਿੱਖ ਨਾਨਕਸ਼ਾਹੀ ਕੈਲੰਡਰ ਨੂੰ ਹੂ-ਬ-ਹੂ ਲਾਗੂ ਕਰਨ ਦੇ ਹਮਾਇਤੀ ਸਨ।

ਸੱਤ ਸਾਲ ਬਾਅਦ ਮੁੜ ਸਿੱਖ ਧਿਰਾਂ ਵਿਚ ਏਕੇ ਦੀ ਮਨਸ਼ਾ ਨਾਲ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਕਮੇਟੀ ਦੀ ਸਹਿਮਤੀ ਨਾਲ ਕਮੇਟੀ ਬਣਾਈ ਗਈ ਜਿਸ ਨੇ ਨਾਨਕਸ਼ਾਹੀ ਕੈਲੰਡਰ ਵਿਚ ਕੁਝ ਵਿਸ਼ੇਸ਼ ਸੋਧਾਂ ਕਰਨ ਦਾ ਸੁਝਾਅ ਦਿੱਤਾ। ਇਸ ਦੌਰਾਨ 2010 ਵਿਚ ਇਹ ਸੋਧਾਂ ਜਿਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਤੇ ਜੋਤੀ ਜੋਤ ਸਮਾਉਣ ਦਿਵਸ, ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਤੇ ਗੁਰੂ ਗ੍ਰੰਥ ਸਾਹਿਬ ਦਾ ਗੁਰਗੱਦੀ ਦਿਵਸ ਪੁਰਾਣੀ ਬਿਕਰਮੀ ਵਿਧੀ ਅਨੁਸਾਰ ਹੀ ਪੱਕੇ ਕਰ ਦਿੱਤੇ ਗਏ। ਇਸ ਨਾਲ ਵਿਦੇਸ਼ੀ ਸਿੱਖ ਜਥੇਬੰਦੀਆਂ ਵਿਚ ਰੋਸ ਪੈਦਾ ਹੋ ਗਿਆ ਤੇ ਉਨ੍ਹਾਂ ਇਹ ਦਿਵਸ ਮੂਲ ਨਾਨਕਸ਼ਾਹੀ ਕੈਲੰਡਰ (2003) ਅਨੁਸਾਰ ਹੀ ਮਨਾਉਣੇ ਜਾਰੀ ਰੱਖੇ ਜਿਸ ਨਾਲ ਮੁੜ ਦੁਬਿਧਾ ਬਣ ਗਈ। ਪਿਛਲੇ ਸਾਲ ਪਾਕਿਸਤਾਨ ਵਿਚ ਮਨਾਏ ਗਏ ਵਿਸ਼ੇਸ਼ ਧਾਰਮਿਕ ਦਿਹਾੜਿਆਂ ਮੌਕੇ ਵੀ ਸਿੱਖ ਸੰਗਤ ਦੋ ਹਿੱਸਿਆਂ ਵਿਚ ਵੰਡੀ ਨਜ਼ਰ ਆਈ। ਹੁਣ ਜਦੋਂ ਸੰਤ ਸਮਾਜ ਵੱਲੋਂ ਮੁੜ ਬਿਕਰਮੀ ਕੈਲੰਡਰ ਨੂੰ ਹੀ ਲਾਗੂ ਕੀਤੇ ਜਾਣ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੰਗ ਸਬੰਧੀ ਉਠੀ ਚਰਚਾ ਉਪਰੰਤ ਨਾਨਕਸ਼ਾਹੀ ਕੈਲੰਡਰ (ਮੂਲ) ਦੇ ਹਮਾਇਤੀ ਸਿੱਖਾਂ ਵੱਲੋਂ ਤਖ਼ਤ ਸਾਹਿਬ ਵਿਖੇ ਕੈਲੰਡਰ ਰੱਦ ਕਰਨ ਦਾ ਵਿਰੋਧ ਦਰਜ ਕਰਾਇਆ ਗਿਆ ਹੈ ਤਾਂ ਇਸ ਦੌਰਾਨ ਸਿੰਘ ਸਾਹਿਬਾਨ ਦੀ ਬੈਠਕ 'ਚ ਮਾਮਲੇ ਨੂੰ ਫਿਲਹਾਲ ਠੰਢੇ ਬਸਤੇ ਵਿਚ ਪਾਉਣ ਨੂੰ ਹੀ ਤਰਜੀਹ ਦਿੱਤੀ ਗਈ ਹੈ।

# ਠੇਕੇ ਬੰਦ ਕਰਵਾਉਣ ਲਈ ਪੰਚਾਇਤਾਂ ਲਾਮਬੰਦ

**ਪਟਿਆਲਾ:** ਆਪਣੇ ਪਿੰਡਾਂ ਵਿਚੋਂ ਸ਼ਰਾਬ ਦੇ ਠੇਕੇ ਚੁਕਵਾਉਣ ਵਾਲੀਆਂ ਪੰਚਾਇਤਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਇਸ ਕੰਮ ਵਿਚ ਸੰਗਰੂਰ ਜ਼ਿਲ੍ਹਾ ਸਭ ਤੋਂ ਮੋਹਰੀ ਹੈ। ਇਹ ਮੁਹਿੰਮ ਸੱਤ ਸਾਲ ਪਹਿਲਾਂ 20 ਮਤਿਆਂ ਨਾਲ ਸ਼ੁਰੂ ਹੋਈ ਸੀ ਜੋ ਹੁਣ ਸਵਾ ਸੌ ਤੱਕ ਪੁੱਜ ਗਈ ਹੈ। ਮਿਲੇ ਵੇਰਵਿਆਂ ਮੁਤਾਬਕ ਸੱਤ ਸਾਲ ਪਹਿਲਾਂ ਪੰਜਾਬ ਭਰ ਦੀਆਂ 20 ਪੰਚਾਇਤਾਂ ਆਪਣੇ ਪਿੰਡਾਂ ਵਿਚੋਂ ਸ਼ਰਾਬ ਦੇ ਠੇਕੇ ਚੁਕਵਾਉਣ ਲਈ ਮੂਹਰੇ ਆਈਆਂ ਸਨ।

ਸਾਲ 2010-11 ਦੌਰਾਨ 89 ਪੰਚਾਇਤਾਂ ਵੱਲੋਂ ਅਜਿਹੇ ਮਤੇ ਪਾਸ ਕੀਤੇ ਗਏ। ਇਨ੍ਹਾਂ ਵਿਚੋਂ ਪੰਜ ਦਰਜਨ ਪੰਚਾਇਤਾਂ ਜ਼ਿਲ੍ਹਾ ਸੰਗਰੂਰ ਦੀਆਂ ਸਨ। ਇਸੇ ਤਰ੍ਹਾਂ ਸਾਲ 2011-12 ਵਿਚ 119 ਪੰਚਾਇਤਾਂ ਨੇ ਠੇਕੇ ਬੰਦ ਕਰਵਾਉਣ ਲਈ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਜਿਨ੍ਹਾਂ ਵਿਚੋਂ ਸੰਗਰੂਰ ਦੀਆਂ 43 ਪੰਚਾਇਤਾਂ ਨੇ ਅਜਿਹੇ ਮਤੇ ਪਾਸ ਕੀਤੇ। ਇਸ ਵਾਰ ਸੂਬੇ ਭਰ ਵਿਚੋਂ 124 ਮਤੇ ਪਾਸ ਹੋਏ ਹਨ। ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਸਹਿਮਤੀ ਨਾਲ ਪਾਸ ਕੀਤੇ ਗਏ ਇਹ ਮਤੇ ਉਨ੍ਹਾਂ ਨੇ ਆਬਕਾਰੀ ਤੇ ਕਰ ਵਿਭਾਗ ਨੂੰ ਸੌਂਪ ਕੇ ਆਪਣੇ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਨਾ ਖੋਲ੍ਹੇ ਜਾਣ ਦੀ ਗੁਹਾਰ ਲਾਈ ਹੈ।ਇਨ੍ਹਾਂ ਵਿਚੋਂ ਐਤਕੀਂ ਸਭ ਤੋਂ ਵੱਧ 79 ਪੰਚਾਇਤਾਂ ਜ਼ਿਲ੍ਹਾ ਸੰਗਰੂਰ ਦੀਆਂ ਹਨ। 12 ਪੰਚਾਇਤਾਂ ਨਾਲ ਜ਼ਿਲ੍ਹਾ ਬਰਨਾਲਾ ਦੂਜੇ ਨੰਬਰ 'ਤੇ ਹੈ, ਜਦਕਿ ਸੱਤ ਪੰਚਾਇਤਾਂ ਨਾਲ ਪਟਿਆਲਾ ਜ਼ਿਲ੍ਹਾ ਤੀਜਾ ਸਥਾਨ 'ਤੇ ਹੈ। ਦੂਜੇ ਜ਼ਿਲ੍ਹਿਆਂ ਵਿਚੋਂ ਰੂਪਨਗਰ ਦੀਆਂ ਚਾਰ ਪੰਚਾਇਤਾਂ ਸਮੇਤ ਮੁਹਾਲੀ, ਬਠਿੰਡਾ, ਲੁਧਿਆਣਾ ਤੇ ਮਾਨਸਾ ਜ਼ਿਲ੍ਹਿਆਂ ਦੀਆਂ ਤਿੰਨ-ਤਿੰਨ ਪੰਚਾਇਤਾਂ ਵੱਲੋਂ ਅਜਿਹੇ ਮਤੇ ਪਾਏ ਗਏ ਹਨ। ਇਸੇ ਤਰ੍ਹਾਂ ਫਿਰੋਜ਼ਪੁਰ ਤੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀਆਂ ਦੋ-ਦੋ ਪੰਚਾਇਤਾਂ ਨੇ ਵੀ ਅਜਿਹਾ ਫੈਸਲਾ ਕੀਤਾ ਹੈ ਜਦਕਿ ਜ਼ਿਲ੍ਹਾ ਜਲੰਧਰ, ਹੁਸ਼ਿਆਰਪੁਰ, ਨਵਾਂ ਸ਼ਹਿਰ, ਅੰਮ੍ਰਿਤਸਰ, ਗੁਰਦਾਸਪੁਰ ਤੇ ਮੋਗਾ ਜ਼ਿਲ੍ਹਿਆਂ ਵਿਚੋਂ ਇਕ-ਇਕ ਪੰਚਾਇਤ ਵੱਲੋਂ ਆਪਣੇ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਨਾ ਖੋਲ੍ਹੇ ਜਾਣ ਦੇ ਮਤੇ ਪਾਏ ਹਨ। ਐਕਸਾਈਜ਼ ਵਿਭਾਗ ਦੀ ਜੁਆਇੰਟ ਡਾਇਰੈਕਟਰ ਨੀਲਮ ਚੌਧਰੀ ਨੇ 124 ਮਤੇ ਆਉਣ ਦੀ ਪੁਸ਼ਟੀ ਕੀਤੀ ਹੈ।

## ਕੈਪਟਨ ਅਮਰਿੰਦਰ ਦਾ ਪ੍ਰਚਾਰ ਝੂਠਾ: ਬਾਦਲ

*(ਸਫਾ ਇਕ ਦੀ ਬਾਕੀ)*

ਨਹੀਂ ਹੈ ਅਤੇ ਕੈਪਟਨ ਕੂੜ ਪ੍ਰਚਾਰ ਕਰਕੇ 1984 ਦੇ ਦੰਗਿਆਂ ਲਈ ਜ਼ਿੰਮੇਵਾਰ ਕਾਂਗਰਸੀਆਂ ਨੂੰ ਬਚਾਉਣ ਤੇ ਲੋਕਾਂ ਦਾ ਦੂਜੇ ਪਾਸੇ ਧਿਆਨ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ। ਸਿੱਖ ਕਤਲੇਆਮ ਵਿਚ ਭਾਜਪਾ ਤੇ ਆਰ.ਐਸ.ਐਸ. ਦੀ ਸ਼ਮੂਲੀਅਤ ਬਾਰੇ ਉਨ੍ਹਾਂ ਕਿਹਾ ਕਿ ਦੰਗੇ ਕਾਂਗਰਸੀਆਂ ਦੀ ਗਿਣੀ ਮਿਥੀ ਸਾਜ਼ਿਸ਼ ਦਾ ਨਤੀਜਾ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਕੁਝ ਕਾਂਗਰਸੀਆਂ ਦੇ ਸਿੱਖ ਕਤਲੇਆਮ ਵਿਚ ਸ਼ਾਮਲ ਹੋਣ ਦੀ ਪੁਸ਼ਟੀ ਕਰਨ ਨਾਲ ਹਾਈ ਕਮਾਂਡ ਨੂੰ ਭਾਜੜਾਂ ਪੈ ਗਈਆਂ ਹਨ। ਉਂਜ ਉਨ੍ਹਾਂ ਕਿਹਾ ਕਿ ਸਿੱਖ ਦੰਗਿਆਂ ਲਈ ਦੋਸ਼ੀ ਉਹ ਕਿਸੇ ਵੀ ਮੁਲਜ਼ਮ ਦੇ ਹੱਕ ਵਿਚ ਨਹੀਂ ਹਨ, ਭਾਵੇਂ ਉਹ ਉਨ੍ਹਾਂ ਦੀ ਭਾਈਵਾਲ ਪਾਰਟੀ ਦਾ ਕੋਈ ਆਗੂ ਕਿਉਂ ਨਾ ਹੋਵੇ।

## ਕੈਪਟਨ ਅਮਰਿੰਦਰ ਨੇ ਬਾਦਲ ਨੂੰ ਪਾਇਆ ਘੇਰਾ

*(ਸਫਾ ਇਕ ਦੀ ਬਾਕੀ)*

ਕਹਿ ਸਕਦੇ ਜੋ ਉਸ ਵੇਲੇ ਸਿਰਫ਼ 13 ਸਾਲਾਂ ਦਾ ਸੀ। ਕੈਪਟਨ ਨੇ ਕਿਹਾ ਕਿ ਕਾਂਗਰਸੀਆਂ ਸਬੰਧੀ ਰਾਹੁਲ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਸਿੱਖ ਕਤਲੇਆਮ ਵਿਚ ਸ਼ਾਮਲ ਹੋ ਸਕਦੇ ਹਨ ਅਤੇ ਸ. ਬਾਦਲ ਹੁਣ ਉਨ੍ਹਾਂ ਦੇ ਨਾਂ ਦਿੱਤੇ ਜਾਣ 'ਤੇ ਜ਼ੋਰ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ 31 ਅਕਤੂਬਰ 1984 ਦੀ ਰਾਤ ਦੰਗੇ ਸ਼ੁਰੂ ਹੋਣ ਤੋਂ ਬਾਅਦ ਇਕ ਤੋਂ ਤਿੰਨ ਨਵੰਬਰ ਤੱਕ ਦਿੱਲੀ ਵਿਚ ਸਨ ਤੇ ਉਨ੍ਹਾਂ ਸਾਰੇ ਸ਼ਰਨਾਰਥੀਆਂ ਕੋਲ ਗਏ ਸਨ ਜਿਨ੍ਹਾਂ ਨੇ ਦਿੱਲੀ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਸਹਾਰਾ ਲਿਆ ਹੋਇਆ ਸੀ। ਜਿਹੜੇ ਨਾਂ ਉਨ੍ਹਾਂ ਉਸ ਵੇਲੇ ਸੁਣੇ ਸਨ, ਉਹ ਐਚ.ਕੇ.ਐਲ. ਭਗਤ, ਧਰਮ ਦਾਸ ਸ਼ਾਸਤਰੀ, ਅਰਜਨ ਦਾਸ, ਲਲਿਤ ਮਾਕਨ ਤੇ ਸੱਜਣ ਕੁਮਾਰ ਸਨ ਪਰ ਇਨ੍ਹਾਂ ਵਿਚੋਂ ਪਹਿਲੇ ਚਾਰ ਹੁਣ ਨਹੀਂ ਰਹੇ; ਜਦਕਿ ਸੱਜਣ ਕੁਮਾਰ ਦਾ ਕੇਸ ਅਖੀਰਲੇ ਦੌਰ ਵਿਚ ਹੈ। ਕੈਪਟਨ ਅਮਰਿੰਦਰ ਸਿੰਘ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਭਾਜਪਾ ਤੇ ਆਰ.ਐਸ.ਐਸ. ਆਗੂਆਂ ਦੀ ਭੂਮਿਕਾ ਦਾ ਖੁਲਾਸਾ ਕਰਦਿਆਂ ਕਿਹਾ ਕਿ ਭਾਜਪਾ ਤੇ ਆਰ.ਐਸ.ਐਸ. ਆਗੂਆਂ ਵਿਚੋਂ ਉਨ੍ਹਾਂ ਨੂੰ ਰਾਮ ਕੁਮਾਰ ਜੈਨ, ਪ੍ਰੀਤਮ ਸਿੰਘ, ਰਾਮ ਚੰਦਰ ਗੁਪਤਾ ਦੇ ਨਾਂ ਦੱਸੇ ਗਏ ਜੋ ਦੰਗਿਆਂ ਵਿਚ ਸ਼ਾਮਲ ਸਨ ਪਰ ਸ. ਬਾਦਲ ਆਪਣੇ ਸਿਆਸੀ ਸਾਂਝੀਦਾਰ ਹੋਣ ਕਾਰਨ ਇਨ੍ਹਾਂ ਬਾਰੇ ਚੁੱਪ ਹਨ। ਉਨ੍ਹਾਂ ਨੇ ਕਿਹਾ ਕਿ 49 ਭਾਜਪਾ ਤੇ ਆਰ.ਐਸ.ਐਸ. ਆਗੂਆਂ ਖ਼ਿਲਾਫ਼ 1984 ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ 14 ਮਾਮਲੇ ਦਰਜ ਹੋਏ ਸਨ।

ਉਨ੍ਹਾਂ ਕਿਹਾ ਕਿ ਉਦੋਂ ਸ. ਬਾਦਲ ਨੇ ਫ਼ੌਜ ਵਿਚ ਸ਼ਾਮਲ ਸਿੱਖਾਂ ਨੂੰ ਬਹੁਤ ਗ਼ੈਰ-ਜ਼ਿੰਮੇਵਾਰਾਨਾ ਢੰਗ ਨਾਲ ਬਗ਼ਾਵਤ ਕਰਨ ਲਈ ਕਿਹਾ ਸੀ, ਉਨ੍ਹਾਂ ਦੇ ਕਹਿਣ 'ਤੇ ਕਈ ਸਿੱਖ ਸਿਪਾਹੀ ਬਗ਼ਾਵਤ ਕਰ ਗਏ ਤੇ 18 ਸਾਲਾਂ ਤੱਕ ਜੇਲ੍ਹਾਂ ਵਿਚ ਰਹੇ ਤੇ ਕਈ ਮਾਰੇ ਵੀ ਗਏ ਪਰ ਕੀ ਬਾਦਲ ਇਕ ਵੀ ਵਿਅਕਤੀ ਦਾ ਨਾਂ ਦੱਸ ਸਕਦੇ ਹਨ ਜਿਸ ਦੇ ਜੇਲ੍ਹ ਰਹਿਣ ਦੌਰਾਨ ਉਸ ਦੇ ਪਰਿਵਾਰ ਦੀ ਇਨ੍ਹਾਂ ਨੇ ਸਹਾਇਤਾ ਕੀਤੀ ਹੈ ਜਾਂ ਬਾਹਰ ਆਉਣ ਤੋਂ ਬਾਅਦ ਉਸ ਨੂੰ ਨੌਕਰੀ ਦਿੱਤੀ ਹੈ? ਕੈਪਟਨ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਗਲਤ ਫੈਸਲਾ ਸੀ ਤੇ ਇਵੇਂ ਹੀ ਖਾੜਕੂਵਾਦ ਦੌਰਾਨ 35,000 ਨਿਰਦੋਸ਼ ਲੋਕਾਂ ਦਾ ਕਤਲੇਆਮ ਨਿੰਦਾਜਨਕ ਸੀ।

## ਬਾਦਲ ਤੋਂ ਪੰਥ ਰਤਨ ਵਾਪਸ ਲਿਆ ਜਾਵੇ: ਖਹਿਰਾ

*(ਸਫਾ ਇਕ ਦੀ ਬਾਕੀ)*

ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਕਿਤਾਬ ਰਾਹੀਂ ਹੀ ਸਪਸ਼ਟ ਹੋ ਗਿਆ ਸੀ ਕਿ ਸ. ਬਾਦਲ ਨੂੰ ਸਾਕੇ ਤੋਂ ਬਾਅਦ ਉਨ੍ਹਾਂ ਦੇ ਘਰੋਂ 10 ਜੂਨ 1984 ਦੀ ਸਵੇਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਫਿਰ ਉਨ੍ਹਾਂ ਨੂੰ ਬੀ.ਐਸ.ਐਫ. ਦੇ ਜਹਾਜ਼ ਰਾਹੀਂ ਭੋਪਾਲ ਲਿਜਾਇਆ ਗਿਆ ਤੇ ਮੱਧ ਪ੍ਰਦੇਸ਼ ਦੇ ਛੋਟੇ ਜਿਹੇ ਹਿੱਲ ਸਟੇਸ਼ਨ ਪੰਚਮੜੀ ਦੇ ਗੈਸਟ ਹਾਊਸ ਵਿਚ ਠਹਿਰਾਇਆ ਗਿਆ ਸੀ। ਹੁਣ ਇਸ ਗੱਲ ਨੂੰ ਪੁਖ਼ਤਾ ਕਰਨ ਲਈ ਹੋਰ ਸਬੂਤ ਸਾਹਮਣੇ ਆ ਗਏ ਹਨ ਕਿ ਸਾਕੇ ਦੌਰਾਨ ਤੇ ਬਾਅਦ ਵਿਚ ਵੀ ਸ. ਬਾਦਲ ਆਮ ਵਾਂਗ ਵਿਚਰ ਰਹੇ ਸਨ। ਸ. ਖਹਿਰਾ ਨੇ ਇਕ ਫੋਟੋ ਜਾਰੀ ਕਰ ਕੇ ਦਾਅਵਾ ਕੀਤਾ ਕਿ ਸ. ਬਾਦਲ 3 ਜੂਨ 1984 ਨੂੰ ਗਿੱਦੜਬਾਹਾ ਹਲਕੇ ਦੇ ਪਿੰਡ ਗੁਰੀ ਸੰਗਰ ਦੇ ਜਥੇਦਾਰ ਰੂਪ ਸਿੰਘ ਦੀ ਰਿਹਾਇਸ਼ ਵਿਖੇ ਉਨ੍ਹਾਂ ਦੇ ਪੁੱਤਰ ਪ੍ਰਿਥੀ ਸਿੰਘ ਦੇ ਸ਼ਗਨ ਦੇ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਨ ਗਏ ਸਨ। ਫੋਟੋ ਵਿਚ ਉਹ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਵੀ ਨਜ਼ਰ ਆ ਰਹੇ ਹਨ। ਇਸ ਮੌਕੇ ਉਨ੍ਹਾਂ ਦਾ ਭਰਾ ਗੁਰਦਾਸ ਸਿੰਘ ਬਾਦਲ ਤੇ ਮੁਕਤਸਰ ਦੇ ਅਜ਼ਾਦੀ ਘੁਲਾਟੀਏ ਡਾ. ਕਿਹਰ ਸਿੰਘ ਸਿੱਧੂ ਨਾਲ ਬੈਠੇ ਨਜ਼ਰ ਆ ਰਹੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ

## ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

*ਪੁਨੀਆ ਰੀਅਲ ਅਸਟੇਟ:94173-34049*

*ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ*


# ਜੈਨਕੋ ਇੰਜੀਨੀਅਰ ਹਫਤਾ ਮਨਾਏਗੀ

**ਫਰੀਮਾਂਟ (ਬਿਊਰੋ):** ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਦੇ ਪੁਰਾਣੇ ਵਿਦਿਆਰਥੀਆਂ ਦੀ ਜਥੇਬੰਦੀ 'ਜੈਨਕੋ' ਬੇਅਏਰੀਆ ਵਲੋਂ ਮਨਾਏ ਜਾ ਰਹੇ ਇੰਜੀਨੀਅਰ ਹਫਤੇ ਦੌਰਾਨ ਇਸ ਵਾਰ ਗੁਰਦੁਆਰਾ ਫਰੀਮਾਂਟ ਵਿਚ ਐਤਵਾਰ 16 ਫਰਵਰੀ ਅਤੇ ਗੁਰਦੁਆਰਾ ਸੈਨ ਹੋਜ਼ੇ ਵਿਚ 23 ਫਰਵਰੀ ਨੂੰ ਵਿਸ਼ੇਸ਼ ਬੂਥ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਲਾਏ ਜਾਣਗੇ। ਇਨ੍ਹਾਂ ਬੂਥਾਂ ਰਾਹੀਂ ਮਾਪਿਆਂ ਅਤੇ ਬੱਚਿਆਂ ਨੂੰ ਇੰਜੀਨੀਅਰਿੰਗ ਬਾਰੇ ਚੇਤੰਨਤਾ ਵਧਾਉਣ ਲਈ ਜਾਣਕਾਰੀ ਮੁਹੱਈਆ ਕੀਤੀ ਜਾਵੇਗੀ ਤਾਂ ਜੋ ਉਹ ਆਪਣੇ ਬੱਚਿਆਂ ਦੀ ਸਕੂਲ ਅਤੇ ਉਚੇਰੀ ਪੜ੍ਹਾਈ ਲਈ ਕੋਰਸਾਂ ਦੀ ਚੋਣ ਸਮੇਂ ਅਗਵਾਈ ਕਰ ਸਕਣ।

ਲੜਕੀਆਂ ਨੂੰ ਜਾਗਰੂਕ ਕੀਤਾ ਜਾਏਗਾ ਅਤੇ ਸਮਾਂ ਬਦਲ ਚੁਕਾ ਹੈ ਅਤੇ ਇੰਜੀਨੀਅਰਿੰਗ ਦੇ ਪੇਸ਼ੇ ਨੂੰ ਚੁਣਨ ਲਈ ਲੜਕੀਆਂ ਤੇ ਲੜਕਿਆਂ ਵਿਚਾਲੇ ਕੋਈ ਫਰਕ ਨਹੀਂ ਰਿਹਾ। ਲੜਕੀਆਂ ਵੀ ਇੰਜੀਨੀਅਰਿੰਗ ਦੇ ਪੇਸ਼ੇ ਵਿਚ ਲੜਕਿਆਂ ਦੇ ਬਰਾਬਰ ਹੀ ਤਰੱਕੀ ਪਾ ਸਕਦੀਆਂ ਹਨ। ਬੱਚਿਆਂ ਨੂੰ ਦੱਸਿਆ ਜਾਵੇਗਾ ਕਿ ਇੰਜੀਨੀਅਰ ਕੀ ਕਰਦੇ ਹਨ ਤਾਂ ਜੋ ਬੱਚਿਆਂ ਨੂੰ ਆਪਣੇ ਮਨਪਸੰਦ ਦਾ ਪੇਸ਼ਾ ਚੁਣਨ ਵਿਚ ਮਦਦ ਮਿਲ ਸਕੇ।

ਕਾਲਜਾਂ ਅਤੇ ਮੁਲਾਜ਼ਮਾਂ ਦੀ ਕੌਮੀ ਜਥੇਬੰਦੀ ਦੇ ਹਾਲੀਆ ਸਰਵੇਖਣ ਅਨੁਸਾਰ ਇੰਜੀਨੀਅਰਿੰਗ ਪਾਸ ਕਰਨ ਵਾਲਿਆਂ ਨੂੰ ਇਸ ਦੇ ਬਰਾਬਰ ਪੇਸ਼ਿਆਂ ਤੋਂ ਵੱਧ ਤਨਖਾਹ ਅਤੇ ਹੋਰ ਲਾਭ ਮਿਲਦੇ ਹਨ। ਸਾਲ 2012 ਦੌਰਾਨ ਇੰਜੀਨੀਅਰਿੰਗ ਦੀ ਮੇਜਰ ਡਿਗਰੀ ਕਰਨ ਵਾਲਿਆਂ ਨੂੰ ਜਥੇਬੰਦੀ ਦੀ ਉਚੀ ਤਨਖਾਹ ਲੈਣ ਵਾਲਿਆਂ ਦੀ ਸੂਚੀ ਵਿਚ ਸਭ ਤੋਂ ਵੱਧ ਤਨਖਾਹ ਮਿਲਦੀ ਰਹੀ ਹੈ। ਇਸ ਮਾਮਲੇ ਵਿਚ ਕੈਮੀਕਲ ਇੰਜੀਨੀਅਰਿੰਗ, ਇਲੈਕਟ੍ਰੀਕਲ ਇੰਜੀਨੀਅਰਿੰਗ, ਸਿਵਲ ਇੰਜੀਨੀਅਰਿੰਗ ਅਤੇ ਕੰਪਿਊਟਰ ਸਾਇੰਸ ਦੀ ਮੇਜਰ ਡਿਗਰੀ ਕਰਨ ਵਾਲੇ ਮੋਹਰੀ ਰਹੇ ਹਨ।

ਜੈਨਕੋ ਜਥੇਬੰਦੀ ਉਨ੍ਹਾਂ ਇੰਜੀਨੀਅਰਾਂ ਵਲੋਂ ਬਣਾਈ ਗਈ ਸੀ ਜਿਨ੍ਹਾਂ ਨੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਤੋਂ ਪੜ੍ਹਾਈ ਪੂਰੀ ਕੀਤੀ ਹੈ। ਬਾਅਦ ਵਿਚ ਬੇਅਏਰੀਆ ਵਿਚ ਰਹਿੰਦੇ ਹੋਰਨਾਂ ਕਾਲਜਾਂ ਤੋਂ ਇੰਜੀਨੀਅਰਿੰਗ ਕਰਨ ਵਾਲੇ ਇੰਜੀਨੀਅਰ, ਉਨ੍ਹਾਂ ਦੇ ਦੋਸਤ ਅਤੇ ਪਰਿਵਾਰ ਵੀ ਸ਼ਾਮਲ ਹੁੰਦੇ ਗਏ। ਲੋਕਾਂ ਨੂੰ ਇੰਜੀਨੀਅਰਿੰਗ ਦੇ ਪੇਸ਼ੇ ਬਾਰੇ ਜਾਗਰੂਕ ਕਰਨ ਲਈ ਇਹ ਸੇਵਾ ਇਕ ਮਿਸ਼ਨ ਵਜੋਂ ਜੈਨਕੋ ਵਲੋਂ ਮੁਫਤ ਮੁਹੱਈਆ ਕੀਤੀ ਜਾਂਦੀ ਹੈ। ਜੈਨਕੋ ਇੰਜੀਨੀਅਰਿੰਗ ਸਿਖਿਆ ਮੁਹੱਈਆ ਕਰਨ ਵਾਲੀ ਕਿਸੇ ਇਕ ਸੰਸਥਾ ਦੀ ਵਕਾਲਤ ਨਹੀਂ ਕਰਦੀ।

ਜੈਨਕੋ ਵਲੋਂ ਹਰ ਸਾਲ ਆਪਣੇ ਮੈਂਬਰਾਂ ਲਈ ਸਭਿਆਚਾਰਕ, ਖੇਡਾਂ, ਧਾਰਮਿਕ ਅਤੇ ਇੰਜੀਨੀਅਰਿੰਗ ਦੇ ਪੇਸ਼ੇ ਸਬੰਧੀ ਕਈ ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਸ ਬਾਰੇ ਹੋਰ ਜਾਣਕਾਰੀ ਈਮੇਲ gencospirit@yahoo.com ਜਾਂ ਵੈਬਸਾਈਟ www.GencoBayArea.com ਰਾਹੀਂ ਲਈ ਜਾ ਸਕਦੀ ਹੈ।


## ਤੰਦੂਰੀਏ, ਕੱਰੀ ਕੁਕ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੱਰੀ ਕੁਕ ਅਤੇ ਡਿਸ਼ ਵਾਸ਼ਰ ਦੀ ਲੋੜ ਹੈ।
ਪਤੀ-ਪਤਨੀ ਜੋੜੇ ਨੂੰ ਪਹਿਲ
ਚੰਗੀ ਤਨਖਾਹ ਤੇ
ਮੁਫਤ ਰਿਹਾਇਸ਼



*ਸੰਪਰਕ ਕਰੋ, ਮਿਸਟਰ ਸਿੰਘ*

**ਫੋਨ: 515-291-1961**



## ਪੰਜਾਬ ਵਿਚ ਜ਼ਮੀਨ ਵਿਕਾਊ ਹੈ

ਪੰਜਾਬ ਵਿਚ ਮੋਰਿੰਡਾ-ਚੁੰਨੀ ਰੋਡ ਉਤੇ, ਮੋਹਾਲੀ ਤੋਂ ਸਿਰਫ 25 ਕਿਲੋਮੀਟਰ ਦੂਰ ਵਧੀਆ ਉਪਜਾਊ 5 ਏਕੜ ਜ਼ਮੀਨ ਵਿਕਾਊ ਹੈ। ਇਸ ਵਿਚ ਸਾਢੇ ਬਾਰਾਂ ਹਾਰਸ ਪਾਵਰ ਦੀ ਮੋਟਰ ਲੱਗੀ ਹੋਈ ਹੈ।
*ਪੈਸੇ ਅਮਰੀਕਾ ਜਾਂ ਕੈਨੇਡਾ ਵਿਚ ਵੀ ਲੈ ਸਕਦੇ ਹਾਂ।*

ਸੰਪਰਕ ਕਰੋ:

*ਫੋਨ: ਅਮਰੀਕਾ: 317-430-6545*
*ਇੰਡੀਆ: 91-98142-90592*



## Best Bay Area Truck Driving School, Inc.

3150 Kenneth Street, Santa Clara, CA 95050

- ਕਲਾਸ 'ਏ' ਅਤੇ 'ਬੀ' ਲਾਇਸੈਂਸ ਦੀ ਗਾਰੰਟੀ।
- ਵਧੀਆ ਤੇ ਫਾਸਟ ਸਰਵਿਸ।
- ਤਜ਼ਰਬੇਕਾਰ ਅਤੇ ਮਿਲਾਪੜੇ ਇੰਸਟ੍ਰਕਟਰ।
- ਟਰੱਕ ਸਿੱਖਣ ਲਈ ਬਹੁਤ ਹੀ ਵਾਜਿਬ ਫੀਸ।
- ਬਾਹਰੋਂ ਆਏ ਵੀਰਾਂ ਲਈ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਪ੍ਰਬੰਧ।
- ਰਿਹਾਇਸ਼ ਦਾ ਪ੍ਰਬੰਧ।

ਫਰੀਮਾਂਟ, ਯੂਨੀਅਨ ਸਿਟੀ ਤੇ ਹੇਵਰਡ ਦੇ ਵੀਰਾਂ ਲਈ ਫਰੀ ਰਾਈਡ

*ਲਿਖਤੀ ਟੈਸਟ ਪਾਸ ਕਰਨ ਲਈ ਵਿਸ਼ੇਸ਼ ਪ੍ਰਬੰਧ।
*ਕਲਾਸ 'ਏ' ਅਤੇ 'ਬੀ' ਲਾਇਸੈਂਸ ਰਿਨਿਊ ਕਰਨ ਦਾ ਬਹੁਤ ਹੀ ਸਸਤਾ ਪ੍ਰਬੰਧ।



*ਅੱਜ ਹੀ ਕਾਲ ਕਰੋ:*

**ਬੱਗਾ > ਫੋਨ 510-786-8143 (ਸੈਲ)**
**408-988-2100 (ਦਫਤਰ)**



## ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

### ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

**ਸੰਪਰਕ ਕਰੋ: ਪਾਲ ਫੋਨ 1-800-705-3863**

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

**Transportation Funding Group, Inc.**

Minneapolis , MN 55426

# ਲੰਗਰ ਹਾਲ ਦੀ ਰਸੋਈ ਦਾ ਠੇਕਾ ਦੇਣ 'ਤੇ ਸਿੱਖ ਖਫ਼ਾ

**ਅੰਮ੍ਰਿਤਸਰ:** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸ਼੍ਰੋਮਣੀ ਢਾਡੀ ਸਭਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਰਸੋਈ ਵਾਸਤੇ ਬਣਾਈ ਜਾ ਰਹੀ ਅਤਿ-ਆਧੁਨਿਕ ਇਮਾਰਤ ਦਾ ਕੰਮ ਠੇਕੇ 'ਤੇ ਕਰਵਾਏ ਜਾਣ ਦਾ ਵਿਰੋਧ ਕੀਤਾ ਹੈ। ਢਾਡੀ ਸਭਾ ਨੇ ਵਿਰੋਧ ਵਜੋਂ ਮੋਟਰਸਾਈਕਲਾਂ 'ਤੇ ਰੋਸ ਮਾਰਚ ਵੀ ਕੱਢਿਆ। ਇਸੇ ਤਰ੍ਹਾਂ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਵੀ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਦਾ ਵਿਰੋਧ ਕੀਤਾ ਹੈ।



ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਵਿਰੋਧ ਨੂੰ ਬੇਲੋੜਾ ਰੋਸ ਕਰਾਰ ਦਿੰਦਿਆਂ ਸੰਗਤਾਂ ਨੂੰ ਅਜਿਹੇ ਕੂੜ ਪ੍ਰਚਾਰ ਤੋਂ ਸੁਚੇਤ ਰਹਿਣ ਲਈ ਆਖਿਆ। ਗੌਰਤਲਬ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਰਸੋਈ ਦੀ ਅਤਿ-ਆਧੁਨਿਕ ਇਮਾਰਤ ਬਣਾਈ ਜਾ ਰਹੀ ਹੈ। ਇਸ ਇਮਾਰਤ ਦੀ ਉਸਾਰੀ ਦਾ ਕੰਮ ਇਕ ਵੱਡੀ ਕੰਪਨੀ ਕੋਲੋਂ ਠੇਕੇ 'ਤੇ ਕਰਾਇਆ ਜਾ ਰਿਹਾ ਹੈ।

ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਸ਼੍ਰੋਮਣੀ ਢਾਡੀ ਸਭਾ ਵੱਲੋਂ ਰੋਸ ਮਾਰਚ ਕੱਢਿਆ ਗਿਆ। ਇਹ ਰੋਸ ਮਾਰਚ ਢਾਡੀ ਸਭਾ ਦੇ ਮੁਖੀ ਬਲਦੇਵ ਸਿੰਘ ਐਮ.ਏ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਦੀ ਅਗਵਾਈ ਹੇਠ ਭਾਈ ਗੁਰਦਾਸ ਹਾਲ ਤੋਂ ਅਰੰਭ ਹੋਇਆ। ਸਭਾ ਦੇ ਮੁਖੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਘਰ ਨਾਲ ਸਬੰਧਤ ਇਹ ਇਮਾਰਤ ਠੇਕੇ 'ਤੇ ਬਣਾਈ ਜਾ ਰਹੀ ਹੈ ਜਿਸ ਨੂੰ ਬਣਾਉਣ ਵਾਲੇ ਗ਼ੈਰ ਪੰਜਾਬੀ ਹਨ ਤੇ ਉਹ ਉਸਾਰੀ ਸਮੇਂ ਸਿਗਰਟ ਤੇ ਤੰਬਾਕੂ ਦੀ ਵੀ ਵਰਤੋਂ ਕਰ ਰਹੇ ਹਨ ਜੋ ਮਰਿਆਦਾ ਦੀ ਵੱਡੀ ਉਲੰਘਣਾ ਹੈ।

ਉਨ੍ਹਾਂ ਕਿਹਾ ਕਿ ਗੁਰੂ ਘਰ ਦੀਆਂ ਇਮਾਰਤਾਂ ਸ਼ੁਰੂ ਤੋਂ ਹੀ ਕਾਰ ਸੇਵਾ ਰਾਹੀਂ ਬਣਾਉਣ ਦਾ ਸਿਧਾਂਤ ਰਿਹਾ ਹੈ ਜਿਸ ਵਿਚ ਸੰਗਤਾਂ ਵੱਲੋਂ ਯੋਗਦਾਨ ਪਾਇਆ ਜਾਂਦਾ ਹੈ। ਗੁਰੂ ਘਰ ਦੇ ਲੰਗਰ ਨਾਲ ਸਬੰਧਤ ਇਸ ਇਮਾਰਤ ਨੂੰ ਸਿਧਾਂਤਾਂ ਦੀ ਉਲੰਘਣਾ ਕਰਕੇ ਬਣਾਇਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਠੇਕੇਦਾਰੀ ਪ੍ਰਣਾਲੀ ਰਾਹੀਂ ਹੋ ਰਹੇ ਇਸ ਕੰਮ ਨੂੰ ਕਾਰ ਸੇਵਾ ਰਾਹੀਂ ਕਰਵਾਇਆ ਜਾਵੇ।

ਇਸ ਦੌਰਾਨ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਗੁਰੂ ਘਰ ਦੀਆਂ ਇਮਾਰਤਾਂ ਸ਼ੁਰੂ ਤੋਂ ਹੀ ਕਾਰ ਸੇਵਾ ਵਾਲੇ ਮਹਾਂਪੁਰਖਾਂ ਵੱਲੋਂ ਉਸਾਰੀਆਂ ਜਾਂਦੀਆਂ ਰਹੀਆਂ ਹਨ ਤੇ ਕਦੇ ਵੀ ਠੇਕਾ ਆਧਾਰ 'ਤੇ ਉਸਾਰੀ ਨਹੀਂ ਕਰਾਈ ਗਈ ਹੈ। ਉਨ੍ਹਾਂ ਸਾਕਾ ਨੀਲਾ ਤਾਰਾ ਤੋਂ ਬਾਅਦ ਅਕਾਲ ਤਖ਼ਤ ਦੀ ਉਸਾਰੀ ਸਰਕਾਰੀ ਹੁਕਮਾਂ 'ਤੇ ਸੰਤਾ ਸਿੰਘ ਵੱਲੋਂ ਕਰਵਾਏ ਜਾਣ ਦੀ ਮਿਸਾਲ ਦਿੰਦਿਆਂ ਆਖਿਆ ਕਿ ਉਸ ਵੇਲੇ ਵੀ ਸੰਗਤਾਂ ਨੇ ਸਰਕਾਰੀ ਉਸਾਰੀ ਦਾ ਵਿਰੋਧ ਕੀਤਾ ਸੀ। ਉਨ੍ਹਾਂ ਆਖਿਆ ਕਿ ਜੇਕਰ ਅੱਜ ਠੇਕੇ 'ਤੇ ਕੰਮ ਦੇ ਕੇ ਗੁਰੂ ਘਰ ਦੀਆਂ ਇਮਾਰਤਾਂ ਬਣਵਾਉਣਾ ਜਾਇਜ਼ ਹੈ ਤਾਂ ਉਸ ਵੇਲੇ ਸਰਕਾਰੀ ਆਦੇਸ਼ਾਂ 'ਤੇ ਬਣੀ ਅਕਾਲ ਤਖ਼ਤ ਦੀ ਇਮਾਰਤ ਕਿਵੇਂ ਗ਼ਲਤ ਸੀ। ਇਸ ਤੋਂ ਪਹਿਲਾਂ ਸ੍ਰੀ ਗੁਰੂ ਹਰਿਗੋਬਿੰਦ ਨਿਵਾਸ, ਬਾਬਾ ਦੀਪ ਸਿੰਘ ਨਿਵਾਸ ਆਦਿ ਇਮਾਰਤਾਂ ਠੇਕੇ 'ਤੇ ਬਣਵਾਈਆਂ ਗਈਆਂ ਸਨ ਜਿਨ੍ਹਾਂ ਦੀ ਉਸਾਰੀ ਹਲਕੇ ਦਰਜੇ ਦੀ ਸੀ ਤੇ ਜਿਨ੍ਹਾਂ ਨੂੰ ਮਗਰੋਂ ਕਾਰ ਸੇਵਾ ਰਾਹੀਂ ਠੀਕ ਕੀਤਾ ਗਿਆ।

### ਕਾਰ ਸੇਵਾ ਨਾ ਕਰਵਾਉਣ 'ਤੇ ਮਰਨ ਵਰਤ ਦਾ ਐਲਾਨ

ਢਾਡੀ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਐਮ.ਏ ਨੇ ਐਲਾਨ ਕੀਤਾ ਕਿ ਜੇਕਰ ਸ਼੍ਰੋਮਣੀ ਕਮੇਟੀ ਵੱਲੋਂ ਇਮਾਰਤ ਦਾ ਕੰਮ ਕਾਰ ਸੇਵਾ ਵਾਲੇ ਬਾਬਿਆਂ ਨੂੰ ਨਾ ਸੌਂਪਿਆ ਗਿਆ ਤਾਂ ਉਹ 17 ਫਰਵਰੀ ਤੋਂ ਅਨਮਿੱਥੇ ਸਮੇਂ ਲਈ ਮਰਨ ਵਰਤ ਸ਼ੁਰੂ ਕਰਨਗੇ।

ਉਨ੍ਹਾਂ ਕਿਹਾ ਕਿ ਢਾਡੀ ਸਭਾ ਵੱਲੋਂ ਇਸੇ ਬਾਰੇ ਭਾਈ ਗੁਰਦਾਸ ਹਾਲ ਵਿਖੇ ਇਕ ਸੈਮੀਨਾਰ ਰੱਖਿਆ ਗਿਆ ਸੀ ਪਰ ਆਖਰੀ ਮੌਕੇ ਸ਼੍ਰੋਮਣੀ ਕਮੇਟੀ ਨੇ ਥਾਂ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਆਖਿਆ ਕਿ ਸੈਮੀਨਾਰ ਬਾਰੇ ਤਿੰਨ ਫਰਵਰੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਨੂੰ ਬੇਨਤੀ ਪੱਤਰ ਦਿੱਤਾ ਗਿਆ ਸੀ ਪਰ ਉਨ੍ਹਾਂ ਉਸ ਵੇਲੇ ਹਾਲ ਦੇਣ ਤੋਂ ਮਨਾ ਨਹੀਂ ਕੀਤਾ ਸੀ। ਹੁਣ ਐਨ ਆਖਰੀ ਮੌਕੇ ਪ੍ਰਬੰਧਕਾਂ ਨੇ ਇਹ ਕਹਿ ਕੇ ਹਾਲ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਇਥੇ ਪਹਿਲਾਂ ਹੀ ਹੋਰ ਪ੍ਰੋਗਰਾਮਾਂ ਲਈ ਹਾਲ ਦਿੱਤੇ ਹੋਏ ਹਨ।

### ਕੂੜ ਪ੍ਰਚਾਰ ਤੋਂ ਸੁਚੇਤ ਰਹਿਣ ਸੰਗਤਾਂ: ਮੱਕੜ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਢਾਡੀ ਬਲਦੇਵ ਸਿੰਘ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਤੋਂ ਸੁਚੇਤ ਰਹਿਣ ਕਿਉਂਕਿ ਸ਼੍ਰੋਮਣੀ ਕਮੇਟੀ ਵੱਲੋਂ ਵਧੇਰੇ ਇਮਾਰਤਾਂ ਜਿਨ੍ਹਾਂ ਵਿਚ ਘਿਉ ਮੰਡੀ ਨੇੜੇ ਕੁੜੀਆਂ ਦਾ ਸਕੂਲ, ਸ਼ਹੀਦੀ ਯਾਦਗਾਰ, ਗੁਰਦੁਆਰਾ ਥੜ੍ਹਾ ਸਾਹਿਬ, ਧਰਮ ਪ੍ਰਚਾਰ ਕਮੇਟੀ ਦੇ ਦਫਤਰ ਦੀ ਇਮਾਰਤ ਤੇ ਦੁੱਖ ਭੰਜਨੀ ਬੇਰੀ ਅਖੰਡ ਪਾਠ ਦੇ ਕਮਰੇ ਕਾਰ ਸੇਵਾ ਵਾਲੇ ਬਾਬਿਆਂ ਰਾਹੀਂ ਹੀ ਬਣਵਾਈਆਂ ਗਈਆਂ ਹਨ। ਲੰਗਰ ਘਰ ਦੀ ਇਮਾਰਤ ਜਿਸ ਨੂੰ ਅਤਿ-ਆਧੁਨਿਕ ਬਣਾਇਆ ਜਾ ਰਿਹਾ ਹੈ, ਦੀ ਉਸਾਰੀ ਤੈਅ ਸਮੇਂ ਵਿਚ ਮੁਕੰਮਲ ਕਰਨ ਦੀ ਮਨਸ਼ਾ ਨਾਲ ਇਹ ਕਾਰਜ ਠੇਕੇ 'ਤੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ ਵਿਖੇ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਲੰਗਰ ਛਕਣ ਲਈ ਆਉਂਦੇ ਹਨ, ਇਸ ਲਈ ਇਸ ਇਮਾਰਤ ਦੀ ਉਸਾਰੀ ਦਾ ਕੰਮ ਛੇਤੀ ਮੁਕੰਮਲ ਕਰਨ ਦੀ ਲੋੜ ਹੈ।

# ਭਨਿਆਰਾ ਵਾਲੇ ਦੀ ਕਿਤਾਬ ਮੁੜ ਕੀਤੀ ਜਾਵੇਗੀ ਘੋਖ


**ਚੰਡੀਗੜ੍ਹ:** ਪਿਆਰਾ ਸਿੰਘ ਭਨਿਆਰਾ ਵਾਲੇ ਦੀ ਵਿਵਾਦਤ 'ਭਵਸਾਗਰ ਸਮੁੰਦਰ ਅਮਰ ਬਾਣੀ' ਨਾਮੀ ਕਿਤਾਬ ਵਿਚੋਂ ਇਕ ਵਾਰ ਫਿਰ ਇਤਰਾਜ਼ਯੋਗ ਤੱਥ ਖੋਜੇ ਜਾਣਗੇ। ਪੰਜਾਬ ਸਰਕਾਰ ਵੱਲੋਂ ਇਸ ਬਾਰੇ ਸਿੱਖ ਵਿਦਵਾਨਾਂ ਦਾ ਪੈਨਲ ਹਾਈ ਕੋਰਟ ਨੂੰ ਸੌਂਪ ਦਿੱਤਾ ਗਿਆ ਹੈ ਜਿਸ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਉਪ-ਕੁਲਪਤੀ ਡਾਕਟਰ ਜਸਪਾਲ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਉਪ ਕੁਲਪਤੀ ਡਾਕਟਰ ਗੁਰਮੋਹਨ ਸਿੰਘ ਵਾਲੀਆ, ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਸੈਂਟਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਾਇਰੈਕਟਰ ਪ੍ਰੋ. ਬਲਵੰਤ ਸਿੰਘ ਢਿੱਲੋਂ, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ ਦੇ ਐਕਟਿੰਗ ਪ੍ਰਧਾਨ ਪ੍ਰੋ. ਜਸਵੰਤ ਸਿੰਘ ਨੇਕੀ, ਪ੍ਰਿੰਸੀਪਲ (ਸੇਵਾਮੁਕਤ) ਨਰਿੰਦਰ ਸਿੰਘ, ਦਿੱਲੀ ਤੇ ਪੰਜਾਬੀ ਯੂਨੀਵਰਸਿਟੀ ਕਾਲਜ, ਰਾਮਪੁਰਾ ਫੂਲ ਦੇ ਪ੍ਰਿੰਸੀਪਲ ਡਾਕਟਰ ਅਮਰਜੀਤ ਸਿੰਘ ਸਿੱਧੂ ਨੂੰ ਸ਼ਾਮਲ ਕੀਤਾ ਗਿਆ ਹੈ।

ਦੂਜੇ ਪਾਸੇ ਬਾਬੇ ਕੋਲੋਂ ਵੀ ਮੰਗੇ ਗਏ ਉਸ ਦੇ 'ਮਾਹਿਰਾਂ' ਦੇ ਨਾਂ ਇਕ ਵਾਰ ਫਿਰ ਹਾਈ ਕੋਰਟ ਕੋਲ ਨਹੀਂ ਪਹੁੰਚੇ। ਹਾਈ ਕੋਰਟ ਵੱਲੋਂ ਦੋਵਾਂ ਧਿਰਾਂ ਵੱਲੋਂ ਦਿੱਤੇ ਗਏ ਮਾਹਿਰਾਂ ਦੇ ਨਾਵਾਂ ਵਿਚੋਂ ਹੀ ਇਸ ਕੰਮ ਵਾਸਤੇ ਪੈਨਲ ਤਿਆਰ ਕੀਤੇ ਜਾਣੇ ਹਨ ਤੇ ਇਨ੍ਹਾਂ ਮਾਹਿਰਾਂ ਵੱਲੋਂ ਕਿਤਾਬ ਨੂੰ ਘੋਖੇ ਜਾਣ 'ਤੇ ਪਾਈਆਂ ਗਈਆਂ ਤਰੁਟੀਆਂ ਨੂੰ ਵਿਚਾਰ ਅਧੀਨ ਲਿਆਂਦਾ ਜਾਵੇਗਾ। ਹਾਈ ਕੋਰਟ ਵੱਲੋਂ ਪਿਛਲੇ ਸਤੰਬਰ ਮਹੀਨੇ ਹੀ ਇਹ ਹੁਕਮ ਭਨਿਆਰਾ ਵਾਲੇ ਵੱਲੋਂ ਆਪਣੀ ਉਕਤ ਗ੍ਰੰਥ ਵਜੋਂ ਪ੍ਰਚਾਰੀ ਜਾ ਰਹੀ ਕਿਤਾਬ ਦੇ ਪ੍ਰਕਾਸ਼ਨ ਤੇ ਵਿਤਰਣ ਤੋਂ ਪਾਬੰਦੀ ਹਟਾਏ ਜਾਣ ਦੀ ਮੰਗ ਨੂੰ ਲੈ ਕੇ ਦਾਇਰ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਜਾਰੀ ਕੀਤੇ ਗਏ ਸਨ।

ਅਹਿਮ ਗੱਲ ਇਹ ਵੀ ਹੈ ਕਿ ਇਸ ਵਾਰ ਮਾਹਿਰ ਪੰਜਾਬ ਤੋਂ ਬਾਹਰੋਂ ਲਏ ਜਾਣ ਬਾਰੇ ਵੀ ਕਿਹਾ ਗਿਆ ਹੈ, ਜਿਸ ਬਾਰੇ ਪੰਜਾਬ ਸਰਕਾਰ ਵੱਲੋਂ ਦਿੱਲੀ ਆਧਾਰਤ ਵਿਦਵਾਨਾਂ ਦੇ ਨਾਂਅ ਵੀ ਤਜਵੀਜ਼ ਕੀਤੇ ਗਏ ਹਨ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਗਠਿਤ ਘੋਖ ਕਮੇਟੀ ਬਾਰੇ ਭਨਿਆਰਾ ਵਾਲੇ ਦੇ ਵਕੀਲ ਵੱਲੋਂ ਇਹ ਕਹਿੰਦਿਆਂ ਇਤਰਾਜ਼ ਕੀਤੇ ਗਏ ਕਿ ਪੰਜਾਬ ਸਰਕਾਰ ਦੇ ਇਸ ਮਾਮਲੇ ਵਿਚ ਧਿਰ ਹੋਣ ਦੀ ਸੂਰਤ ਵਿਚ ਪੰਜਾਬ ਵਿਚਲੇ ਵਿਸ਼ਾ ਮਾਹਿਰ ਇਸ ਦੇ ਪ੍ਰਭਾਵ ਥੱਲੇ ਰਹਿੰਦੇ ਹਨ। ਕੇਸ ਦੀ ਅਗਲੀ ਸੁਣਵਾਈ 21 ਮਾਰਚ ਨੂੰ ਹੋਵੇਗੀ।

# ਗੁਰੂ ਕਾ ਲਾਹੌਰ ਦੀ ਗਿਆਰਾਂ ਸੌ ਵਿੱਘੇ ਜ਼ਮੀਨ 'ਤੇ ਕਬਜ਼ੇ

**ਆਨੰਦਪੁਰ ਸਾਹਿਬ:** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਗੁਰੂ ਕਾ ਲਾਹੌਰ ਵਸਾਉਣ ਲਈ ਕੋਟ ਕਹਿਲੂਰ ਰਿਆਸਤ ਤੋਂ ਖਰੀਦੀ ਗਿਆਰਾਂ ਸੌ ਵਿੱਘੇ ਜ਼ਮੀਨ ਨਾਜਾਇਜ਼ ਕਬਜ਼ਿਆਂ ਦੀ ਭਰਮਾਰ ਸਦਕਾ 11 ਵਿੱਘੇ ਤਕ ਸੀਮਤ ਹੋ ਕੇ ਰਹਿ ਗਈ ਹੈ। ਹਿਮਾਚਲ ਪ੍ਰਦੇਸ਼ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਡਾ. ਦਲਜੀਤ ਭਿੰਡਰ ਨੇ ਇਹ ਮਾਮਲਾ ਮੁੱਖ ਮੰਤਰੀ ਵੀਰਭੱਦਰ ਸਿੰਘ ਦੇ ਧਿਆਨ ਵਿਚ ਲਿਆਂਦਾ ਹੈ ਜਿਨ੍ਹਾਂ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।



ਹਿਮਾਚਲ ਪ੍ਰਦੇਸ਼ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਡਾ. ਦਲਜੀਤ ਸਿੰਘ ਭਿੰਡਰ ਨੇ ਦੱਸਿਆ ਕਿ ਗੁਰੂ ਜੀ ਨੇ 1734 ਵਿਚ ਪਾਕਿਸਤਾਨ ਦੇ ਸ਼ਹਿਰ ਲਾਹੌਰ ਦੇ ਬਦਲ ਵਜੋਂ ਆਨੰਦਪੁਰ ਸਾਹਿਬ ਤੋਂ 12 ਕਿਲੋਮੀਟਰ ਦੂਰ ਹਿਮਾਚਲ ਪ੍ਰਦੇਸ਼ ਵਿਚ ਗੁਰੂ ਕਾ ਲਾਹੌਰ ਵਸਾਉਣ ਲਈ ਕੋਟ ਕਹਿਲੂਰ ਦੀ ਰਿਆਸਤ ਤੋਂ 1100 ਵਿੱਘੇ ਜ਼ਮੀਨ ਖਰੀਦੀ ਸੀ ਪਰ ਸਮਾਂ ਬੀਤਣ ਦੇ ਨਾਲ ਅੱਜ ਤੱਕ ਇਸ ਜ਼ਮੀਨ ਦੀ ਨਾ ਹੀ ਕਿਸੇ ਨੇ ਸੰਭਾਲ ਕੀਤੀ ਤੇ ਨਾ ਹੀ ਕੋਈ ਪੈਰਵਾਈ। ਇਸ ਕਰਕੇ ਕੁੱਲ ਜ਼ਮੀਨ ਵਿਚੋਂ ਸਿਰਫ 11 ਵਿੱਘੇ ਹੀ ਬਾਕੀ ਬਚੀ ਹੈ।

ਉਨ੍ਹਾਂ ਕਿਹਾ ਕਿ ਇਤਿਹਾਸ ਮੁਤਾਬਕ ਉਕਤ ਜ਼ਮੀਨ ਗੁਰਦੁਆਰਾ ਗੁਰੂ ਕਾ ਲਾਹੌਰ ਸਾਹਿਬ ਜਾਂ ਫਿਰ ਸ਼੍ਰੋਮਣੀ ਕਮੇਟੀ ਦੇ ਨਾਮ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਵੱਲੋਂ ਖਰੀਦੀ ਗਈ ਸਾਰੀ ਜ਼ਮੀਨ ਲੋਕਾਂ ਵੱਲੋਂ ਕੀਤੇ ਗਏ ਨਾਜਾਇਜ਼ ਕਬਜ਼ਿਆਂ ਹੇਠ ਹੈ ਜਾਂ ਫਿਰ ਸ਼ਾਮਲਾਟ ਹੈ। ਇਹੀ ਨਹੀਂ ਪਿਛਲੀ ਧੂਮਲ ਸਰਕਾਰ ਨੇ ਉਸੇ ਜ਼ਮੀਨ ਵਿਚੋਂ 100 ਵਿੱਘੇ ਜ਼ਮੀਨ ਗਊਸ਼ਾਲਾ ਨੂੰ ਦੇ ਦਿੱਤੀ ਸੀ ਜਦਕਿ ਹੁਣ ਸਿਰਫ 200 ਵਿੱਘੇ ਦੇ ਕਰੀਬ ਹੀ ਜ਼ਮੀਨ ਬਾਕੀ ਰਹਿ ਗਈ ਗਈ ਹੈ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਿਮਾਚਲ ਪ੍ਰਦੇਸ਼ ਤੋਂ ਇਕਲੌਤੇ ਮੈਂਬਰ ਹੋਣ ਦੇ ਨਾਤੇ ਇਹ ਮਾਮਲਾ ਸੂਬੇ ਦੇ ਮੁੱਖ ਮੰਤਰੀ ਵੀਰਭੱਦਰ ਸਿੰਘ ਕੋਲ ਉਠਾਇਆ ਹੈ ਜਿਨ੍ਹਾਂ ਇਸ ਮਾਮਲੇ ਵਿਚ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਵੀ ਮੌਜੂਦ ਸਨ।

# ਬਾਬਾ ਹਰਨਾਮ ਸਿੰਘ ਵੱਲੋਂ ਭਾਈ ਰਾਜੋਆਣਾ ਨਾਲ ਮੁਲਾਕਾਤ

**ਪਟਿਆਲਾ:** ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਕੇਂਦਰੀ ਜੇਲ੍ਹ ਵਿਚ ਫਾਂਸੀ ਦੀ ਸਜ਼ਾ ਜ਼ਾਫਤਾ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ। ਜੇਲ੍ਹ ਦੇ ਸੂਤਰਾਂ ਮੁਤਾਬਕ ਬਾਬਾ ਖਾਲਸਾ ਨੇ ਜੇਲ੍ਹ ਅੰਦਰ ਕਰੀਬ 10 ਕੁ ਮਿੰਟ ਭਾਈ ਰਾਜੋਆਣਾ ਨਾਲ ਮੁਲਾਕਾਤ ਕੀਤੀ।

ਉਹ ਇਥੇ ਕਿਸੇ ਸਮਾਗਮ ਲਈ ਆਏ ਹੋਏ ਸਨ ਤੇ ਉਨ੍ਹਾਂ ਦੇ ਮਨ ਵਿਚ ਭਾਈ ਰਾਜੋਆਣਾ ਨੂੰ ਮਿਲਣ ਦੀ ਇੱਛਾ ਪ੍ਰਗਟ ਹੋਈ। ਸੂਤਰਾਂ ਅਨੁਸਾਰ ਬਾਬਾ ਹਰਨਾਮ ਸਿੰਘ ਨੇ ਭਾਈ ਰਾਜੋਆਣਾ ਦੀ ਸਿਹਤ ਸਬੰਧੀ ਪੁੱਛਿਆ ਜਿਸ 'ਤੇ ਭਾਈ ਰਾਜੋਆਣਾ ਨੇ ਦੱਸਿਆ ਕਿ ਉਸ ਦੀ ਪਿੱਠ ਵਿਚ ਦਰਦ ਹੈ। ਹਾਸਲ ਜਾਣਕਾਰੀ ਮੁਤਾਬਕ ਬਾਬਾ ਹਰਨਾਮ ਸਿੰਘ ਨੇ ਇਸ ਸਬੰਧੀ ਜੇਲ੍ਹ ਅਧਿਕਾਰੀਆਂ ਨੂੰ ਵੀ ਆਖਿਆ ਪਰ ਜੇਲ੍ਹ ਅਧਿਕਾਰੀਆਂ ਨੇ ਕਿਹਾ ਕਿ ਜੇਲ੍ਹ ਅੰਦਰ ਡਾਕਟਰ ਨਿਰੰਤਰ ਭਾਈ ਰਾਜੋਆਣਾ ਦੀ ਵੀ ਸਮੇਂ-ਸਮੇਂ ਜਾਂਚ ਕਰਦੇ ਰਹਿੰਦੇ ਹਨ। ਸੂਤਰ ਇਹ ਵੀ ਦੱਸਦੇ ਹਨ ਕਿ ਭਾਈ ਰਾਜੋਆਣਾ ਨੇ ਬਾਬਾ ਖਾਲਸਾ ਨੂੰ ਬੇਨਤੀ ਕੀਤੀ ਕਿ ਪਟਿਆਲਾ ਲੋਕ ਸਭਾ ਤੋਂ ਉਸ ਦੀ ਭੈਣ ਕਮਲਦੀਪ ਕੌਰ ਚੋਣ ਲੜ ਰਹੀ ਹੈ, ਦੀ ਮਦਦ ਕਰਾਈ ਜਾਵੇ।

# ਨਵੀਂ ਸਿੱਖ ਜਥੇਬੰਦੀ ਬਣਾਉਣ ਤੋਂ ਪਹਿਲਾਂ ਲੈਣੀ ਪਵੇਗੀ ਪ੍ਰਵਾਨਗੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਨਵੀਆਂ ਧਾਰਮਿਕ ਜਥੇਬੰਦੀਆਂ ਬਣਾਉਣ 'ਤੇ ਰੋਕ ਲਾ ਦਿੱਤੀ ਗਈ ਹੈ। ਹੁਣ ਕੋਈ ਵੀ ਨਵੀਂ ਧਾਰਮਿਕ ਜਥੇਬੰਦੀ ਬਣਾਉਣ ਲਈ ਪ੍ਰਵਾਨਗੀ ਲੈਣੀ ਹੋਵੇਗੀ। ਇਸ ਦੌਰਾਨ ਨਾਨਕਸ਼ਾਹੀ ਕੈਲੰਡਰ ਵਿਚ ਕਿਸੇ ਵੀ ਤਰ੍ਹਾਂ ਦੀ ਹੋਰ ਤਬਦੀਲੀ ਕਰਨ ਦਾ ਮਾਮਲਾ ਫਿਲਹਾਲ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ। ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਦੋ ਧਿਰਾਂ ਵਿਚਾਲੇ ਹੋਏ ਝਗੜੇ ਦਾ ਮਾਮਲਾ ਵੀ ਸ਼ਿਕਾਇਤ ਨਾ ਆਉਣ ਕਾਰਨ ਛੱਡ ਦਿੱਤਾ ਗਿਆ ਹੈ। ਇਸ ਬਾਰੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਬਾਰੇ ਫਿਲਹਾਲ ਹੋਰ ਸੁਝਾਅ ਆ ਰਹੇ ਹਨ, ਇਸ ਲਈ ਇਸ ਮਾਮਲੇ 'ਤੇ ਕੋਈ ਵਿਚਾਰ ਨਹੀਂ ਕੀਤਾ ਗਿਆ। ਇਸ ਮਾਮਲੇ ਨੂੰ ਵਿਚਾਰਨ ਬਾਰੇ ਉਨ੍ਹਾਂ ਕੁਝ ਸਪਸ਼ਟ ਨਹੀਂ ਕੀਤਾ ਤੇ ਨਾ ਹੀ ਸੁਝਾਅ ਭੇਜਣ ਲਈ ਕੋਈ ਸਮਾਂ ਤੈਅ ਕੀਤਾ ਹੈ।



ਜਥੇਦਾਰ ਨੇ ਆਖਿਆ ਕਿ ਖੁੰਬਾਂ ਵਾਂਗ ਨਿਤ ਨਵੀਆਂ ਜਥੇਬੰਦੀਆਂ ਬਣਾਈਆਂ ਜਾ ਰਹੀਆਂ ਹਨ। ਕੋਈ ਵੀ ਚਾਰ ਮੈਂਬਰ ਇਕ ਲੈਟਰ ਪੈਡ ਤੇ ਮੋਹਰ ਤਿਆਰ ਕਰਕੇ ਜਥੇਬੰਦੀ ਤਿਆਰ ਕਰ ਲੈਂਦੇ ਹਨ ਤੇ ਫਿਰ ਆਪਣੀ ਜਥੇਬੰਦੀ ਦੇ ਨਾਂ 'ਤੇ ਮਨ ਮਰਜ਼ੀ ਕਰਦੇ ਹਨ। ਨਵੀਂ ਜਥੇਬੰਦੀ ਬਣਾਉਣ ਲਈ ਸ੍ਰੀ ਅਕਾਲ ਤਖ਼ਤ ਤੋਂ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ। ਇਸ ਬਾਰੇ ਲਿਖਤੀ ਰੂਪ ਵਿਚ ਬੇਨਤੀ ਪੱਤਰ ਦੇਣਾ ਪਵੇਗਾ। ਉਸ ਦੇ ਨਾਲ ਜਥੇਬੰਦੀ ਦੇ ਮੁੱਖ ਉਦੇਸ਼, ਸੰਵਿਧਾਨ, ਮੈਂਬਰਾਂ ਦੇ ਨਾਂ ਤੇ ਗਿਣਤੀ ਆਦਿ ਦੱਸਣੀ ਪਵੇਗੀ।

ਉਨ੍ਹਾਂ ਆਖਿਆ ਕਿ ਹੁਣ ਸਿਰਫ਼ ਉਨ੍ਹਾਂ ਜਥੇਬੰਦੀਆਂ ਨੂੰ ਪ੍ਰਵਾਨਗੀ ਦਿੱਤੀ ਜਾਵੇਗੀ ਜੋ ਪਿਛਲੇ ਸਮੇਂ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਮਸਲਿਆਂ ਦੇ ਵਿਚਾਰਾਂ ਲਈ ਸੁਝਾਅ ਦੇਣ ਵਾਸਤੇ ਸੱਦੀਆਂ ਜਾਂਦੀਆਂ ਹਨ। ਸਿੰਘ ਸਾਹਿਬਾਨ ਨੇ ਫੇਸਬੁੱਕ ਤੇ ਹੋਰ ਸੋਸ਼ਲ ਸਾਇਟਸ 'ਤੇ ਸਿੱਖ ਧਰਮ ਪ੍ਰਤੀ ਭੱਦੀ ਸ਼ਬਦਾਵਲੀ ਵਰਤੇ ਜਾਣ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਸੀ ਸਹਿਯੋਗ ਨਾਲ ਇਕ ਕਮੇਟੀ ਦਾ ਗਠਨ ਕਰਨ।

ਇਸ ਤੋਂ ਇਲਾਵਾ ਰਾਜਸਥਾਨ ਦੇ ਸ਼ਹਿਰ ਸਾਦੁਲ ਦੇ ਖਾਰਾ ਚੱਕ ਦੇ ਕਾਂਗਰਸੀ ਵਿਧਾਇਕ ਗੁਰਜੰਟ ਸਿੰਘ ਤੇ ਉਸ ਦੇ ਪਰਿਵਾਰ ਨੂੰ ਉਥੋਂ ਦੇ ਗੁਰਦੁਆਰੇ ਵਿਚ ਜੁੱਤਿਆਂ ਸਮੇਤ ਦਾਖਲ ਹੋਣ ਤੇ ਭੱਦੀ ਸ਼ਬਦਾਵਲੀ ਵਰਤਣ ਦੇ ਦੋਸ਼ ਹੇਠ ਅਗਲੀ ਇਕੱਤਰਤਾ ਸਮੇਂ ਸਪੱਸ਼ਟੀਕਰਨ ਦੇਣ ਲਈ ਸੱਦਿਆ ਗਿਆ ਹੈ। ਨਾਮਧਾਰੀ ਸੰਪਰਦਾ ਦੇ ਇਕ ਆਗੂ ਵੱਲੋਂ ਆਪਣੀ ਤਸਵੀਰ ਦੇ ਨਾਲ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਲਾਉਣ 'ਤੇ ਇਤਰਾਜ਼ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਹੀ ਆਦੇਸ਼ ਦਿੱਤੇ ਹੋਏ ਹਨ ਕਿ ਕਿਸੇ ਵੀ ਤਰ੍ਹਾਂ ਦੇ ਇਸ਼ਤਿਹਾਰ ਜਾਂ ਪ੍ਰਚਾਰ ਸਮੱਗਰੀ 'ਤੇ ਗੁਰੂ ਸਾਹਿਬ ਦੀ ਤਸਵੀਰ ਦੇ ਨਾਲ ਕਿਸੇ ਵੀ ਵਿਅਕਤੀ ਦੀ ਤਸਵੀਰ ਨਾ ਪ੍ਰਕਾਸ਼ਿਤ ਕੀਤੀ ਜਾਵੇ।

## ਏ ਪੀ ਸੀ ਏ ਦੀ ਮੀਟਿੰਗ 19 ਫਰਵਰੀ ਨੂੰ

**ਫਰਿਜ਼ਨੋ (ਬਿਊਰੋ):** ਗੈਸ ਸਟੇਸ਼ਨ ਅਤੇ ਕਨਵੀਨੀਐਂਸ ਸਟੋਰ ਮਾਲਕਾਂ ਦੇ ਹਿਤਾਂ ਦੀ ਰਾਖੀ ਲਈ ਬਣੀ ਜਥੇਬੰਦੀ ਅਮੈਰਿਕਨ ਪੈਟਰੋਲੀਅਮ ਐਂਡ ਕਨਵੀਨੀਐਂਸ ਸਟੋਰ ਐਸੋਸੀਏਸ਼ਨ (ਏ ਪੀ ਸੀ ਏ) ਵਲੋਂ ਆਪਣੀ ਇਕ ਮੀਟਿੰਗ ਬੁੱਧਵਾਰ 19 ਫਰਵਰੀ ਨੂੰ ਇਥੇ ਇੰਡੀਆ ਓਵਨ ਰੈਸਟੋਰੈਂਟ (3035 ਵੈਸਟ ਅਸ਼ਲਾਨ ਐਵਨਿਊ) ਵਿਚ ਸ਼ਾਮੀ 7 ਵਜੇ ਤੋਂ 9 ਵਜੇ ਤੱਕ ਰੱਖੀ ਗਈ ਹੈ। ਇਸ ਮੀਟਿੰਗ ਵਿਚ ਮੌਜੂਦਾ ਅਤੇ ਨਵੇਂ ਸ਼ਾਮਲ ਹੋਣ ਵਾਲੇ ਮੈਂਬਰਾਂ ਨੂੰ ਬਿਜਨਸ ਵਧਾਉਣ ਦੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਜਥੇਬੰਦੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਜਥੇਬੰਦੀ ਲੋਕ ਰਾਜੀ ਅਸੂਲਾਂ 'ਤੇ ਆਧਾਰਤ ਹੈ ਜਿਸ ਦੀ ਵੱਡੀ ਗਿਣਤੀ ਸਟੋਰ ਅਤੇ ਗੈਸ ਸਟੇਸ਼ਨ ਮਾਲਕਾਂ ਤੀਕ ਪਹੁੰਚ ਹੈ। ਇਸ ਦਾ ਟੀਚਾ ਸਿਖਿਆ, ਟਰੇਨਿੰਗ ਅਤੇ ਵਿਚਾਰ-ਵਟਾਂਦਰੇ ਰਾਹੀਂ ਕਨਵੀਨੀਐਂਸ ਸਟੋਰ ਅਤੇ ਗੈਸ ਸਟੇਸ਼ਨ ਮਾਲਕਾਂ ਦੀ ਆਪਣਾ ਬਿਜਨਸ ਵਧਾਉਣ ਵਿਚ ਮਦਦ ਕਰਨਾ ਹੈ। ਹੋਰ ਜਾਣਕਾਰੀ ਲਈ ਫੋਨ 916-714-2722 ਜਾਂ 916-804-3614 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਬਾਬਾ ਧੁੰਮਾ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ: ਜਥੇਦਾਰ ਨੰਦਗੜ੍ਹ

**ਤਲਵੰਡੀ ਸਾਬੋ:** ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਪੀਲ ਕਰਦਿਆਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੇ ਫਤਹਿਗੜ੍ਹ ਸਾਹਿਬ ਵਿਖੇ ਮਨਾਏ ਗਏ ਸ਼ਹੀਦੀ ਜੋੜ ਮੇਲੇ ਦੌਰਾਨ ਮਰਿਯਾਦਾ ਭੰਗ ਕਰਨ ਦੇ ਦੋਸ਼ਾਂ ਵਿਚ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੂੰ ਅਕਾਲ ਤਖ਼ਤ 'ਤੇ ਤਲਬ ਕਰ ਕੇ ਤਨਖਾਹ ਲਾਈ ਜਾਵੇ।

ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਇਥੇ ਜਾਰੀ ਬਿਆਨ ਵਿਚ ਕਿਹਾ ਕਿ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਸਿੱਖ ਇਤਿਹਾਸ ਦਾ ਅਹਿਮ ਹਿੱਸਾ ਹਨ ਅਤੇ ਸਿੱਖ ਪੰਥ ਵੱਲੋਂ ਇਨ੍ਹਾਂ ਨੂੰ ਸ਼ਹੀਦੀ ਜੋੜ ਮੇਲਿਆਂ ਦੇ ਰੂਪ ਵਿਚ ਹਰ ਸਾਲ ਅਕੀਦਤ ਭੇਟ ਕੀਤੀ ਜਾਂਦੀ ਹੈ। ਮਰਿਯਾਦਾ ਅਨੁਸਾਰ ਤਿੰਨ ਦਿਨ ਚੱਲਣ ਵਾਲੇ ਇਨ੍ਹਾਂ ਸਮਾਗਮਾਂ ਦੇ ਅਖ਼ੀਰਲੇ ਦਿਨ ਸ਼ਹੀਦੀ ਮਾਰਚ ਕੱਢਿਆ ਜਾਂਦਾ ਹੈ ਜਿਸ ਦੀ ਸਮਾਪਤੀ ਆਨੰਦ ਸਾਹਿਬ ਦੇ ਪਾਠ ਅਤੇ ਅਰਦਾਸ ਕਰ ਕੇ ਕੜਾਹ-ਪ੍ਰਸ਼ਾਦ ਦੀ ਦੇਗ ਵਰਤਾਉਣ ਉਪਰੰਤ ਹੁੰਦੀ ਹੈ, ਪਰ ਬਾਬਾ ਹਰਨਾਮ ਸਿੰਘ ਧੁੰਮਾ ਨੇ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਇਸ ਰਵਾਇਤ ਨੂੰ ਬੰਦ ਕਰਵਾ ਕੇ ਧਾਰਮਿਕ ਉਲੰਘਣਾ ਕੀਤੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸ਼ਹੀਦੀ ਮਾਰਚ ਦੀ ਸਮਾਪਤੀ ਮੌਕੇ ਮਰਿਯਾਦਾ ਮੁਤਾਬਕ ਕੜਾਹ-ਪ੍ਰਸ਼ਾਦ ਦੀ ਦੇਗ ਤਿਆਰ ਕਰ ਕੇ ਭੇਜੀ ਗਈ ਸੀ, ਪਰ ਬਾਬਾ ਧੁੰਮਾ ਨੇ ਪਰਚੀ ਭੇਜ ਕੇ ਦੇਗ ਵਾਪਸ ਲਿਜਾਣ ਅਤੇ ਆਨੰਦ ਸਾਹਿਬ ਦਾ ਪਾਠ ਨਾ ਕਰਨ ਦਾ ਫਰਮਾਨ ਭੇਜ ਦਿੱਤਾ।


# House For Sale

**One Kanal double story house in Mohali, Punjab for sale. 5000 sq. feet covered area. Poush NRI neighborhood facing a park.**

**Call 925-577-7154**

# MRP TRAVEL

*Lowest International and Domestic Fares*


**FLY ANY AIRLINE OF YOUR CHOICE**

*Providing the lowest Airfare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133
CST: 2097308-40

*Passport & Visa services also available*



*India Vacation tour package also available.*

Emirates, Asiana Airlines, Korean Air, Singapore Airlines, Cathay Pacific, Lufthansa, China Airlines

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

**Listen on :**
**Radio Sets (CA, WA, NV)**
**Dial in**
**832-551-5029 or 605-475-6868**
**Android & iPhone App**

**www.PunjabiRadioUSA.com**
**Ph: 408-272-5200**


## ਵਰਲਡ ਸਿੱਖ ਫੈਡਰੇਸ਼ਨ ਭਗਤ ਰਵੀਦਾਸ ਦਾ ਜਨਮ ਦਿਹਾੜਾ ਮਨਾਏਗੀ

**ਸੈਨ ਹੋਜ਼ੇ (ਬਿਊਰੋ):** ਵਰਲਡ ਸਿੱਖ ਫੈਡਰੇਸ਼ਨ ਵਲੋਂ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਗੁਰਦਵਾਰਾ ਸਿੰਘ ਸਭਾ ਬੇ-ਏਰੀਆ (ਮਿਲਪੀਟਸ) ਵਿਖੇ 16 ਫਰਵਰੀ ਨੂੰ ਮਨਾਇਆ ਜਾਵੇਗਾ।

ਵਰਲਡ ਸਿੱਖ ਫੈਡਰੇਸ਼ਨ ਦੇ ਇਕ ਬੁਲਾਰੇ ਗੁਰਮੀਤ ਸਿੰਘ ਬਰਸਾਲ ਵਲੋਂ ਜਾਰੀ ਬਿਆਨ ਅਨੁਸਾਰ ਸੰਸਥਾ ਵਲੋਂ ਇਸ ਮੌਕੇ ਸਜਾਏ ਗਏ ਦੀਵਾਨ ਵਿਚ ਭਗਤ ਜੀ ਦੀਆਂ ਸਿੱਖਿਆਵਾਂ ਬਾਰੇ ਵਿਚਾਰਾਂ ਹੋਣਗੀਆਂ। ਫੈਡਰੇਸ਼ਨ ਨੇ ਦੁਨੀਆਂ ਦੇ ਸਮੂਹ ਸੰਗਤਾਂ ਨੂੰ ਮੰਨੂ ਦੇ ਫੈਲਾਏ ਜਾਤ-ਪਾਤ ਸਿਸਟਮ ਤੋਂ ਕਿਨਾਰਾ ਕਰਕੇ ਗੁਰਮਤਿ ਦੀ ਦਰਸਾਈ ਸਾਂਝੀਵਾਲਤਾ ਅਨੁਸਾਰ ਭਗਤਾਂ ਦੇ ਜਨਮ ਦਿਹਾੜੇ ਸਾਂਝੇ ਤੌਰ 'ਤੇ ਮਨਾਉਣ ਦੀ ਅਪੀਲ ਕੀਤੀ ਹੈ।

## ਗੁਰੂ ਸਾਹਿਬਾਨ ਦੀਆਂ ਬਖਸ਼ਿਸ਼ਾਂ ਬਾਰੇ ਮੁੜ ਅਦਾਲਤ ਜਾਣ ਦਾ ਐਲਾਨ

**ਨਾਭਾ:** ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਹੋਰ ਗੁਰੂ ਸਾਹਿਬਾਨ ਨਾਲ ਸਬੰਧਤ ਬਖਸ਼ਿਸ਼ਾਂ ਦੇ ਮਾਮਲੇ ਵਿਚ ਇਕ ਵਾਰ ਫਿਰ ਅਦਾਲਤ ਜਾਣ ਦਾ ਫੈਸਲਾ ਕੀਤਾ ਗਿਆ। ਯਾਦ ਰਹੇ ਕਿ ਲਗਾਤਾਰ ਪਿਛਲੇ ਕੁਝ ਸਾਲਾਂ ਤੋਂ ਟਰੰਕ-ਅਲਮਾਰੀਆਂ ਵਿਚ ਬੰਦ, ਪਟਿਆਲਾ ਦੇ ਕਿਲ੍ਹਾ ਮੁਬਾਰਕ ਵਿਚ ਪਈਆਂ ਹਨ। ਇਨ੍ਹਾਂ ਬਖਸ਼ਿਸ਼ਾਂ ਨੂੰ ਇਤਿਹਾਸਿਕ ਨਗਰੀ ਨਾਭਾ ਵਿਚ ਸੁਸ਼ੋਭਿਤ ਕਰਨ ਲਈ ਨਾਭਾ ਪਬਲਿਕ ਸੁਸਾਇਟੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਪਾਈ ਸੀ। ਇਸ ਦਾ ਫੈਸਲਾ ਅਦਾਲਤ ਵੱਲੋਂ ਆਉਣ ਉਪਰੰਤ ਵੀ ਸਰਕਾਰ ਵੱਲੋਂ ਇਨ੍ਹਾਂ ਬਖਸ਼ਿਸ਼ਾਂ ਨੂੰ ਨਾਭਾ ਵਿਖੇ ਸੁਸ਼ੋਭਿਤ ਨਹੀਂ ਕੀਤਾ ਗਿਆ।

ਸੁਸਾਇਟੀ ਦੇ ਪ੍ਰਧਾਨ ਗੁਰਮੇਲ ਸਿੰਘ, ਜਨਰਲ ਸਕੱਤਰ ਕੇਸਰ ਸਿੰਘ ਸਹਿਗਲ, ਸੀਨੀਅਰ ਮੀਤ ਪ੍ਰਧਾਨ ਕਾਹਨ ਸਿੰਘ, ਅਮਨਦੀਪ ਸਿੰਘ (ਮੁੱਖ ਸੇਵਾਦਾਰ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ), ਮੀਤ ਪ੍ਰਧਾਨ ਰਾਕੇਸ਼ ਜੈਨ, ਗੁਰਮੁਖ ਸਿੰਘ ਭੋਜੋਮਾਜਰੀ (ਜਨਰਲ ਸਕੱਤਰ ਸ਼ਹੀਦ ਬਾਬਾ ਦੀਪ ਸਿੰਘ ਸੇਵਾਦਲ) ਵੱਲੋਂ ਇਨ੍ਹਾਂ ਵਸਤਾਂ ਨੂੰ ਮੁੜ ਤੋਂ ਨਾਭਾ ਵਿਖੇ ਸੁਸ਼ੋਭਿਤ ਕਰਵਾਉਣ ਲਈ ਹਾਈ ਕੋਰਟ ਦਾ ਦਰਵਾਜ਼ਾ ਮੁੜ ਖੜਕਾਇਆ ਜਾਵੇਗਾ। ਗੌਰਤਲਬ ਹੈ ਕਿ ਗੁਰੂ ਗੋਬਿੰਦ ਸਿੰਘ ਦੀਆਂ ਨਿੰਜੀ ਨਿਸ਼ਾਨੀਆਂ ਪੀਰ ਬੱਧੂ ਸ਼ਾਹ ਦੇ ਵਾਰਸਾਂ ਨੇ ਮਹਾਰਾਜਾ ਭਰਪੂਰ ਸਿੰਘ ਨਾਭਾ ਨੂੰ 1763 ਵਿਚ ਸੌਂਪ ਦਿੱਤੀਆਂ ਸਨ।

## ਅਮਰੀਕਾ ਵੱਲੋਂ ਮੋਦੀ ਦਾ ਬਾਈਕਾਟ ਖਤਮ ਕਰਨ ਦਾ ਸੰਕੇਤ

**ਨਵੀਂ ਦਿੱਲੀ:** ਅਮਰੀਕਾ ਨੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਦਾ ਬਾਈਕਾਟ ਖਤਮ ਕਰਨ ਦੇ ਸੰਕੇਤ ਦਿੱਤੇ ਹਨ। ਯਾਦ ਰਹੇ ਕਿ 2002 ਵਿਚ ਗੋਧਰਾ ਦੰਗਿਆਂ ਤੋਂ ਬਾਅਦ ਅਮਰੀਕਾ ਨੇ ਨਰੇਂਦਰ ਮੋਦੀ ਦਾ ਬਾਈਕਾਟ ਕਰ ਦਿੱਤਾ ਸੀ। ਅਮਰੀਕਾ ਨੇ 2005 ਵਿਚ ਘਰੇਲੂ ਕਾਨੂੰਨ ਤਹਿਤ 'ਧਾਰਮਿਕ ਆਜ਼ਾਦੀ ਦੀ ਘੋਰ ਉਲੰਘਣਾ' ਦੇ ਮੁੱਦੇ 'ਤੇ ਨਰਿੰਦਰ ਮੋਦੀ ਦਾ ਵੀਜ਼ਾ ਰੱਦ ਕਰ ਦਿੱਤਾ ਸੀ। ਉਸ ਮਗਰੋਂ ਅਮਰੀਕਾ ਨੇ ਆਪਣੀ ਨੀਤੀ 'ਤੇ ਗੌਰ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਸੀ। ਹੁਣ ਨੌਂ ਸਾਲਾਂ ਮਗਰੋਂ ਅਮਰੀਕਾ ਨੇ ਇਹ ਸ੍ਰੀ ਮੋਦੀ ਬਾਰੇ ਨਰਮ ਰੁਖ ਅਪਣਾਇਆ ਹੈ। ਸ੍ਰੀ ਮੋਦੀ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਹਨ।

## Matrimonial

### ਵਰ ਦੀ ਲੋੜ

ਕੰਬੋਜ ਸਿੱਖ ਅਮਰੀਕੀ ਸਿਟੀਜ਼ਨ, 26 ਸਾਲ, ਕੱਦ 5'-5", ਬੀ ਐਸ ਸੀ, ਬਿਜਨਸ ਐਨਾਲਾਈਜ਼ਰ ਵਜੋਂ ਕੰਮ ਕਰਦੀ ਲੜਕੀ ਲਈ ਢੁਕਵੇਂ ਵਰ ਦੀ ਲੋੜ ਹੈ। ਐਚ-1 ਜਾਂ ਸਟੂਡੈਂਟ ਵੀਜ਼ੇ 'ਤੇ ਆਏ ਲੜਕੇ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 601-473-9617, ਈਮੇਲ: santokh01@hotmail.com

ਨਿਊ ਯਾਰਕ ਵਸਦੀ ਰਾਮਗੜ੍ਹੀਆ ਸਿੱਖ ਲੜਕੀ, ਬੀ ਏ, 30 ਸਾਲ, 5'-2" ਲਈ ਨਸ਼ਿਆਂ ਤੋਂ ਰਹਿਤ ਅਮਰੀਕੀ ਸਿਟੀਜ਼ਨ/ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 516-450-7104, prince.kular@yahoo.com

Wanted suitable match for 27yrs, height 5'-2", divorced, US Citizen well settled girl. Must be living in the US. Contact: pb82268@gmail.com

### ਕੰਨਿਆਂ ਦੀ ਲੋੜ

**Suitable girl wanted for Jatt Sikh US citizen BSc, 24, 5'-10". Girl from US with DDS/MBBS/ Eng./Nursing degree, 22 to 24, height 5'-5". No caste bar. Send photo & bio-data @ bsimerb@yahoo.com**

Wanted mature, family oriented, vegetarian, preferably US based, over 28 girl for Lobana Sikh, 37, 5'-9" clean shaven, teetotaler, legally divorced, pending US immigration status. Issueless divorcee or widow can also be consided. Family owns business & home, brother citizen & parents legal permanent residents of USA. Early marriage. Caste no bar. Contact: plmultani@yahoo.com, Ph: 330-348-4561

## ਉਲੰਪਿਕ 'ਚ ਭਾਰਤ ਦੀ ਵਾਪਸੀ

**ਨਵੀਂ ਦਿੱਲੀ:** ਭਾਰਤ ਉਪਰ ਉਲੰਪਿਕ ਵਿਚ ਹਿੱਸਾ ਲੈਣ 'ਤੇ 14 ਮਹੀਨੇ ਪਹਿਲਾਂ ਲੱਗੀ ਪਾਬੰਦੀ ਕੌਮਾਂਤਰੀ ਉਲੰਪਿਕ ਕੌਂਸਲ (ਆਈ.ਓ.ਸੀ.) ਨੇ ਵਾਪਸ ਲੈ ਲਈ ਹੈ। ਕੌਂਸਲ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਕਾਰਜਕਾਰੀ ਬੋਰਡ ਨੇ ਭਾਰਤੀ ਉਲੰਪਿਕ ਸੰਘ ਨੂੰ ਉਲੰਪਿਕ 'ਚ ਮੁੜ ਭਾਗ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ।

ਕਾਰਜਕਾਰੀ ਬੋਰਡ ਨੇ ਆਈ.ਓ.ਏ. ਦੀ ਨੌਂ ਫਰਵਰੀ 2014 ਨੂੰ ਹੋਈ ਆਮ ਸਭਾ ਅਤੇ ਨਵੇਂ ਅਹੁਦੇਦਾਰਾਂ ਦੀ ਚੋਣ ਮਗਰੋਂ ਇਹ ਫੈਸਲਾ ਕੀਤਾ ਹੈ। ਇਸ ਮੌਕੇ ਆਈ.ਓ.ਸੀ. ਦੇ ਮੈਂਬਰ ਰੋਬਿਨ ਮਿਸ਼ੇਲ ਦੀ ਪ੍ਰਧਾਨਗੀ 'ਚ ਆਈ.ਓ.ਸੀ. ਦਾ ਪ੍ਰਤੀਨਿਧ ਮੰਡਲ ਵੀ ਹਾਜ਼ਰ ਸੀ। ਆਈ.ਓ.ਏ. ਨੇ ਐਤਵਾਰ ਨੂੰ ਹੋਈ ਚੋਣ 'ਚ ਦਾਗੀ ਅਧਿਕਾਰੀਆਂ ਨੂੰ ਬਾਹਰ ਹੀ ਰੱਖਿਆ। ਚੋਣ ਵਿਚ ਸੰਸਾਰ ਸਕੁਐਸ਼ ਮਹਾਂਸੰਘ ਦੇ ਮੁਖੀ ਅਤੇ ਬੀ.ਸੀ.ਸੀ.ਆਈ. ਦੇ ਪ੍ਰਧਾਨ ਐਨ. ਸ੍ਰੀਨਿਵਾਸਨ ਦੇ ਛੋਟੇ ਭਰਾ ਐਨ. ਰਾਮਚੰਦਰਨ ਨੂੰ ਪ੍ਰਧਾਨ ਚੁਣਿਆ ਗਿਆ। ਇਹ ਫੈਸਲਾ ਚੋਣ ਦੌਰਾਨ ਉਥੇ ਮੌਜੂਦ ਰਹੇ ਆਈ.ਓ.ਸੀ. ਦੇ ਤਿੰਨ ਅਧਿਕਾਰੀਆਂ ਦੇ ਭਾਰਤ ਤੋਂ ਰਵਾਨਾ ਹੋਣ ਮਗਰੋਂ ਕੀਤਾ ਗਿਆ। ਇਹ ਤਿੰਨੋਂ ਅਧਿਕਾਰੀ ਚੋਣ ਪ੍ਰਕਿਰਿਆ ਤੋਂ ਸੰਤੁਸ਼ਟ ਸਨ ਅਤੇ ਉਨ੍ਹਾਂ ਨੇ ਆਈ.ਓ.ਸੀ. ਦੇ ਪ੍ਰਧਾਨ ਨੂੰ ਸਾਕਾਰਾਤਮਕ ਰਿਪੋਰਟ ਦੇਣ ਬਾਰੇ ਭਰੋਸਾ ਦਿਵਾਇਆ ਸੀ।


# SUPER TRAVEL

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250


# Prince's Barber Shop

**37477 Fremont Blvd, suite C, Fremont, CA 94536**

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**



**Cell: (510)-677-9942**
**Shop: (510)-505-9605**
*www.princebarbershop.com*

# ਸਰਕਾਰ ਖਿਲਾਫ ਮੁੜ ਡਟੀ ਨਵਜੋਤ ਕੌਰ ਸਿੱਧੂ

**ਚੰਡੀਗੜ੍ਹ:** ਮੁੱਖ ਸੰਸਦੀ ਸਕੱਤਰ (ਸਿਹਤ) ਡਾ. ਨਵਜੋਤ ਕੌਰ ਸਿੱਧੂ ਨੇ ਪੰਜਾਬ ਸਰਕਾਰ ਦੇ ਤੰਬਾਕੂ ਤੋਂ ਵੈਟ ਘੱਟ ਕਰਨ ਦੇ ਫ਼ੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਫ਼ੈਸਲਾ ਵਾਪਸ ਨਾ ਲਏ ਜਾਣ ਦੀ ਸੂਰਤ ਵਿਚ ਉਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜਨਤਕ ਹਿੱਤ ਪਟੀਸ਼ਨ ਦਾਇਰ ਕਰਨਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਭੇਜ ਕੇ ਪੰਦਰਾਂ ਦਿਨਾਂ ਤੱਕ ਜਵਾਬ ਦੇਣ ਦੀ ਮੰਗ ਕੀਤੀ ਹੈ।

ਡਾ. ਸਿੱਧੂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਵੈਟ ਘੱਟ ਕਰਨ ਦੀ ਮਦ ਮੰਤਰੀ ਮੰਡਲ ਵਿਚ ਰੱਖਣ ਤੋਂ ਪਹਿਲਾਂ ਵੀ ਇਸ ਦਾ ਲਿਖਤੀ ਵਿਰੋਧ ਕੀਤਾ ਸੀ। ਸ਼ਾਇਦ ਸਿਹਤ ਵਿਭਾਗ ਨੇ ਮੁੱਖ ਮੰਤਰੀ ਨੂੰ ਇਸ ਮਦ ਬਾਰੇ ਠੀਕ ਢੰਗ ਨਾਲ ਸੂਚਨਾ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਤੰਬਾਕੂ ਨਾਲ ਭਾਰਤ ਵਿਚ ਹਰ ਸਾਲ ਦਸ ਲੱਖ ਲੋਕ ਮਰ ਰਹੇ ਹਨ ਜਦਕਿ ਪੰਜਾਬ ਸਰਕਾਰ ਨੇ ਇਸ ਨੂੰ ਹੋਰ ਸਸਤਾ ਕਰ ਦਿੱਤਾ ਹੈ। ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਪੂਰੇ ਵਿਸ਼ਵ ਵਿਚ ਤੰਬਾਕੂ ਦੇ ਭਾਅ ਵਿਚ ਵਾਧਾ ਕੀਤਾ ਜਾ ਰਿਹਾ ਹੈ ਤੇ ਪੰਜਾਬ ਸਰਕਾਰ ਨੇ ਇਸ ਤੋਂ ਵੈਟ ਘੱਟ ਕਰਕੇ ਭਾਅ ਹੇਠਾਂ ਲਿਆਂਦੇ ਹਨ।

ਉਨ੍ਹਾਂ ਪੰਜਾਬ ਸਰਕਾਰ ਵੱਲੋਂ ਰਾਜ ਦੇ 16 ਜ਼ਿਲ੍ਹਿਆਂ ਨੂੰ ਤੰਬਾਕੂ ਮੁਕਤ ਕਰਨ ਦੇ ਐਲਾਨਾਂ ਨੂੰ ਨਿਰਾ ਡਰਾਮਾ ਦੱਸਿਆ। ਉਨ੍ਹਾਂ ਸ. ਬਾਦਲ ਨੂੰ ਤੰਬਾਕੂ 'ਤੇ ਵੈਟ ਦੂਜੇ ਰਾਜਾਂ ਦੇ ਬਰਾਬਰ ਕਰਨ ਦੀ ਮੰਗ ਕਰਦਿਆਂ ਮੰਤਰੀ ਮੰਡਲ ਦਾ ਫ਼ੈਸਲਾ ਵਾਪਸ ਲੈਣ ਦੀ ਅਪੀਲ ਕੀਤੀ ਹੈ। ਡਾ. ਸਿੱਧੂ ਨੇ ਭਾਰਤੀ ਜਨਤਾ ਪਾਰਟੀ ਛੱਡਣ ਦੇ ਸੰਕੇਤ ਦਿੰਦਿਆਂ ਕਿਹਾ ਕਿ ਜਦੋਂ ਉਨ੍ਹਾਂ ਦਾ ਪਾਰਟੀ ਵਿਚ ਇੱਜ਼ਤ-ਮਾਣ ਨਾ ਰਿਹਾ ਤਾਂ ਉਹ ਤੇ ਉਨ੍ਹਾਂ ਦੇ ਪਤੀ ਪਾਰਟੀ ਛੱਡਣ ਵਿਚ ਇਕ ਮਿੰਟ ਨਹੀਂ ਲਾਉਣਗੇ। ਭਾਜਪਾ ਵੱਲੋਂ ਨਵਜੋਤ ਸਿੰਘ ਸਿੱਧੂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤੇ ਜਾਣ 'ਤੇ ਰੋਸ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਸਨਮਾਨ ਨਹੀਂ ਮਿਲਣਾ ਤਾਂ ਪਾਰਟੀ ਤੋਂ ਕੀ ਲੱਡੂ ਲੈਣੇ ਨੇ।

## ਹਾਈ ਕੋਰਟ ਜਾਣ ਦੀ ਧਮਕੀ



ਉਨ੍ਹਾਂ ਕਿਹਾ ਕਿ ਸਿਆਸਤ ਵਿਚ ਉਨ੍ਹਾਂ ਦੀ ਹੋਂਦ ਸ. ਸਿੱਧੂ ਨਾਲ ਜੁੜੀ ਹੋਈ ਹੈ ਤੇ ਉਹ ਆਪਣੇ ਪਤੀ ਤੋਂ ਬਿਨਾਂ ਪਾਰਟੀ ਵਿਚ ਨਹੀਂ ਰਹਿਣਗੇ। ਉਨ੍ਹਾਂ ਸਪਸ਼ਟ ਕੀਤਾ ਕਿ ਸ. ਸਿੱਧੂ ਅੰਮ੍ਰਿਤਸਰ ਤੋਂ ਬਗ਼ੈਰ ਕਿਸੇ ਹੋਰ ਲੋਕ ਸਭਾ ਹਲਕੇ ਤੋਂ ਚੋਣ ਨਹੀਂ ਲੜਨਾ ਚਾਹੁੰਦੇ। ਉਨ੍ਹਾਂ ਕਿਹਾ ਕਿ ਸ. ਸਿੱਧੂ ਨੂੰ ਕੇਵਲ ਭਾਜਪਾ ਹਾਈਕਮਾਂਡ ਨੇ ਹੀ ਨਹੀਂ ਸਗੋਂ ਪੰਜਾਬ ਸਰਕਾਰ ਨੇ ਵੀ ਅਣਗੌਲਿਆ ਕੀਤਾ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ 'ਤੇ ਵਿਤਕਰਾ ਕਰਨ ਦੇ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਉਹ ਤਾਂ ਆਪ ਅੰਮ੍ਰਿਤਸਰ ਤੋਂ ਟਿਕਟ ਲੈਣ ਲਈ ਕਾਹਲੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਅੰਮ੍ਰਿਤਸਰ ਤੋਂ ਅਰੁਣ ਜੇਤਲੀ ਚੋਣ ਲੜਨਗੇ ਤਾਂ ਉਹ ਆਪਣੇ ਵਿਧਾਨ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਦੀ ਪੂਰੀ ਮਦਦ ਕਰਨਗੇ। ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦੀਆਂ ਸੰਭਾਵਨਾਵਾਂ ਨੂੰ ਰੱਦ ਕਰਦਿਆਂ ਡਾ. ਸਿੱਧੂ ਨੇ ਕਿਹਾ ਉਹ ਭਾਜਪਾ ਵਿਚ ਰਹਿ ਕੇ ਪਹਿਲਾਂ ਹੀ ਆਮ ਲੋਕਾਂ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਅਕਾਲੀ ਭਾਜਪਾ ਗਠਜੋੜ ਨੂੰ 'ਆਪ' ਨੂੰ ਗੰਭੀਰਤਾ ਨਾਲ ਲੈਣ ਦੀ ਨਸੀਹਤ ਦਿੱਤੀ।

# ਪਾਕਿਸਤਾਨ 'ਚ ਪਏ ਨੇ ਸਿੱਖ ਰਾਜ ਦੇ ਦਸਤਾਵੇਜ਼

**ਪਟਿਆਲਾ:** ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੇ ਰਾਜਕਾਲ ਬਾਰੇ ਭਾਵੇਂ ਬਹੁਤ ਕੁਝ ਛਪਿਆ ਹੋਇਆ ਹੈ ਪਰ ਉਨ੍ਹਾਂ ਦੇ ਦਰਬਾਰ ਨਾਲ ਸਬੰਧਤ ਅੱਠ ਹਜ਼ਾਰ ਦੇ ਕਰੀਬ ਲਿਖਤਾਂ ਅਜੇ ਵੀ ਪਾਕਿਸਤਾਨ ਵਿਚ ਬੰਦ ਅਲਮਾਰੀਆਂ ਵਿਚ ਪਈਆਂ ਹਨ। ਇਤਿਹਾਸਕ ਪੱਖ ਤੋਂ ਅਣਛੋਹੇ ਇਹ ਦਸਤਾਵੇਜ਼ ਪਾਕਿਸਤਾਨੀ ਪੰਜਾਬ ਦੇ ਪੁਰਾਤੱਤਵ ਵਿਭਾਗ ਕੋਲ ਪਏ ਹਨ। ਫਾਰਸੀ ਤੋਂ ਹੋਰ ਭਾਸ਼ਾਵਾਂ ਵਿਚ ਅਨੁਵਾਦ ਨਾ ਹੋਣ ਕਾਰਨ ਇਹ ਇਤਿਹਾਸਕ ਪੱਖ ਅਣਛੋਹਿਆ ਹੀ ਰਿਹਾ ਹੈ। ਕਿਸੇ ਨੇ ਇਸ ਪਾਸੇ ਅਜੇ ਤੱਕ ਕੋਈ ਧਿਆਨ ਨਹੀਂ ਦਿੱਤਾ ਹੈ।

ਜੇਕਰ ਪਾਕਿਸਤਾਨ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਅਜਿਹਾ ਕੀਤਾ ਜਾਵੇ ਤਾਂ ਨਵੇਂ ਇਤਿਹਾਸਕ ਤੱਥ ਲੋਕਾਂ ਸਾਹਮਣੇ ਆ ਸਕਦੇ ਹਨ। ਇਹ ਗੱਲ ਪਾਕਿਸਤਾਨ ਤੋਂ ਆਏ ਫਕੀਰ ਸੱਯਦ ਐਜਾਜ਼ੂਦੀਨ ਨੇ ਆਖੀ। ਉਹ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਰਹੇ ਫਕੀਰ ਐਜਾਜ਼ੂਦੀਨ, ਫਕੀਰ ਇਮਾਮੂਦੀਨ ਤੇ ਫਕੀਰ ਨੂਰਦੀਨ ਦੇ ਵੰਸ਼ ਵਿਚੋਂ ਹਨ ਤੇ ਪੰਜਾਬੀ ਯੂਨੀਵਰਸਿਟੀ ਵਿਚ ਇਤਿਹਾਸ ਵਿਭਾਗ ਵੱਲੋਂ 'ਰਿਸੋਰਸਫੁੱਲ ਫਕੀਰ' ਵਿਸ਼ੇ 'ਤੇ ਕਰਵਾਏ ਗਏ ਸਮਾਗਮ ਵਿਚ ਵਿਸ਼ੇਸ਼ ਲੈਕਚਰ ਦੇਣ ਆਏ ਸਨ। ਉਨ੍ਹਾਂ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਤੇ ਉਨ੍ਹਾਂ ਦੇ ਰਾਜਕਾਲ ਬਾਰੇ ਹੋਰ ਨਵੀਂ ਜਾਣਕਾਰੀ ਮਿਲ ਸਕਦੀ ਹੈ।

ਇਹ ਦਸਤਾਵੇਜ਼ ਵਧੀਆ ਹਾਲਤ ਵਿਚ ਹਨ ਤੇ ਚੰਗੀ ਤਰ੍ਹਾਂ ਸੰਭਾਲੇ ਹੋਏ ਹਨ। ਫਕੀਰ ਸਈਦ ਐਜਾਜ਼ੂਦੀਨ ਨੇ 'ਰਿਸੋਰਸਫੁੱਲ ਫਕੀਰ ਸ਼ਰੀ ਮੁਸਲਿਮ ਬ੍ਰਦਰਜ਼: ਐਂਡ ਦਾ ਸਿੱਖ ਕੋਰਟ ਆਫ ਲਾਹੌਰ: ਨਾਮ ਦੀ ਪੁਸਤਕ ਵੀ ਲਿਖੀ ਹੈ। ਇਹ ਕਿਤਾਬ ਲਿਖਣ ਮੌਕੇ ਹੀ ਇਨ੍ਹਾਂ ਲਿਖਤਾਂ ਦਾ ਉਸ ਨੂੰ ਪਤਾ ਲੱਗਾ। ਉਨ੍ਹਾਂ ਦੱਸਿਆ ਕਿ ਫਕੀਰ ਐਜਾਜ਼ੂਦੀਨ ਦੇ 640 ਸਫਿਆਂ ਦੇ ਇਸ ਰੋਜ਼ਨਾਮਚੇ (ਡਾਇਰੀ) ਵਿਚ ਮਹਾਰਾਜਾ ਦੀ ਇਕ ਇਕ ਮੀਟਿੰਗ ਬਾਰੇ 40 ਤੋਂ 50 ਸਫਿਆਂ ਵਿਚ ਵੇਰਵਾ ਲਿਖਿਆ ਹੋਇਆ ਹੈ। ਇਸ ਬਾਰੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ ਡਾ. ਕੁਲਬੀਰ ਸਿੰਘ ਢਿੱਲੋਂ ਨੇ ਕਿਹਾ ਕਿ ਭਾਵੇਂ 1947 ਤੋਂ ਬਾਅਦ ਇਸ ਸਬੰਧੀ ਬਹੁਤ ਸਾਰਾ ਰਿਕਾਰਡ ਭਾਰਤ ਲੈ ਆਂਦਾ ਸੀ ਪਰ ਸੰਭਵ ਹੈ ਕਿ ਅਜਿਹੇ ਹੋਰ ਦਸਤਾਵੇਜ਼ ਵੀ ਬਾਕੀ ਰਹਿ ਗਏ ਹੋਣ।

# ਸੁਖਬੀਰ ਵੱਲੋਂ ਸਰਕਾਰੀ ਖਜ਼ਾਨੇ ਦੀ ਦੁਰਵਰਤੋਂ: ਖਹਿਰਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਹੈ ਕਿ ਉਪ ਮੁੱਖ ਮੰਤਰੀ ਤੇ ਉਸ ਦੀ ਜੁੰਡਲੀ ਸਰਕਾਰੀ ਖਜ਼ਾਨੇ ਨੂੰ ਆਪਣੇ ਮਨ ਪਰਚਾਵੇ ਤੇ ਛੁੱਟੀਆਂ ਮਨਾਉਣ ਲਈ ਕੀਤੀਆਂ ਜਾ ਰਹੀਆਂ ਵਿਦੇਸ਼ ਯਾਤਰਾਵਾਂ ਉਪਰ ਲੁਟਾ ਰਹੇ ਹਨ। ਇਹ ਦਾਅਵਾ ਉਨ੍ਹਾਂ ਪੰਜਾਬ ਸਪੋਰਟਸ ਕੌਂਸਲ ਤੋਂ ਆਰ.ਟੀ.ਆਈ. ਐਕਟ ਅਧੀਨ ਹਾਸਲ ਕੀਤੀ ਜਾਣਕਾਰੀ ਦੇ ਆਧਾਰ 'ਤੇ ਕੀਤਾ ਹੈ। ਸ. ਖਹਿਰਾ ਨੇ ਦੱਸਿਆ ਕਿ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਲੰਡਨ (ਯੂ.ਕੇ.) ਵਿਚ ਸਾਲ 2012 ਦੌਰਾਨ ਹੋਈਆਂ 30ਵੀਆਂ ਓਲੰਪਿਕ ਖੇਡਾਂ ਮੌਕੇ ਚਾਰ ਮੈਂਬਰੀ ਡੈਲੀਗੇਸ਼ਨ ਦੀ ਅਗਵਾਈ ਕੀਤੀ ਸੀ।



ਇਸ ਦੌਰੇ ਦਾ ਮੰਤਵ ਖੇਡਾਂ ਵਿਚ ਹਿੱਸਾ ਲੈਣ ਵਾਲੇ ਖਿਡਾਰੀਆਂ ਨੂੰ ਉਤਸ਼ਾਹਤ ਕਰਨਾ ਤੇ ਇਨ੍ਹਾਂ ਖੇਡਾਂ ਵਿਚ ਵਰਤੀ ਤਕਨੀਕ ਨੂੰ ਪੰਜਾਬ ਵਿਚ ਵਰਤੋਂ ਵਿਚ ਲਿਆਉਣ ਲਈ ਘੋਖ ਕਰਨਾ ਦੱਸਿਆ ਗਿਆ ਸੀ। ਸਪੋਰਟਸ ਕੌਂਸਲ ਨੇ ਡੈਲੀਗੇਸ਼ਨ ਦੀ ਸੱਤ ਦਿਨ ਦੀ ਲੰਡਨ ਯਾਤਰਾ ਲਈ 32.44 ਲੱਖ ਰੁਪਏ ਅਦਾ ਕੀਤੇ ਹਨ।

ਲੰਡਨ ਦੇ ਹੋਟਲ ਮੈਰੀਅਟ ਵਿਚ ਤਿੰਨ ਦਿਨ ਠਹਿਰਣ ਦੇ 4.90 ਲੱਖ ਰੁਪਏ ਅਦਾ ਕੀਤੇ ਗਏ ਹਨ। ਇਸ ਤੋਂ ਬਾਅਦ ਤਿੰਨ ਦਿਨਾਂ ਦੇ ਪੈਕੇਜ ਲਈ ਮਸ਼ਹੂਰ ਥੋਮਸ ਕੁੱਕ ਐਂਡ ਟਰੈਵਲ ਕੰਪਨੀ ਨੂੰ 16.75 ਲੱਖ ਰੁਪਏ ਅਦਾ ਕੀਤੇ ਗਏ ਹਨ। ਡੈਲੀਗੇਸ਼ਨ ਦੀ ਯਾਤਰਾ ਲਈ ਬਿਜ਼ਨਸ/ਫਸਟ ਕਲਾਸ ਦੀਆਂ ਏਅਰ ਟਿਕਟਾਂ ਲਈ 9.32 ਲੱਖ ਰੁਪਏ ਅਦਾ ਕੀਤੇ ਹਨ। ਸ. ਖਹਿਰਾ ਨੇ ਦੋਸ਼ ਲਾਇਆ ਕਿ ਸ. ਬਾਦਲ ਦੇ ਡੈਲੀਗੇਸ਼ਨ ਨੇ 18 ਮਹੀਨੇ ਦਾ ਸਮਾਂ ਬੀਤਣ ਦੇ ਬਾਵਜੂਦ ਪੰਜਾਬ ਵਿਚ ਖੇਡਾਂ ਦਾ ਢਾਂਚਾ ਮਜ਼ਬੂਤ ਕਰਨ ਵਾਸਤੇ ਕੋਈ ਕਦਮ ਨਹੀਂ ਚੁੱਕਿਆ।

## ਪੰਜਾਬ ਦਾ ਬਜਟ ਇਜਲਾਸ 3 ਨੂੰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਧਾਨ ਸਭਾ ਦਾ ਸੱਤਵਾਂ ਇਜਲਾਸ 3 ਮਾਰਚ ਨੂੰ ਬੁਲਾਇਆ ਹੈ। ਵਿਧਾਨ ਸਭਾ ਦੇ ਸਕੱਤਰ ਵੇਦ ਪ੍ਰਕਾਸ਼ ਨੇ ਦੱਸਿਆ ਕਿ ਇਜਲਾਸ ਬਾਅਦ ਦੁਪਹਿਰ 2 ਵਜੇ ਸੱਦਿਆ ਗਿਆ ਹੈ।

ਪਹਿਲੇ ਦਿਨ ਰਾਜਪਾਲ ਸ਼ਿਵਰਾਜ ਪਾਟਿਲ ਦਾ ਭਾਸ਼ਣ ਹੋਵੇਗਾ ਜਿਸ 'ਤੇ 2 ਜਾਂ 3 ਦਿਨ ਬਹਿਸ ਹੋਵੇਗੀ। ਸਰਕਾਰੀ ਹਲਕਿਆਂ ਅਨੁਸਾਰ ਇਸ ਇਜਲਾਸ ਵਿਚ ਨਵੇਂ ਸਾਲ ਦਾ ਪੂਰਾ ਬਜਟ ਨਹੀਂ ਬਲਕਿ ਤਿੰਨ ਮਹੀਨੇ ਲਈ ਖਰਚਾ ਬਿੱਲ ਪੇਸ਼ ਕੀਤਾ ਜਾਏਗਾ ਤੇ ਮਈ ਮਹੀਨੇ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਤੋਂ ਪਿੱਛੋਂ ਬਜਟ ਪੇਸ਼ ਕੀਤਾ ਜਾਵੇਗਾ।

# ਬਾਦਲ ਸਰਕਾਰ ਨੇ 10 ਲੱਖ ਲੋਕਾਂ ਨੂੰ ਬੇਰੁਜ਼ਗਾਰ ਕੀਤਾ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਮਨੋਰਥ ਪੱਤਰ ਵਿਚ 10 ਲੱਖ ਨਵੀਆਂ ਨੌਕਰੀਆਂ ਦੇਣ ਦਾ ਵਾਅਦਾ ਪੂਰਾ ਹੋਣ ਤੋਂ ਉਲਟ ਪਿਛਲੇ ਸੱਤ ਸਾਲਾਂ ਦੌਰਾਨ ਕਰੀਬ 10 ਲੱਖ ਹੁਨਰਮੰਦ ਤੇ ਗੈਰਹੁਨਰਮੰਦ ਲੋਕ ਵਿਹਲੇ ਹੋ ਗਏ ਹਨ।



ਸ. ਬਾਜਵਾ ਨੇ ਕਿਹਾ ਕਿ ਪੰਜਾਬ ਵਿਚ 18,770 ਉਦਯੋਗਿਕ ਯੂਨਿਟ ਬੰਦ ਹੋਣ ਕਾਰਨ ਕਰੀਬ 10 ਲੱਖ ਕਾਮੇ ਬੇਰੁਜ਼ਗਾਰ ਹੋ ਚੁੱਕੇ ਹਨ ਜਿਸ ਦਾ ਸਿੱਧਾ ਅਸਰ 40 ਲੱਖ ਪਰਿਵਾਰਾਂ 'ਤੇ ਪਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਮੈਨੀਫੈਸਟੋ ਵਿਚ 2007 ਤੋਂ 2012 ਦੌਰਾਨ 1.50 ਲੱਖ ਨੌਕਰੀਆਂ ਤੇ 2012 ਦੌਰਾਨ ਸੱਤਾ 'ਤੇ ਵਾਪਸੀ ਦੀ ਸੂਰਤ ਵਿਚ 10 ਲੱਖ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ। ਕਾਂਗਰਸ ਵੱਲੋਂ ਆਰ.ਟੀ.ਆਈ. ਐਕਟ ਤਹਿਤ ਪ੍ਰਾਪਤ ਕੀਤੀ ਜਾਣਕਾਰੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਦਾਅਵਿਆਂ ਦਾ ਸੱਚ ਸਾਹਮਣੇ ਲਿਆ ਦਿੱਤਾ ਹੈ। ਉਨ੍ਹਾਂ ਪਹਿਲਾਂ ਪ੍ਰੋਗ੍ਰੈਸਿਵ ਪੰਜਾਬ ਇਨਵੈਸਟਮੈਂਟ ਸਮਿਟ ਤੇ ਹੁਣ 16 ਤੋਂ 19 ਫਰਵਰੀ ਦੌਰਾਨ ਹੋਣ ਵਾਲੀ ਐਗਰੀਕਲਚਰ ਸਮਿਟ ਬੇਰੁਜ਼ਗਾਰੀ, ਬਦਹਾਲ ਕਾਨੂੰਨ ਤੇ ਵਿਵਸਥਾ ਤੇ ਰਾਜ ਦੇ ਭਖਦੇ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਦਾ ਸਿਆਸੀ ਨਾਟਕ ਹੀ ਹਨ।

# ਭਾਰਤ ਵਿਚ ਹਰ ਸਾਲ ਕੈਂਸਰ ਨਾਲ ਸੱਤ ਲੱਖ ਮੌਤਾਂ

**ਚੰਡੀਗੜ੍ਹ:** ਭਾਰਤ ਵਾਸੀ ਦਿਨ-ਬ-ਦਿਨ ਬਿਮਾਰੀਆਂ ਦੇ ਮੂੰਹ ਵਿਚ ਜਾ ਰਹੇ ਹਨ ਤੇ ਹਰ ਸਾਲ ਬਿਮਾਰੀਆਂ ਨਾਲ ਮਰਨ ਵਾਲੇ ਲੋਕਾਂ ਦੀ ਗਿਣਤੀ ਵਧ ਰਹੀ ਹੈ। ਵਿਸ਼ਵ ਸਿਹਤ ਸੰਸਥਾ ਦੇ ਅੰਕੜਿਆਂ ਅਨੁਸਾਰ ਹਰ ਸਾਲ ਸੱਤ ਲੱਖ ਭਾਰਤੀ ਕੈਂਸਰ ਦੀ ਬਿਮਾਰੀ ਕਾਰਨ ਮੌਤ ਦੇ ਮੂੰਹ ਵਿਚ ਜਾ ਰਹੇ ਹਨ। ਅੰਕੜਿਆਂ ਅਨੁਸਾਰ ਸਾਲ 2012 ਵਿਚ ਭਾਰਤ ਦੇ 3.56 ਲੱਖ ਪੁਰਸ਼ ਤੇ 3.26 ਲੱਖ ਔਰਤਾਂ ਕੈਂਸਰ ਦੀ ਬਿਮਾਰੀ ਕਾਰਨ ਮਰ ਗਏ। ਸੰਸਥਾ ਅਨੁਸਾਰ 10 ਵਿਚੋਂ ਇਕ ਭਾਰਤੀ ਨੂੰ ਕੈਂਸਰ ਹੋਣ ਦਾ ਡਰ ਬਣਿਆ ਰਹਿੰਦਾ ਹੈ।




ਭਾਰਤੀਆਂ ਵਿਚ ਫੇਫੜਿਆਂ, ਬੁੱਲ੍ਹਾਂ, ਪੇਟ ਤੇ ਆਹਾਰ ਨਾਲੀ ਸਬੰਧੀ ਕੈਂਸਰ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਅੰਕੜਿਆਂ ਅਨੁਸਾਰ ਪਿਛਲੇ ਪੰਜ ਸਾਲਾਂ ਦੌਰਾਨ 32.6 ਕਰੋੜ ਭਾਰਤੀ ਕੈਂਸਰ ਦੀ ਚਪੇਟ ਵਿਚ ਆਏ ਪਰ ਇਲਾਜ ਮਗਰੋਂ ਠੀਕ ਹੋਣ ਵਾਲਿਆਂ ਦੀ ਗਿਣਤੀ ਵੀ ਬਹੁਤੀ ਨਹੀਂ ਰਹੀ। ਫੋਰਟਿਸ ਹਸਪਤਾਲ ਦੇ ਡਾ. ਆਰ.ਕੇ. ਜਸਵਾਲ ਅਨੁਸਾਰ ਭਾਰਤ ਵਿਚ ਹੋਣ ਵਾਲੀ ਹਰ ਤੀਜੀ ਮੌਤ ਦਿਲ ਦੀ ਬਿਮਾਰੀ ਕਾਰਨ ਹੋ ਰਹੀ ਹੈ ਤੇ ਭਾਰਤ ਵਿਚ ਦਿਲ ਦੇ ਰੋਗਾਂ ਕਾਰਨ ਹਰ ਸਾਲ ਮਰਨ ਵਾਲੇ ਲੋਕਾਂ ਦੀ ਗਿਣਤੀ ਕੁਦਰਤੀ ਮੌਤਾਂ ਦਾ 35 ਫੀਸਦੀ ਹੈ।

ਦਿਲ ਦੇ ਰੋਗਾਂ ਨਾਲ ਮਰਨ ਵਾਲੇ ਮਰੀਜ਼ਾਂ ਵਿਚੋਂ 25 ਫੀਸਦੀ 25 ਤੋਂ 60 ਸਾਲ ਉਮਰ ਵਰਗ ਨਾਲ ਸਬੰਧਤ ਹੁੰਦੇ ਹਨ ਤੇ ਕੁੱਲ ਮੌਤਾਂ ਵਿਚ 32.8 ਫੀਸਦੀ ਮੌਤਾਂ ਸ਼ਹਿਰੀ ਖੇਤਰ ਨਾਲ ਸਬੰਧਤ ਮਰੀਜ਼ਾਂ ਤੇ 22.9 ਮੌਤਾਂ ਪੇਂਡੂ ਖੇਤਰਾਂ ਨਾਲ ਮਰੀਜ਼ਾਂ ਦੀਆਂ ਹੋ ਰਹੀਆਂ ਹਨ। ਇਸੇ ਤਰ੍ਹਾਂ ਟੀ.ਬੀ. ਦੀ ਬਿਮਾਰੀ ਨਾਲ ਮਰਨ ਵਾਲੇ ਲੋਕਾਂ ਦੀ ਗਿਣਤੀ ਵੀ ਕਾਫ਼ੀ ਜ਼ਿਆਦਾ ਹੈ। ਹਰ ਸਾਲ ਕੁਲ ਮੌਤਾਂ ਵਿਚੋਂ 10.7 ਫੀਸਦੀ ਟੀ.ਬੀ. ਦੀ ਬਿਮਾਰੀ ਨਾਲ, 10.2 ਫੀਸਦੀ ਅਸਥਮਾ, 9 ਫੀਸਦੀ ਟਿਊਮਰ ਹੋ ਜਾਣ 'ਤੇ, 5 ਫੀਸਦੀ ਮੌਤਾਂ ਡਾਇਰੀਆ ਦੀ ਬਿਮਾਰੀ ਕਾਰਨ ਹੋ ਰਹੀਆਂ ਹਨ।

ਹਰ ਸਾਲ ਲੱਖਾਂ ਭਾਰਤੀ ਲੀਵਰ ਸਬੰਧੀ ਬਿਮਾਰੀਆਂ ਕਾਰਨ ਮਰ ਰਹੇ ਹਨ। ਲੀਵਰ ਟਰਾਂਸਪਲਾਂਟ ਲਈ ਦਾਨੀ ਨਾ ਮਿਲਣ ਕਾਰਨ ਵੀ ਇਸ ਬਿਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪੀ.ਜੀ.ਆਈ. ਦੇ ਹੈਪਾਟਾਲੋਜੀ ਵਿਭਾਗ ਤੋਂ ਮਿਲੇ ਅੰਕੜਿਆਂ ਅਨੁਸਾਰ ਹਰ ਸਾਲ 2 ਲੱਖ ਭਾਰਤੀ ਲੀਵਰ ਫੇਲ੍ਹ ਹੋਣ ਕਾਰਨ ਮਰ ਰਹੇ ਹਨ। ਇਸੇ ਤਰ੍ਹਾਂ ਭਾਰਤੀ ਔਰਤਾਂ ਵਿਚ ਛਾਤੀ ਦੇ ਕੈਂਸਰ ਦੀ ਬਿਮਾਰੀ ਵਧਦੀ ਜਾ ਰਹੀ ਹੈ। ਸੈਕਟਰ 32 ਦੇ ਸਰਕਾਰੀ ਹਸਪਤਾਲ ਦੀ ਡਾ. ਸੋਨੀਆ ਅਨੁਸਾਰ 20 ਤੋਂ 30 ਸਾਲ ਦੀਆਂ ਲੜਕੀਆਂ ਤੇ ਔਰਤਾਂ ਵਿਚ ਛਾਤੀ ਦੇ ਕੈਂਸਰ ਦੀ ਬਿਮਾਰੀ ਫੈਲ ਰਹੀ ਹੈ ਤੇ ਭਾਰਤ ਵਿਚ ਅੱਠ ਵਿਚੋਂ ਇਕ ਔਰਤ ਇਸ ਦਾ ਸ਼ਿਕਾਰ ਹੈ। ਡਾਕਟਰਾਂ ਅਨੁਸਾਰ ਔਰਤਾਂ ਵੱਲੋਂ ਅਪਣਾਏ ਜਾ ਰਹੇ ਪੱਛਮੀ ਸਾਧਨਾਂ ਤੇ ਸਟਾਈਲ ਕਾਰਨ ਇਹ ਬਿਮਾਰੀ ਵਧ ਰਹੀ ਹੈ ਤੇ ਸਾਲ 2025 ਤੱਕ ਛਾਤੀ ਦੇ ਕੈਂਸਰ ਦੇ ਭਾਰਤੀ ਮਰੀਜ਼ਾਂ ਦੀ ਗਿਣਤੀ ਦੁਗਣੀ ਹੋਣ ਦੀ ਸੰਭਾਵਨਾ ਹੈ।

# ਪੰਜਾਬ ਵਿਚ ਰੁਕ ਨਹੀਂ ਰਿਹਾ ਕੈਂਸਰ ਦਾ ਕਹਿਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਾਸੀਆਂ 'ਤੇ ਕੈਂਸਰ ਦਾ ਕਹਿਰ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ ਤੇ ਪਿਛਲੇ ਤਿੰਨ ਸਾਲਾਂ ਦੌਰਾਨ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ ਹੈ। ਸਾਲ 2013 ਦੌਰਾਨ ਪੰਜਾਬ ਵਿਚੋਂ ਕੈਂਸਰ ਰਾਹਤ ਫੰਡ ਵਿਚੋਂ ਸਹਾਇਤਾ ਲੈਣ ਲਈ 5565 ਲੋਕਾਂ ਨੇ ਅਰਜ਼ੀਆਂ ਦਿੱਤੀਆਂ। ਸਿਰਫ ਮਾਲਵਾ ਖੇਤਰ ਹੀ ਨਹੀਂ ਬਲਕਿ ਸਮੁੱਚਾ ਪੰਜਾਬ ਇਸ ਨਾਮੁਰਾਦ ਬਿਮਾਰੀ ਨਾਲ ਜੂਝ ਰਿਹਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਸਾਲ 2013 ਦੌਰਾਨ ਪੰਜਾਬ ਦਾ ਅੰਮ੍ਰਿਤਸਰ ਜ਼ਿਲ੍ਹਾ ਕੈਂਸਰ ਦੇ ਮਰੀਜ਼ਾਂ ਪੱਖੋਂ ਸਭ ਤੋਂ ਅੱਗੇ ਹੈ। ਮੁੱਖ ਮੰਤਰੀ ਕੈਂਸਰ ਰਾਹਤ ਫੰਡ ਲਈ ਅੰਮ੍ਰਿਤਸਰ ਜ਼ਿਲ੍ਹੇ ਤੋਂ ਸੂਬੇ ਦੀਆਂ ਸਭ ਤੋਂ ਵੱਧ 634 ਮਰੀਜ਼ਾਂ ਦੀਆਂ ਦਰਖਾਸਤਾਂ ਸਰਕਾਰ ਨੂੰ ਪ੍ਰਾਪਤ ਹੋਈਆਂ ਜਦੋਂਕਿ ਸਾਲ 2012 ਵਿਚ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਰਾਹਤ ਪ੍ਰਾਪਤ ਕਰਨ ਵਾਲੇ ਮਰੀਜ਼ਾਂ ਦੀ ਗਿਣਤੀ 593 ਸੀ।

ਸਾਲ 2013 ਵਿਚ ਰਾਹਤ ਪ੍ਰਾਪਤ ਕਰਨ ਲਈ ਸਭ ਤੋਂ ਘੱਟ 75 ਅਰਜ਼ੀਆਂ ਪਠਾਨਕੋਟ ਤੋਂ ਪ੍ਰਾਪਤ ਹੋਈਆਂ ਜਦੋਂਕਿ ਦੂਜੇ ਨੰਬਰ 'ਤੇ 520 ਮਰੀਜ਼ ਲੁਧਿਆਣਾ ਜ਼ਿਲ੍ਹੇ ਵਿਚੋਂ ਰਾਹਤ ਫੰਡ ਲਈ ਮਿਲੇ, ਜਦੋਂਕਿ ਸਾਲ 2012 ਵਿਚ ਲੁਧਿਆਣਾ ਜ਼ਿਲ੍ਹਾ ਕੈਂਸਰ ਰਾਹਤ ਲੈਣ ਲਈ ਇਕ ਨੰਬਰ 'ਤੇ ਸੀ ਤੇ ਇਸ ਲਈ 622 ਦਰਖਾਸਤਾਂ ਪ੍ਰਾਪਤ ਹੋਈਆਂ ਸਨ।

ਜਲੰਧਰ ਜ਼ਿਲ੍ਹੇ ਵਿਚ 451, ਪਟਿਆਲਾ ਵਿਚ 397, ਬਠਿੰਡਾ ਵਿਚ 371, ਗੁਰਦਾਸਪੁਰ ਵਿਚ 350, ਸੰਗਰੂਰ 334, ਹੁਸ਼ਿਆਰਪੁਰ 243, ਸ੍ਰੀ ਮੁਕਤਸਰ ਸਾਹਿਬ 241, ਤਰਨਤਾਰਨ 231, ਮਾਨਸਾ 227, ਫਿਰੋਜ਼ਪੁਰ 219, ਮੋਗਾ 193, ਕਪੂਰਥਲਾ 179, ਫਾਜ਼ਿਲਕਾ 177, ਬਰਨਾਲਾ 154, ਫਰੀਦਕੋਟ 153, ਸ਼ਹੀਦ ਭਗਤ ਸਿੰਘ ਨਗਰ 120, ਰੂਪਨਗਰ 104, ਸਾਹਿਬਜ਼ਾਦਾ ਅਜੀਤ ਸਿੰਘ ਨਗਰ 97, ਫਤਿਹਗੜ੍ਹ ਸਾਹਿਬ 95 ਕੈਂਸਰ ਪੀੜਤਾਂ ਨੇ ਰਾਹਤ ਫੰਡ ਲਈ ਅਰਜ਼ੀਆਂ ਦਿੱਤੀਆਂ ਹਨ। ਡਾਕਟਰੀ ਮਾਹਿਰਾਂ ਮੁਤਾਬਕ ਕਈ ਅਜਿਹੇ ਮਰੀਜ਼ ਵੀ ਹਨ ਜੋ ਸਰਕਾਰ ਤੱਕ ਪਹੁੰਚ ਹੀ ਨਹੀਂ ਕਰਦੇ।

# ਕੇਜਰੀਵਾਲ ਭਾਰਤੀ ਸਿਆਸੀ ਵਿਚ ਤੀਜੇ ਬਦਲ ਵਜੋਂ ਉਭਰੇਗਾ-ਸਿੱਧੂ ਦਮਦਮੀ

**ਅਟਲਾਂਟਾ, ਜਾਰਜੀਆ (ਬਿਊਰੋ):** ਭਾਰਤੀ ਸਿਆਸੀ ਮੰਚ ਤੇ ਅਰਵਿੰਦ ਕੇਜਰੀਵਾਲ ਅਤੇ ਉਸ ਦੀ 'ਆਮ ਆਦਮੀ ਪਾਰਟੀ' ਇਕ ਤੀਜੇ ਬਦਲ ਵਜੋਂ ਉਭਰ ਰਹੇ ਹਨ ਜੋ ਕਿ ਭਾਰਤੀ ਲੋਕਤੰਤਰ ਲਈ ਇਕ ਅਹਿਮ ਵਰਤਾਰਾ ਹੈ। ਇਹ ਵਿਚਾਰ ਇਥੇ 'ਸਿੱਖ ਅਮਰੀਕਨ ਸੁਸਾਇਟੀ ਆਫ ਜਾਰਜੀਆ' ਵਲੋਂ ਕਰਵਾਈ ਗਈ ਇਕ ਮਿਲਣੀ ਨੂੰ ਸੰਬੋਧਨ ਕਰਦਿਆਂ ਕਹਾਣੀਕਾਰ ਅਤੇ ਪੱਤਰਕਾਰ ਪੰਦਰਾ-ਰੋਜ਼ਾ ਪੰਜਾਬੀ ਅਖਬਾਰ ਪੰਜਾਬੀ ਪ੍ਰੈਸ ਦੇ ਸੰਪਾਦਕ ਸਿੱਧੂ ਦਮਦਮੀ ਨੇ ਪ੍ਰਗਟਾਉਂਦਿਆਂ ਕਿਹਾ ਕਿ ਕੇਜਰੀਵਾਲ ਨੇ ਲੋਕਾਂ ਦੇ ਰੋਸ ਅਤੇ ਮੌਜੂਦਾ ਸਿਆਸੀ ਪ੍ਰਣਾਲੀ ਪ੍ਰਤੀ ਉਦਾਸੀਨਤਾ ਨੂੰ ਆਵਾਜ਼ ਦਿਤੀ ਹੈ। ਇਹ ਅਸਲੀ ਤੀਜਾ ਬਦਲ ਹੈ ਜੋ ਅੱਸੀ ਪ੍ਰਤੀਸ਼ਤ ਲੋਕਾਂ ਦੀ ਗੱਲ ਕਰਦਾ ਹੈ।


*ਸਿੱਧੂ ਦਮਦਮੀ*

ਹਾਜਰ ਮੈਂਬਰਾਂ ਵਲੋਂ ਭਾਰਤ ਦੇ ਮੌਜੂਦਾ ਸਿਆਸੀ ਹਾਲਾਤ, 'ਆਪ ਆਦਮੀ ਪਾਰਟੀ' ਦੀ ਚੜ੍ਹਤ ਅਤੇ ਇਸ ਦੇ ਪੰਜਾਬ ਵਿਚ ਰੋਲ ਬਾਰੇ ਖੁਲ੍ਹ ਕੇ ਸੁਆਲ ਕੀਤੇ ਗਏ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੁਸਾਇਟੀ ਦੇ ਪ੍ਰਧਾਨ ਇੰਜੀਨੀਅਰ ਰਣਜੀਤ ਰਾਣਾ, ਬਿਜਨਸਮੈਨ ਸੁਰਿੰਦਰ ਲਾਲੀ, ਐਸ ਪੀ ਸਿੰਘ, ਡਾ. ਦਰਸ਼ਨ ਸਿੰਘ ਔਲਖ, ਡਾ. ਬਿਕਰਮਜੀਤ ਸਿੰਘ ਗਰਚਾ, ਇੰਜੀਨੀਅਰ ਗੁਰਪਾਲ ਗਿੱਲ, ਇੰਜੀਨੀਅਰ ਮੋਹਨ ਸਿੰਘ ਸੈਨੀ, ਪਰਮਿੰਦਰ ਸਿੰਘ ਵਿੱਕੀ, ਸੰਤੋਖ ਸਿੰਘ ਢਿੱਲੋਂ, ਪਰਮਜੀਤ ਬਾਸੀ ਤੇ ਰਾਜਿੰਦਰ ਢੱਡਾ ਹਾਜ਼ਰ ਸਨ।

ਹਾਜ਼ਰ ਲੋਕਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਸਿੱਧੂ ਦਮਦਮੀ ਨੇ ਕਿਹਾ ਕਿ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦੋਮੂੰਹੇ ਸੱਪ ਵਾਂਗ ਹਨ, ਜਿਨ੍ਹਾਂ ਦਾ ਧੜ ਇਕ ਹੈ ਅਤੇ ਦੋਹਾਂ ਵਿਚ ਕੋਈ ਫਰਕ ਨਹੀਂ। ਖੱਬੀਆਂ ਪਾਰਟੀਆਂ ਜੋ ਕਰ ਸਕਦੀਆਂ ਸਨ, ਨਹੀਂ ਕਰ ਸਕੀਆਂ। ਇਹ ਪੁਛੇ ਜਾਣ 'ਤੇ ਕਿ ਕੇਜਰੀਵਾਲ ਦਾ ਹਾਲ ਵੀ ਮਨਪ੍ਰੀਤ ਸਿੰਘ ਬਾਦਲ ਵਾਲਾ ਤਾਂ ਨਹੀਂ ਹੋਵੇਗਾ? ਸਿੱਧੂ ਦਮਦਮੀ ਨੇ ਕਿਹਾ ਕਿ ਮਨਪ੍ਰੀਤ ਪ੍ਰਤੀ ਲੋਕਾਂ ਦੀ ਆਸਥਾ ਨਹੀਂ ਸੀ ਬਣ ਸਕੀ। ਵੋਟਾਂ ਤੱਕ ਇਹੀ ਪ੍ਰਭਾਵ ਬਣਿਆ ਰਿਹਾ ਕਿ ਉਹ ਅਕਾਲੀ ਦਲ (ਬਾਦਲ) ਵਿਚ ਹੁਣ ਵੀ ਗਿਆ, ਹੁਣ ਵੀ ਗਿਆ। ਇਸ ਦੇ ਉਲਟ ਆਮ ਆਦਮੀ ਪਾਰਟੀ ਦੇ ਸਾਰੇ ਮੈਂਬਰ ਨਵੇਂ ਹਨ ਅਤੇ ਇਨ੍ਹਾਂ ਨੇ ਸਤਾ ਦਾ ਸੁੱਖ ਵੀ ਨਹੀਂ ਮਾਣਿਆ ਇਸ ਲਈ ਇਨ੍ਹਾਂ ਵਿਚ ਭ੍ਰਿਸ਼ਟਾਚਾਰ ਦਾ ਕੀੜਾ ਵੀ ਨਹੀਂ ਵੜਿਆ।

ਇਸ ਫੇਰੀ ਦੌਰਾਨ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਸੁਸਾਇਟੀ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਿੱਧੂ ਦਮਦਮੀ ਨੇ ਆਪਣੇ ਪੱਤਰਕਾਰੀ ਅਤੇ ਸਾਹਿਤਕਾਰੀ ਜੀਵਨ ਦਾ ਸਿਹਰਾ ਆਪਣੇ ਪਿੰਡ ਦਮਦਮਾ ਸਾਹਿਬ (ਤਲਵੰਡੀ ਸਾਬੋ) ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਆਦਿ ਗ੍ਰੰਥ ਲਿਖਵਾਉਣ ਲਈ ਵਰਤੀਆਂ ਕਲਮਾਂ ਇਥੋਂ ਦੀ ਧਰਤੀ ਵਿਚ ਗੱਡ ਕੇ ਵਰ ਦਿਤਾ ਸੀ ਕਿ ਇਥੇ ਪੈਦਾ ਹੋਏ ਬੰਦੇ ਸ਼ਬਦ ਦੇ ਧਨੀ ਹੋਣਗੇ। 'ਲੇਖਕ' ਅਤੇ 'ਸ਼ਬਦ' ਦੀ ਜਿੰਨੀ ਮਹਿਮਾ ਸਿੱਖ ਧਰਮ ਵਿਚ ਹੈ, ਦੁਨੀਆਂ ਦੇ ਹੋਰ ਕਿਸੇ ਧਰਮ ਵਿਚ ਨਹੀਂ।

ਸਿੱਧੂ ਦਮਦਮੀ ਦੀ ਇਸ ਫੇਰੀ 'ਤੇ ਟਿੱਪਣੀ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਰਣਜੀਤ ਰਾਣਾ ਨੇ ਕਿਹਾ ਕਿ ਸਾਰੀ ਗੱਲਬਾਤ ਰਾਹੀਂ ਸਾਨੂੰ ਭਾਰਤ ਦੀ ਅਜੋਕੀ ਸਿਆਸਤ ਬਾਰੇ ਨਿੱਗਰ ਜਾਣਕਾਰੀ ਮਿਲੀ।

# ਨਾਮਧਾਰੀ ਮੁਖੀ 'ਤੇ ਹੋਏ ਹਮਲੇ ਨੂੰ ਜਿਨਸੀ ਸ਼ੋਸ਼ਣ ਨਾਲ ਜੋੜਿਆ

**ਲੰਡਨ:** ਬਰਤਾਨੀਆ ਵਿਚ ਨਾਮਧਾਰੀ ਮੁਖੀ ਉਦੈ ਸਿੰਘ ਉੱਤੇ ਕਾਤਲਾਨਾ ਹਮਲਾ ਕਰਨ ਵਾਲੇ 27 ਸਾਲਾ ਸਿੱਖ ਨੌਜਵਾਨ ਨੇ ਦੋਸ਼ ਲਾਇਆ ਕਿ 20 ਸਾਲ ਪਹਿਲਾਂ ਸਤਿਗੁਰੂ ਨੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਸੀ ਜਿਸ ਦਾ ਬਦਲਾ ਲੈਣ ਲਈ ਉਸ ਨੇ ਇਹ ਹਮਲਾ ਕੀਤਾ ਸੀ। ਹਰਜੀਤ ਸਿੰਘ ਤੂਰ ਇਸ ਹਫ਼ਤੇ ਬਰਮਿੰਘਮ ਕ੍ਰਾਊਨ ਕੋਰਟ ਵਿਚ ਪੇਸ਼ ਹੋਇਆ ਸੀ ਜਿਥੇ ਜਿਊਰੀ ਨੂੰ ਤਿੰਨ-ਫੁਟੀ ਕੁਹਾੜੀ ਨਾਲ ਹਮਲਾ ਕਰਨ ਵੇਲੇ ਦੀ ਵੀਡੀਓ ਫੁਟੇਜ ਦਿਖਾਈ ਗਈ ਸੀ। ਇਹ ਹਮਲਾ ਪਿਛਲੇ ਸਾਲ ਅਗਸਤ 'ਚ ਲੈਸਟਰ ਦੇ ਇਕ ਗੁਰਦੁਆਰੇ ਵਿਚ ਸਵੇਰ ਦੀ ਅਰਦਾਸ ਵੇਲੇ ਹੋਇਆ ਸੀ। ਹਮਲੇ 'ਚ ਨਾਮਧਾਰੀ ਗੁਰੂ ਦੀ ਬਾਂਹ ਟੁੱਟ ਗਈ ਸੀ ਅਤੇ ਮੁੱਕੇ ਵੱਜਣ ਕਾਰਨ ਨੱਕ 'ਤੇ ਸੱਟ ਲੱਗੀ ਸੀ।

ਕੇਸ ਬਾਰੇ ਇਸਤਗਾਸਾ ਵੱਲੋਂ ਗੌਰਡਨ ਐਸਪਡਿਨ ਨੇ ਕਿਹਾ ਕਿ ਤੂਰ ਦੇ ਮਨ ਵਿਚ ਨਾਮਧਾਰੀ ਗੁਰੂ ਪ੍ਰਤੀ ਘੋਰ ਤ੍ਰਿਸਕਾਰ ਸੀ ਅਤੇ ਉਹ ਉਸ ਦੇ ਇਨ੍ਹਾਂ ਦਾਅਵਿਆਂ ਨੂੰ ਖ਼ਾਰਜ ਕਰਦੇ ਹਨ ਕਿ ਭਾਰਤ ਵਿਚ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ। ਐਸਪਡਿਨ ਨੇ ਕਿਹਾ ਕਿ ਇਸਤਗਾਸਾ ਮੁਲਜ਼ਮ ਵੱਲੋਂ ਜਿਨਸੀ ਸ਼ੋਸ਼ਣ ਦੇ ਲਾਏ ਦੋਸ਼ਾਂ ਨੂੰ ਸਹੀ ਨਹੀਂ ਮੰਨਦਾ। ਇਹ ਹਮਲਾ ਧਾਰਮਿਕ ਤ੍ਰਿਸਕਾਰ ਦਾ ਸਿੱਟਾ ਸੀ। ਧਾਰਮਿਕ ਤ੍ਰਿਸਕਾਰ ਹੋਵੇ ਜਾਂ ਬਦਲਾ, ਇਸ ਹਮਲੇ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਮੁਲਜ਼ਮ ਦਾ ਇਰਾਦਾ ਨਾਮਧਾਰੀ ਮੁਖੀ ਉਦੈ ਸਿੰਘ ਨੂੰ ਮਾਰਨ ਦਾ ਸੀ। ਮੁਕਾਮੀ ਮੀਡੀਆ ਵਿਚ ਕਾਰਵਾਈ ਦੀਆਂ ਛਪੀਆਂ ਰਿਪੋਰਟਾਂ ਮੁਤਾਬਕ ਨਾਮਧਾਰੀ ਮੁਖੀ ਦੀ ਬਿਰਧ ਮਾਂ ਹਮਲੇ ਵੇਲੇ ਉੱਥੇ ਮੌਜੂਦ ਸੀ ਅਤੇ ਮੌਕੇ ਦੀ ਗਵਾਹ ਹੈ। ਗੁਰਦੁਆਰੇ 'ਚ ਮੌਜੂਦ ਸ਼ਰਧਾਲੂਆਂ ਨੇ ਹਮਲਾਵਰ ਨੂੰ ਫੜ ਕੇ ਕੁੱਟਣਾ ਸ਼ੁਰੂ ਕਰ ਦਿੱਤਾ ਸੀ ਅਤੇ ਫਿਰ ਉਸ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ।

ਐਸਪਡਿਨ ਨੇ ਅਦਾਲਤ ਨੂੰ ਦੱਸਿਆ ਕਿ ਹਮਲੇ ਤੋਂ ਬਾਅਦ ਤੂਰ ਨੂੰ ਇਹ ਕਹਿੰਦਿਆਂ ਸੁਣਿਆ ਗਿਆ ਕਿ ਉਹ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ ਅਤੇ ਕਿਸੇ ਦੇਹਧਾਰੀ ਨੂੰ ਗੁਰੂ ਨਹੀਂ ਆਖ ਸਕਦਾ। ਸੁਣਵਾਈ ਦੌਰਾਨ ਇਸਤਗਾਸਾ ਨੇ ਨਾਮਧਾਰੀ ਮੁਖੀ ਉਦੈ ਸਿੰਘ ਦੀ ਪਦਵੀ ਦੀ ਤੁਲਨਾ ਰੋਮਨ ਕੈਥੋਲਿਕ ਧਰਮ ਦੇ ਪੋਪ ਨਾਲ ਤੁਲਨਾ ਕੀਤੀ।

ਤੂਰ ਨੇ ਪੁਲਿਸ ਦੀ ਤਫ਼ਤੀਸ਼ ਦੌਰਾਨ ਉਦੈ ਸਿੰਘ ਨੂੰ ਜਿਸਮਾਨੀ ਸੱਟ ਮਾਰਨ ਦੀ ਗੱਲ ਤਾਂ ਮੰਨੀ ਸੀ, ਪਰ ਜਾਨ ਲੈਣ ਤੋਂ ਇਨਕਾਰ ਕੀਤਾ ਸੀ। ਉਦੈ ਸਿੰਘ ਨੇ ਦਸੰਬਰ 2012 ਵਿਚ ਸਤਿਗੁਰੂ ਜਗਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਗੱਦੀ ਸੰਭਾਲੀ ਸੀ ਅਤੇ ਇਸ ਤੋਂ ਉਨ੍ਹਾਂ ਦੇ ਵੱਡੇ ਭਰਾ ਦਲੀਪ ਸਿੰਘ ਨਾਲ ਵਿਵਾਦ ਪੈਦਾ ਹੋ ਗਿਆ ਸੀ। ਕੁਝ ਧਿਰਾਂ ਵੱਲੋਂ ਹਮਲੇ ਦੇ ਇਸ ਵਿਵਾਦ ਨਾਲ ਤਾਰ ਜੁੜੇ ਹੋਣ ਦੀਆਂ ਅਟਕਲਾਂ ਵੀ ਲਾਈਆਂ ਗਈਆਂ ਸਨ।

## ਨਸ਼ੀਲੇ ਪਦਾਰਥ ਸਮੇਤ ਦੋ ਔਰਤਾਂ ਗ੍ਰਿਫ਼ਤਾਰ

**ਗੜ੍ਹਸ਼ੰਕਰ (ਬਿਊਰੋ):** ਪੁਲਿਸ ਨੇ ਨਸ਼ਾ ਤਸਕਰੀ ਦੇ ਦੋਸ਼ ਵਿਚ ਦੋ ਔਰਤਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁੱਖ ਥਾਣਾ ਅਫਸਰ ਦਿਲਬਾਗ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਸੁਖਦੇਵ ਸਿੰਘ ਨੇ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਪੁਲ ਨਹਿਰ ਦੇਨੋਵਾਲ ਖੁਰਦ ਕੋਲੋਂ ਬੱਬੀ ਵਾਸੀ ਦੇਨੋਵਾਲ ਖੁਰਦ ਤੋਂ 105 ਗ੍ਰਾਮ ਨਸ਼ੀਲ ਪਾਊਡਰ ਬਰਾਮਦ ਕੀਤਾ।

ਏਐਸਆਈ ਦੇਸ ਰਾਜ ਦੀ ਅਗਵਾਈ ਵਿਚ ਪੁਲਿਸ ਪਾਰਟੀ ਨੇ ਪੁਲੀ ਕੱਚਾ ਰਸਤਾ ਡੇਰੋਂ ਨਜ਼ਦੀਕ ਪਰਮਜੀਤ ਕੌਰ ਵਾਸੀ ਦੇਨੋਵਾਲ ਖੁਰਦ ਤੋਂ 155 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਕਰਕੇ ਕੇਸ ਦਰਜ ਕੀਤਾ ਹੈ। ਇਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰਨ ਮਗਰੋਂ ਪੁੱਛ ਪੜਤਾਲ ਜਾਰੀ ਹੈ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**


# ਕੇਜਰੀਵਾਲ ਸਰਕਾਰ ਨੇ ਮੋਇਲੀ ਤੇ ਅੰਬਾਨੀ ਖਿਲਾਫ ਵੀ ਮੋਰਚਾ ਖੋਲ੍ਹਿਆ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੋਸ਼ ਲਾਇਆ ਕਿ ਰਿਲਾਇੰਸ ਇੰਡਸਟਰੀਜ਼ ਨੇ ਜਾਣ-ਬੁੱਝ ਕੇ ਗੈਸ ਦਾ ਘੱਟ ਉਤਪਾਦਨ ਕੀਤਾ ਜਿਸ ਨਾਲ ਦੇਸ਼ ਅੰਦਰ ਗੈਸ ਦੀ ਨਕਲੀ ਥੁੜ੍ਹ ਪੈਦਾ ਕੀਤੀ ਗਈ ਤੇ ਭਾਅ ਵਧਾਏ ਗਏ। ਉਨ੍ਹਾਂ ਮੁਤਾਬਕ ਉਨ੍ਹਾਂ ਨੂੰ ਦੇਸ਼ ਦੀਆਂ ਚਾਰ ਸ਼ਖਸੀਅਤਾਂ ਵੱਲੋਂ ਲਿਖਤੀ ਸ਼ਿਕਾਇਤ ਕੀਤੀ ਗਈ ਹੈ ਤੇ ਮੁੱਖ ਮੰਤਰੀ ਨੇ ਦਿੱਲੀ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਨੂੰ ਪੈਟਰੋਲੀਅਮ ਮੰਤਰੀ ਵੀਰੱਪਾ ਮੋਇਲੀ, ਸਾਬਕਾ ਕੇਂਦਰੀ ਮੁਰਲੀ ਦਿਓੜਾ, ਰਿਲਾਇੰਸ ਦੇ ਮੁਖੀ ਮੁਕੇਸ਼ ਅੰਬਾਨੀ ਅਤੇ ਰਿਲਾਇੰਸ ਦੇ ਕੁਝ ਅਧਿਕਾਰੀਆਂ ਖਿਲਾਫ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਹੈ। ਮੁੱਖ ਮੰਤਰੀ ਨੇ ਇਸ ਬਾਬਤ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਚਿੱਠੀ ਲਿਖਣ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਵਿਰੋਧੀ ਧਿਰ 'ਤੇ ਵੀ ਨਿਸ਼ਾਨਾ ਲਾਇਆ ਕਿ ਉਹ ਵੀ ਇਸ ਮੁੱਦੇ 'ਤੇ ਚੁੱਪ ਹੀ ਰਹੇ ਹਨ। ਨਾਲ ਹੀ ਕੁਝ ਮੀਡੀਆ ਘਰਾਣਿਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਕਿ ਇਨ੍ਹਾਂ ਦੇ ਕੁਝ ਚੈਨਲਾਂ 'ਚ ਅੰਬਾਨੀ ਦਾ ਪੈਸਾ ਲੱਗਾ ਹੋਇਆ ਹੈ।

ਸ੍ਰੀ ਕੇਜਰੀਵਾਲ ਨੇ ਦਿੱਲੀ ਸਕੱਤਰੇਤ ਦੇ ਮੀਡੀਆ ਹਾਲ 'ਚ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਦੇਸ਼ ਦੀਆਂ ਚਾਰ ਸ਼ਖਸੀਅਤਾਂ ਐਡਮਰਿਲ ਆਰ.ਐਚ. ਤਹਿਲਯਾਨੀ, ਸਾਬਕਾ ਕੈਬਨਿਟ ਸਕੱਤਰ ਟੀ.ਐਸ.ਆਰ. ਸੁਬਰਾਮਨੀਅਮ, ਸੀਨੀਅਰ ਵਕੀਲ ਕਾਮਿਨੀ ਜੈਸਵਾਲ ਅਤੇ ਈ.ਏ.ਐਸ. ਸ਼ਰਮਾ ਨੇ ਰਿਲਾਇੰਸ ਖਿਲਾਫ ਸ਼ਿਕਾਇਤ ਕੀਤੀ ਹੈ। ਇਨ੍ਹਾਂ ਨੇ ਸ਼ਿਕਾਇਤ ਕੀਤੀ ਕਿ ਕੰਪਨੀ ਇਕ ਡਾਲਰ 'ਚ ਗੈਸ ਨੂੰ 8 ਡਾਲਰ 'ਚ ਵੇਚਣ ਦੀ ਤਿਆਰੀ 'ਚ ਹੈ। ਇਸ 'ਚ ਕੇਂਦਰ ਸਰਕਾਰ ਦੇ ਕੁਝ ਮੰਤਰੀਆਂ ਦੀ ਕਥਿਤ ਮਿਲੀਭੁਗਤ ਸੀ। ਉਨ੍ਹਾਂ ਸ਼ਿਕਾਇਤ ਦੇ ਹਵਾਲੇ ਨਾਲ ਖੁਲਾਸਾ ਕੀਤਾ ਕਿ ਰਿਲਾਇੰਸ ਨੂੰ ਜਦੋਂ ਗੈਸ ਦੇ ਖੂਹ ਉਤਪਾਦਨ ਲਈ ਦਿੱਤੇ ਗਏ ਸਨ, ਉਦੋਂ ਲਾਗਤ ਇਕ ਡਾਲਰ ਆ ਰਹੀ ਸੀ। ਪ੍ਰਤੀ ਯੂਨਿਟ ਇਕ ਡਾਲਰ ਨਾਲ ਤਿਆਰ ਗੈਸ 'ਤੇ 17 ਸਾਲ ਲਈ 2.3 ਡਾਲਰ ਦੀ ਦਰ ਨਾਲ ਰਿਲਾਇੰਸ ਨਾਲ ਗੈਸ ਸਪਲਾਈ ਦਾ ਸੌਦਾ ਕੀਤਾ ਸੀ ਪਰ ਕੁਝ ਸਮੇਂ ਪਿੱਛੋਂ ਨੀਅਤ ਬਦਲ ਗਈ ਤੇ ਕੇਂਦਰੀ ਮੰਤਰੀਆਂ ਨਾਲ ਮਿਲ ਕੇ ਦਰ 4 ਡਾਲਰ ਪ੍ਰਤੀ ਯੂਨਿਟ ਵਧਾ ਦਿੱਤੀ ਗਈ।

ਉਨ੍ਹਾਂ ਕਿਹਾ ਕਿ ਕੈਗ ਨੇ ਵੀ ਮਈ 2012 'ਚ ਆਪਣੀ ਰਿਪੋਰਟ ਵਿਚ ਇਸ ਮੁੱਦੇ 'ਤੇ ਉਂਗਲੀ ਰੱਖੀ ਸੀ। ਉਨ੍ਹਾਂ ਤਰਕ ਦਿੱਤਾ ਕਿ ਗੈਸ ਦਾ ਉਤਪਾਦਨ ਦੇਸ਼ ਦੇ ਅੰਦਰ ਹੋ ਰਿਹਾ ਹੈ ਤੇ ਭਾਅ ਡਾਲਰ ਰਾਹੀਂ ਤੈਅ ਕੀਤੇ ਜਾ ਰਹੇ ਹਨ। ਇਸੇ ਦੌਰਾਨ ਮੁੱਖ ਮੰਤਰੀ ਨੇ ਦੇਸ਼ ਦੇ ਹੋਰ ਸੂਬਿਆਂ ਦੇ ਇਮਾਨਦਾਰ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਚਾਹੁਣ ਤਾਂ ਦਿੱਲੀ ਸਰਕਾਰ ਨਾਲ ਕੰਮ ਕਰਨ ਲਈ ਆ ਸਕਦੇ ਹਨ ਤੇ ਉਨ੍ਹਾਂ ਇਸ ਲਈ ਸਭ ਨੂੰ ਮਿਲ ਕੇ ਭ੍ਰਿਸ਼ਟਾਚਾਰ ਨਾਲ ਲੜਨ ਦਾ ਸੱਦਾ ਵੀ ਦਿੱਤਾ ਹੈ।

ਉਧਰ, ਗੈਸ ਕੀਮਤਾਂ ਵਧਾਉਣ ਦੇ ਮੁੱਦੇ 'ਤੇ ਸ੍ਰੀ ਕੇਜਰੀਵਾਲ ਵੱਲੋਂ ਲਾਏ ਦੋਸ਼ ਰੱਦ ਕਰਦਿਆਂ ਪੈਟਰੋਲੀਅਮ ਮੰਤਰੀ ਮੋਇਲੀ ਨੇ ਆਖਿਆ ਕਿ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਤੈਅ ਕਰਨ ਬਾਰੇ ਫੈਸਲਾ ਮਾਹਿਰਾਂ ਦੀ ਰਾਇ 'ਤੇ ਲਿਆ ਗਿਆ ਸੀ। ਉਂਝ ਵੀ ਸ੍ਰੀ ਕੇਜਰੀਵਾਲ ਨੂੰ ਪਤਾ ਹੋਣਾ ਚਾਹੀਦਾ ਕਿ ਸਰਕਾਰ ਕਿਵੇਂ ਚਲਦੀ ਹੈ ਅਤੇ ਕੰਮ ਕਿਵੇਂ ਹੁੰਦਾ ਹੈ। ਰਿਲਾਇੰਸ ਇੰਡਸਟਰੀਜ਼ ਲਿਮਟਿਡ ਦੇ ਮੁਖੀ ਮੁਕੇਸ਼ ਅੰਬਾਨੀ ਨੇ ਦਿੱਲੀ ਸਰਕਾਰ ਦੇ ਫੈਸਲੇ 'ਤੇ ਕੋਈ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਦੇ ਦਫਤਰ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਲੋੜ ਪੈਣ 'ਤੇ ਸ੍ਰੀ ਅੰਬਾਨੀ ਕਾਨੂੰਨੀ ਚਾਰਾਜੋਈ ਕਰਨਗੇ।




# ਕੈਨੇਡਾ ਦੇ ਨਾਗਰਿਕਤਾ ਕਾਨੂੰਨ ਵਿਚ ਤਬਦੀਲੀ ਦੇ ਆਸਾਰ

**ਟੋਰਾਂਟੋ:** ਕੈਨੇਡਾ ਦੀ ਕੰਸਰਵੇਟਿਵ ਸਰਕਾਰ ਮੁਲਕ ਦੇ ਨਾਗਰਿਕਤਾ ਐਕਟ ਵਿਚ ਵੱਡੀਆਂ ਤਬਦੀਲੀਆਂ ਕਰਨ ਦੇ ਰੌਂਅ ਵਿਚ ਹੈ। ਇਸ ਬਾਰੇ ਪਾਰਲੀਮੈਂਟ ਵਿਚ ਮਤਾ 'ਸੀ-24' ਪੇਸ਼ ਕੀਤਾ ਗਿਆ ਹੈ। ਇਸ ਮਤੇ ਦੀਆਂ ਕੁਝ ਮਦਾਂ ਬਾਰੇ ਪਤਾ ਲੱਗਾ ਹੈ ਕਿ ਕੈਨੇਡੀਅਨ ਨਾਗਰਿਕ ਬਣਨ ਲਈ ਆਵਾਸੀਆਂ ਲਈ ਹੋਰ ਸ਼ਰਤਾਂ ਤੇ ਨਿਯਮ ਰੱਖੇ ਗਏ ਹਨ ਜਿਸ ਨਾਲ ਅਜਿਹੇ ਕੇਸ ਨਿਬੜਨ ਨੂੰ ਲੰਮਾ ਸਮਾਂ ਲੱਗਿਆ ਕਰੇਗਾ। ਆਵਾਸ ਮੰਤਰੀ ਕ੍ਰਿਸ ਅਲੈਗਜੈਂਡਰ ਨੇ ਬੀਤੇ ਦਿਨ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੈਨੇਡੀਅਨ ਨਾਗਰਿਕਤਾ ਸਿਰਫ਼ ਪਾਸਪੋਰਟ ਸਹੂਲਤ ਹੀ ਨਹੀਂ ਸਗੋਂ ਮੁਲਕ ਦੀਆਂ ਇਤਿਹਾਸਕ ਕਦਰਾਂ ਕੀਮਤਾਂ ਤੇ ਜ਼ਿੰਮੇਵਾਰੀਆਂ ਦੀ ਸਹੁੰ ਵੀ ਹੈ। 1977 ਤੋਂ ਬਣੇ ਨਾਗਰਿਕਤਾ ਐਕਟ ਵਿਚ ਅਜਿਹੀਆਂ ਸੋਧਾਂ ਪਹਿਲੀ ਵਾਰ ਹੋਣ ਜਾ ਰਹੀਆਂ ਹਨ। ਨਵੇਂ ਪ੍ਰਸਤਾਵਿਤ ਕਾਨੂੰਨ ਤਹਿਤ ਪਰਮਾਨੈਂਟ ਰੈਜ਼ੀਡੈਂਟ (ਪੀ।ਆਰ.) ਨੂੰ ਛੇ ਵਿਚੋਂ ਚਾਰ ਸਾਲ ਕੈਨੇਡਾ



ਵਿਚ ਰਹਿਣਾ ਸਾਬਤ ਕਰਨਾ ਪਏਗਾ ਜੋ ਅੱਜਕੱਲ੍ਹ ਚਾਰ ਵਿਚੋਂ ਤਿੰਨ ਸਾਲ ਹੈ।

ਪੀ।ਆਰ. ਨੂੰ 183 ਦਿਨ ਸਰੀਰਕ ਤੌਰ 'ਤੇ ਕੈਨੇਡਾ ਵਿਚ ਰਹਿਣਾ ਹੋਏਗਾ ਤੇ ਇਨਕਮ ਟੈਕਸ ਦੇਣਾ ਪਵੇਗਾ। ਨਾਗਰਿਕਤਾ ਲਈ ਭਾਸ਼ਾਵਾਂ ਤੇ ਜਾਣਕਾਰੀ ਟੈਸਟ ਵੀ ਔਖੇ ਕੀਤੇ ਜਾਣਗੇ। ਮੰਤਰੀ ਮੁਤਾਬਕ ਨਵੇਂ ਕਾਨੂੰਨ ਤਹਿਤ ਨਾਗਰਿਕਤਾ ਅਰਜ਼ੀਆਂ ਦਾ ਨਿਬੇੜਾ ਤੇਜ਼ ਹੋਵੇਗਾ। ਅੱਜਕੱਲ੍ਹ ਇਹ ਬੈਕਲਾਗ 3 ਲੱਖ 20 ਹਜ਼ਾਰ ਅਰਜ਼ੀਆਂ ਦਾ ਹੈ।

ਮੰਤਰੀ ਨੇ ਕਿਹਾ ਕਿ ਅਗਲੇ ਦੋ ਸਾਲਾਂ ਤੱਕ ਨਾਗਰਿਕਤਾ ਅਰਜ਼ੀ ਦਾ ਨਿਬੇੜਾ ਇਕ ਸਾਲ ਵਿਚ ਵਿਚ ਹੋ ਜਾਇਆ ਕਰੇਗਾ ਜੋ ਅੱਜਕੱਲ੍ਹ ਤਿੰਨ ਸਾਲ ਤੱਕ ਲਮਕ ਜਾਂਦਾ ਹੈ।

ਅਤਿਵਾਦ, ਜਾਸੂਸੀ ਤੇ ਕੈਨੇਡਾ ਨਾਲ ਮਤਭੇਦ ਵਾਲੇ ਮੁਲਕ ਦੇ ਲੋਕਾਂ ਦੇ ਪਾਸਪੋਰਟ ਖੋਹਣ ਦਾ ਅਧਿਕਾਰ ਵੀ ਇਹ ਕਾਨੂੰਨ ਦੇਵੇਗਾ। ਨਵਾਂ ਕਾਨੂੰਨ ਵਿਦੇਸ਼ੀ ਅਪਰਾਧੀਆਂ ਤੇ ਦੋਸ਼ੀਆਂ ਨੂੰ ਕੈਨੇਡਿਆਈ ਨਾਗਰਿਕਤਾ ਲੈਣ ਤੋਂ ਵੀ ਰੋਕੇਗਾ। ਮੌਜੂਦਾ ਕਾਨੂੰਨ ਤਹਿਤ ਸਿਰਫ਼ ਖਾਸ ਸਥਾਨਕ ਅਪਰਾਧਾਂ ਦੇ ਮਾਮਲੇ ਵਿਚ ਹੀ ਅਜਿਹੇ ਕਦਮ ਚੁੱਕੇ ਜਾਂਦੇ ਹਨ। ਦੂਜੇ ਪਾਸੇ ਆਵਾਸੀਆਂ ਵਿਚ ਇਨ੍ਹਾਂ ਨਵੀਆਂ ਸੋਧਾਂ ਨੂੰ ਲੈ ਕੇ ਵਿਰੋਧ ਪਾਇਆ ਜਾ ਰਿਹਾ ਹੈ। ਟੋਰਾਂਟੋ ਵਿਚ ਆਵਾਸੀ ਨਿੱਜ-ਵਕਾਲਤ ਗਰੁੱਪ ਦੀ ਮੋਢੀ ਅਰੀਆਨਾ ਅਡੀਬਰਾਡ ਅਨੁਸਾਰ ਇਹ ਆਵਾਸੀਆਂ ਨੂੰ ਸਜ਼ਾ ਦੇਣ ਦੇ ਤੁਲ ਹੈ। ਇਰਾਨ ਦੇ ਪਿਛੋਕੜ ਦੀ ਅਰੀਆਨਾ ਸਮਝਦੀ ਹੈ ਕਿ ਕੈਨੇਡਾ ਸਰਕਾਰ ਆਵਾਸੀਆਂ ਨੂੰ ਨਾਗਰਿਕਾਂ ਵਾਲੇ ਹੱਕ ਤੇ ਸਹੂਲਤਾਂ ਤੋਂ ਵਾਂਝਾ ਰੱਖਣਾ ਚਾਹੁੰਦੀ ਹੈ।

## ਜਣੇਪਾ ਟੂਰਿਜ਼ਮ 'ਤੇ ਲੱਗੇਗੀ ਲਗਾਮ

**ਟੋਰਾਂਟੋ:** ਕੈਨੇਡਾ ਦਾ ਆਵਾਸ ਮਹਿਕਮਾ ਇਸ ਮਾਮਲੇ ਤੋਂ ਵੀ ਭਲੀ-ਭਾਂਤ ਜਾਣੂ ਹੈ ਕਿ ਅਨੇਕਾਂ ਲੋਕ ਇਥੇ ਸਿਰਫ ਬੱਚੇ ਪੈਦਾ ਕਰਨ ਹੀ ਆਉਂਦੇ ਹਨ। ਇਸ ਤੋਂ ਵੱਧ ਉਨ੍ਹਾਂ ਦਾ ਇਸ ਮੁਲਕ ਨਾਲ ਕੋਈ ਲਗਾਅ ਨਹੀਂ ਹੁੰਦਾ।

ਕੈਨੇਡਾ ਦੇ ਆਵਾਸ ਮੰਤਰੀ ਕ੍ਰਿਸ ਅਲੈਗਜ਼ੈਂਡਰ ਨੇ ਸੰਕੇਤ ਦਿੱਤੇ ਹਨ ਕਿ ਉਹ ਇਸ ਮੁੱਦੇ 'ਤੇ ਜਲਦੀ ਹੀ ਸੂਬਾਈ ਸਰਕਾਰਾਂ ਨਾਲ ਮਿਲ ਕੇ ਕੋਈ ਢੁੱਕਵਾਂ ਰਾਹ ਲੱਭਣ ਲਈ ਵਿਚਾਰ ਕਰਨਗੇ। ਉਨ੍ਹਾਂ ਕਿਹਾ ਕਿ ਆਵਾਸੀਆਂ ਵੱਲੋਂ ਕੈਨੇਡਾ ਦੀ ਧਰਤੀ 'ਤੇ ਪਹੁੰਚ ਕੇ ਬੱਚੇ ਜੰਮਣਾ ਤੇ ਚਲੇ ਜਾਣਾ ਵੀ ਵਿਚਾਰਨਯੋਗ ਮਾਮਲਾ ਹੈ। ਇਨ੍ਹਾਂ ਲੋਕਾਂ ਦਾ ਕੈਨੇਡਾ ਨਾਲ ਕੋਈ ਮਜ਼ਬੂਤ ਰਿਸ਼ਤਾ ਨਹੀਂ ਜੁੜਦਾ ਬਲਕਿ ਉਨ੍ਹਾਂ ਦਾ ਮੰਤਵ ਆਪਣੀ ਔਲਾਦ ਨੂੰ ਕੈਨੇਡੀਅਨ ਨਾਗਰਿਕਤਾ ਦਿਵਾਉਣਾ ਹੀ ਹੁੰਦਾ ਹੈ।

ਇਸ ਮੁੱਦੇ ਨੂੰ ਮੰਤਰੀ ਨੇ ਆਪਣੇ ਨਾਗਰਿਕਤਾ ਸੋਧ ਬਿੱਲ ਵਿੱਚ ਤਾਂ ਨਹੀਂ ਸ਼ਾਮਲ ਕੀਤਾ ਪਰ ਇਸ ਨੂੰ ਵੱਖਰੇ ਤੌਰ 'ਤੇ ਨਜਿੱਠਣ ਦਾ ਵਿਚਾਰ ਬਣਾਇਆ ਹੈ। ਕੈਨੇਡੀਅਨ ਨਾਗਰਿਕਤਾ ਐਕਟ ਵਿਚ ਸੋਧਾਂ ਕਰਨ ਵਾਲਾ ਮਤਾ ਬੀਤੇ ਦਿਨ ਪਾਰਲੀਮੈਂਟ ਵਿਚ ਪੇਸ਼ ਕੀਤਾ ਗਿਆ ਹੈ।

# ਬੱਚਿਆਂ ਨੂੰ ਮਾਰਨ ਮਗਰੋਂ ਪਿਉ ਨੇ ਕੀਤੀ ਖ਼ੁਦਕੁਸ਼ੀ

**ਮੁਹਾਲੀ:** ਨੇੜਲੇ ਪਿੰਡ ਲਾਂਡਰਾਂ ਵਿਚ ਗ਼ਰੀਬੀ ਤੋਂ ਤੰਗ ਆਏ ਪਿਤਾ ਨੇ ਦੋ ਪੁੱਤਾਂ ਸਣੇ ਖ਼ੁਦਕੁਸ਼ੀ ਕਰ ਲਈ ਹੈ। ਮ੍ਰਿਤਕਾਂ ਦੀ ਪਛਾਣ ਜਗਤਾਰ ਸਿੰਘ (38), ਗੌਰਵਦੀਪ ਸਿੰਘ ਉਰਫ਼ ਜੱਗੀ (14) ਤੇ ਹਰਸ਼ਦੀਪ ਸਿੰਘ (12) ਵਜੋਂ ਹੋਈ ਹੈ। ਜੱਗੀ ਅੱਠਵੀਂ ਤੇ ਹਰਸ਼ ਪੰਜਵੀਂ ਵਿਚ ਪੜ੍ਹਦਾ ਸੀ। ਘਟਨਾ ਸਮੇਂ ਬੱਚਿਆਂ ਦੀ ਮਾਂ ਘਰ ਵਿਚ ਮੌਜੂਦ ਨਹੀਂ ਸੀ। ਉਹ ਆਪਣੇ ਬਿਮਾਰ ਪਿਤਾ ਦੀ ਖ਼ਬਰਸਾਰ ਲੈਣ ਲਈ ਪੇਕੇ ਪਿੰਡ ਮਲਕਪੁਰ ਪਨੂੰਆਂ (ਖਰੜ) ਗਈ ਹੋਈ ਸੀ। ਪੁਲਿਸ ਨੂੰ ਕਮਰੇ ਵਿਚੋਂ ਬੈੱਡ ਦੇ ਗੱਦੇ ਥੱਲਿਓਂ ਖ਼ੁਦਕੁਸ਼ੀ ਨੋਟ ਮਿਲਿਆ ਹੈ। ਇਸ ਵਿਚ ਜਗਤਾਰ ਸਿੰਘ ਨੇ ਗ਼ਰੀਬੀ ਤੇ ਬਿਮਾਰੀ ਤੋਂ ਤੰਗ ਆ ਕੇ ਕਦਮ ਚੁੱਕਣ ਦੀ ਗੱਲ ਲਿਖੀ ਹੈ।

ਹਾਸਲ ਜਾਣਕਾਰੀ ਅਨੁਸਾਰ ਪਰਿਵਾਰ ਦੇ ਜੀਅ ਰੋਟੀ ਖਾਣ ਤੋਂ ਬਾਅਦ ਆਪੋ-ਆਪਣੇ ਕਮਰਿਆਂ ਵਿਚ ਸੌਣ ਲਈ ਚਲੇ ਗਏ। ਚੁਬਾਰੇ ਵਿਚ 70 ਸਾਲ ਦੀ ਦਾਦੀ ਗੁਰਦੇਵ ਕੌਰ ਤੇ ਹੇਠਾਂ ਕਮਰੇ ਵਿਚ ਜਗਤਾਰ ਸਿੰਘ ਆਪਣੇ ਦੋਵੇਂ ਬੇਟਿਆਂ ਨਾਲ ਸੁੱਤਾ ਹੋਇਆ ਸੀ। ਕਰੀਬ ਅੱਧੀ ਰਾਤ ਨੂੰ ਜਗਤਾਰ ਨੇ ਪਹਿਲਾਂ ਆਪਣੇ ਬੱਚਿਆਂ ਨੂੰ ਗਲ ਘੁੱਟ ਕੇ ਮੌਤ ਦੇ ਘਾਟ ਉਤਾਰਿਆ। ਮਗਰੋਂ ਉਸ ਨੇ ਸਲਫਾਸ ਦੀਆਂ ਗੋਲੀਆਂ ਖਾ ਕੇ ਖ਼ੁਦਕੁਸ਼ੀ ਕਰ ਲਈ। ਪਤਾ ਲੱਗਾ ਹੈ ਕਿ ਛੋਟੇ ਬੇਟੇ ਹਰਸ਼ ਨੇ ਆਪਣੀ ਜਾਨ ਬਚਾਉਣ ਲਈ ਕਮਰੇ ਦੇ ਅੰਦਰੋਂ ਅੰਦਰ ਕਾਫੀ ਭੱਜ ਨੱਠ ਕੀਤੀ ਪਰ ਨਸ਼ੇ ਵਿਚ ਧੁੱਤ ਪਿਤਾ ਨੇ ਆਪਣੇ ਹੱਥਾਂ ਨਾਲ ਉਸ ਦਾ ਵੀ ਗਲਾ ਘੁੱਟ ਦਿੱਤਾ।

ਹਾਸਲ ਜਾਣਕਾਰੀ ਅਨੁਸਾਰ ਜਗਤਾਰ ਸਿੰਘ ਦਿਹਾੜੀ ਕਰਕੇ ਆਪਣੇ ਪਰਿਵਾਰ ਦਾ ਪੇਟ ਪਾਲ ਰਿਹਾ ਸੀ। ਕੁਝ ਸਮਾਂ ਪਹਿਲਾਂ ਇਕ ਸੜਕ ਹਾਦਸੇ ਵਿਚ ਉਸ ਦਾ ਚੂਲ਼ਾ ਟੁੱਟ ਗਿਆ ਸੀ ਜਿਸ ਕਾਰਨ ਉਹ ਚੱਲਣ-ਫਿਰਨ ਤੋਂ ਵੀ ਔਖਾ ਸੀ। ਆਰਥਿਕ ਤੰਗੀ ਦੇ ਚੱਲਦਿਆਂ ਉਹ ਇਲਾਜ ਕਰਵਾਉਣ ਦੇ ਵੀ ਸਮਰੱਥ ਨਹੀਂ ਸੀ। ਡਾਕਟਰਾਂ ਵੱਲੋਂ ਚੂਲ਼ਾ ਬਦਲਣ ਸਮੇਤ ਪੂਰੇ ਇਲਾਜ 'ਤੇ ਢਾਈ ਲੱਖ ਰੁਪਏ ਖ਼ਰਚਾ ਦੱਸਿਆ ਗਿਆ ਸੀ। ਇਸ ਤੋਂ ਉਹ ਕਾਫ਼ੀ ਤੰਗ ਪ੍ਰੇਸ਼ਾਨ ਸੀ। ਘਰ ਦਾ ਖ਼ਰਚਾ ਜਗਤਾਰ ਦੇ ਫ਼ੌਜ ਵਿਚੋਂ ਸੇਵਾਮੁਕਤ ਪਿਤਾ ਦੀ ਮੌਤ ਤੋਂ ਬਾਅਦ ਬਜ਼ੁਰਗ ਮਾਂ ਗੁਰਦੇਵ ਕੌਰ ਨੂੰ ਮਿਲਦੀ ਪੈਨਸ਼ਨ ਤੇ ਹੋਰ ਭੱਤਿਆਂ ਦੇ ਸਹਾਰੇ ਬੜੀ ਮੁਸ਼ਕਲ ਨਾਲ ਚਲਦਾ ਸੀ।

## ਦੇਵਯਾਨੀ ਵੱਲੋਂ ਕੇਸ ਰੱਦ ਕਰਨ ਲਈ ਅਪੀਲ

**ਨਿਊ ਯਾਰਕ:** ਭਾਰਤੀ ਡਿਵੈਲਪਮੈਂਟ ਦੇਵਯਾਨੀ ਖੋਬਰਗੜੇ ਨੇ ਆਪਣੇ ਖ਼ਿਲਾਫ਼ ਵੀਜ਼ਾ ਧੋਖਾਧੜੀ ਦਾ ਕੇਸ ਰੱਦ ਕਰਨ ਦੀ ਮੰਗ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਜਦੋਂ ਉਸ ਨੂੰ ਵਿਸ਼ੇਸ਼ ਛੋਟ ਪ੍ਰਾਪਤ ਹੈ ਤਾਂ ਇਹ ਕੇਸ ਬੇਤੁਕਾ ਹੈ। ਉਸ ਨੇ ਇਹ ਵੀ ਕਿਹਾ ਕਿ ਉਸ ਖ਼ਿਲਾਫ਼ ਕੇਸ ਚਲਾਉਣਾ ਅਮਰੀਕਾ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ।

ਸਰਕਾਰੀ ਵਕੀਲ ਪ੍ਰੀਤ ਭਰਾੜਾ ਵੱਲੋਂ ਦੇਵਯਾਨੀ ਖ਼ਿਲਾਫ਼ ਕੇਸ ਰੱਦ ਨਾ ਕਰਨ ਦੀ ਕੀਤੀ ਮੰਗ ਦੇ ਜਵਾਬ ਵਿਚ ਭਾਰਤੀ ਡਿਪਲੋਮੈਂਟ ਦੇ ਵਕੀਲ ਡੇਨੀਅਲ ਅਰਸ਼ੈਕ ਨੇ ਅਦਾਲਤ ਵਿਚ ਪਟੀਸ਼ਨ ਦੌਰਾਨ ਕਿਹਾ ਕਿ ਉਸ ਦੀ ਮੁਵੱਕਿਲ ਖ਼ਿਲਾਫ਼ ਕੇਸ ਨਾਜਾਇਜ਼ ਹੈ। ਸੀਡੇਨੀਅਲ ਨੇ 17 ਸਫਿਆਂ ਦੇ ਜਵਾਬ ਵਿਚ ਕਿਹਾ ਕਿ ਜਿਸ ਵੇਲੇ ਖੋਬਰਗੜੇ 'ਤੇ ਕੇਸ ਪਾਇਆ ਗਿਆ ਸੀ, ਉਸ ਵੇਲੇ ਉਹ ਅਮਰੀਕਾ ਵਿਚ ਸੀ ਤੇ ਉਸ ਨੂੰ ਭਾਰਤ ਦੀ ਡਿਪਲੋਮੈਂਟ ਹੋਣ ਦੇ ਨਾਤੇ ਵਿਸ਼ੇਸ਼ ਛੋਟ ਹਾਸਲ ਸੀ। ਉਸ ਨੇ ਜਦੋਂ ਅਮਰੀਕਾ ਛੱਡਿਆ ਉਸ ਵੇਲੇ ਵੀ ਉਹ ਡਿਪਲੋਮੈਂਟ ਸੀ। ਇਸ ਲਈ ਉਸ ਖ਼ਿਲਾਫ਼ ਨਾ ਉਦੋਂ ਤੇ ਨਾ ਹੁਣ ਕੇਸ ਚਲਾਇਆ ਜਾ ਸਕਦਾ ਹੈ। ਹਫਤਾ ਪਹਿਲਾਂ ਭਰਾੜਾ ਨੇ ਅਦਾਲਤ ਨੂੰ ਦੱਸਿਆ ਸੀ ਕਿ ਜਦੋਂ ਖੋਬਰਗੜੇ ਨੂੰ ਕੋਈ ਵਿਸ਼ੇਸ਼ ਛੋਟ ਨਹੀਂ ਦਿੱਤੀ ਜਾ ਸਕਦੀ। ਖੋਬਰਗੜੇ ਨੂੰ ਆਪਣੀ ਨੌਕਰਾਣੀ ਨੂੰ ਜਾਅਲੀ ਦਸਤਾਵੇਜ਼ਾਂ ਰਾਹੀਂ ਵੀਜ਼ਾ ਦੁਆਉਣ ਦੇ ਮਾਮਲੇ ਵਿਚ ਨਿਊਯਰਾਕ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਮਗਰੋਂ ਭਾਰਤ ਤੇ ਅਮਰੀਕਾ ਵਿਚਾਲੇ ਸਬੰਧ ਕਾਫੀ ਖਰਾਬ ਹੋ ਗਏ ਸਨ।

# ਆਸਟਰੇਲੀਆ ਵੱਲੋਂ ਸਮੁੰਦਰੀ ਰਸਤੇ ਆਉਂਦੇ ਸ਼ਰਨਾਰਥੀਆਂ 'ਤੇ ਸਖਤੀ



**ਕੈਨਬਰਾ:** ਆਸਟਰੇਲੀਆ ਦੇ ਪ੍ਰਧਾਨ ਮੰਤਰੀ ਟੋਨੀ ਐਬਟ ਨੇ ਕਿਹਾ ਹੈ ਕਿ 50 ਦਿਨਾਂ ਤੋਂ ਕੋਈ ਵੀ ਵਿਅਕਤੀ ਸਮੁੰਦਰੀ ਰਸਤੇ ਰਾਹੀਂ ਦੇਸ਼ ਵਿਚ ਸ਼ਰਨ ਲੈਣ ਨਹੀਂ ਪੁੱਜਣ ਦਿੱਤਾ। ਸਾਲ 2008 ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਇੰਨੇ ਦਿਨਾਂ ਵਿਚ ਕੋਈ ਵੀ ਵਿਅਕਤੀ ਸਮੁੰਦਰੀ ਰਸਤੇ ਦੇਸ਼ ਵਿਚ ਦਾਖਲ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਅਜਿਹੇ ਲੋਕ ਜੋ ਸ਼ਰਨ ਲੈਣ ਆਉਂਦੇ ਹਨ, ਉਨ੍ਹਾਂ ਨੂੰ ਵਾਪਸ ਭੇਜਣ ਦੇ ਨਿਯਮ ਸਖ਼ਤ ਤੇ ਪ੍ਰਭਾਵਸ਼ਾਲੀ ਬਣਾ ਦਿੱਤੇ ਗਏ ਹਨ।

ਆਸਟਰੇਲੀਆ ਬਰਾਡਕਾਸਟਿੰਗ ਕਾਰਪੋਰੇਸ਼ਨ ਦੀ ਰਿਪੋਰਟ ਅਨੁਸਾਰ ਆਸਟਰੇਲੀਆ ਦੀ ਜਲ ਸੈਨਾ ਨੇ ਇਰਾਨ, ਪਾਕਿਸਤਾਨ, ਬੰਗਲਾਦੇਸ਼ ਤੇ ਨੇਪਾਲ ਤੋਂ ਪੁੱਜੇ 34 ਸ਼ਰਨਾਰਥੀਆਂ ਨੂੰ ਵਾਪਸ ਇੰਡੋਨੇਸ਼ੀਆ ਦੇ ਟਾਪੂ ਜਾਵਾ 'ਤੇ ਭੇਜ ਦਿੱਤਾ ਸੀ। ਪ੍ਰਧਾਨ ਮੰਤਰੀ ਨੇ ਮਨੁੱਖੀ ਤਸਕਰਾਂ ਨੂੰ ਜ਼ੋਰਦਾਰ ਸੁਨੇਹਾ ਦਿੱਤਾ ਹੈ ਕਿ ਉਹ ਹੁਣ ਇਸ ਪਾਸੇ ਦਾ ਰਾਹ ਛੱਡ ਦੇਣ। ਸਮੁੰਦਰੀ ਰਸਤੇ ਆਸਟਰੇਲੀਆ ਵਿਚ ਪੁੱਜੇ ਸ਼ਰਨਾਰਥੀਆਂ ਨੂੰ ਆਪਣੇ ਰਿਸ਼ਤੇਦਾਰ ਸੱਦਣ 'ਤੇ ਵੀ ਰੋਕ ਲਾ ਦਿੱਤੀ ਗਈ ਹੈ। ਇੰਡੋਨੇਸ਼ੀਆ ਦੀ ਸਰਕਾਰ ਵੱਲੋਂ ਆਸਟਰੇਲੀਆ ਦੀ ਇਸ ਨੀਤੀ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਹਦਾ ਕਹਿਣਾ ਹੈ ਕਿ ਆਸਟਰੇਲੀਆ ਸਮੁੰਦਰੀ ਰਸਤੇ ਆਉਣ ਵਾਲੇ ਸ਼ਰਨਾਰਥੀਆਂ ਨੂੰ ਉਹਦੇ ਪਾਣੀਆਂ 'ਚ ਧੱਕ ਦਿੰਦਾ ਹੈ ਜੋ ਉਹਦੀ ਪ੍ਰਭੂਸੱਤਾ ਦੀ ਓਲੰਘਣਾ ਹੈ।

## ਮਲੇਸ਼ੀਆ 'ਚ ਭਾਰਤੀਆਂ ਨਾਲ ਵਿਤਕਰਾ

**ਮਾਛੀਵਾੜਾ:** ਰੁਜ਼ਗਾਰ ਲਈ ਮਲੇਸ਼ੀਆ ਦੀ ਧਰਤੀ 'ਤੇ ਗਏ ਭਾਰਤੀਆਂ ਨੂੰ ਉਥੇ ਵਰਕ ਵੀਜ਼ਾ ਲੈਣ ਲਈ ਕਾਫੀ ਧੱਕੇ ਖਾਣੇ ਪੈਂਦੇ ਹਨ ਜਦਕਿ ਪਾਕਿਸਤਾਨ, ਇੰਡੋਨੇਸ਼ੀਆ ਤੇ ਬੰਗਲਾਦੇਸ਼ ਦੇ ਵਰਕਰਾਂ ਨੂੰ ਉਥੋਂ ਦੀ ਸਰਕਾਰ ਸਿੱਧਾ ਵੀਜ਼ਾ ਦੇ ਕੇ ਭਾਰਤੀਆਂ ਨਾਲ ਵਿਤਕਰਾ ਕਰ ਰਹੀ ਹੈ। ਇਸ ਜਾਣਕਾਰੀ ਸਮਾਜ ਸੇਵੀ ਤੇ ਐਂਟੀ ਕਰਾਈਮ ਦੇ ਮੈਂਬਰ ਮੋਹਣ ਸਿੰਘ ਘਲੋਟੀ ਨੇ ਦਿੱਤੀ।

ਸ. ਘਲੋਟੀ ਨੇ ਦੱਸਿਆ ਕਿ ਪਹਿਲਾਂ ਤਾਂ ਨੌਜਵਾਨ ਮਲੇਸ਼ੀਆ ਆਉਣ ਲਈ ਗ਼ਲਤ ਏਜੰਟਾਂ ਦੇ ਹੱਥੇ ਚੜ੍ਹ ਜਾਂਦੇ ਹਨ ਤੇ ਰੱਜ ਕੇ ਨੌਜਵਾਨਾਂ ਦੀ ਲੁੱਟ ਕੀਤੀ ਜਾਂਦੀ ਹੈ। ਭਾਰਤ ਦੇ ਏਜੰਟ ਨੌਜਵਾਨਾਂ ਨੂੰ ਮਲੇਸ਼ੀਆ ਵਿਚ ਟੂਰਿਸਟ ਵੀਜ਼ਾ ਦੇ ਕੇ ਭੇਜ ਦਿੰਦੇ ਹਨ ਤੇ ਨਾਲ ਹੀ ਜਾਅਲੀ ਵਰਕ ਵੀਜ਼ੇ ਦੇ ਦਿੰਦੇ ਹਨ ਜਿਸ ਕਾਰਨ ਉਨ੍ਹਾਂ ਨੂੰ ਇਥੇ ਆ ਕੇ ਰੁਜ਼ਗਾਰ ਨਹੀਂ ਮਿਲਦਾ। ਕੁਝ ਤਾਂ ਮਜਬੂਰਨ ਵਾਪਸ ਚਲੇ ਜਾਂਦੇ ਹਨ ਪਰ ਕੁਝ ਘੱਟ ਪੈਸਿਆਂ ਵਿਚ ਹੀ ਕੰਮ ਕਰਨ ਲੱਗ ਪੈਂਦੇ ਹਨ।

ਉਨ੍ਹਾਂ ਦੱਸਿਆ ਕਿ ਇੰਡੋਨੇਸ਼ੀਆ, ਪਾਕਿਸਤਾਨ ਤੇ ਬੰਗਲਾਦੇਸ਼ ਤੋਂ ਆਉਣ ਵਾਲੇ ਲੋਕਾਂ ਨੂੰ ਇਥੋਂ ਦੀ ਸਰਕਾਰ ਖੁੱਲ੍ਹਾ ਵੀਜ਼ਾ ਦਿੰਦੀ ਹੈ ਪਰ ਭਾਰਤੀਆਂ ਦੇ ਵੀਜ਼ੇ ਦੀ ਮਿਆਦ ਨਹੀਂ ਵਧਾਈ ਜਾਂਦੀ ਜਿਸ ਕਾਰਨ ਉਹ ਮਜਬੂਰਨ ਮਲੇਸ਼ੀਆ ਵਿਚ ਹੀ ਏਜੰਟਾਂ ਰਾਹੀਂ ਅਪਲਾਈ ਕਰਦੇ ਹਨ ਪਰ ਜ਼ਿਆਦਾਤਰ ਲੋਕ ਇਥੇ ਵੀ ਠੱਗੇ ਜਾਂਦੇ ਹਨ। ਮਲੇਸ਼ੀਆ ਰਹਿੰਦੇ ਭਾਰਤੀਆਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਮਲੇਸ਼ੀਆ ਸਰਕਾਰ ਨਾਲ ਰਾਬਤਾ ਕਾਇਮ ਕਰ ਉਨ੍ਹਾਂ ਨੂੰ ਵੀ ਬਾਕੀ ਦੇਸ਼ਾਂ ਦੀ ਤਰਜ਼ 'ਤੇ ਖੁੱਲ੍ਹਾ ਵੀਜ਼ਾ ਦਿਵਾਏ ਤਾਂ ਜੋ ਲੱਖਾਂ ਰੁਪਏ ਖਰਚ ਕੇ ਇਥੇ ਰੁਜ਼ਗਾਰ ਲਈ ਆਏ ਨੌਜਵਾਨਾਂ ਦਾ ਮੰਤਵ ਪੂਰਾ ਹੋ ਸਕੇ।

# ਸੰਘਰਸ਼ ਦੌਰਾਨ ਅਧਿਆਪਕਾ ਦੀ ਬੱਚੀ ਦੀ ਮੌਤ

**ਬਠਿੰਡਾ:** ਕਈ ਦਿਨਾਂ ਤੋਂ ਚੱਲ ਰਹੇ ਸੰਘਰਸ਼ ਵਿਚ ਸ਼ਾਮਲ ਈ।ਜੀ।ਐਸ. ਮਹਿਲਾ ਅਧਿਆਪਕ ਦੀ ਬੱਚੀ ਦੀ ਜਾਨ ਚਲੀ ਗਈ। ਮੋਗਾ ਦੇ ਪਿੰਡ ਬੰਬੀਹਾ ਭਾਈ ਦੀ ਕਿਰਨਜੀਤ ਕੌਰ ਆਪਣੀ 14 ਮਹੀਨੇ ਦੀ ਬੱਚੀ ਰੂਥ ਨਾਲ ਬਠਿੰਡਾ ਦੀ ਪਾਣੀ ਵਾਲੀ ਟੈਂਕੀ ਦੇ ਹੇਠਾਂ ਧਰਨੇ 'ਤੇ ਬੈਠੀ ਸੀ। ਪੁਲਿਸ ਨੇ ਦੋ ਦਿਨ ਪਹਿਲਾਂ ਰਾਤ ਨੂੰ ਉਨ੍ਹਾਂ ਤੋਂ ਰਜਾਈਆਂ ਵਗੈਰਾ ਵੀ ਖੋਹ ਲਈਆਂ ਸਨ ਜਿਸ ਕਰਕੇ ਬੱਚੀ ਨੂੰ ਠੰਢ ਲੱਗ ਗਈ ਸੀ।

ਅਧਿਆਪਕਾਂ ਦਾ ਕਹਿਣਾ ਸੀ ਕਿ ਬਠਿੰਡਾ ਪੁਲਿਸ ਦੇ ਅਫ਼ਸਰਾਂ ਦਾ ਰਵੱਈਆ ਠੀਕ ਨਹੀਂ ਹੈ ਜਿਸ ਕਰਕੇ ਬੱਚੀ ਨੂੰ ਜਾਨ ਤੋਂ ਹੱਥ ਧੋਣੇ ਪਏ। ਪੁਲਿਸ ਨੇ ਟੈਂਟਾਂ ਵਾਲਿਆਂ ਨੂੰ ਰੋਕ ਦਿੱਤਾ ਕਿ ਕਿਸੇ ਸੰਘਰਸ਼ ਵਾਲੇ ਨੂੰ ਰਜਾਈਆਂ ਜਾਂ ਦਰੀ ਵਗੈਰਾ ਨਹੀਂ ਦੇਣੀ। ਉਧਰ, ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਬੱਚੀ ਦਾ ਪਹਿਲਾਂ ਹੀ ਮਾਲਨਿਉਟ੍ਰੀਸ਼ਨ ਦਾ ਇਲਾਜ ਚੱਲ ਰਿਹਾ ਸੀ।



ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਬੱਚੀ ਦੀ ਮੌਤ ਲਈ ਅਕਾਲੀ-ਭਾਜਪਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਐਲਾਨ ਕੀਤਾ ਕਿ ਇਹ ਮਾਮਲਾ ਪਾਰਲੀਮੈਂਟ ਵਿਚ ਉਠਾਉਣਗੇ। ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਸਰਕਾਰ ਨੂੰ ਇਨਸਾਫ਼ ਵਾਸਤੇ ਸੰਘਰਸ਼ ਕਰ ਰਹੇ ਲੋਕਾਂ ਦੀਆਂ ਭਾਵਨਾਵਾਂ ਨਾਲ ਨਹੀਂ ਖੇਡਣਾ ਚਾਹੀਦਾ ਹੈ। ਇਸੇ ਤਰ੍ਹਾਂ ਸੰਤ ਸਮਾਜ ਦੇ ਬਲਜੀਤ ਸਿੰਘ ਦਾਦੂਵਾਲ ਵੀ ਅਧਿਆਪਕਾਂ ਦੇ ਧਰਨੇ ਵਿਚ ਪੁੱਜੇ ਤੇ ਹਮਾਇਤ ਦਾ ਐਲਾਨ ਕੀਤਾ। ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਵੀ ਅਧਿਆਪਕਾਂ ਦੀ ਹਮਾਇਤ ਕਰ ਚੁੱਕੇ ਹਨ।

## ਸਿੱਖਸ ਫਾਰ ਜਸਟਿਸ ਨੂੰ ਨਹੀਂ ਮਿਲਿਆ ਹੋਰ ਸਮਾਂ

**ਨਿਊ ਯਾਰਕ:** 1984 ਦੇ ਸਿੱਖ ਕਤਲੇਆਮ ਦੌਰਾਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਬੰਧੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਖ਼ਿਲਾਫ਼ ਇਕ ਕੇਸ ਵਿਚ ਜਵਾਬ ਦੇਣ ਲਈ ਅਦਾਲਤ ਨੇ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਨੂੰ ਹੋਰ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਮਨਹਟਨ ਫੈਡਰਲ ਕੋਰਟ ਦੇ ਜੱਜ ਬਰਾਇਨ ਕੋਗਨ ਨੇ ਸਿੱਖਸ ਫਾਰ ਜਸਟਿਸ ਦੇ ਵਕੀਲ ਵੱਲੋਂ 21 ਦਿਨਾਂ ਦਾ ਸਮਾਂ ਹੋਰ ਦਿੱਤੇ ਜਾਣ ਸਬੰਧੀ ਬੇਨਤੀ ਪ੍ਰਵਾਨ ਨਹੀਂ ਕੀਤੀ। ਪਹਿਲਾਂ ਜਥੇਬੰਦੀ ਨੂੰ ਅਦਾਲਤ ਨੇ 6 ਫਰਵਰੀ ਤੱਕ ਦਾ ਸਮਾਂ ਦੇ ਕੇ ਇਹ ਪੜਤਾਲ ਕਰਨ ਲਈ ਕਿਹਾ ਸੀ ਕਿ ਕੀ ਦੋ ਤੋਂ ਨੌਂ ਸਤੰਬਰ, 2013 ਦੌਰਾਨ ਸ੍ਰੀਮਤੀ ਗਾਂਧੀ ਨਿਊ ਯਾਰਕ ਆਏ ਸਨ ਜਾਂ ਨਹੀਂ।

ਸਿੱਖ ਸੰਗਠਨ ਦਾ ਕਹਿਣਾ ਸੀ ਕਿ ਕੁਲ ਹਿੰਦ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਸਤੰਬਰ ਵਿਚ ਸ਼ਹਿਰ ਦੇ ਸਲੋਅਨ ਕੈਟਰਿੰਗ ਕੈਂਸਰ ਸੈਂਟਰ ਵਿਚ ਇਲਾਜ ਲਈ ਆਏ ਸਨ। ਸ੍ਰੀਮਤੀ ਗਾਂਧੀ ਨੇ ਦਾਅਵਾ ਕੀਤਾ ਸੀ ਕਿ ਉਹ ਇਸ ਸਮੇਂ ਦੌਰਾਨ ਨਿਊਯਾਰਕ ਜਾਂ ਅਮਰੀਕਾ ਆਏ ਹੀ ਨਹੀਂ ਸਨ।

## ਸੋਨੀਆ ਵਿਰੁਧ ਸਬੂਤ ਦੇਣ ਵਾਲੇ ਨੂੰ 20 ਹਜ਼ਾਰ ਡਾਲਰ ਇਨਾਮ

**ਵਾਸ਼ਿੰਗਟਨ:** ਕਾਂਗਰਸ ਪਾਰਟੀ ਮੁਖੀ ਸੋਨੀਆ ਗਾਂਧੀ ਵਿਰੁੱਧ ਅਮਰੀਕਾ ਦੇ ਨਿਊਯਾਰਕ ਸ਼ਹਿਰ ਦੀ ਕੇਂਦਰੀ ਅਦਾਲਤ ਵਿਚ ਸਿੱਖ ਵਿਰੋਧੀ ਦੰਗਿਆਂ ਦੇ ਸਿਲਸਿਲੇ ਵਿਚ ਜੋ ਮੁਕੱਦਮਾ ਚੱਲ ਰਿਹਾ ਹੈ, ਹੁਣ ਉਸ ਵਿਚ ਇਕ ਦਿਲਚਸਪ ਮੋੜ ਆ ਗਿਆ ਹੈ।

ਇਕ ਵੈੱਬਸਾਈਟ 'ਤੇ ਪ੍ਰਕਾਸ਼ਿਤ ਖ਼ਬਰ ਮੁਤਾਬਕ ਹੁਣ ਮੁਕੱਦਮਾ ਦਾਇਰ ਕਰਨ ਵਾਲੀ ਸੰਸਥਾ ਸਿੱਖ ਫਾਰ ਜਸਟਿਸ ਨੇ ਸੋਨੀਆ ਗਾਂਧੀ ਵਿਰੁੱਧ ਸਬੂਤ ਦੇਣ ਵਾਲਿਆਂ ਨੂੰ 20 ਹਜ਼ਾਰ ਡਾਲਰ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ।

## ਫ਼ੌਜੀ ਦੀ ਪਤਨੀ ਨੇ ਫਾਹਾ ਲਿਆ

**ਪਠਾਨਕੋਟ (ਬਿਊਰੋ):** ਨਾਲ ਲੱਗਦੇ ਮਮੂਨ ਛਾਉਣੀ ਦੀ ਫੌਜੀ ਕਲੋਨੀ ਵਿਚ ਇੱਕ ਫੌਜੀ ਜਵਾਨ ਦੀ ਪਤਨੀ ਨੇ ਪੱਖੇ ਨਾਲ ਫਾਹਾ ਲਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਉਸ ਕੋਲੋਂ ਮਿਲੇ ਆਤਮ-ਹੱਤਿਆ ਨੋਟ ਅਨੁਸਾਰ ਖੁਦਕੁਸ਼ੀ ਦਾ ਕਾਰਨ ਮਾਨਸਿਕ ਪ੍ਰੇਸ਼ਾਨੀ ਹੈ।

ਮ੍ਰਿਤਕਾ ਦੀ ਪਛਾਣ ਬਲਜੀਤ ਕੌਰ (28) ਵਾਸੀ ਸ਼ਮਸ਼ੇਰਪੁਰ ਵਜੋਂ ਹੋਈ ਹੈ ਅਤੇ ਉਸ ਦਾ ਪਤੀ ਮਨਦੀਪ ਸਿੰਘ ਇੱਥੇ ਫੌਜ ਵਿਚ ਤਾਇਨਾਤ ਹੈ। ਪੁਲਿਸ ਮੁਤਾਬਕ ਬਲਜੀਤ ਕੌਰ ਨੇ ਆਪਣੇ ਕਮਰੇ ਵਿਚ ਛੱਤ ਵਾਲੇ ਪੱਖੇ ਨਾਲ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ ਹੈ। ਉਥੋਂ ਪ੍ਰਾਪਤ ਖ਼ੁਦਕੁਸ਼ੀ ਨੋਟ ਵਿਚ ਲਿਖਿਆ ਹੈ ਕਿ ਉਹ ਆਪਣੀ ਮਾਂ ਦੀ ਬੀਮਾਰੀ ਅਤੇ ਭਰਾ ਦੀ ਬੇਰੁਜ਼ਗਾਰੀ ਤੋਂ ਕਾਫੀ ਪ੍ਰੇਸ਼ਾਨ ਸੀ ਜਦੋਂਕਿ ਉਸ ਦੇ ਸਹੁਰੇ ਪਰਿਵਾਰ ਅਤੇ ਪਤੀ ਤੋਂ ਕੋਈ ਸ਼ਿਕਾਇਤ ਨਹੀਂ ਸੀ। ਬਲਜੀਤ ਦਾ ਵਿਆਹ ਸਾਲ 2012 ਵਿਚ ਹੋਇਆ ਸੀ ਅਤੇ ਕੋਈ ਸੰਤਾਨ ਵੀ ਨਹੀਂ ਸੀ

## ਆਸਟਰੇਲੀਆ 'ਚ ਭਾਰਤੀਆਂ ਨੂੰ ਮਿਲੇ ਸਭ ਤੋਂ ਵੱਧ ਵਰਕ ਵੀਜ਼ੇ

**ਮੈਲਬਰਨ:** ਆਸਟਰੇਲੀਆ ਵਿਚ ਜੁਲਾਈ ਤੋਂ ਦਸੰਬਰ 2013 ਦੌਰਾਨ ਆਰਜ਼ੀ ਵਰਕ (ਹੁਨਰਮੰਦ) ਵੀਜ਼ਾ ਪ੍ਰਾਪਤ ਕਰਨ ਵਾਲਿਆਂ ਦੀ ਸੂਚੀ ਵਿਚ ਭਾਰਤੀ ਸਭ ਤੋਂ ਉਪਰ ਹਨ। ਇਮੀਗਰੇਸ਼ਨ ਵਿਭਾਗ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ ਜੁਲਾਈ-ਦਸੰਬਰ 2013 ਦੌਰਾਨ 'ਸਬ ਕਲਾਸ 457 ਵੀਜ਼ਾ' ਤਹਿਤ ਦਿੱਤੇ ਗਏ ਕੁੱਲ ਵੀਜ਼ਿਆਂ 'ਚੋਂ 23 ਫੀਸਦੀ ਤੋਂ ਵੱਧ ਭਾਰਤੀਆਂ ਨੂੰ ਦਿੱਤੇ ਗਏ। ਅੰਕੜਿਆਂ ਅਨੁਸਾਰ ਇਸ ਸਮੇਂ ਦੌਰਾਨ ਆਰਜ਼ੀ ਵਰਕ ਵੀਜ਼ਿਆਂ ਵਿਚ ਭਾਰਤ ਨੂੰ 23.4 ਫੀਸਦੀ, ਇੰਗਲੈਂਡ ਨੂੰ 18.6 ਫੀਸਦੀ ਅਤੇ ਆਇਰਲੈਂਡ ਨੂੰ 7.9 ਫੀਸਦੀ ਵੀਜ਼ੇ ਦਿੱਤੇ ਗਏ।

ਇਸ ਸ਼੍ਰੇਣੀ ਤਹਿਤ ਭਾਰਤ ਨੂੰ ਵਿਕਟੋਰੀਆ, ਨਿਊ ਸਾਊਥ ਵੇਲਜ਼, ਕੁਈਨਜ਼ਲੈਂਡ, ਆਸਟਰੇਲੀਆ ਦਾ ਰਾਜਧਾਨੀ ਖੇਤਰ ਅਤੇ ਤਸਮਾਨੀਆ ਲਈ ਸਭ ਤੋਂ ਵਧੇਰੇ ਵੀਜ਼ੇ ਦਿੱਤੇ ਗਏ। ਕੇਵਲ ਦੱਖਣੀ ਆਸਟਰੇਲੀਆ ਅਤੇ ਉੱਤਰੀ ਖੇਤਰ ਲਈ ਭਾਰਤ ਨੂੰ ਹੋਰ ਮੁਲਕਾਂ ਦੇ ਮੁਕਾਬਲੇ ਘੱਟ ਵੀਜ਼ੇ ਮਿਲੇ। ਜੁਲਾਈ ਤੋਂ ਦਸੰਬਰ 2013 ਦੌਰਾਨ ਆਸਟਰੇਲੀਆ ਵਿਚ ਆਰਜ਼ੀ ਵਰਕ ਵੀਜ਼ਾ ਪ੍ਰਾਪਤ ਭਾਰਤੀਆਂ ਦੀ ਗਿਣਤੀ 90780 ਹੋ ਗਈ ਜੋ ਜੁਲਾਈ ਤੋਂ ਦਸੰਬਰ 2012 ਦੌਰਾਨ ਦਿੱਤੇ ਗਏ ਵੀਜ਼ਿਆਂ ਨਾਲੋਂ 8.3 ਫੀਸਦੀ ਵੱਧ ਹੈ।

## ਦੀਵਾਲੀ ਮੌਕੇ ਛੁੱਟੀ ਬਾਰੇ ਅਜੇ ਫੈਸਲਾ ਨਹੀਂ

**ਨਿਊ ਯਾਰਕ:** ਨਿਊ ਯਾਰਕ ਸ਼ਹਿਰ ਵੱਲੋਂ ਦੀਵਾਲੀ ਦੇ ਤਿਉਹਾਰ ਮੌਕੇ ਸਕੂਲਾਂ ਵਿਚ ਛੁੱਟੀ ਐਲਾਨਣ ਬਾਰੇ ਫੈਸਲਾ ਕੀਤਾ ਜਾਣਾ ਹਾਲੇ ਬਾਕੀ ਹੈ। ਇਥੇ ਵਸੇ ਭਾਰਤੀ ਭਾਈਚਾਰੇ ਵੱਲੋਂ ਲੰਬੇ ਸਮੇਂ ਤੋਂ ਇਹ ਮੰਗ ਕੀਤੀ ਜਾ ਰਹੀ ਹੈ। ਸ਼ਹਿਰ ਦੇ ਮੇਅਰ ਬਿੱਲ ਡੀ ਬਲਾਸੀਓ ਨੇ ਕਿਹਾ ਕਿ ਹਾਲੇ ਤਕ ਦੀਵਾਲੀ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਗਿਆ ਹੈ ਜਦ ਕਿ ਦੋ ਹੋਰ ਤਿਉਹਾਰਾਂ (ਈਦ ਤੇ ਚੀਨੀ ਨਵੇਂ ਸਾਲ) ਮੌਕੇ ਛੁੱਟੀਆਂ ਦਾ ਫੈਸਲਾ ਲਿਆ ਜਾ ਰਿਹਾ ਹੈ।

## ਆਸਾਰਾਮ ਦੀ ਜ਼ਮਾਨਤ ਅਰਜ਼ੀ ਰੱਦ

**ਜੋਧਪੁਰ:** ਰਾਜਸਥਾਨ ਹਾਈ ਕੋਰਟ ਨੇ ਵਿਵਾਦਾਂ ਵਿਚ ਘਿਰੇ ਧਰਮ ਪ੍ਰਚਾਰਕ ਆਸਾਰਾਮ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਉਸ ਨੂੰ ਨਾਬਾਲਗ ਲੜਕੀ ਦੇ ਸਰੀਰਕ ਸ਼ੋਸ਼ਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਜਸਟਿਸ ਨਿਰਮਲਜੀਤ ਕੌਰ ਨੇ ਆਸਾਰਾਮ ਦੇ ਵਕੀਲ ਰਾਮ ਜੇਠਮਲਾਨੀ ਦੀਆਂ ਸਭ ਦਲੀਲਾਂ ਦਰ-ਕਿਨਾਰ ਕਰਦਿਆਂ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ। ਸ੍ਰੀ ਜੇਠਮਲਾਨੀ ਨੇ ਦਲੀਲ ਦਿੱਤੀ ਸੀ ਕਿ ਆਸਾਰਾਮ ਕਾਫੀ ਸਮੇਂ ਤੋਂ ਜੇਲ੍ਹ ਵਿਚ ਹਨ ਤੇ ਉਸ ਦੀ ਸਿਹਤ ਵੀ ਠੀਕ ਨਹੀਂ ਹੈ।


Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869



ਵੇਟਰ ਅਤੇ ਹੈਲਪਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਵੇਟਰ ਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ
ਫੋਨ: 757-240-9348



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 15 ਫਰਵਰੀ 2014*

## ਚੋਣਾਂ ਦੀ ਸਿਆਸਤ 'ਚ ਰੁਲਦੇ ਮੁੱਦੇ

ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਚੋਣਾਂ ਵਿਚ ਲਾਹਾ ਲੈਣ ਲਈ ਇਕ ਟੀ.ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਨੇ ਸਿਆਸਤ ਵਿਚ ਅਜਿਹਾ ਉਬਾਲ ਲਿਆਂਦਾ ਕਿ ਇਹ ਕਈ ਹਫਤਿਆਂ ਪਿਛੋਂ ਵੀ ਜਿਉਂ ਦਾ ਤਿਉਂ ਬਰਕਰਾਰ ਹੈ; ਖਾਸ ਕਰ ਪੰਜਾਬ ਦੀ ਸਿਆਸਤ ਨੂੰ ਤਾਂ ਇਸ ਨੇ ਪੂਰੀ ਤਰ੍ਹਾਂ ਭਖਾ ਦਿੱਤਾ ਹੈ। ਨਵੰਬਰ 1984 ਵਿਚ ਸਿੱਖ ਕਤਲੇਆਮ ਬਾਰੇ ਰਾਹੁਲ ਦਾ ਬਿਆਨ ਹੌਲੀ-ਹੌਲੀ ਫੈਲ ਕੇ ਸ੍ਰੀ ਅਕਾਲ ਸਾਹਿਬ ਉਤੇ ਹਮਲੇ ਤੱਕ ਜਾ ਅੱਪੜਿਆ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਇਸ ਭਖੇ ਹੋਏ ਮੁੱਦੇ ਤੋਂ ਲਾਹਾ ਲੈਣ ਲਈ ਪੂਰੀ ਜਾਨ ਲਾ ਦਿੱਤੀ, ਹਾਲਾਂਕਿ ਖੁਦ ਇਸ ਦੇ ਆਗੂਆਂ ਦੀ ਉਸ ਦੌਰ ਦੀ ਭੂਮਿਕਾ ਸਦਾ ਸ਼ੱਕ ਦੇ ਘੇਰੇ ਵਿਚ ਰਹੀ ਹੈ। ਹੋਰ ਤਾਂ ਹੋਰ, ਅਕਾਲੀ ਦਲ ਦੀ ਭਾਈਵਾਲ ਧਿਰ ਭਾਰਤੀ ਜਨਤਾ ਪਾਰਟੀ ਵੀ ਇਨ੍ਹਾਂ ਮੁੱਦਿਆਂ ਉਤੇ ਕਾਂਗਰਸ ਖਿਲਾਫ ਕਿੱਲ੍ਹਦੀ ਨਜ਼ਰ ਆਈ ਹੈ। ਪੰਜਾਬ ਤੇ ਸਿੱਖਾਂ ਦੇ ਮਸਲਿਆਂ ਬਾਰੇ ਇਸ ਪਾਰਟੀ ਦੀ ਪਹੁੰਚ ਕਿਸੇ ਤੋਂ ਲੁਕੀ ਹੋਈ ਨਹੀਂ ਹੈ ਅਤੇ ਨਾ ਹੀ ਕਿਸੇ ਨੂੰ ਕੋਈ ਸ਼ੱਕ ਹੈ ਪਰ ਇਸ ਮਾਮਲੇ 'ਤੇ ਫਸੀ ਕਾਂਗਰਸ ਨੂੰ ਠਿੱਬੀ ਲਾਉਣ ਲਈ ਇਹ ਪਾਰਟੀ ਵੀ ਪਿੱਛੇ ਨਹੀਂ ਰਹੀ ਹੈ। ਕਾਂਗਰਸੀ ਤੇ ਅਕਾਲੀ ਆਗੂ ਇਕ-ਦੂਜੇ ਉਤੇ ਦੂਸ਼ਣਾਂ ਦੀ ਝੜੀ ਲਾ ਰਹੇ ਹਨ ਅਤੇ ਖੁਦ ਨੂੰ ਸੱਚੇ ਸਾਬਤ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ। ਇਸ ਤੋਂ ਪਹਿਲਾਂ ਸਾਕਾ ਨੀਲਾ ਤਾਰਾ ਦੀ ਕਥਿਤ ਯੋਜਨਾ ਵਿਚ ਬਰਤਾਨਵੀ ਸਰਕਾਰ ਦੀ ਭਾਈਵਾਲੀ ਦਾ ਮਾਮਲਾ ਜ਼ੋਰ ਫੜ ਚੁੱਕਿਆ ਸੀ। ਕੁੱਲ ਮਿਲਾ ਕੇ ਸ੍ਰੀ ਅਕਾਲ ਤਖਤ ਉਤੇ ਹਮਲੇ ਦਾ ਮੁੱਦਾ ਇਕ ਵਾਰ ਫਿਰ ਵੱਖ-ਵੱਖ ਪਾਰਟੀਆਂ ਅਤੇ ਮੀਡੀਆ ਵਲੋਂ ਵੱਡੇ ਪੱਧਰ ਉਤੇ ਉਭਾਰਿਆ ਗਿਆ ਹੈ। ਰਤਾ ਕੁ ਘੋਖ ਨਾਲ ਦੇਖਿਆ ਜਾਵੇ ਤਾਂ ਇਹ ਮੁੱਦਾ ਵਿਚਾਰਨ ਦੇ ਮਾਮਲੇ ਵਿਚ ਸਭ ਧਿਰਾਂ ਦੀ ਪਹੁੰਚ ਇਕਪਾਸੜ ਹੀ ਦਿਖਾਈ ਦਿੱਤੀ ਹੈ। ਇਸ ਮੁੱਦੇ ਨੂੰ ਸੰਜੀਦਾ ਢੰਗ ਨਾਲ ਵਿਚਾਰਨ ਅਤੇ ਇਸ ਨਾਲ ਜੁੜੇ ਸਾਰੇ ਪੱਖਾਂ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਿਸੇ ਨੇ ਵੀ ਨਹੀਂ ਕੀਤੀ। ਇਹੀ ਕਾਰਨ ਹੈ ਕਿ ਇਤਨਾ ਮਹੱਤਵਪੂਰਨ ਮੁੱਦਾ ਕੁਝ ਦਿਨਾਂ-ਹਫਤਿਆਂ ਦੀ ਜ਼ਬਰਦਸਤ ਉਥਲ-ਪੁਥਲ ਤੋਂ ਬਾਅਦ ਆਖਰਕਾਰ ਬਿਨਾਂ ਕਿਸੇ ਖਾਸ ਸਿੱਟੇ ਦੇ, ਫਿਰ ਓਹਲੇ ਹੋ ਜਾਂਦਾ ਹੈ। ਅਜੇ ਤੱਕ ਤਾਂ ਇਹ ਵੀ ਨਿਸ਼ਾਨਦੇਹੀ ਨਹੀਂ ਕੀਤੀ ਜਾ ਸਕੀ ਕਿ ਉਸ ਦੌਰ ਵਿਚ ਕਿਹੜੇ-ਕਿਹੜੇ ਆਗੂਆਂ ਜਾਂ ਪਾਰਟੀਆਂ ਦੀ ਕੋਤਾਹੀ ਕਾਰਨ ਹਾਲਾਤ ਆਖਰ ਕਿਸ ਤਰ੍ਹਾਂ ਪਲੀਤੇ ਵੱਲ ਖਿੱਚੇ ਗਏ, ਤੇ ਵਿੰਹਦਿਆਂ-ਵਿੰਹਦਿਆਂ ਹੱਥੋਂ ਵੀ ਨਿਕਲ ਗਏ। ਉਸ ਵੇਲੇ ਸ਼ੁਰੂ ਹੋਏ ਦੂਸ਼ਣਾਂ ਦਾ ਸਿਲਸਿਲਾ ਅੱਜ ਤੱਕ ਜਾਰੀ ਹੈ ਅਤੇ ਦੂਸ਼ਣਾਂ ਦੀ ਇਹ ਸਿਆਸਤ ਮਸਲੇ ਦੀ ਜੜ੍ਹ ਤੱਕ ਅਪੜਨ ਵਿਚ ਸਦਾ ਹੀ ਅੜਿੱਕਾ ਬਣਦੀ ਰਹੀ ਹੈ। ਇਨ੍ਹਾਂ ਸਾਰੇ ਹਾਲਾਤ ਦਾ ਸਭ ਤੋਂ ਵੱਧ ਲਾਹਾ, ਮੌਕੇ ਦਾ ਲਾਭ ਉਠਾਉਣ ਲਈ ਤਹੂ ਧਿਰਾਂ ਲੈਂਦੀਆਂ ਹਨ। ਅੱਜ ਕੱਲ੍ਹ ਜਿਸ ਤਰ੍ਹਾਂ ਦੀ ਬਿਆਨਬਾਜ਼ੀ ਨਿਤ ਦਿਨ ਸਾਹਮਣੇ ਆ ਰਹੀ ਹੈ, ਉਸ ਤੋਂ ਇਹੀ ਸਾਬਤ ਹੁੰਦਾ ਹੈ।

ਉਸ ਦੌਰ ਦੀ ਇਕ ਹਕੀਕਤ ਇਹ ਸੀ ਕਿ ਅਕਾਲੀ ਦਲ ਦੀ ਤਾਕਤ ਸਾਲ-ਦਰ-ਸਾਲ, ਲਗਾਤਾਰ ਵਧ ਰਹੀ ਸੀ ਅਤੇ ਕਾਂਗਰਸ ਅਕਾਲੀਆਂ ਦੀ ਇਸ ਚੜ੍ਹਤ ਤੋਂ ਡਾਢੀ ਔਖੀ ਸੀ। ਆਪਣੀ ਫਿਤਰਤ ਮੁਤਾਬਕ ਇਸ ਨੇ ਕੋਈ ਕੋਝੀ ਚਾਲ ਚੱਲਣੀ ਹੀ ਸੀ, ਇਹ ਤੈਅ ਹੀ ਸੀ। ਸੰਸਾਰ ਭਰ ਦਾ ਇਤਿਹਾਸ ਸੱਤਾਧਾਰੀਆਂ ਦੀਆਂ ਅਜਿਹੀ ਚਾਲਾਂ ਨਾਲ ਭਰਿਆ ਪਿਆ ਹੈ। ਕਾਂਗਰਸ ਦੀਆਂ ਇਨ੍ਹਾਂ ਚਾਲਾਂ ਦਾ ਮੁਕਾਬਲਾ ਇਕ ਜੁੱਟ ਤੇ ਇਕ ਜਾਨ ਹੋ ਕੇ, ਅਤੇ ਨਾਲ ਹੀ ਉਸ ਨਾਲੋਂ ਵੀ ਵੱਧ ਬੌਧਿਕ ਬੁਲੰਦੀ ਨਾਲ ਕਰਨਾ ਸਮੇਂ ਦੀ ਮੰਗ ਸੀ। ਕੋਝੀ ਸਿਆਸਤ ਨੂੰ ਹਰਾਉਣ ਲਈ ਹੋਰ ਕੋਈ ਤਰੀਕਾ ਅੱਜ ਤੱਕ ਈਜਾਦ ਨਹੀਂ ਹੋਇਆ। ਸਾਂਝੀ ਰਣਨੀਤੀ ਦੇ ਨਾਲ-ਨਾਲ ਮਿੱਤਰਾਂ ਅਤੇ ਦੁਸ਼ਮਣਾਂ ਦੀ ਸਹੀ ਨਿਸ਼ਾਨਦੇਹੀ ਨੇ ਹੀ ਸੱਤਾਧਾਰੀਆਂ ਨੂੰ ਚਿਤ ਕਰਨਾ ਸੀ ਪਰ ਉਸ ਵੇਲੇ ਦੇ ਦੌਰ ਉਤੇ ਤਰਦੀ ਜਿਹੀ ਨਿਗ੍ਹਾ ਮਾਰਦਿਆਂ ਵੀ ਐਨ ਸਪਸ਼ਟ ਹੋ ਜਾਂਦਾ ਹੈ ਕਿ ਸੱਤਾਧਾਰੀਆਂ ਖਿਲਾਫ ਲਾਮਬੰਦੀ ਦੀ ਰੂਪ-ਰੇਖਾ ਕਿੰਜ ਖੱਖੜੀਆਂ ਹੋ ਰਹੀ ਸੀ। ਸੱਤਾ ਧਿਰ ਨੇ ਇਸ ਕਮਜ਼ੋਰੀ ਦਾ ਹੀ ਸਭ ਤੋਂ ਵੱਧ ਫਾਇਦਾ ਉਠਾਇਆ ਅਤੇ ਆਹਮੋ-ਸਾਹਮਣੀ ਟੱਕਰ ਨੂੰ ਤਿਕੋਣੀ ਟੱਕਰ ਵਿਚ ਬਦਲ ਦਿੱਤਾ। ਉਸ ਵੇਲੇ ਦੀ ਖੁੰਝੀ ਅਕਾਲੀ ਸਿਆਸਤ ਅੱਜ ਤੱਕ ਪੈਰਾਂ ਸਿਰ ਨਹੀਂ ਹੋ ਸਕੀ। ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ ਭਾਵੇਂ ਇਕ ਵਾਰ ਨਹੀਂ, ਕਈ ਵਾਰ ਸੱਤਾ ਵਿਚ ਆ ਗਿਆ ਅਤੇ ਅੱਜ ਵੀ ਇਹ ਸੱਤਾ ਵਿਚ ਹੈ, ਪਰ ਸਿੱਖੀ ਦੇ ਸਰਬੱਤ ਦੇ ਭਲੇ ਵਾਲੇ ਸਿਧਾਂਤ ਨੂੰ ਇਹ ਦਲ ਚਿਰਾਂ ਦਾ ਤਿਲਾਂਜਲੀ ਦੇ ਚੁੱਕਾ ਹੈ। ਇਸ ਦਲ ਦੇ ਆਗੂਆਂ ਨੇ ਤਾਂ ਇਕ ਤਰ੍ਹਾਂ ਸਿਆਸਤ ਦਾ ਕਾਇਆ-ਕਲਪ ਹੀ ਕਰ ਦਿੱਤਾ ਹੈ। ਇਸ ਕਾਇਆ-ਕਲਪ ਵਿਚ ਇਨ੍ਹਾਂ ਆਗੂਆਂ ਅਤੇ ਇਨ੍ਹਾਂ ਦੇ ਚਹੇਤਿਆ ਦਾ ਕਾਇਆ-ਕਲਪ ਤਾਂ ਹੋਇਆ ਹੈ, ਪਰ ਸਿੱਖੀ ਅਤੇ ਪੰਜਾਬੀਅਤ ਨੂੰ ਜੋ ਢਾਹ ਲੱਗੀ ਹੈ, ਉਸ ਦੀ ਭਰਪਾਈ ਸ਼ਾਇਦ ਦਹਾਕਿਆਂ ਤੱਕ ਹੋਣੀ ਵੀ ਸੰਭਵ ਨਹੀਂ ਜਾਪ ਰਹੀ। ਜ਼ਾਹਿਰ ਹੈ ਕਿ ਚੋਣਾਂ ਜਿੱਤਣ ਦੀ ਸਿਆਸਤ ਨੇ ਸਿਆਸਤ ਦੇ ਅਸਲ ਮਕਸਦ ਨੂੰ ਲਾਂਭੇ ਕਰ ਨਿੱਜੀ ਹਿਤਾਂ ਵਾਲੇ ਮਾਮਲਿਆਂ ਨੂੰ ਤਰਜੀਹਾਂ ਦੇਣ ਲਈ ਰਾਹ ਖੋਲ੍ਹ ਦਿੱਤਾ ਹੈ। ਇਹ ਤੱਥ ਕਿਸੇ ਇਕ-ਅੱਧ ਧੜੇ ਜਾਂ ਸਿਰਫ ਸੱਤਾਧਾਰੀ ਧੜੇ ਉਤੇ ਹੀ ਨਹੀਂ ਢੁੱਕਦਾ, ਚੋਣ ਸਿਆਸਤ ਦੇ ਇਸ ਹਮਾਮ ਵਿਚ ਸਭ ਨੰਗੇ ਹਨ। ਇਨ੍ਹਾਂ ਧਿਰਾਂ ਤੋਂ ਔਖੇ ਹੋਏ ਲੋਕ ਬਦਲ ਲੱਭ ਰਹੇ ਹਨ ਪਰ ਲੱਭ ਨਹੀਂ ਰਿਹਾ। ਸ਼ਾਇਦ ਇਸੇ ਕਰ ਕੇ ਜਦੋਂ ਆਮ ਆਦਮੀ ਪਾਰਟੀ ਵਰਗੀ ਕੋਈ ਧਿਰ ਦੋ ਕਦਮ ਵੀ ਅਗਾਂਹ ਪੁੱਟਦੀ ਹੈ, ਤਾਂ ਲੋਕ ਆਪ-ਮੁਹਾਰੇ ਪਿਛੇ ਤੁਰਨ ਲਗਦੇ ਹਨ। ਹੋਰ ਧਿਰਾਂ ਅਤੇ ਇਨ੍ਹਾਂ ਦੀ ਗੈਰ-ਸੰਜੀਦਗੀ ਨੂੰ ਲੋਕ ਪਹਿਲਾਂ ਹੀ ਬਹੁਤ ਪਰਖ ਚੁੱਕੇ ਹਨ। ਪੰਜਾਬ ਵੀ ਇਸ ਤੋਂ ਵੱਖਰਾ ਨਹੀਂ। ਅੱਜ ਲੋੜ ਅਜਿਹੀਆਂ ਧਿਰਾਂ ਦੀ ਹੈ ਜਿਹੜੀਆਂ ਪੂਰੀ ਦਿਆਨਤਦਾਰੀ ਨਾਲ ਲੋਕਾਂ ਨਾਲ ਜੁੜੇ ਮਸਲਿਆਂ ਨੂੰ ਹੱਥ ਲੈਣ। ਇਸ ਸੂਰਤ ਵਿਚ ਫਿਰ ਮੁੱਖਧਾਰਾ ਵਾਲੀਆਂ ਪਾਰਟੀਆਂ ਉਨ੍ਹਾਂ ਨੂੰ ਚੋਣਾਂ ਦਾ ਖਾਜਾ ਵੀ ਨਹੀਂ ਬਣਾ ਸਕਣਗੀਆਂ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਸ਼ੀਲਾ ਤੋਰ ਦਿੱਤੀ ਘਰ ਦੇ ਰਾਹ ਮੀਆਂ*

ਦਿੱਲੀ ਤਖਤ ਲਈ ਭਖੀ ਏ ਰਾਜਨੀਤੀ, ਰੋਜ਼ ਨਵੀਆਂ ਨੀਤੀਆਂ ਘੜਨ ਲੱਗੇ।
ਮੋਦੀ ਚਾਹ ਕੱਪਾਂ ਦੀ ਲਾਈ ਝੜੀ ਐਸੀ, ਵੈਰੀ ਦੇਖ ਕੇ ਕੇਤਲੀਆਂ ਸੜਨ ਲੱਗੇ।
ਰਾਹੁਲ ਨੇ ਵੀ ਕੀਤੀ ਫਿਰ ਚਾਹ-ਨੀਤੀ, ਕਹਿੰਦਾ ਵਿਚ ਭੁਲੇਖੇ ਨਾ ਆ ਜਾਇਓ,
ਹੱਟੀ ਖੋਲ੍ਹ ਕੇ ਮੋਦੀ ਦੀ ਚਾਹ ਵਾਲੀ, ਫਿਰਕੂ ਸੋਚ ਨਾਲ ਲੜੀਆਂ ਨਾ ਜੋੜ ਜਾਇਓ।
ਦੋਵੇਂ ਸਮਝਦੇ ਲੋਕੀ ਸ਼ਰੀਫ ਬਹੁਤੇ, ਜੋ ਵੀ ਕਹਾਂਗੇ ਮੰਨੀ ਤਾਂ ਜਾਣਗੇ ਹੀ,
ਇਹ ਨਹੀਂ ਜਾਣਦੇ ਉਤਲੀ ਜਦ ਹੇਠ ਹੁੰਦੀ, ਲੋਕ ਕਿਸੇ ਨੂੰ ਫਿਰ ਪਛਾਣਦੇ ਨਹੀਂ।
ਪੁੱਛੋ ਦਿੱਲੀ ਦੇ ਲੋਕਾਂ ਨੂੰ ਕਿੰਜ ਕਰ ਕੇ, ਸ਼ੀਲਾ ਤੋਰ ਦਿੱਤੀ ਘਰ ਦੇ ਰਾਹ ਮੀਆਂ,
ਲੋਕਾਂ ਲੀਡਰਾਂ ਨੂੰ ਇਉਂ ਦਰਸਾ ਦਿੱਤਾ, ਪੈਂਦਾ ਹੁੰਦਾ ਏ ਸੋਟਾ ਠਾਹ ਮੀਆਂ।

# ਅਦਾਲਤਾਂ ਰਾਹੀਂ ਇਉਂ ਹੁੰਦੀ ਹੈ ਬੇਇਨਸਾਫੀ !

***ਮੁੱਖ ਮੰਤਰੀ ਨਰੇਂਦਰ ਮੋਦੀ ਨੇ 27 ਫਰਵਰੀ ਨੂੰ ਗੋਧਰਾ ਵਿਚ ਰੇਲ ਦਾ ਡੱਬਾ ਸੜਨ ਅਤੇ 59 ਲੋਕਾਂ ਦੇ ਮਾਰੇ ਜਾਣ ਤੋਂ ਬਾਅਦ ਉਚ ਅਧਿਕਾਰੀਆਂ ਦੀ ਮੀਟਿੰਗ ਕਰਦਿਆਂ ਕਿਹਾ ਸੀ ਕਿ ਹਿੰਦੂਆਂ ਨੂੰ ਮੁਸਲਾਮਾਨਾਂ ਖਿਲਾਫ਼ ਆਪਣਾ ਗੁੱਸਾ ਕੱਢਣ ਦੀ ਖੁੱਲ੍ਹ ਦਿੱਤੀ ਜਾਏ। ਕਿਹਾ ਜਾ ਰਿਹਾ ਹੈ ਕਿ ਸੁਪਰੀਮ ਕੋਰਟ ਵੱਲੋਂ ਸਥਾਪਤ ਵਿਸ਼ੇਸ਼ ਜਾਂਚ ਟੀਮ ਨੇ ਇਸ ਦੋਸ਼ ਨੂੰ ਰੱਦ ਕਰ ਦਿੱਤਾ ਹੈ, ਕਿਉਂਕਿ ਜਿਸ ਇਕੋ-ਇਕ ਆਦਮੀ ਸੰਜੀਵ ਭੱਟ (ਤਤਕਾਲੀ ਪੁਲਿਸ ਅਧਿਕਾਰੀ) ਨੇ ਮੋਦੀ ਵੱਲੋਂ ਕਹੀਆਂ ਉਕਤ ਗੱਲਾਂ ਨੂੰ ਕੰਨੀਂ ਸੁਣੇ ਹੋਣ ਦਾ ਦਾਅਵਾ ਕੀਤਾ, ਉਹ 9 ਸਾਲ ਤੱਕ ਖਾਮੋਸ਼ ਰਿਹਾ ਅਤੇ ਉਸ ਦੀ ਪਤਨੀ ਨੇ ਮੋਦੀ ਖਿਲਾਫ਼ ਚੋਣ ਵੀ ਲੜੀ ਸੀ। ਇਸ ਕਰ ਕੇ ਵਿਸ਼ੇਸ਼ ਜਾਂਚ ਟੀਮ ਨੇ ਉਸ ਨੂੰ ਭਰੋਸੇਯੋਗ ਗਵਾਹ ਨਹੀਂ ਮੰਨਿਆ।***

ਅਹਿਮਦਾਬਾਦ ਦੇ ਮੈਜਿਸਟਰੇਟ ਬੀ.ਜੀ. ਗਨਾਤਰਾ ਨੇ ਜ਼ਕੀਆ ਜਾਫ਼ਰੀ ਦੀ ਪਟੀਸ਼ਨ ਖਾਰਜ ਕਰਦਿਆਂ ਜਦੋਂ ਦਾ ਇਹ ਕਿਹਾ ਹੈ ਕਿ 2002 ਵਿਚ ਤਕਰੀਬਨ 2000 ਮੁਸਲਮਾਨਾਂ ਦੇ ਕਤਲੇਆਮ ਪਿਛਲੀ 'ਵਡੇਰੀ ਸਾਜ਼ਿਸ਼' ਦਾ ਮੁੱਖ ਮੰਤਰੀ ਨਰੇਂਦਰ ਮੋਦੀ ਹਿੱਸਾ ਨਹੀਂ ਸਨ, ਉਦੋਂ ਦਾ ਹੀ ਸੰਘ ਪਰਿਵਾਰ ਇਕ ਤਰ੍ਹਾਂ ਦੀ ਜੇਤੂ ਮੁਹਿੰਮ ਚਲਾ ਰਿਹਾ ਹੈ। ਇਸ ਨੇ 1984 ਵਿਚ ਹੋਏ ਸਿੱਖਾਂ ਦੇ ਕਤਲੇਆਮ ਦਾ ਮੁੱਦਾ ਉਠਾ ਕੇ ਕਾਂਗਰਸ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਹੈ ਪਰ 1984 ਦੇ ਕਤਲੇਆਮ ਨੂੰ ਰੋਕਣ ਵਿਚ ਕਾਂਗਰਸ ਦੀ

**ਪ੍ਰਫੁੱਲ ਬਿਦਵਈ**

ਅਸਫ਼ਲਤਾ ਕਾਰਨ ਨਰੇਂਦਰ ਮੋਦੀ ਦੋਸ਼ ਮੁਕਤ ਨਹੀਂ ਹੋ ਜਾਂਦੇ। 2002 ਦਾ ਕਤਲੇਆਮ ਆਪਣੇ-ਆਪ ਨਹੀਂ ਸੀ ਹੋਇਆ, ਸਗੋਂ ਉਸ ਨੂੰ ਭੜਕਾਇਆ ਗਿਆ ਸੀ। ਇਸ ਬਾਰੇ ਸਰਕਾਰੀ ਰਿਕਾਰਡਾਂ ਵਿਚ ਕਾਫੀ ਸਬੂਤ ਮੌਜੂਦ ਹਨ ਅਤੇ 30 ਤੋਂ ਵਧੇਰੇ ਕੌਮੀ ਅਤੇ ਕੌਮਾਂਤਰੀ ਜਾਂਚ ਕਮਿਸ਼ਨਾਂ ਦੀ ਜਾਂਚ ਦਾ ਰਿਕਾਰਡ ਇਹੀ ਕਹਿੰਦਾ ਹੈ। ਜਸਟਿਸ ਗਨਾਤਰਾ ਦੇ ਉਕਤ ਫ਼ੈਸਲੇ ਖਿਲਾਫ਼ ਸ੍ਰੀਮਤੀ ਜਾਫ਼ਰੀ ਵੱਲੋਂ ਕੀਤੀ ਗਈ ਅਪੀਲ 'ਤੇ ਅਜੇ ਸੁਣਵਾਈ ਹੋਣੀ ਹੈ ਪਰ ਇਸ ਦੌਰਾਨ ਮੀਡੀਆ ਵਿਚਲੇ ਕੁਝ ਲੇਖਾਂ ਰਾਹੀਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸ੍ਰੀ ਮੋਦੀ ਖਿਲਾਫ਼ ਕੋਈ ਕਾਨੂੰਨੀ ਕੇਸ ਨਹੀਂ ਰਿਹਾ। ਅਜਿਹਾ ਕਹਿਣ ਲਈ ਸਿਰਫ ਉਸ ਇਕੋ ਦੋਸ਼ ਨੂੰ ਆਧਾਰ ਬਣਾਇਆ ਗਿਆ ਹੈ ਜਿਸ ਮੁਤਾਬਿਕ ਸ੍ਰੀ ਮੋਦੀ ਨੇ 27 ਫਰਵਰੀ ਨੂੰ ਗੋਧਰਾ ਵਿਚ ਰੇਲ ਦਾ ਡੱਬਾ ਸੜਨ ਅਤੇ 59 ਲੋਕਾਂ ਦੇ ਮਾਰੇ ਜਾਣ ਤੋਂ ਬਾਅਦ ਉਚ ਅਧਿਕਾਰੀਆਂ ਦੀ ਮੀਟਿੰਗ ਕਰਦਿਆਂ ਕਿਹਾ ਸੀ ਕਿ ਹਿੰਦੂਆਂ ਨੂੰ ਮੁਸਲਾਮਾਨਾਂ ਖਿਲਾਫ਼ ਆਪਣਾ ਗੁੱਸਾ ਕੱਢਣ ਦੀ ਖੁੱਲ੍ਹ ਦਿੱਤੀ ਜਾਏ। ਕਿਹਾ ਜਾ ਰਿਹਾ ਹੈ ਕਿ ਸੁਪਰੀਮ ਕੋਰਟ ਵੱਲੋਂ ਸਥਾਪਤ ਵਿਸ਼ੇਸ਼ ਜਾਂਚ ਟੀਮ ਨੇ ਇਸ ਦੋਸ਼ ਨੂੰ ਰੱਦ ਕਰ ਦਿੱਤਾ ਹੈ, ਕਿਉਂਕਿ ਜਿਸ ਇਕੋ-ਇਕ ਆਦਮੀ ਸੰਜੀਵ ਭੱਟ (ਤਤਕਾਲੀ ਪੁਲਿਸ ਅਧਿਕਾਰੀ) ਨੇ ਮੋਦੀ ਵੱਲੋਂ ਕਹੀਆਂ ਉਕਤ ਗੱਲਾਂ ਨੂੰ ਕੰਨੀਂ ਸੁਣੇ ਹੋਣ ਦਾ ਦਾਅਵਾ ਕੀਤਾ, ਉਹ 9 ਸਾਲ ਤੱਕ ਖਾਮੋਸ਼ ਰਿਹਾ ਅਤੇ ਉਸ ਦੀ ਪਤਨੀ ਨੇ ਮੋਦੀ ਖਿਲਾਫ਼ ਚੋਣ ਵੀ ਲੜੀ ਸੀ। ਇਸ ਕਰ ਕੇ ਵਿਸ਼ੇਸ਼ ਜਾਂਚ ਟੀਮ ਨੇ ਉਸ ਨੂੰ ਭਰੋਸੇਯੋਗ ਗਵਾਹ ਨਹੀਂ ਮੰਨਿਆ ਪਰ ਅਹਿਮ ਗੱਲ ਇਹ ਹੈ ਕਿ ਸੁਪਰੀਮ ਕੋਰਟ ਇਸ ਰਿਪੋਰਟ ਤੋਂ ਸੰਤੁਸ਼ਟ ਨਹੀਂ ਸੀ। ਇਸ ਲਈ ਨਿਵੇਕਲਾ ਕਦਮ ਉਠਾਉਂਦਿਆਂ ਵਕੀਲ ਰਾਜੂ ਰਾਮਚੰਦਰਨ ਦੀ ਨਿਯੁਕਤੀ ਕੀਤੀ ਗਈ ਕਿ ਉਹ ਵਿਸ਼ੇਸ਼ ਜਾਂਚ ਟੀਮ ਵੱਲੋਂ ਇਕੱਤਰ ਸਬੂਤਾਂ ਦਾ ਆਜ਼ਾਦਾਨਾ ਤੌਰ 'ਤੇ ਮੁਲੰਕਣ ਕਰਨ ਜਿਸ ਤੋਂ ਬਾਅਦ ਸ੍ਰੀ ਰਾਮਾਚੰਦਰਨ ਨੇ ਸਿਫ਼ਾਰਸ਼ ਕੀਤੀ ਕਿ ਭੱਟ ਦੀ ਗਵਾਹੀ 'ਤੇ ਜਿਰ੍ਹਾ ਹੋਣੀ ਚਾਹੀਦੀ ਹੈ ਅਤੇ ਮੋਦੀ ਵੱਲੋਂ 27 ਫਰਵਰੀ ਤੋਂ ਬਾਅਦ ਦਿੱਤੇ ਗਏ ਨਫ਼ਰਤ ਪੂਰਨ ਭਾਸ਼ਨਾਂ ਅਤੇ ਹੋਰ ਗ਼ੈਰ-ਕਾਨੂੰਨੀ ਕਾਰਵਾਈਆਂ ਕਾਰਨ ਉਨ੍ਹਾਂ ਖਿਲਾਫ਼ ਗ਼ੈਰ-ਕਾਨੂੰਨੀ ਧਾਰਾ 153 ਏ ਅਤੇ 153 ਬੀ ਅਤੇ 166 ਅਧੀਨ ਕੇਸ ਚਲਾਇਆ ਜਾਣਾ ਚਾਹੀਦਾ ਹੈ। ਜਸਟਿਸ ਗਨਾਤਰਾ ਵੱਲੋਂ ਉਕਤ ਸਿਫਾਰਸ਼ ਨੂੰ ਰੱਦ ਕਰ ਦਿੱਤਾ ਗਿਆ। ਸ੍ਰੀਮਤੀ ਜਾਫਰੀ ਦੀ ਪਟੀਸ਼ਨ ਸਿਰਫ 27 ਫਰਵਰੀ ਨੂੰ ਹੋਣ ਵਾਲੀ ਅਧਿਕਾਰੀਆਂ ਦੀ ਮੀਟਿੰਗ ਤੱਕ ਹੀ ਸੀਮਤ ਨਹੀਂ ਸੀ। ਇਸ ਵਿਚ ਕਈ ਹੋਰ ਵੀ ਗੱਲਾਂ ਦਾ ਜ਼ਿਕਰ ਕੀਤਾ ਗਿਆ, ਜਿਵੇਂ ਗੋਧਰਾ ਘਟਨਾ ਦੇ ਪੀੜਤਾਂ ਦੀਆਂ ਲਾਸ਼ਾਂ ਅਹਿਮਦਾਬਾਦ ਲਿਆਉਣ ਦਾ ਫ਼ੈਸਲਾ, ਇਹ ਲਾਸ਼ਾਂ ਹਿੰਦੂਤਵਵਾਦੀ ਕਾਰਕੁਨਾਂ ਦੇ ਹਵਾਲੇ ਕਰਨੀਆਂ ਜਿਨ੍ਹਾਂ ਵੱਲੋਂ ਲਾਸ਼ਾਂ ਨਾਲ ਮਾਰਚ ਕੀਤਾ ਗਿਆ, ਖੁਫੀਆ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰਨਾ, ਖੂਨ ਦੀਆਂ ਤਿਹਾਈਆਂ ਭੀੜਾਂ ਇਕੱਠੇ ਹੋਣ ਦੇਣਾ, ਫਾਇਰ ਬ੍ਰਿਗੇਡ ਨੂੰ ਪ੍ਰਭਾਵਹੀਣ ਕਰਨਾ, ਸੰਘ ਪਰਿਵਾਰ ਨਾਲ ਜੁੜੇ ਕਾਰਕੁਨਾਂ ਨੂੰ ਹਥਿਆਰ ਇਕੱਠੇ ਕਰਨ ਦੀ ਆਗਿਆ ਦੇਣਾ ਅਤੇ ਲਾਗਾਤਾਰ ਕਤਲੇਆਮ ਯਕੀਨੀ ਬਣਾਉਣ ਲਈ ਪੁਲਿਸ ਕੰਟਰੋਲ ਰੂਮਾਂ ਤੇ ਮੰਤਰੀਆਂ ਦੀ ਨਿਯੁਕਤੀ ਆਦਿ; ਪਰ ਇਸ ਦੇ ਬਾਵਜੂਦ ਸ੍ਰੀ ਗਨਾਤਰਾ ਨੇ ਇਨ੍ਹਾਂ ਸਾਰੇ ਤੱਥਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਅਤੇ ਦੰਗਿਆਂ ਨੂੰ ਆਪੇ ਭੜਕੇ ਕਰਾਰ ਦਿੱਤਾ। ਦੂਜੇ ਪਾਸੇ, ਇਕ ਖੋਜਕਰਤਾ ਨੇ ਬਹੁਤ ਸਾਰੇ 'ਪ੍ਰੇਰਕ ਤੱਥਾਂ' ਤੋਂ ਪਰਦਾ ਚੁੱਕਦਿਆਂ ਸਾਬਤ ਕੀਤਾ ਹੈ ਕਿ ਦੰਗੇ ਆਪਣੇ-



ਆਪ ਨਹੀਂ ਭੜਕੇ ਸਨ। ਸਭ ਤੋਂ ਭਿਆਨਕ ਹਿੰਸਾ ਉਨ੍ਹਾਂ ਖੇਤਰਾਂ ਵਿਚ ਨਹੀਂ ਵਾਪਰੀ ਜਿਥੇ ਭਾਜਪਾ ਮਜ਼ਬੂਤ ਸੀ ਜਾਂ ਫਿਰ ਬਹੁਤ ਕਮਜ਼ੋਰ ਸੀ, ਸਗੋਂ ਉਥੇ ਹੀ ਵਾਪਰੀ ਜਿਥੇ ਇਸ ਨੂੰ ਸਖ਼ਤ ਚੋਣ ਮੁਕਾਬਲੇ ਦਾ ਸਾਹਮਣਾ ਕਰਨਾ ਪੈਂਦਾ ਸੀ। ਸ੍ਰੀ ਗਨਾਤਰਾ ਨੇ ਆਪਣੇ ਫ਼ੈਸਲੇ ਵਿਚ ਇਹ ਵੀ ਕਿਹਾ ਕਿ 'ਨਸਲੀ ਸਫ਼ਾਇਆ' ਅਤੇ 'ਨਸਲਕੁਸ਼ੀ' ਆਦਿ 'ਵਿਦੇਸ਼ੀ' ਸ਼ਬਦ ਹਨ ਅਤੇ ਗੁਜਰਾਤ ਦੇ ਮਾਮਲੇ ਵਿਚ ਲਾਗੂ ਨਹੀਂ ਹੁੰਦੇ।

ਇਹ ਫ਼ੈਸਲਾ ਭਾਰਤੀ ਨਿਆਂਇਕ ਇਤਿਹਾਸ ਵਿਚ ਇਕ 'ਕਾਲੇ ਧੱਬੇ' ਵਾਂਗ ਹੈ। ਇਸ ਤੋਂ ਜਾਪਦਾ ਹੈ ਕਿ ਗੁਜਰਾਤ ਦੀ ਨਿਆਂਪਾਲਿਕਾ ਨੂੰ ਖੋਰਾ ਲੱਗ ਗਿਆ ਹੈ ਅਤੇ ਇਸ ਦਾ ਫ਼ਿਰਕੂਕਰਨ ਵੀ ਹੋ ਗਿਆ ਹੈ। ਇਹ ਫ਼ੈਸਲਾ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ 2002 ਦੀ ਰਿਪੋਰਟ ਦੇ ਬਿਲਕੁਲ ਉਲਟ ਹੈ। ਇਸ ਰਿਪੋਰਟ ਵਿਚ ਕਿਹਾ ਗਿਆ ਸੀ ਕਿ 'ਗੁਜਰਾਤੀ ਨਾਗਰਿਕਾਂ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਦੇ ਕੰਮ ਵਿਚ ਵਿਆਪਕ ਅਸਫਲਤਾ ਵੇਖਣ ਨੂੰ ਮਿਲੀ ਹੈ।' ਸੁਪਰੀਮ ਕੋਰਟ ਨੇ ਵੀ ਮੋਦੀ ਸਰਕਾਰ 'ਤੇ ਅਪਰਾਧਕ ਲਾਪਰਵਾਹੀ ਦੇ ਦੋਸ਼ ਲਾਉਂਦਿਆਂ ਕਿਹਾ ਸੀ ਕਿ 'ਗੁਜਰਾਤ ਸੜਦਾ ਰਿਹਾ ਜਦੋਂ ਕਿ ਇਸ ਵਿਚਲੇ ਨੀਰੋ ਬੰਸਰੀ ਵਜਾਉਂਦੇ ਰਹੇ।' ਯਾਦ ਰਹੇ ਕਿ ਦੰਗਿਆਂ ਨਾਲ ਜੁੜੇ ਬਹੁਤ ਸਾਰੇ ਕੇਸ ਸੁਣਵਾਈ ਲਈ ਮਹਾਰਾਸ਼ਟਰ ਵਿਚ ਤਬਦੀਲ ਕਰ ਦਿੱਤੇ ਗਏ ਸਨ।

ਉਸ ਤੋਂ ਬਾਅਦ ਹੁਣ ਤੱਕ ਵੀ ਸ੍ਰੀ ਮੋਦੀ ਨੇ ਗੁਜਰਾਤ ਵਿਚ ਹੋਏ ਕਤਲੇਆਮ ਪ੍ਰਤੀ ਕਦੇ ਪਛਤਾਵਾ ਜ਼ਾਹਰ ਨਹੀਂ ਕੀਤਾ, ਜਦੋਂ ਕਿ ਦੰਗਿਆਂ ਦੇ ਪੀੜਤਾਂ ਦਾ ਸੰਤਾਪ ਕਦੇ ਖ਼ਤਮ ਹੋਣ ਵਾਲਾ ਨਹੀਂ ਅਤੇ ਇਨ੍ਹਾਂ ਦੰਗਿਆਂ ਕਾਰਨ ਲੋਕਾਂ ਦੇ ਵਿਸ਼ਵਾਸ ਨੂੰ, ਨਿਆਇਕ ਪ੍ਰਬੰਧ ਪ੍ਰਤੀ ਉਨ੍ਹਾਂ ਦੇ ਨਿਹਚੇ ਨੂੰ ਅਤੇ ਭਾਰਤ ਦੀ ਕੌਮਾਂਤਰੀ ਭਰੋਸੇਯੋਗਤਾ ਨੂੰ ਵੱਡਾ ਖੋਰਾ ਲੱਗਾ ਹੈ। ਦੂਜੇ ਪਾਸੇ ਗੁਜਰਾਤ ਕਾਂਗਰਸ ਇਸ ਮੁੱਦੇ 'ਤੇ ਨਰੇਂਦਰ ਮੋਦੀ ਨੂੰ ਘੇਰਨ ਵਿਚ ਪੂਰੀ ਤਰ੍ਹਾਂ ਅਸਫਲ ਰਹੀ। ਇਹ ਕੰਮ ਧਰਮ-ਨਿਰਪੱਖ ਕਾਰਕੁਨਾਂ ਅਤੇ ਗ਼ੈਰ-ਸਰਕਾਰੀ ਸੰਗਠਨਾਂ 'ਤੇ ਛੱਡ ਦਿੱਤਾ ਗਿਆ। ਅਜਿਹਾ ਵਤੀਰਾ ਬਦਲਣਾ ਚਾਹੀਦਾ ਹੈ। ਭਾਜਪਾ ਦੀ 'ਬੀ ਟੀਮ' ਵਜੋਂ ਵਿਚਰ ਕੇ ਕਾਂਗਰਸ ਦਾ ਕੋਈ ਭਵਿਖ ਨਹੀਂ ਹੋ ਸਕਦਾ। ਉਮੀਦ ਕੀਤੀ ਜਾਂਦੀ ਹੈ ਕਿ ਕਾਂਗਰਸ ਹਾਲ ਹੀ ਵਿਚ ਸੋਨੀਆ ਗਾਂਧੀ ਵੱਲੋਂ ਭਾਜਪਾ 'ਤੇ ਲਾਏ ਗਏ 'ਜ਼ਹਿਰ ਦੀ ਖੇਤੀ ਕਰਨ' ਦੇ ਦੋਸ਼ ਵਾਲੀ ਪਹੁੰਚ ਨੂੰ ਗੰਭੀਰਤਾ ਨਾਲ ਅੱਗੇ ਵਧਾਏਗੀ। ਉਂਝ ਜਾਪਦਾ ਹੈ ਕਿ ਇਹ ਪਹੁੰਚ ਵੀ 11 ਖੱਬੇ-ਪੱਖੀ ਅਤੇ ਖੇਤਰੀ ਪਾਰਟੀਆਂ ਦੇ ਨਵੇਂ ਉੱਭਰੇ ਫ਼ਿਰਕਾਪ੍ਰਸਤੀ ਵਿਰੋਧੀ ਮੁਹਾਜ਼ ਕਾਰਨ ਪੈਦਾ ਹੋਏ ਦਬਾਅ ਕਰ ਕੇ ਹੀ ਅਪਣਾਈ ਗਈ ਹੈ। ਆਉਂਦੀਆਂ ਚੋਣਾਂ ਵਿਚ ਕਾਂਗਰਸ ਹਾਰਦੀ ਨਜ਼ਰ ਆ ਰਹੀ ਹੈ। ਚੋਣ ਸਰਵੇਖਣਕਾਰਾਂ ਮੁਤਾਬਿਕ ਇਸ ਦੀਆਂ ਲੋਕ ਸਭਾ ਸੀਟਾਂ ਦੀ ਗਿਣਤੀ 206 ਤੋਂ ਘਟ ਕੇ 100 ਤੱਕ ਸਿਮਟ ਸਕਦੀ ਹੈ। ਐਮਰਜੈਂਸੀ ਤੋਂ ਬਾਅਦ ਵੀ ਕਾਂਗਰਸ ਦੀ ਅਜਿਹੀ ਮਾੜੀ ਕਾਰਗੁਜ਼ਾਰੀ ਨਹੀਂ ਸੀ ਰਹੀ, ਜਦੋਂ ਦੇਸ਼ ਵਿਚ ਇਸ ਵਿਰੁੱਧ ਮੁਕੰਮਲ ਲਹਿਰ ਸੀ। ਉਦੋਂ ਵੀ ਪਾਰਟੀ ਦੱਖਣੀ ਸੂਬਿਆਂ ਦੀ ਬਦੌਲਤ 154 ਸੀਟਾਂ ਹਾਸਲ ਕਰ ਗਈ ਸੀ। 1999 ਵਿਚ ਜ਼ਰੂਰ ਇਸ ਦੀਆਂ ਸੀਟਾਂ ਦੀ ਗਿਣਤੀ ਘਟ ਕੇ 114 ਰਹਿ ਗਈ ਸੀ। ਮੌਜੂਦਾ ਸਮੇਂ ਕਾਂਗਰਸ ਤਾਂ ਹੀ ਨੁਕਸਾਨ ਦੀ ਭਰਪਾਈ ਕਰ ਸਕਦੀ ਹੈ, ਜੇ ਪਾਰਟੀ ਇਹ ਭਰਮ ਤਿਆਗ ਦੇਵੇ ਕਿ ਨਹਿਰੂ-ਗਾਂਧੀ ਘਰਾਣਾ ਹੀ ਇਸ ਦਾ ਬਚਾਅ ਕਰ ਸਕਦਾ ਹੈ। ਹੁਣ ਅਜਿਹਾ ਨਹੀਂ ਹੋ ਹੋਵੇਗਾ। ਉਹ ਯੁੱਗ ਖ਼ਤਮ ਹੋ ਚੁੱਕਾ ਹੈ। ਪਾਰਟੀ ਲਈ ਚੰਗਾ ਇਹੀ ਹੈ ਕਿ ਰਾਹੁਲ ਗਾਂਧੀ ਦਲੇਰੀ ਭਰੀ ਪਹਿਲਕਦਮੀ ਕਰਦਿਆਂ ਐਲਾਨ ਕਰਨ ਕਿ ਅਗਲੀਆਂ ਚੋਣਾਂ ਵਿਚ ਪਰਿਵਾਰ ਪਾਰਟੀ ਦੀ ਅਗਵਾਈ ਨਹੀਂ ਕਰੇਗਾ ਅਤੇ ਇਕ ਵਿਆਪਕ ਆਧਾਰ ਵਾਲੀ ਚੋਣ ਪ੍ਰਚਾਰ ਟੀਮ ਬਣਾਈ ਜਾਵੇਗੀ।

ਦੂਜੀ ਗੱਲ ਇਹ ਹੈ ਕਿ ਕਾਂਗਰਸ ਖ਼ੁਦ ਨੂੰ ਉਨ੍ਹਾਂ ਆਰਥਿਕ ਨੀਤੀਆਂ ਤੋਂ ਵੱਖ ਕਰੇ ਜੋ ਹੁਣ ਤੱਕ ਮਨਮੋਹਨ ਸਿੰਘ-ਮੌਨਟੇਕ ਸਿੰਘ ਆਹਲੂਵਾਲੀਆ-ਪੀ. ਚਿਦੰਬਰਮ-ਰਘੂਰਾਮ ਰਾਜਨ ਟੋਲੀ ਵੱਲੋਂ ਅੱਗੇ ਵਧਾਈਆਂ ਗਈਆਂ ਹਨ। ਇਸ ਨੂੰ 'ਮੁਆਵਜ਼ੇ ਵਾਲੇ ਨਵਉਦਾਰਵਾਦ' ਦੀ ਪਹੁੰਚ ਤਿਆਗਣੀ ਹੋਵੇਗੀ। ਹੁਣ ਤੱਕ ਇਹੀ ਕੀਤਾ ਗਿਆ ਹੈ ਕਿ ਵਪਾਰ ਪੱਖੀ ਨੀਤੀਆਂ ਦੇ ਸਾਰੇ ਮਾੜੇ ਪ੍ਰਭਾਵਾਂ ਦਾ ਮੁਆਵਜ਼ਾ 'ਨਰੇਗਾ' ਜਾਂ ਸਿੱਖਿਆ ਅਧਿਕਾਰ ਐਕਟ ਵਰਗੇ ਕਦਮਾਂ ਰਾਹੀਂ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

# ਅਤਿਵਾਦ ਨੇ ਢਾਹ ਲਿਆ ਹੈ ਪਾਕਿਸਤਾਨ

**ਦੇਸ-ਪਰਦੇਸ**

**ਪਾਕਿਸਤਾਨ ਦੀ ਸਿਆਸੀ ਲੀਡਰਸ਼ਿਪ ਬਿਲਕੁਲ ਭੰਬਲਭੂਸੇ ਵਿਚ ਹੈ। ਇਸ ਨੂੰ ਸਮਝ ਹੀ ਨਹੀਂ ਆ ਰਹੀ ਕਿ ਇਸ ਮੁਲਕ ਨੂੰ ਕਿਵੇਂ ਚਲਾਇਆ ਜਾਏ? ਇਸ ਤੋਂ ਵੀ ਵੱਡਾ ਇਹ ਮਸਲਾ ਹੈ ਕਿ ਇਸ ਮੁਲਕ ਨੂੰ ਅਤਿਵਾਦ ਦੇ ਨਰਕ ਵਿਚੋਂ ਕਿਵੇਂ ਕੱਢਿਆ ਜਾਏ। ਪਾਕਿਸਤਾਨ ਨੂੰ ਇਸ ਦੇ ਹੁਕਮਰਾਨਾਂ ਅਜਿਹਾ ਮੁਲਕ ਬਣਾ ਦਿੱਤਾ ਹੈ ਜਿਸ ਦੀ ਕੋਈ ਮੰਜ਼ਿਲ ਹੀ ਨਹੀਂ ਹੈ। ਪਾਕਿਸਤਾਨੀ ਲੋਕ ਆਪਣੇ ਮੁਲਕੀ ਲੀਡਰਾਂ ਤੋਂ ਸਖ਼ਤ ਮਾਯੂਸ ਹਨ, ਕਿਉਂਕਿ ਇਨ੍ਹਾਂ ਦੇ ਹੱਥੋਂ ਮੁਲਕ ਦਾ ਸਾਰਾ ਸੁਰੱਖਿਆ ਪ੍ਰਬੰਧ ਅਤੇ ਸਿਆਸੀ, ਮਾਲੀ, ਕਾਰੋਬਾਰੀ, ਤਾਲੀਮੀ ਅਦਾਰੇ ਸਿਥਲ ਹੋ ਚੁੱਕੇ ਹਨ।ਪਾਕਿਸਤਾਨ ਅੰਦਰ 69 ਤੋਂ ਵਧ ਦਹਿਸ਼ਤਗਰਦ ਜਥੇਬੰਦੀਆਂ ਇਨਸਾਨੀ ਖੂਨ ਨਾਲ ਹੋਲੀ ਖੇਡ ਰਹੀਆਂ ਹਨ। ਫ਼ੌਜ ਦੇ ਜਿਨ੍ਹਾਂ ਅਫਸਰਾਂ ਤੇ ਜਵਾਨਾਂ ਨੂੰ ਪਾਕਿਸਤਾਨ ਤਹਿਰੀਕ-ਏ-ਤਾਲਿਬਾਨ ਜਾਂ ਦੂਜੀਆਂ ਅਤਿਵਾਦੀ ਤਨਜ਼ੀਮਾਂ ਫੜ ਲੈਂਦੀਆਂ ਹਨ, ਇਨ੍ਹਾਂ ਦੇ ਵਾਰੋ-ਵਾਰੀ ਸਿਰ ਲਾਹ ਦਿੱਤੇ ਜਾਂਦੇ ਹਨ।**

ਹਿੰਦੁਸਤਾਨ ਦੀ ਵੰਡ ਕਰ ਕੇ ਇਕ ਨਵਾਂ ਮੁਲਕ ਪਾਕਿਸਤਾਨ ਬਣਾਉਣ ਵਾਲਿਆਂ ਨੇ ਹੋ ਸਕਦਾ ਹੈ ਕਿ ਇਹ ਮੁਲਕ ਸੱਚੇ-ਸੁੱਚੇ ਜਜ਼ਬਾਤ ਨਾਲ ਬਣਾਇਆ ਹੋਵੇ ਪਰ ਜਾਪਦਾ ਹੈ ਕਿ ਇਸਲਾਮ ਦੇ ਨਾਂ 'ਤੇ ਇਸ ਖਿੱਤੇ ਦੇ ਬਹੁ-ਗਿਣਤੀ ਮੁਸਲਮਾਨਾਂ ਨਾਲ ਬਹੁਤ ਵੱਡਾ ਧੋਖਾ ਹੋ ਗਿਆ ਹੈ। ਇਸ ਮੁਲਕ ਦੇ ਗ਼ਰੀਬਾਂ ਦੇ ਸਦਾ ਦਾ ਰੋਣਾ ਪੱਲੇ ਪੈ ਗਿਆ ਹੈ। ਇਸਲਾਮ ਦੇ ਨਾਂ ਹੇਠ ਬਣਾਇਆ ਗਿਆ ਇਹ ਮੁਲਕ ਜਿਸ ਦਾ ਮੈਂ ਤੇ ਮੇਰਾ ਮੁਹਾਜਰ ਪਰਿਵਾਰ ਵੀ ਵਸਨੀਕ ਹੈ; ਦਰਅਸਲ ਵਡੇਰਿਆਂ, ਜਗੀਰਦਾਰਾਂ, ਸਰਦਾਰਾਂ ਤੇ ਆਪਣੇ ਹੀ ਘੜੇ ਹੋਏ ਇਸਲਾਮ ਦੇ ਠੇਕੇਦਾਰਾਂ

**ਤਾਹਿਰ ਮਹਿਮੂਦ**
**ਪਾਕਿਸਤਾਨ ਤੋਂ**

ਦੇ ਕਬਜ਼ੇ ਹੇਠ ਆ ਗਿਆ ਹੈ। ਇਸ ਮੁਲਕ ਵਿਚ ਵਸਦੇ ਸਭ ਗ਼ਰੀਬਾਂ ਨੂੰ ਇਮਾਨ ਦੀ ਹੱਦ ਤੱਕ ਯਕੀਨ ਹੋ ਗਿਆ ਹੈ ਕਿ ਇਹ ਮੁਲਕ ਗ਼ਰੀਬਾਂ ਲਈ ਬਣਾਇਆ ਹੀ ਨਹੀਂ ਗਿਆ। ਆਮ ਲੋਕਾਂ ਦੀ ਜ਼ਿੰਦਗੀ 'ਚ ਸਹੂਲਤਾਂ, ਰੋਜ਼ੀ-ਰੋਟੀ, ਅਮਨ-ਖ਼ੁਸ਼ਹਾਲੀ ਦਾ ਇਥੇ ਸੁਪਨਾ ਦੇਖਣਾ ਵੀ ਜਿਹਨੀ ਪਾਗਲਪਨ ਹੈ।

ਪਾਕਿਸਤਾਨ ਦੀ ਸਿਆਸੀ ਲੀਡਰਸ਼ਿਪ ਬਿਲਕੁਲ ਭੰਬਲਭੂਸੇ ਵਿਚ ਹੈ। ਇਸ ਨੂੰ ਸਮਝ ਹੀ ਨਹੀਂ ਆ ਰਹੀ ਕਿ ਇਸ ਮੁਲਕ ਨੂੰ ਕਿਵੇਂ ਚਲਾਇਆ ਜਾਏ? ਇਸ ਤੋਂ ਵੀ ਵੱਡਾ ਇਹ ਮਸਲਾ ਹੈ ਕਿ ਇਸ ਮੁਲਕ ਨੂੰ ਅਤਿਵਾਦ ਦੇ ਨਰਕ ਵਿਚੋਂ ਕਿਵੇਂ ਕੱਢਿਆ ਜਾਏ। ਪਾਕਿਸਤਾਨ ਨੂੰ ਇਸ ਦੇ ਹੁਕਮਰਾਨਾਂ ਅਜਿਹਾ ਮੁਲਕ ਬਣਾ ਦਿੱਤਾ ਹੈ ਜਿਸ ਦੀ ਕੋਈ ਮੰਜ਼ਿਲ ਹੀ ਨਹੀਂ ਹੈ। ਪਾਕਿਸਤਾਨੀ ਲੋਕ ਆਪਣੇ ਮੁਲਕੀ ਲੀਡਰਾਂ ਤੋਂ ਸਖ਼ਤ ਮਾਯੂਸ ਹਨ, ਕਿਉਂਕਿ ਇਨ੍ਹਾਂ ਦੇ ਹੱਥੋਂ ਮੁਲਕ ਦਾ ਸਾਰਾ ਸੁਰੱਖਿਆ ਪ੍ਰਬੰਧ ਅਤੇ ਸਿਆਸੀ, ਮਾਲੀ, ਕਾਰੋਬਾਰੀ, ਤਾਲੀਮੀ ਅਦਾਰੇ ਸਿਥਲ ਹੋ ਚੁੱਕੇ ਹਨ। ਪਾਕਿਸਤਾਨ ਦੇ ਬਹੁ-ਗਿਣਤੀ ਅਮਨ-ਪਸੰਦ ਲੋਕ ਸਖ਼ਤ ਸਦਮੇ ਤੇ ਖ਼ੌਫ ਦੀ ਹਾਲਤ ਵਿਚ ਆ ਗਏ ਹਨ, ਕਿਉਂਕਿ ਮੁਲਕ ਦੇ ਸੁਰੱਖਿਆ ਅਦਾਰੇ (ਸਿਵਲ ਤੇ ਫ਼ੌਜੀ) ਸੂਹੀਆ ਏਜੰਸੀਆਂ, ਸ਼ਹਿਰ, ਵੱਡੀਆਂ ਮਾਰਕੀਟਾਂ, ਹਸਪਤਾਲ, ਮਸਜਿਦਾਂ, ਮਜ਼ਾਰ ਅਤੇ ਘੱਟ-ਗਿਣਤੀ ਅਧਿਆਪਕ, ਵਿਦਿਆਰਥੀ, ਡਾਕਟਰ, ਇੰਜੀਨੀਅਰ ਮੁਲਕ ਦੇ ਵੱਡੇ ਪ੍ਰੋਜੈਕਟਾਂ 'ਤੇ ਕੰਮ ਕਰਨ ਵਾਲੇ ਗ਼ੈਰ-ਮੁਲਕੀ ਮਾਹਰ ਅਤੇ ਇਥੋਂ ਤੱਕ ਇਸਲਾਮਾਬਾਦ ਰਾਜਧਾਨੀ ਵੀ ਅਤਿਵਾਦੀਆਂ ਹੱਥੋਂ ਸੁਰੱਖਿਅਤ ਨਹੀਂ ਹੈ। ਹੁਣ ਤੱਕ 50 ਹਜ਼ਾਰ ਪਾਕਿਸਤਾਨੀ ਇਸ ਖ਼ੂਨੀ ਅਤਿਵਾਦ ਦਾ ਸ਼ਿਕਾਰ ਬਣ ਚੁੱਕੇ ਹਨ। 15 ਹਜ਼ਾਰ ਤੋਂ ਵੱਧ ਫ਼ੌਜੀ ਅਫਸਰ ਤੇ ਜਵਾਨ ਇਸ ਦਹਿਸ਼ਤਗਰਦੀ ਹੱਥੋਂ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਪਾਕਿਸਤਾਨ ਅੰਦਰ 69 ਤੋਂ ਵਧ ਦਹਿਸ਼ਤਗਰਦ ਜਥੇਬੰਦੀਆਂ ਇਨਸਾਨੀ ਖ਼ੂਨ ਨਾਲ ਹੋਲੀ ਖੇਡ ਰਹੀਆਂ ਹਨ। ਫ਼ੌਜ ਦੇ ਜਿਨ੍ਹਾਂ ਅਫ਼ਸਰਾਂ ਤੇ ਜਵਾਨਾਂ ਨੂੰ ਪਾਕਿਸਤਾਨ ਤਹਿਰੀਕ-ਏ-ਤਾਲਿਬਾਨ ਜਾਂ ਦੂਜੀਆਂ ਅਤਿਵਾਦੀ ਤਨਜ਼ੀਮਾਂ ਫੜ ਲੈਂਦੀਆਂ ਹਨ, ਇਨ੍ਹਾਂ ਦੇ ਵਾਰੋ-ਵਾਰੀ ਸਿਰ ਲਾਹ ਦਿੱਤੇ ਜਾਂਦੇ ਹਨ। 'ਕੱਲੇ-'ਕੱਲੇ ਨੂੰ ਲੰਮਿਆਂ ਪਾ ਕੇ ਇਨ੍ਹਾਂ ਦੇ ਹੱਥ-ਪੈਰ ਬੰਨ੍ਹ ਦਿੱਤੇ ਜਾਂਦੇ ਹਨ। ਬਾਕੀ ਫੜੇ ਗਏ ਸਾਰੇ ਦੇਖ ਰਹੇ ਹੁੰਦੇ ਹਨ ਤੇ ਇਕ ਦਾ ਸਿਰ ਲਾਹਿਆ ਜਾ ਰਿਹਾ ਹੁੰਦਾ ਹੈ। ਇੰਝ ਹੀ ਵਾਰੀ-ਵਾਰੀ ਇਕ-ਦੂਜੇ ਨੂੰ ਵਿਖਾ-ਵਿਖਾ ਕੇ ਸਭ ਦੇ ਸਿਰ ਧੜਾਂ ਤੋਂ ਵੱਖ ਕਰ ਦਿੱਤੇ ਜਾਂਦੇ ਹਨ।

ਪਿਛਲੇ ਸਾਲ ਪਿਸ਼ਾਵਰ ਦੇ ਮਸ਼ਹੂਰ ਕਿਸਾ ਖਾਲੀ ਬਾਜ਼ਾਰ 'ਚ ਕੇਵਲ 15 ਦਿਨ ਦੇ ਅੰਦਰ ਦੋ ਆਤਮਘਾਤੀ ਹਮਲੇ ਕੀਤੇ ਗਏ ਜਿਸ ਕਾਰਨ 100 ਤੋਂ ਵੱਧ ਲੋਕ ਭਖਦੀ ਹੋਈ ਸਵਾਹ 'ਚ ਬਦਲ ਗਏ। ਇਸ ਬਾਜ਼ਾਰ ਦੀਆਂ ਵੱਡੀਆਂ-ਛੋਟੀਆਂ ਸਭ ਦੁਕਾਨਾਂ ਮਿੱਟੀ ਦਾ ਢੇਰ ਬਣ ਗਈਆਂ। ਕਈ-ਕਈ ਮੰਜ਼ਿਲਾਂ ਪਲਾਜ਼ੇ ਢਹਿ-ਢੇਰੀ ਹੋ ਗਏ। ਇਸ ਬਾਜ਼ਾਰ 'ਚ ਕਾਰੋਬਾਰ ਕਰਨ ਵਾਲਿਆਂ 'ਤੇ ਕਿਆਮਤ ਗੁਜ਼ਰ ਗਈ। ਨਾ ਕਾਰੋਬਾਰ ਰਿਹਾ, ਨਾ ਦੁਕਾਨਾਂ ਰਹੀਆਂ, ਨਾ ਜ਼ਿੰਦਗੀ ਰਹੀ, ਤੇ ਨਾ ਬਾਕੀ ਅੱਧ ਮਰਿਆਂ ਨੂੰ ਜ਼ਿੰਦਗੀ ਦੀ ਆਸ ਰਹੀ। 1990 ਤੋਂ ਕਰਾਚੀ ਦਹਿਸ਼ਤਗਰਦਾਂ ਦੇ ਨਿਸ਼ਾਨੇ 'ਤੇ ਹੈ। ਕਰਾਚੀ ਕਾਰੋਬਾਰੀ ਲਿਹਾਜ਼ ਨਾਲ ਪਾਕਿਸਤਾਨ ਦੀ ਰੀੜ੍ਹ ਦੀ ਹੱਡੀ ਦੀ ਹੈਸੀਅਤ ਰੱਖਦਾ ਹੈ। ਇਹ ਪਾਕਿਸਤਾਨ ਦੀ ਇਕੋ-ਇਕ ਬੰਦਰਗਾਹ ਹੈ। ਇਸ ਸ਼ਹਿਰ 'ਚ ਰੋਜ਼ਾਨਾ ਦਰਜਨਾਂ ਲੋਕਾਂ ਨੂੰ 'ਟਾਰਗਟ ਕਿਲਰ' ਹਲਾਕ ਕਰ ਰਹੇ ਹਨ। ਨਾ ਮਾਰਨ ਵਾਲੇ ਨੂੰ ਪਤਾ ਹੈ ਕਿ ਮੈਂ ਕਿਉਂ ਮਾਰ ਰਿਹਾ ਹਾਂ, ਨਾ ਮਰਨ ਵਾਲੇ ਨੂੰ ਪਤਾ ਹੈ ਕਿ ਉਹਨੂੰ ਕੌਣ ਤੇ ਕਿਉਂ ਮਾਰ ਰਿਹਾ ਹੈ? ਅਗਵਾ/ਫਿਰੌਤੀ ਅਤੇ ਬੈਂਕ ਡਕੈਤੀਆਂ ਜ਼ੋਰਾਂ 'ਤੇ ਹਨ। ਇਸ ਸ਼ਹਿਰ ਦੀ ਹਰ ਸਿਆਸੀ ਪਾਰਟੀ ਨੇ ਆਪਣੀਆਂ ਦਹਿਸ਼ਤਗਰਦਾਂ ਦੀਆਂ ਜਥੇਬੰਦੀਆਂ



ਬਣਾਈਆਂ ਹੋਈਆਂ ਹਨ। ਇਨ੍ਹਾਂ ਜਥੇਬੰਦੀਆਂ ਦੇ ਅਤਿਵਾਦੀ ਸਿਆਸੀ ਜਮਾਤਾਂ ਦੇ ਲੀਡਰਾਂ ਦੇ ਹੁਕਮ 'ਤੇ ਟਾਰਗਟ ਕਿਲਿੰਗ ਕਰਦੇ ਹਨ। ਇਹ ਮੈਂ ਕੋਈ ਅਖ਼ਬਾਰ ਦੀ ਖ਼ਬਰ ਨਹੀਂ ਲਿਖ ਰਿਹਾ, ਬਲਕਿ ਪਾਕਿਸਤਾਨ ਦੀ ਸੁਪਰੀਮ ਕੋਰਟ ਦਾ ਲਿਖਿਆ ਫ਼ੈਸਲਾ ਦੱਸ ਰਿਹਾ ਹਾਂ। ਕਾਰੋਬਾਰੀ ਮਿੱਲ ਮਾਲਕਾਂ ਤੇ ਅਮੀਰ ਲੋਕਾਂ ਕੋਲੋਂ ਸਿਆਸੀ ਜਮਾਤਾਂ, ਤਾਲਿਬਾਨ ਤੇ ਡਕੈਤਾਂ ਦੇ ਜਥੇ ਭੱਤਾ (ਜਗ੍ਹਾ ਟੈਕਸ) ਲੈਂਦੇ ਹਨ। ਕੇਵਲ ਅਮੀਰਾਂ ਕੋਲੋਂ ਹੀ ਨਹੀਂ, ਬਲਕਿ ਰੇੜ੍ਹੀ ਲਾ ਕੇ ਸੌਦਾ ਵੇਚਣ ਵਾਲਿਆਂ ਕੋਲੋਂ ਵੀ ਭੱਤਾ ਲਿਆ ਜਾਂਦਾ ਹੈ। ਜਿਸ ਕੋਲੋਂ ਭੱਤਾ ਲੈਣਾ ਹੁੰਦਾ ਹੈ, ਉਸ ਦੇ ਘਰ ਪਹਿਲਾਂ ਚਿੱਠੀ ਭੇਜੀ ਜਾਂਦੀ ਹੈ। ਚਿੱਠੀ ਦੇ ਕਾਗਜ਼ 'ਚ ਗੰਨ ਦੀ ਇਕ ਗੋਲੀ ਵੀ ਲਪੇਟ ਕੇ ਭੇਜੀ ਜਾਂਦੀ ਹੈ ਕਿ ਭੱਤਾ ਦਿਓ; ਨਹੀਂ ਤਾਂ ਗੋਲੀ ਖਾਣ ਤੇ ਮੌਤ ਗਲ ਲਾਉਣ ਲਈ ਤਿਆਰ ਹੋ ਜਾਓ। ਭੱਤਾ ਨਾ ਦੇਣ ਦੀ ਸੂਰਤ ਵਿਚ ਜਿਸ ਕੋਲੋਂ ਭੱਤੇ ਦੀ ਮੰਗ ਕੀਤੀ ਹੋਵੇ, ਉਸ ਦੇ ਘਰ ਹੱਥ-ਬੰਬ ਸੁੱਟ ਦਿੱਤਾ ਜਾਂਦਾ ਹੈ। ਇਥੋਂ ਤੱਕ ਕਿ ਰਾਕੇਟ ਲਾਂਚਰ ਰਾਹੀਂ ਉਸ ਦੇ ਘਰ 'ਤੇ ਰਾਕੇਟ ਮਾਰੇ ਜਾਂਦੇ ਹਨ। ਜਦ ਫਿਰ ਵੀ ਭੱਤਾ ਦੇਣ ਵਾਲਾ ਨਹੀਂ ਮੰਨਦਾ ਤਾਂ ਉਸ ਨੂੰ ਹਲਾਕ ਕਰ ਦਿੱਤਾ ਜਾਂਦਾ ਹੈ। ਕਈ ਵਾਰੀ ਉਸ ਦਾ ਘਰ ਜਾਂ ਦੁਕਾਨ ਵੀ ਤਬਾਹ ਕਰ ਦਿੱਤੀ ਜਾਂਦੀ ਹੈ। ਕਰਾਚੀ ਦੇ ਸ਼ਹਿਰੀਆਂ ਕੋਲੋਂ ਹਰ ਮਹੀਨੇ ਤਿੰਨ ਅਰਬ ਰੁਪਏ ਤੋਂ ਵੀ ਵੱਧ ਜਗ੍ਹਾ-ਟੈਕਸ ਇਕੱਠਾ ਕਰ ਲਿਆ ਜਾਂਦਾ ਹੈ। ਅਮੀਰ ਲੋਕਾਂ ਨੂੰ ਅਗਵਾ ਕਰ ਕੇ ਇਹ ਦਹਿਸ਼ਤਗਰਦ ਕਾਰ ਵਿਚ ਸ਼ਹਿਰ ਅੰਦਰ ਘੁੰਮਦੇ ਰਹਿੰਦੇ ਹਨ। ਅਗਵਾ ਕੀਤੇ ਆਦਮੀ ਦੇ ਘਰ ਫੋਨ ਕਰ ਕੇ ਕਿਹਾ ਜਾਂਦਾ ਹੈ ਕਿ ਨੋਟ ਦੇ ਜਾਓ, ਤੇ ਆਪਣਾ ਬੰਦਾ ਲੈ ਜਾਓ। ਫਿਰੌਤੀ ਦਾ ਇਹ ਨਵਾਂ ਢੰਗ-ਤਰੀਕਾ ਕੇਵਲ ਪਾਕਿਸਤਾਨ ਵਿਚ ਹੀ ਵਰਤਿਆ ਜਾ ਰਿਹਾ ਹੈ। ਮੰਗੇ ਜਾਣ ਵਾਲੇ ਕਰੰਸੀ ਨੋਟ ਲੱਖਾਂ ਦੀ ਗਿਣਤੀ ਵਿਚ ਮੰਗੇ ਜਾਂਦੇ ਹਨ। ਜਦ ਘਰ ਵਾਲੇ ਰੁਪਏ ਲੈ ਕੇ ਦੱਸੀ ਹੋਈ ਥਾਂ 'ਤੇ ਪਹੁੰਚਦੇ ਹਨ ਤਾਂ ਫੜੇ ਹੋਏ ਬੰਦੇ ਨੂੰ ਕਾਰ ਵਿਚੋਂ ਕੱਢ ਕੇ ਵਾਰਸਾਂ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਫਿਰੌਤੀ ਦੀਆਂ ਵਾਰਦਾਤਾਂ ਵਿਚ ਕਈ ਪੁਲਿਸ ਅਫ਼ਸਰਾਂ ਤੇ ਸਮੁੰਦਰੀ ਫ਼ੌਜ (ਜਲ ਸੈਨਾ) ਦੀ ਸੂਹੀਆ ਏਜੰਸੀ ਦੇ ਕਈ ਮੁਲਾਜ਼ਮਾਂ ਦਾ ਵੀ ਹੱਥ ਹੈ। ਕਰਾਚੀ ਅੰਦਰ ਪੁਲਿਸ ਦੀ ਸਾਰੀ ਭਰਤੀ ਸਿਆਸੀ ਬੁਨਿਆਦਾਂ 'ਤੇ ਕੀਤੀ ਗਈ ਹੈ। ਸਾਰਾ ਕਰਾਚੀ ਦਹਿਸ਼ਤਗਰਦਾਂ ਦੇ ਨਿਸ਼ਾਨੇ 'ਤੇ ਹੈ। ਦਹਿਸ਼ਤਗਰਦਾਂ ਵੱਲੋਂ ਆਪਣੀ ਧਾਕ ਬਣਾਉਣ, ਲੋਕਾਂ 'ਚ ਖ਼ੌਫ਼ ਤੇ ਦਹਿਸ਼ਤ ਫੈਲਾਉਣ ਲਈ ਨਿਰਦੋਸ਼ ਤੇ ਆਮ ਲੋਕਾਂ ਨੂੰ ਅਗਵਾ ਕਰ ਲਿਆ ਜਾਂਦਾ ਹੈ। ਫਿਰ ਉਨ੍ਹਾਂ ਨੂੰ ਖ਼ੌਫ਼ਨਾਕ ਤਸੀਹੇ ਦੇ ਕੇ ਮਾਰ ਦਿੱਤਾ ਜਾਂਦਾ ਹੈ। ਦਹਿਸ਼ਤਗਰਦ ਵੀ ਮੁਸਲਮਾਨ, ਦਹਿਸ਼ਤਗਰਦੀ ਦਾ ਸ਼ਿਕਾਰ ਬਣਨ ਵਾਲੇ ਵੀ ਮੁਸਲਮਾਨ। 'ਇਸ ਘਰ ਕੋ ਆਗ ਲਗੀ ਘਰ ਕੇ ਚਰਾਗ ਸੇ।' ਮਰੇ ਹੋਇਆਂ ਦੇ ਲਈ ਜਾਂਦੇ ਜਨਾਜ਼ਿਆਂ 'ਤੇ ਵੀ ਹਮਲਾ ਕਰਨ ਤੋਂ ਦਹਿਸ਼ਤਗਰਦ ਜ਼ਰਾ ਜਿੰਨੀ ਵੀ ਸ਼ਰਮ ਮਹਿਸੂਸ ਨਹੀਂ ਕਰਦੇ। ਮਰਦਾਨ ਦੇ ਇਲਾਕਾ ਸ਼ੇਰਗੜ੍ਹ 'ਚ ਨਮਾਜ਼ੇ-ਜਨਾਜ਼ਾ ਪੜ੍ਹਦੇ ਹੋਏ ਲੋਕਾਂ 'ਤੇ ਆਤਮਘਾਤੀ ਹਮਲਾ ਕੀਤਾ ਗਿਆ, 28 ਬੰਦੇ ਮਾਰੇ ਗਏ ਤੇ 57 ਗੰਭੀਰ ਜ਼ਖ਼ਮੀ ਹੋ ਗਏ। ਇਨ੍ਹਾਂ ਦਹਿਸ਼ਤਗਰਦਾਂ ਨੇ ਕਈ ਕੇਂਦਰੀ ਤੇ ਸੂਬਾਈ ਪਾਰਲੀਮੈਂਟ ਦੇ ਮੈਂਬਰਾਂ, ਸੈਂਕੜੇ ਡਾਕਟਰ, ਇੰਜੀਨੀਅਰ, ਮਜ਼ਹਬੀ ਆਗੂਆਂ ਨੂੰ ਹਲਾਕ ਕਰ ਦਿੱਤਾ ਹੈ।

ਅਮਨ-ਪਸੰਦ ਲੋਕ ਇਸ ਮੁਲਕ ਨੂੰ ਛੱਡ ਜਾਣਾ ਚਾਹੁੰਦੇ ਹਨ ਪਰ ਉਹ ਜਾਣ ਕਿੱਥੇ? ਅਮਨ-ਪਸੰਦਾਂ ਨੂੰ ਇਸੇ ਹੀ ਮੁਲਕ 'ਚ ਘੇਰ-ਘੇਰ ਕੇ ਮਾਰਿਆ ਜਾਏਗਾ। ਕਈ ਬੰਬ ਧਮਾਕਿਆਂ ਨਾਲ ਅਤੇ ਕਈ ਗੋਲੀਆਂ ਮਾਰ-ਮਾਰ ਕੇ। ਇਹ ਮੁਲਕ ਬਣਾਉਣ ਅਤੇ ਉਥੇ ਰਹਿਣ ਦੀ ਸਜ਼ਾ ਦਿੱਤੀ ਜਾਏਗੀ। ਇਹ ਮੁਲਕ ਤਿੰਨ ਸਾਲ ਦੀਆਂ ਬੱਚੀਆਂ ਤੋਂ ਲੈ ਕੇ ਜਵਾਨੀ ਨੂੰ ਪਹੁੰਚੀਆਂ ਲੜਕੀਆਂ ਦੀ ਇੱਜ਼ਤ ਦੀ ਬਰਬਾਦੀ ਦੀਆਂ ਖ਼ੌਫ਼ਨਾਕ ਘਟਨਾਵਾਂ ਦਾ ਗਵਾਹ ਬਣ ਚੁੱਕਾ ਹੈ। ਦੁਨੀਆਂ ਦੀ ਸਭ ਤੋਂ ਵੱਡੀ ਸਜ਼ਾ ਇਸ ਮੁਲਕ ਵਿਚ ਰਹਿਣਾ ਬਣ ਗਈ ਹੈ। ਪਾਕਿਸਤਾਨੀ ਫ਼ੌਜ ਦੇ ਜਵਾਨ ਜੋ ਇਨ੍ਹਾਂ ਦਹਿਸ਼ਤਗਰਦਾਂ ਦੇ ਹੱਥੇ ਚੜ੍ਹ ਜਾਂਦੇ ਹਨ, ਉਹ ਇਨਸਾਨ ਦੀ ਸ਼ਕਲ 'ਚ ਦਰਿੰਦੇ ਉਨ੍ਹਾਂ ਦੇ ਸਿਰ ਲਾਹ ਕੇ ਲਾਸ਼ਾਂ ਪਹਾੜਾਂ 'ਤੇ ਸੁੱਟ ਦਿੰਦੇ ਹਨ। ਜਦ ਮੁਲਕ ਦੇ ਰਖਵਾਲਿਆਂ ਦੇ ਸਿਰ ਲੱਥ ਰਹੇ ਹਨ ਤਾਂ ਆਮ ਪਾਕਿਸਤਾਨੀਆਂ ਦੇ ਸਿਰ ਕੌਣ ਬਚਾਏਗਾ? ਆਮ ਪਾਕਿਸਤਾਨੀ ਜਨਤਾ ਨੂੰ ਪਾਕਿਸਤਾਨੀ ਰਿਆਸਤ ਬਚਾਉਣ 'ਚ ਅਸਫ਼ਲ ਹੋ ਚੁੱਕੀ ਹੈ।

---

# ਨਵਾਜ਼ ਸ਼ਰੀਫ ਤਾਲਿਬਾਨ ਬਾਰੇ ਦੁਚਿੱਤੀ ਛੱਡਣ

**ਖ਼ਤਰੇ ਹੇਠ ਆਏ ਕਿਸੇ ਦੇਸ਼ ਲਈ 7 ਮਹੀਨਿਆਂ ਦਾ ਸਮਾਂ ਕਾਫੀ ਲੰਮਾ ਹੁੰਦਾ ਹੈ ਕਿ ਉਹ ਇਸ ਖ਼ਤਰੇ ਨਾਲ ਨਜਿੱਠਣ ਲਈ ਕੋਈ ਠੋਸ ਨੀਤੀ ਘੜ ਲਵੇ। ਅਮਰੀਕਾ ਨੂੰ ਦੁਸ਼ਮਣ ਖਿਲਾਫ਼ ਆਪਣੇ ਫ਼ੌਜੀ ਅਤੇ ਖੁਫੀਆ ਤੰਤਰ ਦੀ ਤਾਕਤ ਵਿਖਾਉਣ ਲਈ ਕਿੰਨਾ ਕੁ ਸਮਾਂ ਲੱਗਾ ਸੀ? ਇਸ ਅਮਲ ਦੌਰਾਨ ਉਸ ਨੇ ਇਰਾਕ ਅਤੇ ਅਫ਼ਗਾਨਿਸਤਾਨ 'ਤੇ ਵੀ ਹਮਲਾ ਕੀਤਾ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੀ ਭਾਵੇਂ ਹੋਈ, ਪਰ 9/11 ਦੇ ਹਮਲੇ ਤੋਂ ਬਾਅਦ ਹੁਣ ਤੱਕ ਅਤਿਵਾਦੀ ਅਮਰੀਕਾ ਉਤੇ ਕੋਈ ਇਕ ਵੀ ਹਮਲਾ ਨਹੀਂ ਕਰ ਸਕੇ। ਸੁਭਾਵਿਕ ਹੈ ਕਿ ਕਿਸੇ ਵੀ ਸੁਰੱਖਿਆ ਖ਼ਤਰੇ ਨਾਲ ਨਜਿੱਠਣ ਲਈ ਸਰਕਾਰ ਅਤੇ ਫ਼ੌਜ ਨੂੰ ਇਕਸੁਰ ਹੋਣ ਦੀ ਲੋੜ ਹੈ ਪਰ ਬਦਕਿਸਮਤੀ ਨਾਲ ਹੁਣ ਤੱਕ ਅਜਿਹੀ ਇਕਸੁਰਤਾ ਦੀ ਘਾਟ ਨਜ਼ਰ ਆਈ ਹੈ।**

ਪਾਕਿਸਤਾਨ ਪੀਪਲਜ਼ ਪਾਰਟੀ ਦੇ ਨਵ-ਨਿਯੁਕਤ ਪ੍ਰਧਾਨ ਬਿਲਾਵਲ ਭੁੱਟੋ ਜ਼ਰਦਾਰੀ ਨੇ ਟਵਿਟਰ 'ਤੇ ਲਿਖਿਆ ਹੈ, "ਪਾਕਿਸਤਾਨ ਅਜਿਹਾ ਦੇਸ਼ ਹੈ ਜਿਥੇ ਸ਼ਹੀਦਾਂ ਨੂੰ ਵੀ ਰੋਸ ਪ੍ਰਗਟ ਕਰਨਾ ਪੈਂਦਾ ਹੈ, ਕਿਉਂਕਿ ਜਿਉਂਦੇ ਲੋਕਾਂ ਨੇ ਉਨ੍ਹਾਂ ਨੂੰ ਪਿੱਠ ਦੇ ਦਿੱਤੀ ਹੈ।" ਨੌਜਵਾਨ ਬਿਲਾਵਲ ਦੀ ਇਸ ਸ਼ਿਕਾਇਤ ਤੋਂ ਉਸ ਦੀ ਆਪਣੀ ਪਾਰਟੀ ਦੇ ਆਗੂਆਂ ਸਮੇਤ ਬਹੁਤ ਸਾਰੇ ਸੀਨੀਅਰ ਸਿਆਸਤਦਾਨਾਂ ਨੂੰ ਸ਼ਰਮ ਕਰਨੀ ਚਾਹੀਦੀ ਹੈ। ਤਾਲਿਬਾਨ ਦੀ ਨਿੰਦਾ ਕਰਨਾ ਉਨ੍ਹਾਂ ਲਈ ਅਜੇ ਵੀ ਬਹੁਤ ਵੱਡੀ ਗੱਲ ਹੈ। ਡਰ ਦੀ ਭਾਵਨਾ ਕਰ ਕੇ ਜਾਂ ਸਿਆਣਪ ਵਰਤਦਿਆਂ ਉਹ ਇਸ ਸ਼ਬਦ ਦਾ

**ਆਰਿਫ ਨਿਜ਼ਾਮੀ**

ਜ਼ਿਕਰ ਕਰਨ ਤੋਂ ਵੀ ਝਿਜਕਦੇ ਹਨ। ਪਾਕਿਸਤਾਨ ਪੀਪਲਜ਼ ਪਾਰਟੀ ਦੀ ਲੀਡਰਸ਼ਿਪ ਮੌਜੂਦਾ ਹਾਲਾਤ ਬਾਰੇ ਸ਼ਿਕਾਇਤ ਕਰਦੀ ਹੈ। ਵਿਰੋਧੀ ਧਿਰ ਵਿਚ ਹੁੰਦਿਆਂ ਅਜਿਹਾ ਕਰਨਾ ਸੌਖਾ ਵੀ ਹੈ ਪਰ ਪੰਜ ਸਾਲ ਸੱਤਾ ਵਿਚ ਹੁੰਦਿਆਂ ਆਸਿਫ ਅਲੀ ਜ਼ਰਦਾਰੀ ਅਤੇ ਉਨ੍ਹਾਂ ਦੇ ਸਾਥੀ ਖ਼ੁਦ ਅਤਿਵਾਦ ਖਿਲਾਫ਼ ਢੁਕਵੀਂ ਰਣਨੀਤੀ ਅਪਣਾਉਣ ਦੀ ਜ਼ਿੰਮੇਵਾਰੀ ਤੋਂ ਬਚਦੇ ਰਹੇ। ਮੌਜੂਦਾ ਸਮੇਂ ਸਥਿਤੀ ਅਜਿਹੇ ਮੋੜ 'ਤੇ ਆ ਗਈ ਹੈ ਕਿ ਗੱਲ ਸਿਰਫ ਸਰਕਾਰ ਦੀ ਹੋਂਦ ਬਚਾਈ ਰੱਖਣ ਦੀ ਨਹੀਂ, ਸਗੋਂ ਸਵਾਲ ਦੇਸ਼ ਦੀ ਮੁਕਤੀ ਦਾ ਹੈ।

ਸਵੈ-ਜਲਾਵਤਨੀ ਵਿਚ ਦਿਨ ਗੁਜ਼ਾਰ ਰਹੇ ਮੁਤਾਹਿਦਾ-ਕੌਮੀ-ਮੂਵਮੈਂਟ ਦੇ ਮੁਖੀ ਅਲਤਾਫ ਹੁਸੈਨ ਨੇ ਦੇਸ਼ ਦੇ ਤਾਲਿਬਾਨੀਕਰਨ 'ਤੇ ਫ਼ਿਕਰਮੰਦੀ ਜ਼ਾਹਰ ਕੀਤੀ ਹੈ। ਉਨ੍ਹਾਂ ਦਾ ਕਹਿਣਾ ਸਹੀ ਹੈ ਕਿ ਤਾਲਿਬਾਨ ਵੱਲੋਂ ਜੋ ਸ਼ਰੀਅਤ ਦੇਸ਼ 'ਤੇ ਠੋਸੀ ਜਾ ਰਹੀ ਹੈ, ਉਹ ਪਵਿੱਤਰ ਕੁਰਾਨ ਦੇ ਵੀ ਖਿਲਾਫ ਹੈ ਅਤੇ ਪੈਗੰਬਰ ਸਾਹਿਬ ਦੀਆਂ ਸਿੱਖਿਆਵਾਂ ਦੇ ਵੀ ਉਲਟ ਹੈ। ਤਹਿਰੀਕੇ-ਤਾਲਿਬਾਨ-ਪਾਕਿਸਤਾਨ ਨੇ ਦੇਸ਼ ਵਿਚ ਹਿੰਸਾ ਦਾ ਭਿਆਨਕ ਦੌਰ ਛੇੜਿਆ ਹੋਇਆ ਹੈ। ਨਵੇਂ ਵਰ੍ਹੇ ਵਿਚ ਹੁਣ ਤੱਕ ਜਿੰਨੇ ਅਤਿਵਾਦੀ ਹਮਲੇ ਹੋ ਚੁੱਕੇ ਹਨ, ਉਤਨੇ ਜਨਵਰੀ ਮਹੀਨੇ ਦੇ ਦਿਨ ਨਹੀਂ ਸਨ। ਸੁਰੱਖਿਆ ਕਰਮੀਆਂ ਸਮੇਤ ਇਕ ਸੌ ਤੋਂ ਵੀ ਵਧੇਰੇ ਬੰਦੇ ਅਜਿਹੇ ਹਮਲਿਆਂ ਦੀ ਭੇਟ ਚੜ੍ਹ ਚੁੱਕੇ ਹਨ। ਜਿਥੇ ਅਤਿਵਾਦ ਦੇ ਕਈ ਸਿਰਾਂ ਵਾਲੇ ਦੈਂਤ ਨੇ ਪੂਰੇ ਦੇਸ਼ ਨੂੰ ਆਪਣੀ ਪਕੜ ਵਿਚ ਲਿਆ ਹੋਇਆ ਹੈ, ਉਥੇ ਪੰਜਾਬ ਹੁਣ ਤੱਕ ਤੁਲਨਾਤਮਿਕ ਤੌਰ 'ਤੇ ਅਤਿਵਾਦੀ ਹਮਲਿਆਂ ਦਾ ਕੁਝ ਘੱਟ ਸ਼ਿਕਾਰ ਬਣਿਆ ਹੈ ਪਰ ਅਜਿਹਾ ਕਦੋਂ ਤੱਕ ਚੱਲ ਸਕੇਗਾ? ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਕੋਈ ਪ੍ਰਭਾਵਸ਼ਾਲੀ ਰਣਨੀਤੀ ਘੜਨ ਪੱਖੋਂ ਹਨੇਰੇ ਵਿਚ ਹੀ ਟੱਕਰਾਂ ਮਾਰ ਰਹੀ ਹੈ। ਅਤਿਵਾਦ ਵਿਰੋਧੀ ਨੀਤੀ ਜਿਸ ਬਾਰੇ ਬੜੇ ਜ਼ੋਰ-ਸ਼ੋਰ ਨਾਲ ਗੱਲਾਂ ਹੁੰਦੀਆਂ ਰਹੀਆਂ ਹਨ, ਅਜੇ ਤੱਕ ਵੀ ਗਾਇਬ ਹੈ। ਗ੍ਰਹਿ ਮੰਤਰੀ ਨਿਸਾਰ ਅਲੀ ਵੱਲੋਂ ਕੀਤੇ ਜਾਂਦੇ ਦਾਅਵਿਆਂ ਦੀ ਹੁਣ ਤੱਕ ਵਾਪਰੀਆਂ ਘਟਨਾਵਾਂ ਨੇ ਫੂਕ ਕੱਢ ਕੇ ਰੱਖ ਦਿੱਤੀ ਹੈ। ਜਿਸ ਦਿਨ ਨੀਤੀ ਦਾ ਖਰੜਾ ਕੇਂਦਰੀ ਮੰਤਰੀ ਮੰਡਲ ਸਾਹਮਣੇ ਪੇਸ਼ ਕੀਤਾ ਜਾਣਾ ਸੀ, ਉਸੇ ਦਿਨ ਤਾਲਿਬਾਨ ਨੇ ਫ਼ੌਜੀ ਹੈੱਡਕੁਆਰਟਰ ਨੇੜੇ ਹਮਲਾ ਕੀਤਾ। ਇਸ ਤੋਂ ਪਹਿਲੇ ਦਿਨ ਬੰਨੂ ਨੇੜੇ 25 ਸੁਰੱਖਿਆ ਕਰਮਚਾਰੀ ਮਾਰੇ ਗਏ ਸਨ। ਸੁਰੱਖਿਆ ਨੀਤੀ ਖਰੜੇ ਨੂੰ ਘੋਖਣ ਲਈ ਹੋਣ ਵਾਲੀ ਕੈਬਨਿਟ ਦੀ ਮੀਟਿੰਗ ਤੋਂ ਥੋੜ੍ਹਾ ਚਿਰ ਪਹਿਲਾਂ ਹੀ ਫ਼ੌਜ ਦੇ ਮੁਖੀ ਜਨਰਲ ਰਹੀਲ ਸ਼ਰੀਫ਼ ਨੇ ਪ੍ਰਧਾਨ ਮੰਤਰੀ ਨਾਲ ਗੱਲ ਕੀਤੀ ਸੀ। ਉਨ੍ਹਾਂ ਨੇ ਸ਼ਾਇਦ ਇਸ ਦੌਰਾਨ ਇਹੀ ਕਿਹਾ ਹੋਵੇਗਾ ਕਿ ਹੁਣ ਬਹੁਤ ਹੋ ਚੁੱਕਾ ਹੈ। ਸਪੱਸ਼ਟ ਤੌਰ 'ਤੇ ਅਤਿਵਾਦ ਵਿਰੋਧੀ ਨੀਤੀ ਦਾ ਖ਼ਰੜਾ ਅਦੁਕਵਾਂ ਹੈ। ਇਸ ਨੂੰ ਬਹੁਤ ਦੇਰੀ ਨਾਲ ਹੋਇਆ ਬਹੁਤ ਥੋੜ੍ਹਾ ਯਤਨ ਹੀ ਕਿਹਾ ਜਾ ਸਕਦਾ ਹੈ। ਇਸੇ ਲਈ ਪ੍ਰਧਾਨ ਮੰਤਰੀ ਕੋਲ ਵੀ ਇਸ ਨੂੰ ਹੋਰ ਵਿਸਥਾਰਤ ਕਰਨ ਲਈ ਵਾਪਸ ਭੇਜਣ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਸੀ।

ਹਕੀਕੀ ਖ਼ਤਰੇ ਹੇਠ ਆਏ ਕਿਸੇ ਦੇਸ਼ ਲਈ 7 ਮਹੀਨਿਆਂ ਦਾ ਸਮਾਂ ਕਾਫੀ ਲੰਮਾ ਹੁੰਦਾ ਹੈ ਕਿ ਉਹ ਇਸ ਖ਼ਤਰੇ ਨਾਲ ਨਜਿੱਠਣ ਲਈ ਕੋਈ ਠੋਸ ਨੀਤੀ ਘੜ ਲਵੇ। ਅਮਰੀਕਾ ਨੂੰ ਦੁਸ਼ਮਣ ਖਿਲਾਫ਼ ਆਪਣੇ ਫੌਜੀ ਅਤੇ ਖੁਫੀਆ ਤੰਤਰ ਦੀ ਤਾਕਤ ਵਿਖਾਉਣ ਲਈ ਕਿੰਨਾ ਕੁ ਸਮਾਂ ਲੱਗਾ ਸੀ? ਇਸ ਅਮਲ ਦੌਰਾਨ ਉਸ ਨੇ ਇਰਾਕ ਅਤੇ ਅਫ਼ਗਾਨਿਸਤਾਨ 'ਤੇ ਵੀ ਹਮਲਾ ਕੀਤਾ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੀ ਭਾਵੇਂ ਹੋਈ, ਪਰ 9/11 ਦੇ ਹਮਲੇ ਤੋਂ ਬਾਅਦ ਹੁਣ ਤੱਕ ਅਤਿਵਾਦੀ ਅਮਰੀਕਾ ਉਤੇ ਕੋਈ ਇਕ ਵੀ ਹਮਲਾ ਨਹੀਂ ਕਰ ਸਕੇ। ਸੁਭਾਵਿਕ ਹੈ ਕਿ ਕਿਸੇ ਵੀ ਸੁਰੱਖਿਆ ਖ਼ਤਰੇ ਨਾਲ ਨਜਿੱਠਣ ਲਈ ਸਰਕਾਰ ਅਤੇ ਫ਼ੌਜ ਨੂੰ ਇਕਸੁਰ ਹੋਣ ਦੀ ਲੋੜ ਹੈ ਪਰ ਬਦਕਿਸਮਤੀ ਨਾਲ ਹੁਣ ਤੱਕ ਅਜਿਹੀ ਇਕਸੁਰਤਾ ਦੀ ਘਾਟ ਨਜ਼ਰ ਆਈ ਹੈ। ਜਨਰਲ ਕਿਆਨੀ ਦੀ ਅਗਵਾਈ ਹੇਠ ਫ਼ੌਜ ਅਤਿਵਾਦ ਨਾਲ ਨਜਿੱਠਣ ਲਈ ਆਪਣੀ ਸੰਕੀਰਨ ਦ੍ਰਿਸ਼ਟੀਕੋਣ ਵਾਲੀ ਪਹੁੰਚ ਨਾਲ ਚਿੰਬੜੀ ਰਹੀ ਜਿਸ ਵਿਚ ਕਈ ਨੁਕਸ ਸਨ। ਅੱਧੇ ਅਧੂਰੇ ਯਤਨਾਂ ਵਾਲੀ ਪਹੁੰਚ ਕਾਰਨ ਤਾਲਿਬਾਨ ਸਥਿਤੀਆਂ ਨੂੰ ਆਪਣੇ ਅਨੁਸਾਰ ਢਾਲਣ ਵਿਚ ਕਾਮਯਾਬ ਰਹੇ। ਜਿਥੇ ਸੁਰੱਖਿਆ ਅਤੇ ਵਿਦੇਸ਼ ਨੀਤੀ ਸਬੰਧੀ ਫ਼ੌਜ ਆਪਣੀ ਮਰਜ਼ੀ ਮੁਤਾਬਿਕ ਪਹੁੰਚ ਅਪਣਾਉਂਦੀ ਰਹੀ, ਉਥੇ ਪਾਕਿਸਤਾਨ ਪੀਪਲਜ਼ ਪਾਰਟੀ ਦੀ ਸਰਕਾਰ ਨੇ ਆਪਣੀ ਹੋਂਦ ਬਚਾਈ ਰੱਖਣ ਲਈ ਘੱਟ ਤੋਂ ਘੱਟ ਟਕਰਾਅ ਵਾਲਾ ਰਾਹ ਹੀ ਅਪਣਾਇਆ। ਕਿਆਨੀ ਹਮੇਸ਼ਾ ਹੀ ਕਹਿੰਦੇ ਰਹੇ ਕਿ ਜੇ ਫ਼ੌਜ ਵੱਲੋਂ ਉੱਤਰੀ ਵਜ਼ੀਰਿਸਤਾਨ ਵਿਚ ਤਹਿਰੀਕੇ-ਤਾਲਿਬਾਨ ਖਿਲਾਫ਼ ਮੁਹਿੰਮ ਵਿੱਢੀ ਗਈ ਤਾਂ ਇਸ ਦਾ ਨਤੀਜਾ ਪੂਰੇ ਦੇਸ਼ ਵਿਚ ਅਤਿਵਾਦ ਫੈਲਣ ਦੇ ਰੂਪ ਵਿਚ ਨਿਕਲੇਗਾ। ਅਫ਼ਗਾਨ ਤਾਲਿਬਾਨ ਨੂੰ ਦਿੱਤੀ ਜਾਣ ਵਾਲੀ ਹਮਾਇਤ ਨੂੰ ਵੀ ਜਾਇਜ਼ ਠਹਿਰਾਇਆ ਜਾਂਦਾ ਰਿਹਾ।

ਹੁਣ ਸਮਾਂ ਹੈ ਕਿ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੀ ਸਰਕਾਰ ਗੱਲਬਾਤ ਕਰਨ ਜਾਂ ਨਾ ਕਰਨ ਦੀ ਦੁਚਿੱਤੀ ਤੋਂ ਖ਼ੁਦ ਨੂੰ ਉਭਾਰੇ। ਗੱਲਬਾਤ ਮਜ਼ਬੂਤੀ ਅਤੇ ਤਾਕਤ ਵਾਲੀ ਸਥਿਤੀ ਤੋਂ ਹੀ ਹੋ ਸਕਦੀ ਹੈ ਪਰ ਸਰਕਾਰ ਅਜਿਹੀ ਸਥਿਤੀ ਵਿਚ ਨਹੀਂ। ਹੁਣ ਰਹੀਲ ਸ਼ਰੀਫ ਅਤੇ ਨਵਾਜ਼ ਸ਼ਰੀਫ਼ ਨੂੰ ਰਣਨੀਤੀ ਸਬੰਧੀ ਇਕਸੁਰ ਹੋਣਾ ਪਵੇਗਾ।

# ਭੂਤ ਦਾ ਭੁਲੇਖਾ

**ਸੋਚਿਆ, ਪਿੰਡ ਆਈ ਹਾਂ ਤਾਂ ਭੂਆ ਦੇ 'ਠੀਕਰ' ਬਾਗ ਵੱਲ ਭੀ ਨਜ਼ਰ ਮਾਰ ਆਵਾਂ। ਤੁਸੀਂ ਠੀਕਰ ਬਾਗ ਬਾਰੇ ਸਮਝ ਗਏ ਹੋਵੋਗੇ। ਅੱਗੇ ਪਿੰਡਾਂ ਵਿਚ ਮਿੱਟੀ ਦੇ ਭਾਂਡੇ ਬਹੁਤ ਹੁੰਦੇ ਸਨ। ਕਣਕ ਤੇ ਗੁੜ ਸਟੋਰ ਕਰਨ ਲਈ ਮੱਟ, ਮੱਟੀਆਂ, ਮੇਪ, ਚਾਟੀਆਂ, ਪਾਣੀ ਲਈ ਘੜੇ, ਦੁੱਧ ਕਾੜ੍ਹਨ ਲਈ ਦਧੂਨੇ, ਕਾੜ੍ਹਨੀਆਂ, ਝੱਕਰੇ-ਝੱਕਰੀਆਂ ਤੇ ਤੌੜੀਆਂ। ਇਲਾਕੇ ਦੇ ਹਿਸਾਬ ਨਾਲ ਨਾਵਾਂ ਵਿਚ ਥੋੜ੍ਹਾ-ਬਹੁਤਾ ਫਰਕ ਹੋਵੇਗਾ। ਮਿੱਟੀ ਦੇ ਭਾਂਡੇ ਟੁੱਟਦੇ ਤੇ ਤਿੜਕਦੇ ਭੀ। ਇਕ ਦੋ ਠੀਕਰ ਤਾਂ ਤਕਰੀਬਨ ਹਰ ਘਰ ਵਿਚ ਮਿਲਦੇ। ਕਿਸੇ ਨੇ ਇਨ੍ਹਾਂ ਵਿਚ ਕੁਆਰ ਲਾਈ ਹੁੰਦੀ। ਕਿਸੇ ਨੇ ਜਾਨਵਰਾਂ ਜਾਂ ਪੰਛੀਆਂ ਲਈ ਪਾਣੀ ਰੱਖਿਆ ਹੁੰਦਾ, ਪਰ ਸਾਡੀ ਹਵੇਲੀ ਦੇ ਵਿਹੜੇ ਦੀ ਇਕ ਨੁਕਰੇ ਇਨ੍ਹਾਂ ਨੇ ਸੁੰਦਰ ਬਗੀਚੇ ਦਾ ਰੂਪ ਧਾਰਿਆ ਹੋਇਆ ਸੀ।**

ਸ਼ਿਕਾਗੋ 'ਚ ਇਸ ਸਾਲ ਜਾਣੋਂ ਠੰਡ ਅਤੇ ਬਰਫ ਦਾ ਕੜ ਹੀ ਟੁੱਟਿਆ ਪਿਆ ਹੈ। ਪਿਛਲੇ ਢਾਈ ਮਹੀਨਿਆਂ ਤੋਂ ਧਰਤੀ 'ਤੇ ਬਰਫ ਦੀ ਚਿੱਟੀ ਚਾਦਰ ਵਿਛੀ ਹੋਈ ਹੈ। ਸੂਰਜ ਦੇਵ ਦੇ ਤਾਂ ਦਰਸ਼ਨ ਹੀ ਕਦੀ ਕਦਾਈਂ ਹੁੰਦੇ ਹਨ। ਸੁੱਕੀ ਬਰਫ ਜਦੋਂ ਹਵਾ ਨਾਲ ਉਡਦੀ ਹੈ, ਇਉਂ ਜਾਪਦਾ ਹੈ ਜਿਵੇਂ ਪੰਜਾਬ 'ਚ ਗਰਮੀਆਂ ਦੀ ਰੁੱਤੇ ਹਨੇਰੀ ਨਾਲ ਮਿੱਟੀ ਉਡਦੀ ਹੋਵੇ। ਕੋਸੀ ਧੁੱਪ ਨੂੰ ਬਸ ਤਰਸ ਹੀ ਗਏ

ਕਿਰਪਾਲ ਕੌਰ
ਫੋਨ: 815-356-9535

ਹਾਂ। ਅੱਜ ਕਈ ਦਿਨਾਂ ਬਾਅਦ ਧੁਪ ਨਿਕਲੀ ਸੀ। ਮੈਂ ਆਪਣੇ ਘਰ ਇਕੱਲੀ ਬੈਠੀ ਬਾਹਰ ਵੱਲ ਦੇਖ ਰਹੀ ਸਾਂ। ਬਾਹਰ ਪਈ ਬਰਫ਼ ਉਤੇ ਮੇਰਾ ਮਨ ਇਧਰ-ਉਧਰ ਤਿਲ੍ਹਕ ਰਿਹਾ ਸੀ। ਕਿਸੇ ਖ਼ੁਮਾਰੀ ਵਿਚ ਅੱਖਾਂ ਮੀਟ ਲਈਆਂ। ਲੱਗਾ ਜਿਵੇਂ ਕਿਸੇ ਨੇ ਨਿੱਘਾ ਹੱਥ ਮੇਰੇ ਮੱਥੇ 'ਤੇ ਰੱਖਿਆ ਹੋਵੇ, ਤੇ ਮੇਰੇ ਮੋਢੇ ਭੀ ਕੋਈ ਨਿੱਘੀ-ਮਿੱਠੀ ਛੋਹ ਮਾਣ ਰਹੇ ਹੋਣ! ਮੈਂ ਅੱਖਾਂ ਬੰਦ ਕਰੀ, ਉਸ ਪਿਆਰੀ ਛੋਹ ਦਾ ਨਿੱਘ ਮਾਣਦੀ ਰਹੀ। ਉਹ ਨਿੱਘ ਜਿਵੇਂ ਮਾਂ ਦੇ ਹੱਥਾਂ ਦਾ ਹੋਵੇ, ਜਾਂ ਕਿਸੇ ਅਤਿ ਪਿਆਰੇ ਦਾ। ਕੁਝ ਪਲ ਅਨੰਦ ਮਾਣ ਕੇ ਅੱਖਾਂ ਖੋਲ੍ਹੀਆਂ। ਸ਼ੀਸ਼ੇ ਦੇ ਦਰਵਾਜ਼ੇ ਵਿਚੋਂ ਆ ਰਹੀਆਂ ਸੂਰਜ ਦੀਆਂ ਕਿਰਨਾਂ ਨੇ ਮੈਨੂੰ ਸਵਰਗ ਦਾ ਝੂਟਾ ਦੇ ਦਿੱਤਾ ਸੀ।

ਮੈਂ ਰਤਾ ਆਪਣੇ-ਆਪ ਨੂੰ ਸੰਭਾਲਿਆ, ਦੇਖਿਆ ਮੱਧਮ ਕਿਰਨਾਂ ਬਰਫ਼ ਦੀ ਚਮਕ ਨਾਲ ਢਲਦੇ ਸੂਰਜ ਦੀ ਲਾਲੀ ਭੀ ਗੁਆ ਬੈਠੀਆਂ ਸਨ। ਸਾਡੇ ਪਿੰਡ ਤਾਂ ਚੜ੍ਹਦੇ ਸੂਰਜ ਦੀਆਂ ਕਿਰਨਾਂ ਸੁਨਹਿਰੀ ਅਤੇ ਢਲਦੇ ਦੀਆਂ ਕਿਰਨਾਂ ਲਾਲੀ 'ਤੇ ਹੁੰਦੀਆਂ ਸਨ। 'ਪਿੰਡ' ਸ਼ਬਦ ਜ਼ਿਹਨ ਵਿਚ ਆਉਂਦੇ ਸਾਰ ਪਤਾ ਨਹੀਂ ਕਿਸ ਗੈਬੀ ਬਟਨ 'ਤੇ ਹੱਥ ਪੈ ਗਿਆ। ਅੱਖ ਦੇ ਫੋਰ ਵਿਚ ਮੈਂ ਆਪਣੇ ਪਿੰਡ, ਆਪਣੇ ਖੂਹ 'ਤੇ ਜਾ ਪਹੁੰਚੀ। ਜ਼ਿੰਦਗੀ ਦੇ ਹੰਢਾਏ ਦਹਾਕੇ ਭੀ ਰੇਤ ਦੀ ਮੁੱਠੀ ਵਾਂਗ ਕਿਰ ਗਏ। ਖੂਹ 'ਤੇ ਜੋ ਪਹੁੰਚੀ ਸੀ, ਉਹ ਮਸਾਂ ਪੰਜ ਕੁ ਸਾਲਾਂ ਦੀ ਬਾਲੜੀ ਪਾਲ ਸੀ ਜਿਸ ਨੂੰ ਸਾਰਾ ਪਰਿਵਾਰ ਪਾਲ ਜੀ ਕਰ ਕੇ ਬੁਲਾਉਂਦਾ ਸੀ। ਪਾਲ ਕਦੀ ਹਲਟ ਦੀ ਪੈੜ ਦੁਆਲੇ ਘੁੰਮਦੀ, ਕਦੀ ਬੇਰੀ ਨਾਲ ਲਟਕਦੇ ਬਿਜੜੇ ਦੇ ਘਰ ਗਿਣਦੀ, ਤੇ ਕਦੀ ਪਿੱਪਲ ਦੇ ਪੱਤੇ ਦੀ ਪੀਪਨੀ ਬਣਾ ਕੇ ਤਾਇਆ ਜੀ ਦੇ ਕੰਨ ਕੋਲ ਕਰ ਕੇ ਜ਼ੋਰ ਦੀ ਵਜਾ ਕੇ ਦੌੜਦੀ।

ਸਾਹਮਣੇ ਪੂਰਬ ਵੱਲ ਦੇ ਖੇਤ ਜਿਹੜੇ ਹਲਟ ਤੋਂ ਦੂਰ ਪੈਂਦੇ ਸਨ, ਪਾਣੀ ਜਾਣਾ ਔਖਾ ਸੀ, ਜਾਂ ਹਲ ਨਾਲ ਐਨੇ ਖੇਤਾਂ ਵਿਚ ਹਲ ਚਲਾਉਣਾ ਔਖਾ ਸੀ, ਉਨ੍ਹਾਂ ਵਿਚ ਅਕਸਰ ਇਕੋ ਫਸਲ ਬੀਜੀ ਜਾਂਦੀ। ਉਹ ਵੀ ਰੱਬ ਆਸਰੇ। ਮੀਂਹ ਪੈਂਦਾ ਤਾਂ ਫਸਲ ਪਲ ਜਾਂਦੀ। ਉਥੇ ਅਕਸਰ ਚਰੀ ਤੇ ਮੂੰਗੀ ਬੀਜਦੇ। ਛੇ ਮਹੀਨੇ ਖੇਤ ਖਾਲੀ ਰਹਿੰਦਾ। ਸੂਰਜ ਚੜ੍ਹਨ ਸਮੇਂ ਪੂਰਬ ਦੀ ਖਿਤੀ ਨੂੰ ਖ਼ਬਰੇ ਕੁਦਰਤ ਰਾਣੀ ਸੁੱਚੀ ਕਰਦੀ, ਸੁਨਹਿਰੀ ਪੋਚਾ ਫੇਰਦੀ, ਸਾਡੇ ਖੇਤ ਭੀ ਉਸੇ ਰੰਗ ਵਿਚ ਰੰਗੇ ਜਾਂਦੇ। ਮੈਂ ਦੇਖ ਕੇ ਰੌਲਾ ਪਾਉਂਦੀ, "ਆਪਣੇ ਖੇਤ ਸੋਨੇ ਦੇ ਹੋ ਗਏ।" ਸੂਰਜ ਨਿਕਲਦਾ। ਉਸ ਦੀਆਂ ਸੁਨਹਿਰੀ ਕਿਰਨਾਂ ਖੂਹ ਦੇ ਆਸ-ਪਾਸੇ ਦੀ ਫ਼ਸਲ 'ਤੇ ਪੈਂਦੀਆਂ। ਸਾਰਾ ਕੁਝ ਸੁਨਹਿਰਾ ਹੋ ਜਾਂਦਾ। ਫ਼ਸਲ 'ਤੇ ਪਏ ਤਰੇਲ ਦੇ ਤੁਪਕੇ ਮੋਤੀਆਂ ਵਾਂਗ ਚਮਕਦੇ। ਮੈਂ ਬੌਰੀ ਹੋ ਜਾਂਦੀ, ਦੌੜੀ ਫਿਰਦੀ ਸਭ ਨੂੰ ਆਵਾਜ਼ਾਂ ਮਾਰਦੀ, "ਦੇਖੋ! ਆਪਣੇ ਖੇਤ ਕਿੰਨੇ ਸੋਹਣੇ ਲਗਦੇ, ਕਿੰਨੇ ਮੋਤੀ ਚਮਕਦੇ।" ਕਈ ਵਾਰ ਤਾਇਆ ਜੀ ਭੂਆ ਨੂੰ ਕਹਿੰਦੇ, "ਇਹਨੂੰ ਸਵੇਰੇ ਕਿਉਂ ਜਗ੍ਹਾ ਲੈਂਦੀ ਏਂ?" ਭੂਆ ਕਹਿੰਦੀ, "ਇਹਨੇ ਸਕੂਲ ਜਾਣਾ ਸ਼ੁਰੂ ਕਰਨਾ, ਛੇਤੀ ਉਠਣ ਦੀ ਆਦਤ ਤਾਂ ਬਣ ਜਾਵੇ।"

ਉਧਰ ਮੇਰਾ ਸੋਨਾ ਤੇ ਮੋਤੀ ਗੁੰਮ ਹੋ ਜਾਂਦੇ। ਮੇਰਾ ਗਲਾ ਭੀ ਥੱਕ ਜਾਂਦਾ। ਮੈਂ ਪਾਣੀ ਪੀਣ ਲਈ ਚਲ੍ਹੇ ਕੋਲ ਜਾਂਦੀ। ਭੂਆ ਭੀ ਲੱਸੀ ਪਿਲਾ ਕੇ ਆਪਣੇ ਛੰਨੇ ਤੇ ਝੱਕਰੀ ਧੋਂਦੀ ਹੁੰਦੀ। ਟਿੰਡਾਂ ਖੂਹ ਵਿਚੋਂ ਪਾਣੀ ਲੈ ਕੇ ਆਉਂਦੀਆਂ। ਵਾਰੀ-ਵਾਰੀ ਆਪਣਾ ਪਾਣੀ ਜਿਸਤੀ ਟੱਬ ਵਿਚ ਉਲਟਾ ਕੇ ਅਗਲੇ ਸਫ਼ਰ ਲਈ ਤੁਰ ਪੈਂਦੀਆਂ। ਪਾਣੀ 'ਤੇ ਚੜ੍ਹਦੇ ਸੂਰਜ ਦੀਆਂ ਕਿਰਨਾਂ ਪੈਂਦੀਆਂ। ਜਦ ਟਿੰਡ ਵਿਚੋਂ ਪਾਣੀ ਗਿਰਦਾ, ਉਸ ਨੂੰ ਕਿਰਨਾਂ ਕਈ ਰੰਗਾਂ ਵਿਚ ਬਦਲ ਦਿੰਦੀਆਂ। ਉਹ ਰੰਗ ਜੋ ਅਸਮਾਨ ਉਤੇ ਪੈਣ ਵਾਲੀ ਪੀਂਘ ਵਿਚ ਦਿਸਦੇ ਹੁੰਦੇ। ਮੈਂ ਭੂਆ ਨੂੰ ਕਹਿੰਦੀ, "ਮਾਈ ਬੁੱਢੀ ਦੀ ਪੀਂਘ ਟੁੱਟ ਗਈ ਐ। ਉਹਦੀਆਂ ਰੇਸ਼ਮੀ ਡੋਰਾਂ ਪਾਣੀ ਵਿਚ ਘੁਲੀਆਂ ਹੋਈਆਂ।" ਪਾਣੀ ਜਦੋਂ ਟਿੰਡਾਂ ਵਿਚੋਂ ਟੱਬ ਵਿਚ ਪੈਂਦਾ, ਮਿੱਠਾ ਜਿਹਾ ਸੁਰ ਸੁਣਾਈ ਦਿੰਦਾ। ਫਿਰ ਟੱਬ ਵਿਚੋਂ ਚਲ੍ਹੇ ਵਿਚ, ਤੇ ਚਲ੍ਹੇ ਵਿਚੋਂ ਆੜ ਵਿਚ ਜਾਂਦਾ। ਤਿੰਨਾਂ ਥਾਂਵਾਂ ਦੇ ਪਾਣੀ ਦੀਆਂ ਵੱਖਰੀਆਂ ਮਿੱਠੀਆਂ ਧੁਨਾਂ, ਆਪਸ 'ਚ ਰਲ ਕੇ ਅਨੋਖਾ ਰਾਗ ਪੈਦਾ ਕਰਦੀਆਂ ਜਿਸ ਨੂੰ ਹਲਟ ਦੇ ਕੁੱਤੇ ਦੀ 'ਤੁਕ ਤੁਕ ਤੱਲੇ' ਦਾ ਸਾਥ, ਆਸੇ-ਪਾਸੇ ਨੂੰ ਅਨੋਖੀ ਮਸਤੀ ਨਾਲ ਭਰ ਦਿੰਦਾ। ਇਸ ਗੱਲ ਦਾ ਗਿਆਨ ਉਸ ਵੇਲੇ ਉਕਾ ਹੀ ਨਹੀਂ ਸੀ। ਇਹ ਅਹਿਸਾਸ ਤਾਂ ਅੱਜ ਦੀ ਯਾਦ-ਯਾਤਰਾ ਵੇਲੇ ਹੀ ਹੋਇਆ।



*'ਤੁਕ ਤੁਕ ਤੱਲੇ' ਵਾਲੇ ਖੂਹ ਦੀ ਇਕ ਤਸਵੀਰ।*

ਅੱਜ ਮੈਨੂੰ ਲਗਦਾ ਹੈ ਕਿ ਉਸ ਖੁੱਲ੍ਹੇ ਹਰੇ-ਭਰੇ ਆਲੇ-ਦੁਆਲੇ ਵਿਚ ਸ਼ੁੱਧ ਤੇ ਸਵੱਛ ਹਵਾ ਅਤੇ ਨੀਲੇ ਅਸਮਾਨ ਥੱਲੇ ਕੋਈ ਚਮਤਕਾਰੀ ਖਿੱਚ ਸੀ। ਉਸ ਖਿੱਚ ਦਾ ਹੀ ਅਸਰ ਸੀ ਕਿ ਟਿੰਡਾਂ ਰਾਹੀਂ ਨਿਕਲਦੇ ਪਾਣੀ ਨਾਲ ਮਸਤੀ ਚੜ੍ਹਦੀ ਸੀ। ਹਲਟ ਦੇ ਕੁੱਤੇ ਦੀ ਤੁਕ ਤੁਕ ਵਿਚ ਕੋਈ ਰਾਗ ਜਾਪਦਾ ਸੀ। ਹੁਣ ਸੋਚਦੀ ਹਾਂ ਕਿ ਪਾਣੀ ਦੀਆਂ ਉਹ ਆਵਾਜ਼ਾਂ ਜੋ ਮੈਨੂੰ ਸੁਣਦੀਆਂ ਸਨ, ਸ਼ਾਇਦ ਉਸੇ ਨੂੰ ਅਨਹਦ ਨਾਦ ਕਹਿੰਦੇ ਹਨ, ਤੇ ਉਹ ਜਿਹੜੀ 'ਤੁਕ ਤੁਕ' ਹੁੰਦੀ ਸੀ, ਅਨਹਦ ਸਾਜ਼ ਹੀ ਵੱਜਦਾ ਸੀ। ਉਹ ਨਾਦ, ਰਾਗ ਤੇ ਸਾਜ਼ ਸਭ ਕੁਝ ਅੱਜ ਭੀ ਮੇਰੇ ਅੰਦਰ ਉਸੇ ਤਰ੍ਹਾਂ ਸਜੀਵ ਹਨ ਪਰ... ਪਰ ਇਨ੍ਹਾਂ ਸਥੂਲ ਤੇ ਸਜੀਵ ਅੱਖਾਂ ਲਈ ਅੱਜ ਉਥੇ ਕੁਝ ਭੀ ਨਹੀਂ ਹੈ...ਬਸ ਮੋਟਰਾਂ, ਬੰਬੀਆਂ ਹਨ ਤੇ ਟਰੈਕਟਰ। ਖੇਤਾਂ ਦੀਆਂ ਮਾਲਕੀਆਂ ਬਦਲ ਗਈਆਂ। ਭੂਆ, ਤਾਇਆ, ਚਾਚੇ ਅਤੇ ਬੇਜੀ ਬਾਊ ਜੀ ਆਪਣੀ ਪਾਰੀ ਖੇਡ ਗਏ। ਉਨ੍ਹਾਂ ਨੂੰ ਯਾਦ ਕਰੀਦਾ ਹੈ। ਉਸ ਧਰਤੀ ਦੀ ਯਾਦ 'ਕੱਲੇ-'ਕੱਲੇ ਰਿਸ਼ਤੇ ਨਾਲ ਜੁੜੀ ਹੋਈ ਹੈ। ਉਸ ਯਾਦ ਵਿਚ ਅੱਖਾਂ ਭੀ ਖੂਹ ਦੀਆਂ ਟਿੰਡਾਂ ਵਾਂਗ ਪਾਣੀ ਪਲਟਣ ਤੋਂ ਨਹੀਂ ਹਟਦੀਆਂ।

ਸੋਚਿਆ, ਪਿੰਡ ਆਈ ਹਾਂ ਤਾਂ ਭੂਆ ਦੇ 'ਠੀਕਰ' ਬਾਗ ਵੱਲ ਭੀ ਨਜ਼ਰ ਮਾਰ ਆਵਾਂ। ਤੁਸੀਂ ਠੀਕਰ ਬਾਗ ਬਾਰੇ ਸਮਝ ਗਏ ਹੋਵੋਗੇ। ਅੱਗੇ ਪਿੰਡਾਂ ਵਿਚ ਮਿੱਟੀ ਦੇ ਭਾਂਡੇ ਬਹੁਤ ਹੁੰਦੇ ਸਨ। ਕਣਕ ਤੇ ਗੁੜ ਸਾਂਭਣ ਲਈ ਭੜੋਲੀਆਂ, ਮੱਟ, ਮੱਟੀਆਂ, ਮੇਪ, ਚਾਟੀਆਂ, ਪਾਣੀ ਲਈ ਘੜੇ, ਦੁੱਧ ਕਾੜ੍ਹਨ ਲਈ ਦਧੂਨੇ, ਕਾੜ੍ਹਨੀਆਂ, ਝੱਕਰੇ-ਝੱਕਰੀਆਂ ਤੇ ਤੌੜੀਆਂ। ਇਲਾਕੇ ਦੇ ਹਿਸਾਬ ਨਾਲ ਨਾਂਵਾਂ ਵਿਚ ਥੋੜ੍ਹਾ-ਬਹੁਤਾ ਫਰਕ ਹੋਵੇਗਾ। ਮਿੱਟੀ ਦੇ ਭਾਂਡੇ ਟੁੱਟਦੇ ਤੇ ਤਿੜਕਦੇ ਭੀ। ਇਕ ਦੋ ਠੀਕਰ ਤਾਂ ਤਕਰੀਬਨ ਹਰ ਘਰ ਵਿਚ ਮਿਲਦੇ। ਕਿਸੇ ਨੇ ਇਨ੍ਹਾਂ ਵਿਚ ਕੁਆਰ ਲਾਈ ਹੁੰਦੀ। ਕਿਸੇ ਨੇ ਜਾਨਵਰਾਂ ਜਾਂ ਪੰਛੀਆਂ ਲਈ ਪਾਣੀ ਰੱਖਿਆ ਹੁੰਦਾ, ਪਰ ਸਾਡੀ ਹਵੇਲੀ ਦੇ ਵਿਹੜੇ ਦੀ ਇਕ ਨੁਕਰੇ ਇਨ੍ਹਾਂ ਨੇ ਸੁੰਦਰ ਬਗੀਚੇ ਦਾ ਰੂਪ ਧਾਰਿਆ ਹੋਇਆ ਸੀ। ਹਰ ਵੱਡੇ-ਛੋਟੇ ਭਾਂਡੇ ਨੂੰ ਇੰਨੇ ਕਲਾਤਮਿਕ ਢੰਗ ਨਾਲ ਰੱਖਿਆ ਹੋਇਆ; ਤੇ ਇਸ ਬਾਗ ਵਿਚ ਇੰਨੇ ਬੂਟੇ ਲੱਗੇ ਹੋਏ ਸਨ ਕਿ ਅੰਦਰ ਆਉਣ ਵਾਲੇ ਦੀ ਨਜ਼ਰ ਇਸ 'ਤੇ ਪੈਂਦੀ, ਤਾਂ ਅਗਲਾ ਤਾਰੀਫ ਕੀਤੇ ਬਿਨਾਂ ਨਾ ਰਹਿੰਦਾ। ਭੂਆ ਨੇ ਸੂਰਜਮੁਖੀ, ਸਤਰੰਗ, ਗੇਂਦਾ, ਗੁਲਾਬ, ਚਮੇਲੀ, ਲਾਜਵੰਤੀ... ਹੋਰ ਨਾਮ ਹੁਣ ਯਾਦ ਨਹੀਂ ਆ ਰਹੇ... ਕੁਆਰ, ਤੁਲਸੀ, ਨਿਆਜ਼ਬੋ, ਪੁਦੀਨਾ। ਕਈ ਬੇਲਾਂ ਭੀ। ਇਕ ਬੇਲ ਨੂੰ ਭੂਆ ਗਲੋ ਕਹਿੰਦੀ ਹੁੰਦੀ ਸੀ। ਹੋਰ ਭੀ ਬਹੁਤ ਕੁਝ ਲਾਇਆ ਹੋਇਆ ਸੀ। ਭੂਆ ਦਾ ਇਹ ਬੂਟੈਨੀਕਲ ਗਾਰਡਨ ਸਾਡੇ ਪਿੰਡ ਵਾਲਿਆਂ ਦਾ ਦਵਾਈਆਂ ਦਾ ਬਗੀਚਾ ਸੀ। ਕਿਸੇ ਦੇ ਸੱਟ ਲੱਗ ਜਾਵੇ, ਬੀਬੀ ਤੋਂ ਕੁਆਰ ਲੈ ਕੇ ਬੰਨ੍ਹ ਦਿਓ! ਕਿਸੇ ਦੇ ਫੋੜਾ ਨਿਕਲਦਾ, ਬੀਬੀ ਤੋਂ ਕੁਆਰ ਲੈ ਕੇ ਗਰਮ ਕਰ ਕੇ ਬੰਨ੍ਹ ਦਿਓ! ਉਲਟੀਆਂ ਆਉਂਦੀਆਂ, ਬੀਬੀ ਤੋਂ ਤੁਲਸੀ ਦੇ ਪੱਤੇ ਲੈ ਕੇ ਉਬਾਲ ਕੇ ਦੇ ਦਿਓ! ਬੁਖ਼ਾਰ ਹੈ, ਫਿਰ ਭੀ ਤੁਲਸੀ ਹੀ ਚਾਹੀਦੀ ਹੈ। ਕਰਮ ਚੰਦ ਹਕੀਮ ਨੇ ਤੁਲਸੀ ਦਾ ਕਾੜ੍ਹਾ ਦੱਸਣਾ, ਨਾਲ ਕਹਿ ਦੇਣਾ, "ਤੁਲਸੀ ਬੀਬੀ ਕੋਲੋਂ ਲੈ ਲੈਣਾ।" ਕਿਸੇ ਦਾ ਜਿਗਰ ਖਰਾਬ, ਗਲੋ ਦੇ ਪੱਤੇ ਬੀਬੀ ਤੋਂ ਲੈ ਕੇ ਸੌਂਫ ਨਾਲ ਕਾੜ੍ਹਾ ਬਣਾ ਕੇ ਪੀਣ ਨਾਲ ਆਰਾਮ ਆਵੇਗਾ। ਤਾਈ ਸੰਤ ਕੌਰ ਬੀਬੀ ਕੋਲੋਂ ਗੁਲਾਬ ਦੇ ਫੁੱਲ ਮੰਗਦੀ, "ਬੀਬੀ, ਵੈਦ ਨੇ ਕਿਹਾ, ਸੌਂਫ ਵਿਚ ਪਾ ਕੇ ਪੀਣ ਨਾਲ ਪੇਟ ਸਾਫ਼ ਹੋ ਜਾਂਦੈ।" ਪੰਡਿਤ ਤੇਲੂ ਰਾਮ ਪੀਲੇ ਫੁੱਲਾਂ ਦੀ ਮੰਗ ਲੈ ਕੇ ਖੜ੍ਹਾ ਰਹਿੰਦਾ। ਪੂਜਾ ਲਈ ਉਸ ਨੂੰ ਪੀਲੇ ਰੰਗ ਦੇ ਫੁੱਲ ਚਾਹੀਦੇ ਹੁੰਦੇ।

ਦੀਵਾਲੀ, ਦੁਸਹਿਰਾ ਆਉਣ 'ਤੇ ਭੂਆ ਗੇਰੂ ਫੇਰ ਕੇ ਆਪਣਾ ਬਾਗ ਚਮਕਾ ਦਿੰਦੀ। ਮੈਂ ਤਾਂ ਹਰ ਵੇਲੇ ਭੂਆ ਦੇ ਨਾਲ ਹੀ ਹੁੰਦੀ। ਭੂਆ ਦੱਸਦੀ, "ਦੇਖ ਧੀਏ, ਸੂਰਜ ਦੀ ਰੋਸ਼ਨੀ ਤੋਂ ਬਿਨਾਂ ਤਾਂ ਕੋਈ ਫਸਲ, ਫੁੱਲ ਤੇ ਬੂਟਾ ਨਹੀਂ ਹੋ ਸਕਦਾ। ਕਈ ਫੁੱਲਾਂ ਨੂੰ ਤਾਂ ਸੂਰਜ ਦਾ ਅਵੱਲਾ ਪਿਆਰ ਹੁੰਦਾ। ਸੂਰਜਮੁਖੀ ਨੂੰ ਤਾਂ ਜਿੱਧਰ ਸੂਰਜ ਜਾਊ, ਉਸ ਪਾਸੇ ਆਪਣਾ ਮੂੰਹ ਰੱਖਣਾ। ਇਸ ਦਾ ਨਾਂ ਤਾਂ ਹੀ ਤਾਂ ਸੂਰਜਮੁਖੀ ਪੈ ਗਿਆ। ਜਿਵੇਂ ਜੁਆਲਾ ਗਾਉਂਦਾ ਹੁੰਦਾ 'ਮੈਂ ਰਾਂਝਾ-ਰਾਂਝਾ ਕਰਦੀ ਆਪੇ ਰਾਂਝਣ ਹੋਈ।' ਆਹ ਦੁਪਹਿਰ ਖਿੜੀ... ਇਨ੍ਹਾਂ ਫੁੱਲਾਂ ਨੇ ਤਾਂ ਅੱਖਾਂ ਉਦੋਂ ਹੀ ਖੋਲ੍ਹਣੀਆਂ ਜਦ ਸੂਰਜ ਚਮਕਦਾ ਹੋਵੇ।

ਅੱਜ ਉਸ ਵਿਹੜੇ ਵਿਚ ਸੁੰਨ ਪਈ ਹੈ। ਵਿਹੜੇ ਵਿਚ ਹਨ, ਜਾਨਵਰਾਂ ਦੀਆਂ ਬਿੱਠਾਂ। ਦਿਨ ਵੇਲੇ ਕਬੂਤਰ ਗੁਟਕਦੇ ਹਨ, ਤੇ ਰਾਤ ਨੂੰ ਉਲੂ ਕੌਡੀ ਖੇਡਦੇ ਹਨ! ਭੂਆ ਦੇ ਭਤੀਜਿਆਂ ਵਿਚੋਂ ਕੋਈ ਪਰਦੇਸ ਜਾ ਵਸਿਆ, ਕਿਸੇ ਨੇ ਪੁਰਾਣੇ ਘਰ-ਹਵੇਲੀਆਂ ਛੱਡ ਖੇਤਾਂ ਵਿਚ ਕੋਠੀਆਂ ਪਾ ਲਈਆਂ। ਮੇਰੇ ਮਨ ਵਿਚ ਮੇਰਾ ਬਚਪਨ ਜੋ ਅੱਜ ਭੂਤਕਾਲ ਬਣ ਚੁੱਕਾ ਹੈ, ਕਈ ਵਾਰ ਉਸ ਦੇ ਵਰਤਮਾਨ ਹੋਣ ਦਾ ਭੁਲੇਖਾ ਪੈ ਜਾਂਦਾ ਹੈ। ਇਹ ਭੁਲੇਖੇ ਕਈ ਵਾਰ ਮਨ ਦੀ ਖੁਰਾਕ ਬਣ ਜਾਂਦੇ ਹਨ।

---

## ਕਾਵਿ-ਜਗਤ

### ਮਾਂ ਤੇਰੀ ਠੰਡੜੀ ਛਾਂ

ਮਾਂ ਤੇਰੀ ਮਿੱਠੜੀ ਛਾਂ।
ਤੇਰੀ ਮਮਤਾ ਦੀ ਛਾਵੇਂ ਮਾਂ
ਤੇਰੇ ਚਰਨਾਂ ਦੀ ਥਾਵੇਂ ਮਾਂ
ਸਵਰਗਾਂ ਦਾ ਹੈ ਜਹਾਂ।
ਮਾਂ ਤੇਰੀ ਠੰਡੜੀ ਛਾਂ।

ਦੇ ਕੇ ਜਨਮ ਤੂੰ ਮੈਨੂੰ ਮਾਏ
ਇਹ ਦੁਨੀਆਂ ਦਿਖਾਈ।
ਮੈਨੂੰ ਦਿਸਦੀ ਕੁਦਰਤ ਵਿਚ
ਬਸ ਤੇਰੀ ਹੀ ਰੁਸ਼ਨਾਈ।
ਰੱਬ ਦਾ ਦੂਜਾ ਰੂਪ ਤੂੰ ਮਾਏ।
ਲਾਡ ਲਡਾਵੇਂ ਖ਼ੂਬ ਤੂੰ ਮਾਏ।
ਤੇਰੇ ਜਿਹਾ ਕੋਈ ਨਾ।
ਮਾਂ ਤੇਰੀ ਮਿੱਠੜੀ ਛਾਂ।

ਮੈਨੂੰ ਬੁਲਾਵੇ ਲਾਡਾਂ ਦੇ ਨਾਲ
ਤੂੰ ਕਈ ਨਾਂਵਾਂ ਨਾਲ।
ਪਾਲ ਕੇ ਮੈਨੂੰ ਵੱਡਾ ਕੀਤਾ
ਕਿਨੇ ਲਾਡਾਂ-ਚਾਵਾਂ ਨਾਲ।
ਪੜ੍ਹ-ਲਿਖ ਲਿਆ ਮੈਂ ਮਾਏ।
ਜੀਣਾ ਸਿੱਖ ਲਿਆ ਮੈਂ ਮਾਏ।
ਲੈ ਕੇ ਤੇਰੀ ਛਾਂ।
ਮਾਂ ਤੇਰੀ ਠੰਡੜੀ ਛਾਂ।

ਤੂੰ ਦਿੱਤੇ ਨੇ ਸੁੱਖ ਨੀ ਮਾਏ
ਝੱਲ ਕੇ ਦੁੱਖ ਹਜ਼ਾਰਾਂ।
ਤੇਰੀਆਂ ਲੋਰੀਆਂ ਵਿਚ ਨੀ ਮਾਏ
ਠੰਡੀਆਂ ਵਗਣ ਹਵਾਵਾਂ।
ਤੇਰਾ ਕੋਈ ਹੰਝੂ ਵਗੇ ਨਾ।
ਤੇਰੇ ਨੇੜੇ ਦੁੱਖ ਕਦੇ ਮਾਂ,
ਆਉਣ ਨਾ ਦਿਆਂ।
ਮਾਂ ਤੇਰੀ ਠੰਡੜੀ ਛਾਂ।

-ਦਿਲਪ੍ਰੀਤ ਮਾਨ, ਕਲੋਵਿਸ
ਫੋਨ: 559-291-7116

---

### ਮਾਈ

ਮਾਈ ਨੀ ਮੇਰੀ ਮਾਈ
ਅਸੀਂ ਮਿਲਣ ਦੀ ਤਾਂਘ ਲਗਾਈ।
ਚਿੜੀਆਂ ਦੇ ਬੋਟਾਂ ਵਾਂਗ ਅਸੀਂ
ਆਲ੍ਹਣੇ ਵਿਚ ਚੀ ਚੀ ਲਾਈ।
ਮਾਈ ਨੂੰ ਚੇਤੇ ਕਰਦਾ ਹਾਂ
ਪਰ ਸੁਣਦੀ ਨਹੀਂ ਦੁਹਾਈ।
ਰੋ ਰੋ ਕੇ ਵਿਹੜਾ 'ਕੱਠਾ ਕਰ ਲਿਆ
ਦੁਨੀਆਂ ਚੁਪ ਕਰਾਵਣ ਆਈ।
ਮਾਈ ਮੇਰੀ ਠੰਡੜੀ ਛਾਂ ਵਰਗੀ
ਮੈਨੂੰ ਮਿਸ਼ਰੀ ਘੋਲ ਪਿਲਾਉਂਦੀ
ਆਪ ਪਾਣੀ ਪੀਂਦੀ ਏ,
ਮੈਨੂੰ ਦੇਂਦੀ ਦੁੱਧ-ਮਲਾਈ।
ਜੇ ਮਾਈ ਤੋਂ ਮੈਂ ਰੁੱਸ ਜਾਂਦਾ
ਪਿਆਰ ਨਾਲ ਮਨਾਉਂਦੀ,
ਮਾਈ ਦਾ ਕਰਜ਼ ਨਹੀਂ ਦੇ ਸਕਦਾ
ਭਾਵੇਂ ਦੇਵਾਂ ਉਮਰਾਂ ਦੀ ਕਮਾਈ।
ਮਾਈ ਬੜੇ ਈ ਲਾਡ ਲਡਾਉਂਦੀ
ਲੋਰੀ ਜਾਂਦੀ ਮੈਨੂੰ ਸੁਣਾਈ।
ਜੇ ਕਸ਼ਮੀਰ ਰੱਬ ਨੂੰ ਵੇਖਣਾ
ਮਾਈ ਦੇ ਦਰਸ਼ਨ ਪਾਈਂ।

-ਕਸ਼ਮੀਰ ਸਿੰਘ ਡਿਟਰਾਇਟ

---

### ਸੰਨਾਟਾ

ਫੁੱਲਾਂ ਨੂੰ ਦੋਸ਼ ਦਈਏ
ਇਕਾਂਤ ਕੀ ਸਾਡੀ
ਕੰਡਿਆਂ ਨਾਲ ਪਾ ਕੇ ਯਾਰੀ
ਕੰਡਿਆਲ ਲੱਭਦੇ ਹਾਂ।

ਬੜੇ ਮੌਸਮ ਲੰਘ ਗਏ
ਮਨਮਾਨੀਆਂ ਕਰਦੇ ਹੋਏ
ਰੁੱਤਾਂ ਦੇ ਹੇਰਫੇਰ 'ਚੋਂ
ਬਹਾਰ ਲੱਭਦੇ ਹਾਂ।

ਪਾਲੀ ਸੀ ਅਸਾਂ ਸਾਂਝ
ਦਿਲ ਜਾਨ ਇਕ ਕਰ ਕੇ
ਤਾਂ ਹੀ ਦੁਸ਼ਮਣਾਂ ਵਿਚ ਵੀ
ਪਿਆਰ ਲੱਭਦੇ ਹਾਂ।

ਇੰਨੀ ਚੜ੍ਹਾਈ ਚੜ੍ਹ ਗਏ,
ਹੁਣ ਧਰਤੀ ਨਾ ਝੱਲਦੀ
ਇਸੇ ਲਈ ਦੋਨਾਂ ਵਿਚ ਦੀ
ਇਕ ਠਾਹਰ ਲੱਭਦੇ ਹਾਂ।

ਆਖਦੇ ਨੇ ਲੋਕ ਕਲਮ ਸਾਡੀ
ਮੋਤੀ ਹੈ ਅੱਜ ਕੱਲ੍ਹ ਬੀਜਦੀ
ਲੱਗੇ ਕਿਸੇ ਸਾਜ਼ਿਸ਼ ਲਈ
ਸ਼ਿਕਾਰ ਲੱਭਦੇ ਹਾਂ।
ਅਜੇ ਨਜ਼ਰ ਹੈ ਧੁੰਦਲੀ
ਨਾ ਸਾਰੇ ਅੱਖਰ ਉਠਾਲਦੀ
ਅਸੀਂ ਤੇ ਤੀਜੇ ਨੇਤਰ ਦਾ
ਦਵਾਰ ਲੱਭਦੇ ਹਾਂ।

ਬਾਹਰ ਬੜੀ ਹੈ ਰੋਸ਼ਨੀ
ਮਹਿਫਲਾਂ ਦਾ ਸ਼ੋਰ ਹੈ
ਬੱਸ ਅੰਦਰ ਦੇ ਸੰਨਾਟੇ ਲਈ
ਸੰਤਾਰ ਲੱਭਦੇ ਹਾਂ।

-ਦੇਵਿੰਦਰ ਕੌਰ ਗੁਰਾਇਆ
ਫੋਨ: 571-315-9543

---

### ਕੇਜਰੀਵਾਲ

ਉਹ ਮੁੱਖ ਮੰਤਰੀ ਬਣ ਕੇ
ਬਹਿੰਦਾ ਕੁਰਸੀ 'ਤੇ ਹਿੱਕ ਤਣਕੇ
ਪੂਛ ਪੁਲਿਸ ਦੀ ਫੜਕੇ
ਵਟਾ ਚੜ੍ਹਾਈ ਜਾਂਦਾ ਏ।
ਅਰਵਿੰਦ ਕੇਜਰੀਵਾਲ
ਦਿਨੋਂ ਦਿਨ ਛਾਈ ਜਾਂਦਾ ਏ।

ਸੀ ਭੀੜਾਂ ਹੋ 'ਗੀਆਂ ਕੱਠੀਆਂ
ਤੇ ਸਭ ਨੇ ਕਰ ਲਿਆ ਏਕਾ।
ਇਕ ਆਮ ਆਦਮੀ ਬਣ ਗਿਆ
ਸਾਰੇ ਦਿੱਲੀ ਸ਼ਹਿਰ ਦਾ ਨੇਤਾ।
ਦਾਗੀ ਅਫ਼ਸਰ ਫਤ ਫਤ
ਰੇਲ ਬਣਾਈ ਜਾਂਦਾ ਏ।
ਅਰਵਿੰਦ ਕੇਜਰੀਵਾਲ...।
ਉਹਨੂੰ ਆਪ ਸੋਨੀਆ ਬੋਲੀ
ਘਰ ਆ ਕੇਜਰੀਵਾਲੇ।
ਆਠ ਮੈਂਬਰ ਲਓ ਹਮਾਰੇ
ਤੂ ਜਾ ਸਰਕਾਰ ਬਨਾ ਲੇ।
ਉਹ ਮੋਦੀ ਵਰਗਿਆਂ ਨੂੰ ਵੀ
ਹੇਠਾਂ ਲਾਈ ਜਾਂਦਾ ਏ।
ਅਰਵਿੰਦ ਕੇਜਰੀਵਾਲ
ਦਿਨੋਂ ਦਿਨ ਛਾਈ ਜਾਂਦਾ ਏ।

ਵਿਸ਼ਵਾਸ ਕਰੋ ਮੇਰੇ 'ਤੇ
ਆਖੀ ਜਾਵੇ ਲੋਕਾਂ ਨੂੰ।
ਲਾਹ ਲਾਹ ਕਹਿੰਦਾ ਸਿੱਟ ਦੂੰ
ਖੂਨ ਪੀਣੀਆਂ ਜੋਕਾਂ ਨੂੰ।
ਰਾਹ ਦੇ ਰੋੜਿਆਂ ਨੂੰ
ਉਹ ਪਰ੍ਹੇ ਹਟਾਈ ਜਾਂਦਾ ਏ।

ਬੱਤੀਆਂ ਵਾਲੀਆਂ ਕਾਰਾਂ ਦੇ
ਕਹੇ ਵਾਧੂ ਖਰਚੇ ਆ।
ਸਾਰੀ ਦੁਨੀਆਂ ਦੇ ਵਿਚ
ਉਹਦੇ ਨਾਂ ਦੇ ਚਰਚੇ ਆ।
ਹਰ ਆਮ ਆਦਮੀ ਨਾਲ
ਉਹ ਹੱਥ ਮਿਲਾਈ ਜਾਂਦਾ ਏ।

ਰੱਬ ਕਰੇ ਕਦੇ ਫੁੱਲਾਂ ਵਾਂਗੂੰ
ਉਹ ਵੀ ਖਿਲ ਜਾਵੇ।
'ਰਾਜ' ਜੇ ਕਿਤੇ ਪੰਜਾਬ ਨੂੰ
ਐਸਾ ਆਗੂ ਮਿਲ ਜਾਵੇ।
ਚੀਮਨੇ ਵਾਲਿਆ ਹਰ ਕੋਈ
ਗੁਣ ਉਹਦੇ ਗਾਈ ਜਾਂਦਾ ਏ।
ਅਰਵਿੰਦ ਕੇਜਰੀਵਾਲ...।

-ਰਾਜ ਧਾਲੀਵਾਲ

# ਲੋਕ ਸਭਾ ਚੋਣਾਂ ਤੋਂ ਪਹਿਲਾਂ ਦੇਸ਼ ਦਾ ਰਾਜਸੀ ਨਕਸ਼ਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਨਰਿੰਦਰ ਮੋਦੀ ਦੀ ਇਹ ਚੁਸਤੀ ਹੈ ਕਿ ਉਹ ਜਦੋਂ ਇੱਕ ਬੰਨੇ ਫਸਦਾ ਜਾਪੇ, ਉਦੋਂ ਉਹ ਲੋਕਾਂ ਦਾ ਹੋਰ ਪਾਸੇ ਧਿਆਨ ਲਾਉਣ ਵਾਲਾ ਕੰਮ ਬੜੀ ਤੇਜ਼ੀ ਨਾਲ ਕਰ ਲੈਂਦਾ ਹੈ। ਹੁਣ ਵੀ ਇਹੋ ਹੋਇਆ ਹੈ। ਉਸ ਨੇ ਖੜੇ ਪੈਰ ਗੁਜਰਾਤ ਵਿਚ ਇੱਕ ਸੰਮੇਲਨ ਕਰ ਕੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਮੁਸਲਮਾਨ ਭਾਈਚਾਰਾ ਵੀ ਉਸ ਦੇ ਨਾਲ ਹੀ ਖੜਾ ਹੈ। 'ਰੱਬ ਨੇੜੇ ਕਿ ਘਸੁੰਨ' ਦੀ ਕਹਾਵਤ ਦਾ ਅਸਰ ਹੋਵੇ ਤਾਂ ਸਾਰੇ ਲੋਕ ਹੀ ਨਾਲ ਖੜੇ ਦਿੱਸਣਗੇ, ਪਰ ਮੋਦੀ ਦੇ ਵਿਹਾਰ ਦੇ ਕਾਰਨ ਭਾਜਪਾ ਜਾਂ ਮੋਦੀ ਨਾਲ ਮੁਸਲਮਾਨਾਂ ਦੇ ਖੜੇ ਹੋਣ ਦਾ ਕੋਈ ਕਾਰਨ ਨਹੀਂ ਲੱਭ ਸਕਦਾ।***

ਭਾਰਤੀ ਲੋਕਤੰਤਰ ਦੇ ਇੱਕ ਹੋਰ ਸਮੁੰਦਰ ਮੰਥਨ ਵਾਸਤੇ ਹੁਣ ਮਸਾਂ ਦੋ ਮਹੀਨੇ ਬਾਕੀ ਰਹਿ ਗਏ ਹਨ। ਇਸ ਫਰਵਰੀ ਮਹੀਨੇ ਦੇ ਮੁੱਕਣ ਤੱਕ ਪਾਰਲੀਮੈਂਟ ਦੀਆਂ ਚੋਣਾਂ ਲਈ ਤਰੀਕਾਂ ਦਾ ਐਲਾਨ ਹੋ ਜਾਣ ਦੀ ਆਸ ਹੈ। ਜਿਨ੍ਹਾਂ ਦੀ ਅੱਖ ਦਿੱਲੀ ਵਾਲੇ ਵੱਡੇ ਤਖਤ ਉਤੇ ਲੱਗੀ ਹੋਈ ਹੈ, ਉਹ ਇਸ ਨੂੰ ਸਾਂਭਣ ਜਾਂ ਖੁੱਸਣ ਤੋਂ ਬਚਾਉਣ ਲਈ ਸਾਹੋ-ਸਾਹ ਹੋਏ ਪਏ ਹਨ। ਮਾਮਲਾ ਕਿਉਂਕਿ ਦੋ ਰਾਜਸੀ ਧਿਰਾਂ ਦੇ ਰਾਜ ਕਰਨ ਦੇ ਹੱਕ ਤੋਂ ਵੱਡਾ ਦੇਸ਼ ਦੇ ਇੱਕ ਸੌ ਪੰਝੀ ਕਰੋੜ ਲੋਕਾਂ ਦੀ ਹੋਣੀ ਦਾ ਹੈ, ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਦੇ ਭਵਿੱਖ ਦਾ ਹੈ, ਇਸ ਲਈ ਉਨ੍ਹਾਂ ਧਿਰਾਂ ਲਈ ਵੀ ਸਰਗਰਮ ਹੋਣਾ ਜ਼ਰੂਰੀ ਹੈ, ਜਿਹੜੀਆਂ ਤਖਤ ਸਾਂਭਣ-ਬਚਾਉਣ ਦੀ ਦੌੜ ਵਿਚ ਨਾ ਹੋ ਕੇ ਦੇਸ਼ ਦੇ ਲੋਕਾਂ ਦੇ ਹਿੱਤਾਂ ਬਾਰੇ ਆਪਣੇ ਢੰਗ ਨਾਲ ਕੁਝ ਸੋਚਣਾ ਤੇ ਕਰਨਾ ਚਾਹੁੰਦੀਆਂ ਹਨ। ਰਾਜਸੀ ਨਕਸ਼ਾ ਹਾਲੇ ਪੂਰਾ ਡੌਲਿਆ ਨਹੀਂ ਗਿਆ, ਪਰ ਜਿੰਨਾ ਕੁ ਹੈ, ਉਹ ਇਸ ਚੋਣ ਜੰਗ ਵਿਚ ਕੁਝ ਹੱਦਾਂ ਤੇ ਕੁਝ ਇਰਾਦਿਆਂ ਦੀ ਨਿਸ਼ਾਨਦੇਹੀ ਕਰ ਸਕਦਾ ਹੈ।

ਸਭ ਤੋਂ ਵੱਧ ਸਰਗਰਮ ਧਿਰ ਭਾਰਤੀ ਜਨਤਾ ਪਾਰਟੀ ਹੈ, ਜਿਸ ਦਾ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰਿੰਦਰ ਮੋਦੀ ਫੋਕੇ ਫੁਲਾਏ ਗੁਬਾਰੇ ਉਤੇ ਸਵਾਰ ਹੋਇਆ ਫਿਰਦਾ ਹੈ। ਹਰ ਥਾਂ ਨਿਰਾ ਝੂਠ ਗੁੰਨ੍ਹਣ ਲਈ ਉਹ ਕਿਸੇ ਵੀ ਹੱਦ ਤੱਕ ਚਲਾ ਜਾਂਦਾ ਹੈ। ਹੁਣ ਤੱਕ ਉਹ ਹਿੱਕ ਠੋਕ ਕੇ ਗੁਜਰਾਤ ਦੇ ਵਿਕਾਸ ਦੀਆਂ ਕਹਾਣੀਆਂ ਪਾਉਂਦਾ ਫਿਰਦਾ ਸੀ ਤੇ ਉਸ ਦੇ ਭਾਜਪਾਈਏ ਜੋੜੀਦਾਰ, ਨਾਲ ਪੰਜਾਬ ਦੇ ਅਕਾਲੀ ਭਾਈ ਵੀ, ਉਸ ਦੇ ਮਗਰ ਤਾੜੀਆਂ ਮਾਰ ਕੇ ਖੁਸ਼ੀ ਮਹਿਸੂਸ ਕਰਦੇ ਸਨ। ਇਸ ਹਫਤੇ ਇਹ ਮੁਲੰਮਾ ਵੀ ਲੱਥ ਗਿਆ ਹੈ। ਜਦੋਂ ਭਾਰਤ ਸਰਕਾਰ ਦੇ ਯੋਜਨਾ ਕਮਿਸ਼ਨ ਨੇ ਇਹ ਕਿਹਾ ਕਿ ਰੋਜ਼ ਦੇ ਅਠਾਈ ਰੁਪਏ ਖਰਚ ਕਰਨ ਦੀ ਸਮਰੱਥਾ ਵਾਲਾ ਵਿਅਕਤੀ ਵੀ ਗਰੀਬ ਨਹੀਂ ਮੰਨਿਆ ਜਾ ਸਕਦਾ, ਅਸੀਂ ਸਾਰਿਆਂ ਨੇ ਇਸ ਨੂੰ ਗਰੀਬਾਂ ਦੀ ਗਰੀਬੀ ਨਾਲ ਮਜ਼ਾਕ ਕਿਹਾ ਸੀ। ਨਰਿੰਦਰ ਮੋਦੀ ਦੀ ਭਾਜਪਾ ਨੇ ਇਸ ਮਾਮਲੇ ਵਿਚ ਕੇਂਦਰ ਸਰਕਾਰ ਨੂੰ ਬਾਕੀਆਂ ਨਾਲੋਂ ਵੱਧ ਛੱਜ ਵਿਚ ਪਾ ਕੇ ਛੱਟਿਆ ਸੀ। ਇਹ ਉਸ ਵਕਤ ਕਰਨਾ ਵੀ ਚਾਹੀਦਾ ਸੀ। ਹੁਣ ਗੁਜਰਾਤ ਦੇ ਅੰਕੜਿਆਂ ਨੇ ਇਸ ਤੋਂ ਵੱਡਾ ਮਜ਼ਾਕ ਸਾਹਮਣੇ ਲੈ ਆਂਦਾ ਹੈ। ਭਾਜਪਾ ਦੇ ਪ੍ਰਧਾਨ ਮੰਤਰੀ ਬਣਨ ਲਈ ਉਮੀਦਵਾਰ ਨਰਿੰਦਰ ਮੋਦੀ ਦੀ ਸਰਕਾਰ ਇਹ ਕਹਿੰਦੀ ਹੈ ਕਿ ਜਿਹੜਾ ਬੰਦਾ ਰੋਜ਼ ਦੇ ਗਿਆਰਾਂ ਰੁਪਏ ਖਰਚ ਸਕਦਾ ਹੈ, ਉਹ ਵੀ ਗਰੀਬ ਨਹੀਂ ਗਿਣਿਆ ਜਾਣਾ ਚਾਹੀਦਾ ਤੇ ਉਸ ਨੂੰ ਗਰੀਬੀ ਰੇਖਾ ਤੋਂ ਹੇਠਾਂ ਵੱਸਦੇ ਲੋਕਾਂ ਵਾਲੀਆਂ ਸਹੂਲਤਾਂ ਲੈਣ ਦਾ ਕੋਈ ਅਧਿਕਾਰ ਨਹੀਂ। ਇਸ ਬਾਰੇ ਭਾਜਪਾ ਆਗੂ ਚੁੱਪ ਵੱਟ ਗਏ ਹਨ।

ਨਰਿੰਦਰ ਮੋਦੀ ਦੀ ਇਹ ਚੁਸਤੀ ਹੈ ਕਿ ਉਹ ਜਦੋਂ ਇੱਕ ਬੰਨੇ ਫਸਦਾ ਜਾਪੇ, ਉਦੋਂ ਉਹ ਲੋਕਾਂ ਦਾ ਹੋਰ ਪਾਸੇ ਧਿਆਨ ਲਾਉਣ ਵਾਲਾ ਕੰਮ ਬੜੀ ਤੇਜ਼ੀ ਨਾਲ ਕਰ ਲੈਂਦਾ ਹੈ। ਹੁਣ ਵੀ ਇਹੋ ਹੋਇਆ ਹੈ। ਉਸ ਨੇ ਖੜੇ ਪੈਰ ਗੁਜਰਾਤ ਵਿਚ ਇੱਕ ਸੰਮੇਲਨ ਕਰ ਕੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਮੁਸਲਮਾਨ ਭਾਈਚਾਰਾ ਵੀ ਉਸ ਦੇ ਨਾਲ ਹੀ ਖੜਾ ਹੈ। 'ਰੱਬ ਨੇੜੇ ਕਿ ਘਸੁੰਨ' ਦੀ ਕਹਾਵਤ ਦਾ ਅਸਰ ਹੋਵੇ ਤਾਂ ਸਾਰੇ ਲੋਕ ਹੀ ਨਾਲ ਖੜੇ ਦਿੱਸਣਗੇ, ਪਰ ਮੋਦੀ ਦੇ ਵਿਹਾਰ ਦੇ ਕਾਰਨ ਭਾਜਪਾ ਜਾਂ ਮੋਦੀ ਨਾਲ ਮੁਸਲਮਾਨਾਂ ਦੇ ਖੜੇ ਹੋਣ ਦਾ ਕੋਈ ਕਾਰਨ ਨਹੀਂ ਲੱਭ ਸਕਦਾ। ਗੁਜਰਾਤ ਵਿਚ ਮੁਸਲਮਾਨਾਂ ਦੀ ਗਿਣਤੀ ਦਸ ਫੀਸਦੀ ਤੋਂ ਕੁਝ ਵੱਧ ਹੈ। ਪੰਜਾਬ ਵਿਚ ਮੁਸਲਮਾਨ ਆਬਾਦੀ ਡੇਢ ਫੀਸਦੀ ਹੈ ਤੇ ਹਰ ਚੋਣ ਵਿਚ ਦੋਵੇਂ ਵੱਡੀਆਂ ਰਾਜਸੀ ਪਾਰਟੀਆਂ ਵੱਲੋਂ ਇੱਕ-ਇੱਕ ਉਮੀਦਵਾਰ ਇਸ ਭਾਈਚਾਰੇ ਵਿਚੋਂ ਹੁੰਦਾ ਹੈ। ਮੋਦੀ ਦੇ ਰਾਜ ਵਿਚ ਮੁਸਲਮਾਨ ਦਸ ਫੀਸਦੀ ਹਨ, ਕਾਂਗਰਸ ਟਿਕਟਾਂ ਦੇ ਦਿੰਦੀ ਹੈ, ਪਰ ਦੂਸਰੀ ਵੱਡੀ ਧਿਰ ਭਾਜਪਾ ਉਨ੍ਹਾਂ ਨੂੰ ਇੱਕ ਵੀ ਟਿਕਟ ਨਹੀਂ ਦਿੰਦੀ। ਇੱਕ ਸੌ ਬਿਆਸੀ ਵਿਧਾਨ ਸਭਾ ਸੀਟਾਂ ਵਿਚੋਂ ਆਖਰੀ ਵਾਰੀ ਇੱਕ ਸੀਟ ਉਨ੍ਹਾਂ ਦੇ ਖਾਤੇ ਵਿਚ ਉਦੋਂ ਗਈ ਸੀ, ਜਦੋਂ ਭਾਜਪਾ ਦਾ ਮੁੱਖ ਮੰਤਰੀ ਕੇਸ਼ੂ ਭਾਈ ਪਟੇਲ ਹੁੰਦਾ ਸੀ, ਉਸ ਤੋਂ ਬਾਅਦ ਦੇ 16 ਸਾਲਾਂ ਵਿਚ ਕਦੀ ਇੱਕ ਵੀ ਮੁਸਲਮਾਨ ਨੂੰ ਇਸ ਕਾਬਲ ਨਹੀਂ ਸਮਝਿਆ ਗਿਆ। ਇਸ ਦੇ ਬਾਵਜੂਦ ਮੋਦੀ ਦਾ ਕਹਿਣਾ ਹੈ ਕਿ ਉਸ ਰਾਜ ਦੇ ਮੁਸਲਮਾਨ ਉਸ ਨੂੰ ਬਹੁਤ ਪਿਆਰ ਕਰਦੇ ਹਨ।



*ਨਰਿੰਦਰ ਮੋਦੀ*

ਜਦੋਂ ਜਨੂੰਨ ਦੀ ਕਾਂਗ ਚੜ੍ਹੀ ਆਉਂਦੀ ਹੈ, ਪੰਡਿਤ ਜਵਾਹਰ ਲਾਲ ਨਹਿਰੂ ਦੇ ਵਕਤ ਦੀ ਧਰਮ ਨਿਰਪੱਖਤਾ ਦੀ ਵਕੀਲ ਮੰਨੀ ਜਾਂਦੀ ਕਾਂਗਰਸ ਪਾਰਟੀ ਉਸ ਦੇ ਟਾਕਰੇ ਲਈ ਨਿਤਾਣੀ ਜਾਪ ਰਹੀ ਹੈ। ਇਸ ਦੇ ਵੀ ਕਈ ਕਾਰਨ ਹਨ। ਇੱਕ ਕਾਰਨ ਇਹ ਹੈ ਕਿ ਕਾਂਗਰਸ ਪਾਰਟੀ ਦੀ ਹਾਈ ਕਮਾਨ ਹੁਣ 'ਹਾਈ ਕਮਾਨ' ਕੀ, ਇਸ ਨੂੰ ਬਹੁਤੇ ਲੋਕ 'ਲੋਅ ਕਮਾਨ' ਵੀ ਮੰਨਣ ਤੋਂ ਮੁਸ਼ਕਲ ਮਹਿਸੂਸ ਕਰਦੇ ਹਨ। ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦਾ ਦਸ ਸਾਲ ਪਹਿਲਾਂ ਵਾਲਾ ਅਕਸ ਹੁਣ ਨਹੀਂ ਰਹਿ ਗਿਆ। ਇਸ ਨੂੰ ਜੇ ਕਿਸੇ ਨੇ ਸਭ ਤੋਂ ਵੱਡੀ ਸੱਟ ਮਾਰੀ ਹੈ ਤਾਂ ਉਹ ਬੀਬੀ ਸੋਨੀਆ ਗਾਂਧੀ ਦਾ ਦਾਮਾਦ ਰਾਬਰਟ ਵਾਡਰਾ ਹੈ, ਜਿਸ ਦੇ ਹਰ ਰਾਜ ਵਿਚ ਕੀਤੇ ਜ਼ਮੀਨੀ ਸੌਦਿਆਂ ਨੇ ਭ੍ਰਿਸ਼ਟਾਚਾਰ ਦੀ ਓੜਕ ਛੋਹ ਲਈ ਤੇ ਸਾਰੀ ਪਾਰਟੀ ਨੂੰ ਉਸ ਦੀ ਥਾਂ ਸਫਾਈਆਂ ਦੇਣ ਲਾ ਦਿੱਤਾ ਗਿਆ ਸੀ।

ਦੂਸਰਾ ਮਾੜਾ ਪ੍ਰਭਾਵ ਬੀਬੀ ਦੇ ਪੁੱਤਰ ਵੱਲੋਂ ਹੈ, ਜਿਸ ਨੂੰ ਰਾਜਨੀਤੀ ਦੀ ਆਪ ਅਜੇ ਤੱਕ ਪੂਰੀ ਸਮਝ ਨਹੀਂ ਆ ਸਕੀ ਤੇ ਇਹੋ ਜਿਹੇ ਸਲਾਹਕਾਰਾਂ ਦੀ ਜੁੰਡਲੀ ਦੇ ਵਲਾਵੇਂ ਵਿਚ ਫਸਿਆ ਪਿਆ ਹੈ, ਜਿਹੜੇ ਆਪਣੀ ਪਾਰਟੀ ਲੀਡਰਸ਼ਿਪ ਨਾਲੋਂ ਵੱਧ ਸਾਂਝ ਆਪਣੇ ਵਿਰੋਧ ਵਾਲਿਆਂ ਦੇ ਨਾਲ ਰੱਖਦੇ ਹਨ। ਪੰਜਾਬ ਵਿਚ ਦੋ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਹਾਰ ਜਾਣ ਪਿੱਛੇ ਵੀ ਇੱਕ ਕਾਰਨ ਇਸ ਜੁੰਡਲੀ ਦੀ ਅਕਾਲੀ ਆਗੂਆਂ ਨਾਲ ਅੰਦਰ ਦੀ ਸਾਂਝ ਦੱਸੀ ਗਈ ਸੀ। ਹੁਣ ਫਿਰ ਉਹੀ ਜੁੰਡਲੀ ਪੂਰੀ ਸਰਗਰਮ ਹੈ। ਤੀਸਰਾ ਕਾਰਨ ਇਹ ਹੈ ਕਿ ਪ੍ਰਧਾਨ ਮੰਤਰੀ ਉਹ ਮਨਮੋਹਨ ਸਿੰਘ ਹੈ, ਜਿਸ ਦੀ ਆਪਣੀ ਪਾਰਟੀ ਦੇ ਜਿੱਤਣ ਜਾਂ ਹਾਰਨ ਵਿਚ ਕੋਈ ਦਿਲਚਸਪੀ ਹੀ ਨਹੀਂ। ਉਹ ਸੰਨਿਆਸ ਲੈਣ ਵਾਸਤੇ ਬਿਸਤਰਾ ਬੰਨ੍ਹੀ ਬੈਠਾ ਹੈ ਤੇ ਇਹ ਹਾਲਾਤ ਉਸ ਜੁੰਡਲੀ ਨੇ ਪੈਦਾ ਕੀਤੇ ਹਨ, ਜਿਹੜੀ ਆਏ ਦਿਨ ਇਹ ਮੰਗ ਕਰੀ ਜਾਂਦੀ ਹੈ ਕਿ ਰਾਹੁਲ ਗਾਂਧੀ ਨੂੰ ਛੇਤੀ ਪ੍ਰਧਾਨ ਮੰਤਰੀ ਬਣਾ ਦਿਓ। ਜਿਸ ਪ੍ਰਧਾਨ ਮੰਤਰੀ ਨੂੰ ਰੋਜ਼ ਰਾਤ ਨੂੰ ਇਹ ਪੁੱਛਣਾ ਪੈਂਦਾ ਹੋਵੇ ਕਿ ਭਲਕੇ ਮੈਂ ਇਸ ਕੁਰਸੀ ਉਤੇ ਬੈਠਣਾ ਹੈ ਜਾਂ ਰਾਹੁਲ ਨੇ ਆਣ ਬਹਿਣਾ ਹੈ, ਉਹ ਆਪਣੀ ਪਾਰਟੀ ਦੀ ਜਿੱਤ ਲਈ ਕੁਝ ਕਰੇਗਾ ਵੀ ਕਿਉਂ?

ਤੀਸਰੀ ਧਿਰ ਅਜੇ ਵੀ ਆਮ ਆਦਮੀ ਪਾਰਟੀ ਨਹੀਂ, ਉਹ ਮੋਰਚਾ ਸਮਝਿਆ ਜਾ ਰਿਹਾ ਹੈ, ਜਿਸ ਵਿਚ ਕੁੱਲ ਮਿਲਾ ਕੇ ਗਿਆਰਾਂ ਪਾਰਟੀਆਂ ਸ਼ਾਮਲ ਹੋ ਗਈਆਂ ਹਨ ਤੇ ਅਗਲੇ ਦਿਨਾਂ ਵਿਚ ਕੁਝ ਹੋਰ ਦੇ ਜੁੜਨ ਦੀ ਗੱਲ ਵੀ ਸੁਣੀ ਜਾ ਰਹੀ ਹੈ। ਪਹਿਲਾਂ ਭਾਜਪਾ ਵਾਲਿਆਂ ਨੇ ਬੜਾ ਪ੍ਰਭਾਵ ਦਿੱਤਾ ਸੀ ਕਿ ਜਨਤਾ ਦਲ ਯੂਨਾਈਟਿਡ ਦੇ ਲੋਕ ਟੁੱਟਣ ਅਤੇ ਉਨ੍ਹਾਂ ਵੱਲ ਆਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਹੁਣ ਇਹ ਗੱਲ ਨਹੀਂ। ਜਿੰਨੇ ਕੁ ਬੰਦੇ ਬਿਹਾਰ ਵਿਚ ਉਸ ਪਾਸੇ ਤੋਂ ਟੁੱਟੇ ਤੇ ਭਾਜਪਾ ਵੱਲ ਆਏ ਸਨ, ਲਗਭਗ ਓਨੇ ਕੁ ਭਾਜਪਾ ਦੇ ਟੁੱਟ ਕੇ ਓਧਰ ਵੀ ਚਲੇ ਗਏ ਹਨ। ਸਿਰਫ ਯੂ ਪੀ ਵਿਚ ਭਾਜਪਾ ਨੇ ਵੱਡੀ ਢਾਹ ਲਾਈ ਹੈ ਤੇ ਉਹ ਮੁਲਾਇਮ ਸਿੰਘ ਦੀ ਦੋ ਬੇੜੀਆਂ ਦਾ ਸਵਾਰ ਹੋਣ ਦੀ ਆਦਤ ਕਾਰਨ ਲੱਗ ਰਹੀ ਹੈ। ਇਸ ਤੀਸਰੀ ਧਿਰ ਨੂੰ ਜੋੜਨ ਵਿਚ ਕਦੀ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਜਿਹੜੀ ਸਰਗਰਮੀ ਕਰਦੇ ਹੁੰਦੇ ਸਨ, ਉਹ ਬਿਨਾਂ ਕਿਸੇ ਐਲਾਨ ਤੋਂ ਇਸ ਵਾਰ ਸੀ ਪੀ ਆਈ ਦੇ ਕਾਮਰੇਡ ਬਰਧਨ ਨੇ ਕੀਤੀ ਜਾਪਦੀ ਹੈ।

ਬਹੁਤਾ ਧਿਆਨ ਸਭ ਦਾ ਇਸ ਵਕਤ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਵਾਲੇ ਪਾਸੇ ਲੱਗਾ ਪਿਆ ਹੈ। ਇਹ ਪਾਰਟੀ ਜਿਹੜੇ ਪਹਿਲੇ ਕਦਮਾਂ ਨਾਲ ਅੱਗੇ ਤੁਰੀ ਹੈ, ਉਸ ਦਾ ਪ੍ਰਭਾਵ ਮਾੜਾ ਨਹੀਂ ਪਿਆ ਤੇ ਲੋਕਾਂ ਦੀ ਹਮਦਰਦੀ ਇਸ ਨਾਲ ਵਧੀ ਹੈ। ਕਈ ਉਘੇ ਲੇਖਕ ਤੇ ਮੀਡੀਆ ਵਾਲੇ ਆਪਣਾ ਭਵਿੱਖ ਦਾਅ ਉਤੇ ਲਾ ਕੇ ਇਸ ਨਾਲ ਆ ਜੁੜੇ ਹਨ ਅਤੇ ਇਹ ਬੜੇ ਚਿਰ ਪਿੱਛੋਂ ਵੇਖਿਆ ਗਿਆ ਹੈ ਕਿ ਕਿਸੇ ਅਸਲੋਂ ਨਵੀਂ ਉਠੀ ਪਾਰਟੀ ਨਾਲ ਜੁੜਨ ਲਈ ਈਮਾਨਦਾਰ ਅਕਸ ਵਾਲੇ ਵੱਡੇ ਅਫਸਰ



*ਰਾਹੁਲ ਗਾਂਧੀ*

ਅਸਤੀਫੇ ਦੇ ਕੇ ਇਸ ਪਾਸੇ ਆ ਰਹੇ ਹਨ। ਦੇਸ਼ ਦੇ ਸਾਰੇ ਵੱਡੇ ਮਹਾਂਨਗਰਾਂ ਵਿਚ ਇਸ ਪਾਰਟੀ ਲਈ ਹਮਦਰਦੀ ਦੀ ਲਹਿਰ ਹੈ। ਗੁਜਰਾਤ ਵਿਚ ਨਰਿੰਦਰ ਮੋਦੀ ਦੇ ਪਿੱਛੋਂ ਸਭ ਤੋਂ ਸੀਨੀਅਰ ਮੰਤਰੀ ਬੀਬੀ ਅਨੰਦੀ ਬੇਨ ਪਟੇਲ ਹੈ। ਪੰਦਰਾਂ ਦਿਨ ਪਹਿਲਾਂ ਉਸ ਦੇ ਪਤੀ ਨੇ ਭਾਜਪਾ ਛੱਡੀ ਅਤੇ ਆਮ ਆਦਮੀ ਪਾਰਟੀ ਨਾਲ ਜੁੜਨ ਦਾ ਐਲਾਨ ਕਰ ਦਿੱਤਾ ਸੀ। ਦੋ ਦਿਨ ਬਾਅਦ ਉਸ ਨੇ ਵਾਪਸੀ ਕਰ ਲਈ। ਅਸਲ ਵਿਚ ਉਸ ਨੇ ਵਾਪਸੀ ਕੀਤੀ ਨਹੀਂ, ਉਸ ਤੋਂ ਕਰਵਾਈ ਗਈ ਤੇ ਇਸ ਵਾਪਸੀ ਦੇ ਵਕਤ ਉਸ ਨੇ ਜਿਹੜਾ ਬਿਆਨ ਦੇ ਦਿੱਤਾ, ਉਹ ਵਾਪਸੀ ਉਤੇ ਕਾਟਾ ਮਾਰਨ ਵਾਲਾ ਹੈ। ਅਨੰਦੀ ਬੇਨ ਪਟੇਲ ਦੇ ਪਤੀ ਨੇ ਕਿਹਾ ਕਿ ਉਸ ਦੇ ਬੱਚੇ ਆਣ ਕੇ ਉਸ ਦੇ ਦੁਆਲੇ ਬੈਠ ਗਏ ਤੇ ਕਹਿਣ ਲੱਗੇ ਕਿ ਅਸੀਂ ਵੀ ਮੰਨਦੇ ਹਾਂ ਕਿ ਭਾਰਤ ਨੂੰ ਭਾਜਪਾ ਨਾਲੋਂ ਵੱਧ ਆਮ ਆਦਮੀ ਪਾਰਟੀ ਦੀ ਲੋੜ ਹੈ, ਪਰ ਜੇ ਤੁਸੀਂ ਉਸ ਪਾਰਟੀ ਵਿਚ ਚਲੇ ਗਏ ਤਾਂ ਮੰਮੀ ਦੀ ਸਾਰੀ ਉਮਰ ਦੀ ਭਾਜਪਾ ਦੀ ਸੇਵਾ ਤੇ ਸਾਡੇ ਕੈਰੀਅਰ ਦਾ ਨੁਕਸਾਨ ਹੋ ਜਾਵੇਗਾ, ਇਸ ਲਈ ਵਾਪਸ ਭਾਜਪਾ ਵਿਚ ਆ ਜਾਓ। ਵੋਟ ਪਾਉਣ ਦੀ ਘੜੀ ਅਨੰਦੀ ਬੇਨ ਪਟੇਲ ਦਾ ਪਤੀ ਕੀ ਕਰੇਗਾ, ਇਸ ਦੀ ਭਾਜਪਾ ਵਾਲਿਆਂ ਨੂੰ ਹਾਲੇ ਵੀ ਗਾਰੰਟੀ ਨਹੀਂ ਹੈ।

ਜਿਹੜੀ ਗੱਲ ਇਸ ਨਵੀਂ ਪਾਰਟੀ ਵਿਚ ਮਾੜੀ ਹੈ, ਉਹ ਇਹ ਹੈ ਕਿ ਆਪਣੇ ਤੋਂ ਬਿਨਾਂ ਕਿਸੇ ਨੂੰ ਕਿਸੇ ਗਿਣਤੀ ਦੇ ਕਾਬਲ ਹੀ ਨਹੀਂ ਸਮਝਦੇ। ਉਨ੍ਹਾਂ ਨੇ ਹੁਣੇ ਜਿਹੇ ਭ੍ਰਿਸ਼ਟ ਲੀਡਰਾਂ ਦੀਆਂ ਦੋ ਸੂਚੀਆਂ ਜਾਰੀ ਕੀਤੀਆਂ ਹਨ। ਇਨ੍ਹਾਂ ਦੋਵੇਂ ਸੂਚੀਆਂ ਵਿਚ ਖੱਬੀ ਧਿਰ ਦੇ ਕਿਸੇ ਆਗੂ ਦਾ ਨਾਂ ਨਹੀਂ ਆਇਆ। ਸਾਰੇ ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਵਿਚ ਜਿਹੜਾ ਕੋਈ ਈਮਾਨਦਾਰ ਆਗੂ ਬਚਿਆ-ਖੁਚਿਆ ਰਹਿ ਗਿਆ ਹੋਵੇ, ਉਸ ਨੂੰ ਉਸ ਪਾਰਟੀ ਵਿਚ 'ਕਾਮਰੇਡ' ਕਿਹਾ ਜਾਣ ਲੱਗਦਾ ਹੈ। ਇਸ ਦੇ ਬਾਵਜੂਦ ਆਮ ਆਦਮੀ ਪਾਰਟੀ ਨੇ ਖੱਬੇ ਪੱਖੀਆਂ ਨਾਲ ਵੀ ਸਾਂਝ ਪਾਉਣ ਤੋਂ ਪਾਸਾ ਵੱਟ ਲਿਆ ਹੈ। 'ਮੈਂ ਹੀ ਮੈਂ' ਦੀ ਇਹ ਰੱਟ ਉਹ ਆਪ ਨਹੀਂ ਲਾ ਰਹੇ, ਉਨ੍ਹਾਂ ਦੇ ਖੱਬੇ-ਸੱਜੇ ਇਹੋ ਜਿਹੇ ਕੁਝ ਸਲਾਹਾਂ ਦੇਣ ਵਾਲੇ ਹਨ, ਜਿਨ੍ਹਾਂ ਦਾ ਆਪਣਾ ਯਕੀਨ ਨਹੀਂ ਕਿ ਫੈਸਲੇ ਦੀ ਘੜੀ ਤੱਕ ਆਮ ਆਦਮੀ ਪਾਰਟੀ ਦੇ ਨਾਲ ਰਹਿਣਗੇ ਕਿ ਕੰਨੀ ਖਿਸਕਾ ਜਾਣਗੇ। ਅਰਵਿੰਦ ਕੇਜਰੀਵਾਲ ਵਰਗੇ ਬੰਦੇ ਉਨ੍ਹਾਂ ਦੀ ਸਲਾਹ ਮੰਨ ਰਹੇ ਹਨ।

ਦੇਸ਼ ਇਸ ਵਕਤ ਜਦੋਂ ਵੱਡੇ ਚੋਣ-ਮੰਥਨ ਦੀ ਤਿਆਰੀ ਕਰ ਰਿਹਾ ਹੈ, ਉਦੋਂ ਇਹ ਚਾਰ ਮੁੱਖ ਧਿਰਾਂ ਹੀ ਨਹੀਂ, ਕੁਝ ਹੋਰ ਵੀ ਹਨ। ਮਿਸਾਲ ਵਜੋਂ ਮਾਇਆਵਤੀ ਬੀਬੀ ਹੋਵੇ ਜਾਂ ਮਮਤਾ ਬੈਨਰਜੀ, ਉਨ੍ਹਾਂ ਦੋਵਾਂ ਨਾਲ ਕਿਸੇ ਦੀ ਨਹੀਂ ਬਣਦੀ ਤੇ ਉਹ ਦੋਵੇਂ ਵੀ ਕਿਸੇ ਨਾਲ ਢਾਈ ਕੋਹ ਮਿਲ ਕੇ ਚੱਲਣ ਨੂੰ ਤਿਆਰ ਨਹੀਂ। ਸੀਟਾਂ ਉਨ੍ਹਾਂ ਦੀਆਂ ਕੁਝ ਨਾ ਕੁਝ ਆ ਜਾਣੀਆਂ ਹਨ। ਅੰਤਲੇ ਨਿਬੇੜੇ ਵਿਚ ਉਹ ਕਿੱਧਰ ਜਾਣਗੀਆਂ, ਕਿਸੇ ਨੂੰ ਪਤਾ ਨਹੀਂ। ਖਿਲਾਰਾ ਕੁਝ ਬਹੁਤਾ ਹੀ ਪੈ ਗਿਆ ਹੈ। ਏਨੇ ਖਿੱਲਰ ਗਏ ਪਿੜ ਵਿਚ ਕਿਸੇ ਇੱਕ ਧਿਰ ਦੇ ਹੂੰਝਾ ਮਾਰ ਜਾਣ ਦੀ ਗੁੰਜਾਇਸ਼ ਆਮ ਕਰ ਕੇ ਬਹੁਤੀ ਨਹੀਂ ਹੁੰਦੀ, ਪਰ ਜਿਹੜੇ ਭਾਜਪਾ ਵਾਲੇ ਅੱਧੇ ਹਿੰਦੁਸਤਾਨ ਵਿਚ ਲੱਭਦੇ ਹੀ ਨਹੀਂ, ਉਹ ਪੱਟਾਂ ਉਤੇ ਥਾਪੀਆਂ ਮਾਰ ਕੇ ਹੁਣੇ ਹੀ ਨੀਲ ਪਾਈ ਬੈਠੇ ਹਨ ਕਿ ਗੁਰਜ ਉਨ੍ਹਾਂ ਨੇ ਜਿੱਤ ਲੈਣੀ ਹੈ। ਬਾਕੀ ਧਿਰਾਂ ਇਕੱਠੀਆਂ ਹੋਣ ਜਾਂ ਨਾ ਹੋਣ, ਹਾਲ ਦੀ ਘੜੀ ਇਹੋ ਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਭਾਜਪਾ ਭਾਰਤ ਦਾ ਰਾਜ ਸੰਭਾਲ ਲਵੇਗੀ। ਹਾਲੇ ਤਾਂ ਉਹ ਉਸ ਦੌੜ ਵਿਚ ਹੈ, ਜਿਸ ਵਿਚ ਮੁਕਾਬਲੇ ਵਿਚ ਰਹਿਣ ਲਈ ਵੀ ਹਰ ਕਿਸੇ ਨੂੰ ਕਹਿਣਾ ਪੈਂਦਾ ਹੈ ਕਿ ਦਿੱਲੀ ਸਿਰਫ ਸਾਨੂੰ ਉਡੀਕ ਰਹੀ ਹੈ, ਸਾਡੇ ਸਿਵਾ ਕਿਸੇ ਨੂੰ ਨਹੀਂ। ਇਹ ਵੀ ਇੱਕ ਚੋਣ ਪੈਂਤੜਾ ਹੁੰਦਾ ਹੈ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333






ਭਾਈ ਅਵਤਾਰ ਸਿੰਘ ਧਾਮੀ


ਭਾਈ ਹਰਚਰਨ ਸਿੰਘ


ਬੀਬੀ ਰਣਬੀਰ ਕੌਰ


ਭਾਈ ਜਸਵੰਤ ਸਿੰਘ ਸੈਣੀ


ਭਾਈ ਗੁਰਚਰਨ ਸਿੰਘ ਮਾਨ

## ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਗੁਰਦੁਆਰਾ ਫਰੀਮਾਂਟ ਵਿਚ ਲਾਈਫ ਟਾਈਮ ਪ੍ਰਬੰਧਕ ਥਾਪਣ ਵਾਲੇ ਸਰਬਸੰਮਤੀ ਦੇ ਫੇਲ੍ਹ ਹੋਏ ਸਿਸਟਮ ਦੀ ਥਾਂ ਚੋਣਾਂ ਦੀ ਪ੍ਰਣਾਲੀ ਅਦਾਲਤਾਂ ਵਿਚ ਸੰਗਤਾਂ ਦੇ ਲੱਖਾਂ ਡਾਲਰ ਖਰਚ ਕਰਨ ਉਪਰੰਤ ਲਾਗੂ ਕੀਤੀ ਗਈ ਸੀ ਜਿਸ ਰਾਹੀਂ ਸੰਗਤਾਂ ਨੂੰ ਆਪਣੇ ਪ੍ਰਬੰਧਕ ਚੁਣਨ ਦਾ ਹੱਕ ਮਿਲਿਆ ਸੀ। ਸੰਗਤਾਂ ਨੇ ਰਾਏਸ਼ੁਮਾਰੀ ਰਾਹੀਂ 77.5% ਵੋਟਾਂ ਪਾ ਕੇ ਪ੍ਰਬੰਧਕਾਂ ਦੀ ਟਰਮ ਦੋ ਸਾਲ ਮਿਥੀ ਸੀ। ਅਜ ਉਹੋ ਹੀ ਗਰੁਪ ਗੁਰਮਤੇ ਅਤੇ ਸਰਬਸੰਮਤੀ ਦਾ ਭੁਲੇਖਾ ਪਾ ਕੇ ਸੰਗਤਾਂ ਦਾ ਆਪਣੇ ਪ੍ਰਬੰਧਕ ਵੋਟ ਪ੍ਰਣਾਲੀ ਰਾਹੀਂ ਚੁਣਨ ਦਾ ਹੱਕ ਖਤਮ ਕਰਨ ਦੇ ਮਨਸੂਬੇ ਬਣਾ ਰਹੇ ਹਨ। ਸਾਡੀ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਣਾ ਵੋਟ ਦਾ ਹੱਕ ਬਹਾਲ ਰਖਣ ਲਈ ਭਾਈ ਅਵਤਾਰ ਸਿੰਘ ਧਾਮੀ, ਭਾਈ ਹਰਚਰਨ ਸਿੰਘ, ਬੀਬੀ ਰਣਜੀਤ ਕੌਰ, ਭਾਈ ਜਸਵੰਤ ਸਿੰਘ ਸੈਣੀ ਅਤੇ ਭਾਈ ਗੁਰਚਰਨ ਸਿੰਘ ਮਾਨ ਨੂੰ ਆਪਣਾ ਕੀਮਤੀ ਵੋਟ ਪਾ ਕੇ ਸੇਵਾ ਦਾ ਮੌਕਾ ਬਖਸ਼ੋ ਜੀ। ਅਸੀਂ ਵਿਰੋਧੀਆਂ ਦੇ ਮਨਸੂਬੇ ਨੂੰ ਸਫਲ ਹੋਣ ਤੋਂ ਰੋਕਣ ਲਈ ਸੰਗਤ ਦੇ ਹੱਕਾਂ ਦੀ ਰਾਖੀ ਕਰਾਂਗੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

**ਅਵਤਾਰ ਸਿੰਘ ਧਾਮੀ, ਫੋਨ: (510) 376-9124**

## ਲੋਗਨ ਹਾਈ ਸਕੂਲ ਦੇ ਬੱਚਿਆਂ ਨੇ ਮਨਾਈ ਲੋਹੜੀ

**ਯੂਨੀਅਨ ਸਿਟੀ (ਬਿਊਰੋ):** ਸਥਾਨਕ ਲੋਗਨ ਹਾਈ ਸਕੂਲ ਦੇ ਪੰਜਾਬੀ ਕਲੱਬ ਦੇ ਬੱਚਿਆਂ ਵਲੋਂ ਮਨਾਇਆ ਗਿਆ ਲੋਹੜੀ ਦਾ ਪ੍ਰੋਗਰਾਮ ਕਾਫੀ ਭਰਵਾਂ ਰਿਹਾ ਅਤੇ ਇਸ ਦੌਰਾਨ ਬੱਚਿਆਂ ਵਲੋਂ ਪਾਏ ਗਏ ਭੰਗੜੇ ਦਾ ਆਏ ਦਰਸ਼ਕਾਂ ਨੇ ਖੂਬ ਅਨੰਦ ਮਾਣਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਸ਼ਲੀਨ ਅਤੇ ਨਵਦੀਪ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।



*ਸੈਨੇਟਰ ਐਲਨ ਕੌਰਬੈਟ ਪੰਜਾਬੀ ਕਲੱਬ ਦੇ ਅਹੁਦੇਦਾਰਾਂ ਦਾ ਸਨਮਾਨ ਕਰਦੇ ਹੋਏ*

ਕੈਲੀਫੋਰਨੀਆ ਸਟੇਟ ਸੈਨੇਟ ਵਿਚ ਮੈਜਾਰਿਟੀ ਲੀਡਰ ਕੌਰਬੈਟ ਇਸ ਮੌਕੇ ਮੁਖ ਮਹਿਮਾਨ ਸਨ। ਇਸ ਤੋਂ ਇਲਾਵਾ ਕਾਂਗਰਸਮੈਨ ਐਰਿਕ ਸਵਾਲਵੈਲ, ਪ੍ਰਿੰ. ਐਮੀ ਮੈਕਨਾਮਾਰਾ, ਵਾਈਸ ਪ੍ਰਿੰਸੀਪਲ ਅਭੀਜੀਤ ਬਰਾੜ, ਹਾਊਸ ਪ੍ਰਿੰਸੀਪਲ ਜੈਸੀਕਾ ਲੈਂਜ ਅਤੇ ਸਕੂਲ ਬੋਰਡ ਦੇ ਮੈਂਬਰ ਸਰਬਜੀਤ ਚੀਮਾ, ਮਾਈਕਲ ਰਿੱਚੀ ਨੇ ਵੀ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਬਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

ਮੁਖ ਮਹਿਮਾਨ ਸੈਨੇਟਰ ਕੌਰਬੈਟ ਨੇ ਕਲੱਬ ਦੇ ਪ੍ਰਧਾਨ ਗਗਨ ਸਾਮਰਾ, ਮੀਤ ਪ੍ਰਧਾਨ ਇੰਦਰਵੀਰ ਸਿੰਘ, ਸੱਕਤਰ ਜਸਪ੍ਰੀਤ ਕੌਰ ਅਤੇ ਖਜ਼ਾਨਚੀ ਜਾਸਮੀਨ ਕੌਰ ਦਾ ਉਚੇਚਾ ਸਨਮਾਨ ਕੀਤਾ ਅਤੇ ਬੱਚਿਆਂ ਨੂੰ ਆਪਣੀ ਪੜ੍ਹਾਈ ਵੱਲ ਪੂਰਾ ਧਿਆਨ ਦੇਣ ਦੇ ਨਾਲ ਨਾਲ ਸਭਿਆਚਾਰਕ ਅਤੇ ਖੇਡ ਸਰਗਰਮੀਆਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ। ਜ਼ਿਕਰਯੋਗ ਹੈ ਕਿ ਸਟੇਟ ਦੀਆਂ ਕਿਤਾਬਾਂ ਵਿਚ ਸਿੱਖ ਇਤਿਹਾਸ ਨੂੰ ਸ਼ਾਮਲ ਕਰਨ ਲਈ ਬਿਲ ਪਾਸ ਕਰਾਉਣ ਵਿਚ ਉਨ੍ਹਾਂ ਦਾ ਖਾਸ ਯੋਗਦਾਨ ਰਿਹਾ ਹੈ।

ਪ੍ਰੋਗਰਾਮ ਦੌਰਾਨ ਕਲੱਬ ਦੇ ਸਲਾਹਕਾਰ ਹਰਪਾਲ ਸਿੰਘ ਰਾਣਾ ਅਤੇ ਪ੍ਰਿੰ. ਅਭੀ ਬਰਾੜ ਦਾ ਪੂਰਾ ਸਹਿਯੋਗ ਰਿਹਾ।

To Advertise with Punjab Times
Call: 847-359-0746
Fax: 847-705-9388
punjabtimesusa.com

## ਵੱਡੇ ਘੱਲੂਘਾਰੇ ਤੇ ਨਕੋਦਰ ਗੋਲੀ ਕਾਂਡ ਦੇ ਸ਼ਹੀਦਾਂ ਦੀ ਯਾਦ 'ਚ ਸਮਾਗਮ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਵਿਖੇ ਵੱਡੇ ਘੱਲੂਘਾਰੇ ਤੇ ਨਕੋਦਰ ਗੋਲੀ ਕਾਂਡ ਦੇ ਸ਼ਹੀਦਾਂ ਦੀ ਯਾਦ 'ਚ ਸਮਾਗਮ ਕੀਤਾ ਗਿਆ। ਐਤਵਾਰੀ ਦੀਵਾਨ ਸਮੇਂ ਭਾਈ ਗੁਰਪ੍ਰੀਤ ਸਿੰਘ ਅਤੇ ਭਾਈ ਸੁਰਜੀਤ ਸਿੰਘ ਦੇ ਕੀਰਤਨੀ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਕਥਾਵਾਚਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਅਤੇ ਭਾਈ ਸੁਰਜੀਤ ਸਿੰਘ ਜ਼ਖਮੀ ਨੇ ਇਤਿਹਾਸਕ ਹਵਾਲਿਆਂ ਨਾਲ 5 ਫਰਵਰੀ 1762 ਨੂੰ ਵਾਪਰੇ ਵਡੇ ਘੱਲੂਘਾਰੇ ਵਿਚ ਲਗਪਗ 30 ਹਜ਼ਾਰ ਸਿੱਖਾਂ ਦੇ ਸ਼ਹੀਦ ਹੋਣ ਦੀ ਦਰਦਨਾਕ ਦਾਸਤਾਨ ਸੰਗਤਾਂ ਨੂੰ ਸੁਣਾਈ। ਉਨ੍ਹਾਂ ਕਿਹਾ ਕਿ ਇਸ ਘੱਲੂਘਾਰੇ ਲਈ ਅਹਿਮਦ ਸ਼ਾਹ ਅਬਦਾਲੀ ਜ਼ਿਮੇਵਾਰ ਸੀ, ਜਿਸ ਲਈ ਮੁਖਬਰੀ ਜੰਡਿਆਲੇ ਦੇ ਮਹੰਤ ਆਕਲ ਦਾਸ ਨੇ ਕੀਤੀ ਸੀ।

ਡਾ. ਆਲਾ ਸਿੰਘ ਭੋਗਲ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਸਿੱਖੀ ਸਿਦਕ ਦੀਆਂ ਮਿਸਾਲਾਂ ਪੇਸ਼ ਕੀਤੀਆਂ। ਉਪਰੰਤ ਨਕੋਦਰ ਕਾਂਡ ਦੇ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਭਰਾ ਡਾ. ਹਰਿੰਦਰ ਸਿੰਘ ਨੇ ਨਕੋਦਰ ਗੋਲੀ ਕਾਂਡ ਵਿਚ ਪੰਜਾਬ ਪੁਲਿਸ ਅਤੇ ਸਟੇਟ ਦੀ ਦਹਿਸ਼ਤਗਰਦੀ ਬਾਰੇ ਗੱਲ ਕਰਦਿਆਂ ਸੰਗਤਾਂ ਨੂੰ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਨੂੰ ਰੋਕਣ ਵਾਲੇ ਬੇਕਸੂਰ ਨੌਜਵਾਨਾਂ ਭਾਈ ਝਲਮਨ ਸਿੰਘ, ਭਾਈ ਹਰਮਿੰਦਰ ਸਿੰਘ, ਭਾਈ ਰਵਿੰਦਰ ਸਿੰਘ ਤੇ ਭਾਈ ਬਲਧੀਰ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿਤਾ ਗਿਆ ਜਿਸ ਦੀ ਹਾਲੇ ਤੱਕ ਜਾਂਚ ਨਹੀਂ ਕਰਵਾਈ ਗਈ। ਭਾਈ ਹਰਿੰਦਰ ਸਿੰਘ ਨੂੰ ਗੁਰਦੁਆਰਾ ਸਾਹਿਬ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।



ਸਕੱਤਰ ਭਾਈ ਦਵਿੰਦਰ ਸਿੰਘ ਨੇ ਕਿਹਾ ਕਿ ਅੱਜ ਦਾ ਸਮਾਗਮ ਪੁਰਾਤਨ ਤੇ ਵਰਤਮਾਨ ਸਿੱਖ ਸ਼ਹੀਦਾਂ ਦੀ ਯਾਦ ਵਿਚ ਹੈ ਜੋ ਸਾਨੂੰ ਸਿੱਖੀ ਜਜ਼ਬੇ ਦੀਆਂ ਡੂੰਘੀਆਂ ਰਮਜ਼ਾਂ ਦੀ ਦੱਸ ਪਾਉਂਦਾ ਹੈ ਤੇ ਸਾਨੂੰ ਆਪਣੇ ਕਿਰਦਾਰ ਦੀ ਮਜ਼ਬੂਤੀ ਲਈ ਪ੍ਰੇਰਨਾ ਦਿੰਦਾ ਹੈ।

## ਗੁਰਦੁਆਰਾ ਫਰੀਮਾਂਟ ਦੇ ਨਵੇਂ ਉਸਾਰੀ ਪ੍ਰਾਜੈਕਟਾਂ ਨੂੰ ਸਿਟੀ ਤੋਂ ਪ੍ਰਵਾਨਗੀ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਲੰਗਰ ਵਾਲੀ ਇਮਾਰਤ ਵਿਚ ਵਾਧਾ ਕਰਨ ਦੇ ਪ੍ਰਾਜੈਕਟ ਨੂੰ ਫਰੀਮਾਂਟ ਸਿਟੀ ਪ੍ਰਸ਼ਾਸਨ ਨੇ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਕੁਝ ਹਫਤਿਆਂ ਤੱਕ ਇਸ ਪ੍ਰਾਜੈਕਟ ਉਤੇ ਕੰਮ ਸ਼ੁਰੂ ਹੋ ਜਾਵੇਗਾ। ਗੁਰਦੁਆਰਾ ਸਾਹਿਬ ਦੀ ਮੁੱਖ ਇਮਾਰਤ ਜਿਵੇਂ ਹੈ, ਉਵੇਂ ਰਹੇਗੀ।



*ਅੰਮ੍ਰਿਤਪਾਲ ਸਿੰਘ*

ਇਹ ਜਾਣਕਾਰੀ ਅੰਮ੍ਰਿਤਪਾਲ ਸਿੰਘ ਨੇ ਹਫਤਾਵਾਰੀ ਦੀਵਾਨ ਵਿਚ ਸੰਗਤਾਂ ਨੂੰ ਦਿੰਦਿਆਂ ਦੱਸਿਆ ਕਿ ਤਜਵੀਜ਼ਸ਼ੁਦਾ ਵਿਉਂਤ ਅਨੁਸਾਰ ਐਤਵਾਰੀ ਖਾਲਸਾ ਸਕੂਲ ਲਈ ਹੋਰ ਕਮਰੇ ਤੇ ਦਫਤਰ ਬਣਾਇਆ ਜਾਵੇਗਾ, ਲੰਗਰ ਲਈ ਰਸੋਈ, ਲੰਗਰ ਬਣਾਉਣ ਲਈ ਵਾਧੂ ਥਾਂ ਅਤੇ ਸਟੋਰ ਲਈ ਖੁੱਲਾ ਕਮਰਾ ਬਣਾਏ ਜਾਣਗੇ। ਇਸ ਤੋਂ ਇਲਾਵਾ ਵੱਡਾ ਲੰਗਰ ਹਾਲ, ਬਜ਼ੁਰਗਾਂ ਲਈ ਵੱਖਰਾ ਕਮਰਾ, ਆਉਣ ਵਾਲੇ ਰਾਗੀ ਜਥਿਆਂ ਤੇ ਕਥਾਕਾਰਾਂ ਲਈ ਕਮਰੇ, ਹੋਰ ਗੁਸਲਖਾਨੇ, ਹੋਰ ਜੋੜਾ ਘਰ, ਮਿਲਣ-ਗਿਲਣ ਤੇ ਦਫਤਰ ਲਈ ਕਮਰਾ ਅਤੇ ਐਲੀਵੇਟਰ ਦਾ ਪ੍ਰਬੰਧ ਕੀਤਾ ਜਾਵੇਗਾ।

ਇਥੇ ਜ਼ਿਕਰਯੋਗ ਹੈ ਕਿ ਸ. ਅੰਮ੍ਰਿਤਪਾਲ ਸਿੰਘ ਆਪਣੇ ਸਾਥੀਆਂ ਗੁਰਚਰਨ ਸਿੰਘ ਵੜੈਚ, ਮਹਿੰਦਰ ਸਿੰਘ ਦੱਤਾ, ਹਰਜੀਤ ਸਿੰਘ ਤੇ ਕਸ਼ਮੀਰ ਸਿੰਘ ਸ਼ਾਹੀ ਨਾਲ ਮਿਲ ਕੇ ਇਸ ਪ੍ਰਾਜੈਕਟ 'ਤੇ ਕੰਮ ਕਰ ਰਹੇ ਹਨ। ਇਸ ਸਾਰੀ ਯੋਜਨਾ ਉਤੇ ਦੋ ਮਿਲੀਅਨ 7 ਲੱਖ ਡਾਲਰ ਦਾ ਖਰਚਾ ਆਉਣ ਦਾ ਅਨੁਮਾਨ ਹੈ, ਜਿਸ ਵਿਚੋਂ 2.2 ਮਿਲੀਅਨ ਡਾਲਰ ਕਰਜ਼ ਹੋਵੇਗਾ ਅਤੇ ਸਾਢੇ ਪੰਜ ਲੱਖ ਡਾਲਰ ਗੁਰਦੁਆਰਾ ਸਾਹਿਬ ਵੱਲੋਂ ਪਾਇਆ ਜਾਵੇਗਾ। ਹੋਰ ਜਾਣਕਾਰੀ ਲਈ ਅੰਮ੍ਰਿਤਪਾਲ ਸਿੰਘ ਨਾਲ ਫੋਨ (510) 681-1081 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।









# ਉਤਰੀ ਕੈਲੀਫੋਰਨੀਆ ਦੇ ਵਾਸੀਆਂ ਦੇ ਧਿਆਨਯੋਗ

# ਨਵੇਂ ਡਾਕਟਰੀ ਇਲਾਜ ਰਾਹੀਂ ਲੱਤਾਂ ਦੇ ਦਰਦ, ਪੈਰਾਂ ਦੇ ਦਰਦ ਅਤੇ ਨਸਾਂ ਦੇ ਦਰਦ ਤੋਂ ਤੁਰੰਤ ਰਾਹਤ ਮਿਲਦੀ ਹੈ

(ਮੈਡੀਕੇਅਰ ਅਤੇ ਮੈਡੀਕੈਲ ਕਵਰ ਕਰਦੀ ਹੈ)




ਨੀਲੀਆਂ (ਵੈਰੀਕੋਜ਼) ਨਸਾਂ | ਸੋਜ਼ਿਸ਼ | ਅਲਸਰ

## ਯੂਬਾ ਸਿਟੀ, ਸੈਕਰਾਮੈਂਟੋ, ਸਟਾਕਟਨ, ਮਾਡੈਸਟੋ, ਮਰਸਡ, ਫਰਿਜ਼ਨੋ, ਬੇਕਰਜ਼ਫੀਲਡ

ਅਤੇ ਨਾਲ ਲੱਗਦੇ ਹੋਰ ਸ਼ਹਿਰਾਂ ਵਿਚ ਵੀ ਕਲੀਨਿਕ ਖੁਲ੍ਹ ਚੁਕੀ ਹੈ। ਸਲਾਹ ਲੈਣ, ਇਹ ਪਤਾ ਲਾਉਣ ਕਿ ਤੁਸੀਂ ਇਸ ਬਹੁਤ ਹੀ ਕਾਰਗਰ ਇਲਾਜ਼ ਲਈ ਯੋਗ ਹੋ, ਅੱਜ ਹੀ ਕਾਲ ਕਰੋ

## ਫੋਨ: 1-888-473-0372

## ਸਾਡੇ ਮਰੀਜ ਆਪਣੇ ਅਨੁਭਵ ਬਾਰੇ ਕੀ ਕਹਿੰਦੇ ਹਨ?

ਪਿਛਲੇ ਦਸ ਸਾਲਾਂ ਤੋਂ ਮੈਂ ਲੱਤਾਂ ਵਿਚ ਹੁੰਦੇ ਦਰਦ ਤੋਂ ਬੇਹਦ ਪ੍ਰੇਸ਼ਾਨ ਸੀ ਅਤੇ ਵਰ੍ਹਿਆਂ ਤੋਂ ਕੌਮਾਡੀਨ ਲੈਂਦਾ ਆ ਰਿਹਾ ਸਾਂ।
ਮੈਂ ਪੈਸਿਫਿਕ ਕੋਸਟ ਮੈਡੀਕਲ ਸੈਂਟਰ ਤੋਂ ਇਲਾਜ ਕਰਵਾਇਆ ਤਾਂ ਮੇਰੀਆਂ ਲੱਤਾਂ ਅਤੇ ਪੈਰ ਪਹਿਲਾਂ ਦੇ ਮੁਕਾਬਲੇ ਕਿਤੇ ਚੰਗੇ ਹਨ।
ਕਲੀਨਿਕ ਦਾ ਸਟਾਫ ਬਹੁਤ ਹੀ ਚੰਗਾ ਲੱਗਿਆ ਅਤੇ ਇਲਾਜ ਦੌਰਾਨ ਜ਼ਰਾ ਜਿੰਨੀ ਵੀ ਤਕਲੀਫ ਨਹੀਂ ਹੋਈ। ਮੈਂ ਆਪਣੇ ਰੋਜ਼-ਬਰੋਜ਼ ਦੇ ਕੰਮ-ਕਾਜ ਉਸੇ ਹੀ ਦਿਨ ਤੋਂ ਕਰਨ ਲੱਗ ਪਿਆ। ਮੈਂ ਹਰ ਉਸ ਸਖਸ਼ ਨੂੰ ਇਹ ਇਲਾਜ ਕਰਵਾਉਣ ਦੀ ਸਲਾਹ ਦਿਆਂਗਾ ਜੋ ਲੱਤਾਂ ਅਤੇ ਵੈਰੀਕੋਜ਼ ਵੀਨਜ਼ ਦੇ ਦਰਦ ਤੋਂ ਪ੍ਰੇਸ਼ਾਨ ਹੈ।

*-ਹਾਵਰਡ ਡੈਂਪਸੀ (ਰਿਟਾਇਰਡ), ਉਮਰ 74 ਸਾਲ*

ਮੇਰੀਆਂ ਲੱਤਾਂ ਵਿਚ ਜਾਨ ਕੱਢ ਲੈਣ ਵਾਲੀ ਦਰਦ ਹੋਇਆ ਕਰਦੀ ਸੀ। ਮੇਰੀਆਂ ਲੱਤਾਂ ਵਿਚ ਹਮੇਸ਼ਾ ਹੀ ਕੜੱਲ ਪੈਂਦੇ ਰਹਿੰਦੇ ਸਨ।
ਮੈਂ ਪੈਸਿਫਿਕ ਮੈਡੀਕਲ ਕੋਸਟ ਸੈਂਟਰ ਬਾਰੇ ਇਕ ਲੇਖ ਪੜ੍ਹਿਆ ਜਿਸ ਤੋਂ ਪਤਾ ਲੱਗਾ ਕਿ ਉਹ ਲੱਤਾਂ ਦੇ ਦਰਦ ਦੇ ਮਰੀਜ ਹਨ, ਦਾ ਇਲਾਜ ਕਰਦੇ ਹਨ। ਮੈਂ ਕਲੀਨਿਕ ਜਾਣ ਅਤੇ ਸਲਾਹ ਲੈਣ ਦਾ ਫੈਸਲਾ ਕੀਤਾ। ਰੱਬ ਦਾ ਸ਼ੁਕਰ ਹੈ ਕਿ ਮੈਂ ਇੰਜ ਕੀਤਾ।
ਹੁਣ ਮੈਨੂੰ 75% ਆਰਾਮ ਹੈ ਅਤੇ ਕੜੱਲ ਬਿਲਕੁਲ ਨਹੀਂ ਪੈਂਦੇ।
ਪੈਸਿਫਿਕ ਕੋਸਟ ਮੈਡੀਕਲ ਸੈਂਟਰ ਵਾਲਿਆਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਮੈਨੂੰ ਮੁੜ ਜ਼ਿੰਦਗੀ ਦੇ ਰਾਹ ਪਾਇਆ।

*-ਫਲੋਰਾ ਐਸ (ਰਿਟਾਇਰਡ), ਉਮਰ 77 ਸਾਲ।*

ਅਸੀਂ ਮਹੀਨੇ ਵਿਚ ਸਿਰਫ 30 ਅਪੁਆਇੰਟਮੈਂਟਾਂ ਹੀ ਲੈਂਦੇ ਹਾਂ, ਸੋ ਅੱਜ ਹੀ ਕਾਲ ਕਰੋ

## ਫੋਨ: 1-888-473-0372

# ਗੁਰਦੁਆਰਾ ਮਿਲਪੀਟਸ ਵਿਚ ਸਿੱਖ ਜੀਵਨ ਜਾਚ ਬਾਰੇ ਵਿਚਾਰ-ਚਰਚਾ

**ਮਿਲਪੀਟਸ (ਬਿਊਰੋ):** ਸਥਾਨਕ ਗੁਰਦੁਆਰਾ ਸਿੰਘ ਸਭਾ ਦੇ ਬਾਬਾ ਬੰਦਾ ਸਿੰਘ ਬਹਾਦਰ ਹਾਲ ਵਿਚ '21ਵੀਂ ਸਦੀ ਵਿਚ ਸਿੱਖ ਜੀਵਨ ਜਾਚ' ਵਿਸ਼ੇ ਉਤੇ ਹੋਈ ਵਿਚਾਰ-ਚਰਚਾ









ਦੌਰਾਨ ਪੰਥ ਪ੍ਰਸਿੱਧ ਕਥਾਵਾਚਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਨੇ ਗੁਰੂ ਇਤਿਹਾਸ, ਸਿੱਖ ਇਤਿਹਾਸ, ਵੀਹਵੀਂ ਤੇ ਇਕੀਵੀਂ ਸਦੀ ਦੇ ਘਟਨਾਕ੍ਰਮ ਉਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਜੀਵਨ ਦੇ ਹਰ ਪੱਖ ਵਿਚ ਸੁਚੱਜਾਪਣ ਵੇਖਣ ਲਈ ਸਾਨੂੰ ਗੁਰੂ ਸਾਹਿਬਾਨ ਦੇ ਜੀਵਨ ਤੋਂ ਸੇਧ ਲੈਣੀ ਪਵੇਗੀ ਕਿ ਗੁਰੂ ਸਾਹਿਬ ਨੇ ਇਕ ਰਹਿਬਰ, ਆਗੂ, ਪਿਤਾ, ਭਰਾ ਅਤੇ ਪੁੱਤਰ ਦੇ ਤੌਰ 'ਤੇ ਆਪਣਾ ਜੀਵਨ ਕਿਵੇਂ ਬਿਤਾਇਆ ਤੇ ਸਾਡੇ ਲਈ ਕੀ ਸਿਖਿਆ ਛੱਡੀ। ਚਾਰ ਸਾਹਿਬਜ਼ਾਦਿਆਂ ਦੀ ਕੁਰਬਾਨੀ ਧਰਮ ਦੀ ਆਜ਼ਾਦੀ ਤੇ ਸੱਚ ਲਈ ਜਾਨਾਂ ਵਾਰਨ ਦੀ ਸੰਸਾਰ ਦੀ ਨਿਵੇਕਲੀ ਉਦਾਹਰਣ ਹੈ।

ਭਾਈ ਅਮਰੀਕ ਸਿੰਘ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਕਿ ਗੁਰੂ ਸਾਹਿਬ ਤੋਂ ਬਾਦ ਸਿੱਖਾਂ ਨੇ ਆਪਣਾ ਜੀਵਨ ਕਿਵੇਂ ਬਤੀਤ ਕੀਤਾ, ਸਿੱਖੀ ਦੀ ਹੋਂਦ ਨੂੰ ਬਚਾਉਣ ਲਈ ਉਹ ਕਿਵੇਂ ਜੂਝ ਕੇ ਸ਼ਹੀਦ ਹੋਏ। ਸਿੱਖ ਇਤਿਹਾਸ ਦੀਆਂ ਮਹਾਨ ਮਾਂਵਾਂ, ਬੀਬੀਆਂ-ਭੈਣਾਂ ਨੇ ਆਪਣੇ ਬੱਚਿਆਂ ਦੇ ਟੋਟੇ ਤਾਂ ਕਰਵਾ ਲਏ ਪਰ ਸਿੱਖੀ ਜੀਵਨ ਨਹੀਂ ਤਿਆਗਿਆ। ਪ੍ਰੋ. ਪੂਰਨ ਸਿੰਘ ਤੇ ਭਗਤ ਪੂਰਨ ਸਿੰਘ ਚੰਗੀਆਂ-ਸੁਚੱਜੀਆਂ ਮਾਂਵਾਂ ਦੀ ਦੇਣ ਹਨ। ਮਹਾਰਾਜਾ ਦਲੀਪ ਸਿੰਘ ਨੂੰ ਸਿੱਖੀ ਵਿਚ ਵਾਪਸ ਲਿਆਉਣ ਦਾ ਸਿਹਰਾ ਉਨ੍ਹਾਂ ਦੀ ਸਿੱਖੀ ਸੋਚ ਵਾਲੀ ਮਾਤਾ ਰਾਣੀ ਜਿੰਦਾਂ ਨੂੰ ਜਾਂਦਾ ਹੈ।

ਮੌਜੂਦਾ ਸੰਚਾਰ ਸਾਧਨਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਟੈਲੀਵਿਜ਼ਨ, ਅਖਬਾਰਾਂ, ਰੇਡੀਉ ਤੇ ਸੋਸ਼ਲ ਮੀਡੀਆ ਵੀ ਸਿੱਖ ਜੀਵਨ ਉਤੇ ਕਿਸੇ ਨਾ ਕਿਸੇ ਰੂਪ ਵਿਚ ਬਹੁਤ ਅਸਰ ਪਾ ਰਹੇ ਹਨ। ਇਨ੍ਹਾਂ ਸਾਧਨਾਂ ਨੂੰ ਉਸਾਰੂ ਰੂਪ ਵਿਚ ਇਸਤੇਮਾਲ ਕਰਕੇ ਹੀ ਅਸੀਂ ਆਪਣਾ ਉਚੇਰਾ ਸਿੱਖੀ ਕਿਰਦਾਰ ਕਾਇਮ ਰੱਖ ਸਕਦੇ ਹਾਂ। ਆਈ ਫੋਨ ਤੇ ਆਈ ਪੈਡ ਰਾਹੀਂ ਗੁਰਬਾਣੀ ਦਾ ਪ੍ਰਚਾਰ ਹੋ ਸਕਦਾ ਹੈ ਤੇ ਗੁਰਬਾਣੀ ਪੜ੍ਹੀ ਸੁਣੀ ਜਾ ਸਕਦੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੰਗਤ ਮਿਲ-ਜੁਲ ਕੇ ਆਪਸੀ ਤਾਲਮੇਲ ਨਾਲ ਸੁੱਚਜਾ ਸਿੱਖ ਜੀਵਨ ਪੈਦਾ ਕਰਨ ਵਿਚ ਬੇਹੱਦ ਸਹਾਈ ਹੋ ਸਕਦੇ ਹਨ। ਪਰਦੇਸ ਵਿਚ ਸਾਨੂੰ ਆਪਣਾ ਉਚੇਰਾ ਸਿੱਖੀ ਕਿਰਦਾਰ ਦਿਖਾਉਣਾ ਚਾਹੀਦਾ ਹੈ ਤਾਂ ਜੋ ਸਿੱਖੀ ਦੀ ਆਨ-ਸ਼ਾਨ ਹੋਰ ਵਧੇ।

ਵਿਚਾਰ ਗੋਸ਼ਟੀ ਦੇ ਅੰਤ ਵਿਚ ਏਜੀਪੀਸੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਭਾਈ ਅਮਰੀਕ ਸਿੰਘ ਤੇ ਸਿੱਖ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਦੇ ਬਾਬਾ ਬੰਦਾ ਬਹਾਦਰ ਹਾਲ ਦੀ ਵਰਤੋਂ ਕਿਸੇ ਵੀ ਸੈਮੀਨਾਰ-ਵਿਚਾਰ ਚਰਚਾ ਲਈ ਕੀਤੀ ਜਾ ਸਕਦੀ ਹੈ। ਇਹ ਬਣਾਇਆ ਹੀ ਸਿੱਖ ਵਿਦਿਆ ਦੇ ਪ੍ਰਚਾਰ-ਪ੍ਰਸਾਰ ਲਈ ਗਿਆ ਹੈ।



*ਗਿਆਨੀ ਗੁਰਮੁਖ ਸਿੰਘ ਵਲਟੋਹਾ ਦਾ ਢਾਡੀ ਜਥਾ-ਸਾਰੰਗੀ ਮਾਸਟਰ ਜਸਵੰਤ ਸਿੰਘ, ਢੱਡ ਮਾਸਟਰ ਭਜਨ ਸਿੰਘ ਚੰਗਿਆੜਾ ਤੇ ਚਰਨ ਸਿੰਘ, ਜੋ ਇਨ੍ਹੀਂ ਦਿਨੀਂ ਸਿਆਟਲ ਦੇ ਗੁਰਦੁਆਰਾ ਸਾਹਿਬਾਨ ਵਿਚ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਵਾ ਰਿਹਾ ਹੈ। ਇਸ ਤੋਂ ਪਹਿਲਾਂ ਇਹ ਜਥਾ ਗੁਰਦੁਆਰਾ ਫਰੀਮਾਂਟ ਵਿਚ ਵੀ ਹਾਜ਼ਰੀ ਲੁਆ ਚੁੱਕਾ ਹੈ।*



*ਜਸਵਿੰਦਰ ਸਿੰਘ ਮਨਟੀਕਾ-ਜਿਸ ਨੇ ਅਮਰੀਕਾ ਵਿਚ ਹੋਏ ਸੰਸਾਰ ਤੀਰ-ਅੰਦਾਜ਼ੀ ਮੁਕਾਬਲਿਆਂ ਵਿਚ ਤੀਰ-ਅੰਦਾਜ਼ੀ ਦੇ ਜੌਹਰ ਵਿਖਾਏ।*

## ਭਾਰਤ ਨਾਲ ਕੰਮ ਕਰਨ ਨੂੰ ਤਿਆਰ ਹੈ ਚੀਨ

**ਬੀਜਿੰਗ:** ਚੀਨ-ਭਾਰਤ ਵਿਚਾਲੇ 17ਵੇਂ ਗੇੜ ਦੀ ਗੱਲਬਾਤ ਦੌਰਾਨ ਚੀਨ ਨੇ ਕਿਹਾ ਕਿ ਉਹ ਸਰਹੱਦੀ ਵਿਵਾਦਾਂ ਨੂੰ ਨਿਪਟਾਉਣਾ ਚਾਹੁੰਦਾ ਹੈ। ਉਹ ਸਰਹੱਦੀ ਖੇਤਰ ਵਿਚ ਰਾਬਤਾ ਤੇ ਠੀਕ ਸਬੰਧ ਕਾਇਮ ਕਰਨ ਲਈ ਛੇਤੀ ਤੇ ਆਪਸੀ ਸਵੀਕਾਰਨਯੋਗ ਸੌਦਾ ਕਰਨਾ ਚਾਹੁੰਦਾ ਹੈ। ਇਹ ਛੇਤੀ ਨਿਪਟਾਰਾ ਭਾਰਤ ਤੇ ਚੀਨ ਵਿਚਾਲੇ ਸਰੋਕਾਰ ਸਾਬਤ ਹੋਵੇਗਾ। ਇਹ ਦੋਵੇਂ ਸਰਕਾਰਾਂ ਵਿਚਾਲੇ ਤੈਅ ਕੀਤਾ ਇਕ ਰਣਨੀਤਕ ਮੰਤਵ ਹੈ।


## ਗੁਰੂ ਨਾਨਕ ਇੰਜੀਨੀਅਰਿੰਗ ਕਾਲਜ (ਲੁਧਿਆਣਾ) ਸਾਬਕਾ ਵਿਦਿਆਰਥੀ ਜਥੇਬੰਦੀ (ਜੈਨਕੋ)

**GENCO Presents**

**Engineers Day** **ਇੰਜੀਨੀਅਰ ਦਿਵਸ**

**ਐਤਵਾਰ, 16 ਫਰਵਰੀ 2014**
**ਗੁਰਦੁਆਰਾ ਸਾਹਿਬ ਫਰੀਮਾਂਟ**
ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ

**ਐਤਵਾਰ, 23 ਫਰਵਰੀ 2014**
**ਗੁਰਦੁਆਰਾ ਸਾਹਿਬ ਸੈਨ ਹੋਜ਼ੇ**
ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ

ਜੈਨਕੋ (ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਅਲੂਮਨੀ) ਵਲੋਂ ਹੇਠ ਲਿਖੇ ਮਹਿਮਾਨਾਂ ਨੂੰ ਜਾਣਕਾਰੀ ਮੁਹੱਈਆ ਕਰਵਾਉਣ ਲਈ ਇੰਜੀਨੀਅਰਿੰਗ ਦਿਵਸ ਮਨਾਇਆ ਜਾ ਰਿਹਾ ਹੈ:

*ਗੈਰ-ਇੰਜੀਨੀਅਰ ਮਾਪੇ
-ਕੀ ਤੁਸੀਂ ਅਪਣੇ ਬੱਚਿਆਂ ਨੂੰ ਇੰਜੀਨੀਅਰ ਬਣਾਉਣਾ ਚਾਹੁੰਦੇ ਹੋ? ਆਓ ਉਨ੍ਹਾਂ ਨੂੰ ਇੰਜੀਨੀਅਰਿੰਗ ਬਾਰੇ ਜਾਣੂ ਕਰਵਾਈਏ।
*ਲੜਕੀਆਂ
-ਸਮਾਂ ਬਦਲ ਰਿਹਾ ਹੈ। ਆਓ ਅਤੇ ਜਾਣੋ ਲੜਕੀਆਂ ਇੰਜੀਨੀਅਰਿੰਗ ਵਿਚ ਕਿਵੇਂ ਅੱਗੇ ਵਧ ਰਹੀਆਂ ਹਨ?
*ਬੱਚੇ
-ਆਪਣੇ ਬੱਚਿਆਂ ਨੂੰ ਇਸ ਪ੍ਰੋਗਰਾਮ ਵਿਚ ਭੇਜੋ। ਆਓ ਵੇਖੀਏ ਕੀ ਉਹ ਇੰਜੀਨੀਅਰ ਬਣਨਾ ਚਾਹੁੰਦੇ ਹਨ!
ਆਓ ਰਲ ਕੇ ਆਪਣੀ ਕੌਮ ਦਾ ਸੁਨਹਿਰਾ ਭਵਿੱਖ ਸਿਰਜੀਏ।
ਅਸੀਂ ਆਪਣੇ ਬੂਥ ਉਤੇ ਤੁਹਾਡੇ ਨਾਲ ਇੰਜੀਨੀਅਰਿੰਗ ਪੇਸ਼ੇ ਬਾਰੇ ਗੱਲਬਾਤ ਕਰਨ ਵਿਚ ਮਾਣ ਮਹਿਸੂਸ ਕਰਾਂਗੇ।

*ਜੈਨਕੋ ਅਲੂਮਨੀ ਜਥੇਬੰਦੀ ਵਿਚ ਉਹ ਇੰਜੀਨੀਅਰ ਸ਼ਾਮਲ ਹਨ, ਜਿਨ੍ਹਾਂ ਨੇ ਪੰਜਾਬ ਦੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਤੋਂ ਪੜ੍ਹਾਈ ਕੀਤੀ ਹੈ। ਅਸੀਂ ਆਪਣੇ ਮੈਂਬਰਾਂ ਲਈ ਕਈ ਪ੍ਰੋਗਰਾਮ ਕਰਦੇ ਹਾਂ, ਜਿਨ੍ਹਾਂ ਵਿਚ ਸੱਭਿਆਚਾਰਕ, ਖੇਡਾਂ, ਧਾਰਮਿਕ ਅਤੇ ਕਾਰੋਬਾਰੀ ਪ੍ਰੋਗਰਾਮ ਸ਼ਾਮਲ ਹਨ।*

GENCO ALUMNI ASSOCIATION CALIFORNIA U.S.A.

**Contact: GENCO Charitable Corporation**: gencospirit@yahoo.com or www.GencoBayArea.Com

**Disclaimer:** These events are being organized by GENCO as a service to its membership. There is no warranty of any kind. In no event shall GENCO be liable for any direct or indirect, consequential or incidental injuries or damages of any kind, whatsoever, during the GENCO events.

ਕਿਸ਼ਤ 6

# ਸ਼ਹੀਦਾਨਿ-ਵਫ਼ਾ

## ਅੱਲ੍ਹਾ ਯਾਰ ਖ਼ਾਂ ਜੋਗੀ

*ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਇਕ ਸਦੀ ਪਹਿਲਾਂ 1913 ਵਿਚ ਲੰਮੀ ਨਜ਼ਮ 'ਸ਼ਹੀਦਾਨਿ ਵਫ਼ਾ' ਲਿਖੀ ਸੀ। 37 ਪੰਨਿਆਂ ਦੀ ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਘਟਨਾ ਦੀ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਨੇ ਇਹ ਨਜ਼ਮ ਨੂੰ ਮਰਸੀਏ ਦੀ ਸ਼ੈਲੀ ਵਿਚ ਲਿਖੀ ਹੈ। ਉਹ ਸ਼ਹਾਦਤ ਤੇ ਸ਼ਾਇਰੀ ਦੇ ਫ਼ਲਸਫ਼ੇ ਨੂੰ ਖ਼ੂਬ ਸਮਝਦਾ ਹੈ। ਤਾਂ ਹੀ ਤਾਂ ਉਹਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। ਉਸ ਨੇ 1915 ਵਿਚ ਸਾਕਾ ਚਮਕੌਰ ਸਾਹਿਬ ਬਾਰੇ 'ਗੰਜਿ-ਸ਼ਹੀਦਾਂ' ਨਾਂ ਦੀ ਲੰਮੀ ਨਜ਼ਮ ਵੀ ਲਿਖੀ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਲਾਸਾਨੀ ਰਚਨਾ 'ਸ਼ਹੀਦਾਨਿ-ਵਫ਼ਾ' ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

## ਲੇਕਿਨ ਯਿਹ ਦੋ ਸਮਰ ਹੈਂ ਮਿਰੇ ਨੌ-ਨਿਹਾਲ ਕੇ

51

ਕਹਤੀ ਥੀਂ ਜੀ ਮੇਂ ਲੇ ਕੇ ਇਨ੍ਹੇਂ ਕਿਸ ਤਰਫ਼ ਕੋ ਜਾਊਂ।
ਬੇਟੇ ਕੋ ਔਰ ਬਹੂਓਂ ਕੋ ਯਾਰਬ ਮੈਂ ਕੈਸੇ ਪਾਊਂ।
ਲਖ਼ਤ-ਏ-ਜਿਗਰ ਕੇ ਲਾਲ ਯਿਹ ਦੋਨੋਂ ਕਹਾਂ ਛਿਪਾਊਂ।
ਤੁਰਕੋਂ ਸੇ, ਰਾਜਪੂਤੋਂ ਸੇ ਕਿਉਂ ਕਰ ਇਨ੍ਹੇਂ ਬਚਾਊਂ।
ਬਿਪਤਾ ਜ਼ੀਅਫ਼ੀਓਂ ਮੇਂ ਯਿਹ ਕਯਾ ਮੁਝ ਪਿ ਪੜ ਗਈ।
ਥੀ ਕੌਨ ਸੀ ਘੜੀ ਮੇਂ ਪਿਸਰ ਸੇ ਬਿਛੁੜ ਗਈ।
(ਜ਼ੀਅਫ਼ੀਓਂ=ਬੁਢੇਪਾ)

52

ਬੱਚੋਂ ਕਾ ਸਾਥ ਰਾਹ ਕਠਨ ਸਰ ਪਿ ਸ਼ਾਮ ਹੈ।
ਸੁਨਸਾਨ ਦਸਤ ਚਾਰਸੂ ਹੂ ਕਾ ਮਕਾਮ ਹੈ।
ਹੋਤਾ ਕਹਾਂ ਪਿ ਦੇਖੀਏ ਸ਼ਬ ਕੋ ਕਯਾਮ ਹੈ।
ਖ਼ਾਦਿਮ ਹੈ ਔਰ ਕੋਈ ਨਾ ਹਮਰਾਹ ਗ਼ੁਲਾਮ ਹੈ।
ਗੰਗੂ ਰਸੋਈਯਾ ਹੈ ਫ਼ਕਤ ਸਾਥ ਰਹ ਗਯਾ।
ਲੇ ਦੇ ਕੇ ਰਹਬਰੀ ਕੋ ਯਿਹ ਹੈਹਾਤ ਰਹ ਗਯਾ।
(ਦਸਤ=ਜੰਗਲ, ਚਾਰਸੂ=ਚਾਰੇ ਪਾਸੇ, ਹੂ=ਡਰ,
ਰਹਬਰੀ=ਰਾਹ ਵਿਖਾਉਣਾ, ਹੈਹਾਤ=ਅਫ਼ਸੋਸ)

53

ਆਤੇ ਥੇ ਸ਼ੇਰ ਸਾਮਨੇ ਗਰਦਨ ਕੋ ਡਾਲ ਕੇ।
ਤਕਤੇ ਹਿਰਨ ਭੀ ਆਜ ਹੈਂ ਆਂਖੇਂ ਨਿਕਾਲ ਕੇ।
ਨੈਰੰਗ ਹੈਂ ਤਮਾਮ ਜ਼ਮਾਨੇ ਕੀ ਚਾਲ ਕੇ।
ਤੇਵਰ ਹੈਂ ਬਨ ਮੇਂ ਬਦਲੇ ਹੂਏ ਹਰ ਸ਼ਗਾਲ ਕੇ।
ਦਰਪੇਸ਼ ਅਨਕਰੀਬ ਕੋਈ ਇਮਤਿਹਾਨ ਹੈ।
ਖ਼ਤਰੇ ਮੇਂ ਦਿਖ ਰਹੀ ਮੁਝੇ ਬੱਚੋਂ ਕੀ ਜਾਨ ਹੈ।
(ਨੈਰੰਗ=ਛਲ, ਜਾਦੂਗਰੀ, ਸ਼ਗਾਲ=ਗਿੱਦੜ,
ਦਰਪੇਸ਼=ਸਾਮ੍ਹਣੇ)

54

ਪੂਰਾ ਜ਼ਰੂਰ ਹੋਗਾ ਇਰਾਦਹ ਹੁਜ਼ੂਰ ਕਾ।
ਕਰਤਾ ਪੁਰੁਖ ਕਾ, ਵਾਹਿਗੁਰੂ ਕਾ, ਗੁਫ਼ੂਰ ਕਾ।
ਹੈ ਸਖ਼ਤ ਇਮਤਿਹਾਂ ਯਿਹ ਕਿਸੀ ਬੇਕੁਸੂਰ ਕਾ।
ਹਾਫ਼ਿਜ਼ ਤੋ ਆਪ ਹੀ ਹੈ ਦਿਲ-ਏ-ਨਾਸਬੂਰ ਕਾ।
ਪਯਾਰੇ ਪਤੀ ਕੋ ਪਹਲੇ ਹੀ ਮੈਂ ਹੂੰ ਕਟਾ ਚੁਕੀ।
ਕੁਦਰਤ ਤਿਰੀ ਹੈ ਸਬਰ ਮਿਰਾ ਆਜ਼ਮਾ ਚੁਕੀ।
(ਗੁਫ਼ੂਰ=ਬਖ਼ਸ਼ਣਹਾਰ, ਹਾਫ਼ਿਜ਼=ਰਾਖਾ, ਨਾਸਬੂਰ=ਬੇਚੈਨ)

55

ਲੇਕਿਨ ਯਿਹ ਦੋ ਸਮਰ ਹੈਂ ਮਿਰੇ ਨੌ-ਨਿਹਾਲ ਕੇ।
ਬੇਟੇ ਹੈਂ ਦੋਨੋਂ ਸਰਵਰ-ਏ-ਫ਼ੌਜ-ਏ-ਅਕਾਲ ਕੇ।
ਰਖ ਕਰ ਉਨ੍ਹੇਂ ਕਲੇਜੇ ਮੇਂ ਆਂਖੋਂ ਮੇਂ ਡਾਲ ਕੇ।
ਬੇਟੇ ਕੀ ਲੇ ਕੇ ਜਾਊਂ ਅਮਾਨਤ ਸੰਭਾਲ ਕੇ।
ਬੇਟੇ ਕਾ ਮਾਲ ਹੈ ਯਿਹ ਬਹੂ ਕੀ ਕਮਾਈ ਹੈ।
ਹੈ ਮੇਰੀ ਲਾਖ ਫਿਰ ਭੀ ਯਿਹ ਦੌਲਤ ਪਰਾਈ ਹੈ।
(ਸਮਰ=ਫਲ, ਸਰਵਰ=ਸਰਦਾਰ)

56

ਮਨਜ਼ੂਰ ਇਸ ਘੜੀ ਜੋ ਤੁਝੇ ਇਮਤਿਹਾਨ ਹੈ।
ਹਾਜ਼ਿਰ ਬਜਾਇ ਪੋਤੋਂ ਕੇ ਦਾਦੀ ਕੀ ਜਾਨ ਹੈ।
ਹੂੰ ਸੁਰਖ਼ਰੂ ਬਹੂ ਸੇ ਯਹੀ ਦਿਲ ਮੇਂ ਧਯਾਨ ਹੈ।
ਬੀਂਕਾ ਨ ਇਨ ਕਾ ਬਾਲ ਹੋ ਡਰ ਯਿਹ ਹਰ ਆਨ ਹੈ।
ਵਰਨਾ ਜਵਾਬ ਦੂੰਗੀ ਮੈਂ ਕਯਾ ਇਨ ਕੇ ਬਾਪ ਕੋ।
ਸਦਕੇ ਕਰੂੰ ਮੈਂ ਇਨ ਕੇ ਸਰੋਂ ਪਰ ਸੇ ਆਪ ਕੋ।

57

ਗੰਗੂ ਰਸੋਈਯੇ ਨੇ ਜੋ ਦੇਖਾ ਯਿਹ ਇਜ਼ਤਿਰਾਬ।
ਮਾਤਾ ਸੇ ਸਤਿਗੁਰੂ ਕੀ ਕੀਯਾ ਇਸ ਨੇ ਯਿਹ ਖ਼ਿਤਾਬ।
ਗਾਓਂ ਮਿਰਾ ਕਰੀਬ ਹੈ ਚਲੀਏ ਵਹਾਂ ਜਨਾਬ।
ਬਾਗੇਂ ਉਠਾ ਕੇ ਆਈਏ ਪੀਛੇ ਮਿਰੇ ਸ਼ਿਤਾਬ।
ਖੇੜੀ ਮੇਂ ਜਾ ਬਿਰਾਜੇ ਯਿਹ ਅਲ-ਕਿੱਸਾ ਸ਼ਾਮ ਕੋ।
ਕੋਠਾ ਬ੍ਰਾਹਮਨ ਨੇ ਦੀਯਾ ਇਕ ਕਯਾਮ ਕੋ।
(ਇਜ਼ਤਿਰਾਬ=ਪਰੇਸ਼ਾਨੀ, ਸ਼ਿਤਾਬ=ਛੇਤੀ,
ਅਲ-ਕਿੱਸਾ=ਮੁਖਤਸਰ ਕਿੱਸਾ,ਕਯਾਮ=ਰਹਿਣ)

58

ਦਿਨ ਭਰ ਕੀ ਦੌੜ ਧੂਪ ਸੇ ਸਬ ਕੋ ਥਕਾਨ ਥਾ।
ਮਹਫ਼ੂਜ਼ ਹਰ ਤਰਹ ਸੇ ਬਜ਼ਾਹਿਰ ਮਕਾਨ ਥਾ।
ਬਰਸੋਂ ਸੇ ਜਿਸੇ ਖਿਲਾਯਾ ਥਾ ਵੁਹ ਮੇਜ਼ਬਾਨ ਥਾ।
ਖ਼ਤਰੇ ਕਾ ਇਸ ਵਜਹ ਨਹੀਂ ਵਹਮ-ਓ-ਗੁਮਾਨ ਥਾ।
ਨੌਕਰ ਕਾ ਘਰ ਸਮਝ ਕੇ ਵੁਹ ਬੇਫ਼ਿਕਰ ਹੋ ਗਏ।
ਲਗ ਕਰ ਗਲੇ ਸੇ ਦਾਦੀ ਕੇ ਸ਼ਹਜ਼ਾਦੇ ਸੋ ਗਏ।
(ਮਹਫ਼ੂਜ਼=ਸੁਰੱਖਿਅਤ, ਬਜ਼ਾਹਿਰ=ਦੇਖਣ ਨੂੰ)

59

ਮਾਤਾ ਕੇ ਸਾਥ ਡੱਬਾ ਥਾ ਇਕ ਜ਼ੇਵਰਾਤ ਕਾ।
ਲਲਚਾ ਜਿਸੇ ਥਾ ਦੇਖ ਕੇ ਜੀ ਬਦ-ਸਿਫ਼ਾਤ ਕਾ।
ਕਹਤੇ ਹੈਂ ਜਬ ਕਿ ਵਕਤ ਹੁਆ ਆਧੀ ਰਾਤ ਕਾ।
ਜੀ ਮੇਂ ਕੀਯਾ ਨ ਖ਼ੌਫ਼ ਕੁਛ ਆਕਾ ਕੀ ਮਾਤ ਕਾ।
ਮੁਹਰੋਂ ਕਾ ਬਦਰਾ ਔਰ ਵੁਹ ਡੱਬਾ ਉੜਾ ਗਯਾ।
ਧੋਖੇ ਸੇ ਬ੍ਰਾਹਮਨ ਵੁਹ ਖ਼ਜ਼ਾਨਾ ਚੁਰਾ ਗਯਾ।
(ਬਦ-ਸਿਫ਼ਾਤ=ਧੋਖੇਬਾਜ਼, ਆਕਾ=ਮਾਲਕ,
ਬਦਰਾ=ਰੁਪਏ ਰੱਖਣ ਵਾਲਾ ਥੈਲਾ)

60

ਬਦਜ਼ਾਤ ਬਦ-ਸਿਫ਼ਾਤ ਵੁਹ ਗੰਗੂ ਨਮਕ-ਹਰਾਮ।
ਟੁਕੜੋਂ ਕੇ ਸਤਿਗੁਰੂ ਕੇ ਜੋ ਪਲਤਾ ਰਹਾ ਮੁਦਾਮ।
ਘਰ ਲੇ ਕੇ ਸ਼ਹਜ਼ਾਦੋਂ ਕੋ ਆਯਾ ਜੋ ਬਦਲਗਾਮ।
ਥਾ ਜ਼ਰ ਕੇ ਲੂਟਨੇ ਕੋ ਕੀਯਾ ਸਬ ਯਿਹ ਇੰਤਿਜ਼ਾਮ।
ਦੁਨੀਯਾ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਯਾ।
ਦੁਸ਼ਮਨ ਭੀ ਜੋ ਨ ਕਰਤਾ ਵੁਹ ਯਿਹ ਕਾਮ ਕਰ ਗਯਾ।
(ਮੁਦਾਮ=ਸਦਾ, ਬਦਲਗਾਮ=ਆਪ ਹੁਦਰਾ)

**(ਚਲਦਾ)**



### ਸ਼ਿੱਦਤ ਦੀ ਸਿਖਰ

*ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਜਿਸ ਸ਼ਿੱਦਤ ਨਾਲ ਅੱਲਾ ਯਾਰ ਖ਼ਾਂ ਜੋਗੀ ਨੇ ਸ਼ਬਦ ਬੀੜੇ ਹਨ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਏ ਹਨ। ਜੋਗੀ ਨੇ ਸਿੱਖ ਮਨਾਂ ਦਾ ਦਰਦ ਬਹੁਤ ਸ਼ਿੱਦਤ ਨਾਲ ਮਹਿਸੂਸ ਕੀਤਾ ਅਤੇ ਇਸ ਨੂੰ ਫਿਰ ਕਾਗਜ਼ ਉਤੇ ਉਤਾਰਿਆ। ਉਸ ਨੇ ਪਿਆਰ ਦੀ ਗਹਿਰਾਈ ਵਿਚ ਉਤਰ ਕੇ ਇਹ ਰਚਨਾ ਕੀਤੀ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਫਰਵਰੀ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-104



*ਤਸਵੀਰ: ਇੰਦਰਮੋਹਨ ਸਿੰਘ ਛਾਬੜਾ*

***ਸੋਚ ਸਿੱਖੀ ਵਾਲੀ ਇੱਦਾਂ ਦੀ ਕਮਾਇਓ,***
***ਕਦੀ ਨਾ ਕਤਰਾਇਓ, ਜ਼ਮਾਨਾ ਮੰਗ ਕਰੇ ਬੇਲੀਓ!***
***ਵੱਟ ਮੁੱਛ ਦੀ ਥਾਂ ਸਿਦਕ ਨੂੰ ਚੜ੍ਹਾਇਓ,***
***ਨਾ ਜ਼ੁਲਮ ਕਮਾਇਓ, ਇਹ ਹੋਕਾ ਦਿਲ ਭਰੇ ਬੇਲੀਓ!***

## ਕੈਪਸ਼ਨ ਮੁਕਾਬਲਾ-102



ਮਲ਼ ਮਲ਼ ਕੇ ਧੋਈਏ ਫੱਟੀਆਂ
ਗਾਚੀ ਪੋਚ ਸੁਕਾਵਾਂਗੇ।
ਸਿੱਧੀਆਂ ਸਤੋਲ ਮਾਰ ਲਕੀਰਾਂ
ਪੂਰਨੇ ਫੇਰ ਪੁਆਵਾਂਗੇ।
ਚੋਰੀ ਦੁਆਤ 'ਚੋਂ ਲੈ ਕੇ ਡੋਬ੍ਹੇ
ਸਿਆਹੀ ਨਾਲ ਲਿਸ਼ਕਾਵਾਂਗੇ।
ਵਾਰ ਵਾਰ ਅਸੀਂ ਕਰਕੇ ਏਦਾਂ
ਲਿਖਾਈ ਖੁਸ਼ ਖਤ ਬਣਾਵਾਂਗੇ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਅੱਧੀ ਛੁੱਟੀ ਚੁੱਕ ਲੈਣੀਆਂ ਧੌਣ 'ਤੇ
ਧੋਣ-ਪੋਚਣ ਲਈ ਫੱਟੀਆਂ।
ਫਿਰ ਨਲਕੇ 'ਤੇ ਲੱਗਦੀ ਸੀ ਭੀੜ ਬੜੀ।
ਮਲ ਕੇ ਗਾਚੀ ਪੀਲੀ ਪੀਲੀ
'ਸੂਰਜਾ ਸੂਰਜਾ ਫੱਟੀ ਸੁਕਾ'
ਵਾਲਾ ਗੀਤ ਉਚੀ ਗਾਉਣਾ।
ਬੀਤਿਆ ਪਿਆਰਾ ਬਚਪਨ
ਮੁੜ ਨਹੀਂ ਦੁਬਾਰਾ ਆਉਣਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

'ਸੂਰਜਾ ਸੂਰਜਾ ਫੱਟੀ ਸੁਕਾ'
ਹੁਣ ਨਹੀਂ ਕੋਈ ਗਾਉਂਦਾ।
ਲੈਪਟਾਪ, ਸਮਾਰਟ ਫੋਨ, ਗੂਗਲ,
ਸਭ ਦੇ ਮਨ ਨੂੰ ਭਾਉਂਦਾ।
***-ਇੰਦਰਜੀਤ ਮੰਗਾ,***
***ਪਿਟਸਬਰਗ, ਕੈਲੀਫੋਰਨੀਆ।***

ਨਲਕੇ ਲਾਗੇ ਬਹਿ ਕੇ
ਫੱਟੀ ਮਲ ਮਲ ਧੋਂਦੇ ਸੀ।
ਲਾ ਕੇ ਗਾਚੀ ਪਿਆਰ ਨਾਲ
ਧੁੱਪੇ ਬਹਿ ਸੁਕਾਉਂਦੇ ਸੀ।
***-ਪਰਸ਼ੋਤਮ ਸਿੰਘ, ਯੂਬਾ ਸਿਟੀ***

---

ਫੱਟੀ ਪੋਚਣ ਦਾ ਚੜ੍ਹਦਾ ਸੀ ਚਾਅ
ਨੱਚਦੇ ਟੱਪਦੇ ਹੱਸਦੇ ਸੀ ਗਾਉਂਦੇ,
'ਸੂਰਜਾ ਸੂਰਜਾ ਫੱਟੀ ਸੁਕਾ
ਨਹੀਂ ਸੁਕਾਉਣੀ ਤਾਂ ਘਰ ਨੂੰ ਜਾਹ।'
ਪੁਆ ਕੇ ਪੂਰਨੇ ਟੀਚਰ ਪਾਸੋਂ
ਕਲਮਾਂ ਵੀ ਲੈਂਦੇ ਸੀ ਘੜਾ।
ਪੂੰਝਾ ਕਿਤੇ ਨਾ ਪੈਣ ਸੀ ਦਿੰਦੇ
ਸੁੰਦਰ ਲਿਖਾਈ ਲੈਂਦੇ ਸੀ ਬਣਾ।
ਖੁਸ਼ੀ ਨਹੀਂ ਸੀ ਸਾਂਭੀ ਜਾਂਦੀ
ਜਦ ਟੀਚਰ ਕਹਿਣਾ 'ਵਾਹ ਬਈ ਵਾਹ।'
***-ਗੁਰਦੇਵ ਸਿੰਘ ਵਿਰਦੀ, ਕੈਨੇਡਾ***
***ਫੋਨ: 226-345-7126***

---

ਬੋਰੀ, ਫੱਟੀ, ਬਸਤਾ ਦੇ ਕੇ ਜਦੋਂ
ਮੈਨੂੰ ਸਕੂਲ ਸੀ ਦਾਖਲ ਕਰਾਇਆ।
ਰੋਂਦੇ ਕੁਰਲਾਉਂਦੇ ਨੂੰ ਫੜ ਮਾਸਟਰ ਨੇ
ਹੋਰਾਂ ਬੱਚਿਆਂ ਨਾਲ ਬਿਠਾਇਆ।
ਉਨ੍ਹਾਂ ਵੱਲ ਵੇਖ ਮੈਂ ਫੱਟੀ ਉਤੇ
ਫਿਰ ਗਾਚੀ ਪੋਚਣੀ ਸਿੱਖੀ।
ਖੁਸ਼-ਖੱਤ, ਫੋਨਾਂ ਤੇ ਕੰਪਿਊਟਰ ਰਲ ਹੁਣ
ਫੱਟੀ ਦੀ ਫੱਟੀ ਪੋਚ ਦਿੱਤੀ।
***-ਸੇਵਾ ਸਿਘ ਨੂਰਪਰੀ ਸੈਨ ਹੋਜ਼ੇ***
***ਫੋਨ: 408-912-3438***

## ਕੈਪਸ਼ਨ ਮੁਕਾਬਲਾ 101

ਔਖਾ ਹੋਇਆ ਗਰੀਬ ਦਾ ਚੁੱਲ੍ਹਾ ਤਪਣਾ
ਐਨੀ ਵਧੀ ਮਹਿੰਗਾਈ ਹੈ ਦੇਸ਼ ਅੰਦਰ।
ਰੋਟੀ, ਕੱਪੜਾ, ਨੌਕਰੀ, ਘਰ ਮਹਿੰਗੇ
ਐਸ਼ਾਂ ਲੈਂਦੇ ਸਾਧ ਤੇ ਗਾਇਕ ਕੰਜਰ।
ਖੇਤੀ, ਨੌਕਰੀ, ਬਿਜਨਸ ਫੇਲ੍ਹ ਹੋ'ਗੇ
ਭਸਮ ਮਲ ਕੇ ਬਣੂੰਗਾ ਮੈਂ ਸਾਧ ਲੰਡਰ।
***-ਜੁਗਰਾਜ ਗਿੱਲ, ਸ਼ਾਰਲਟ***
***ਫੋਨ: 704-257-6693***



# ਬਾਬਾ ਦਿਆ ਸਿੰਘ ਦੀ ਯਾਦ 'ਚ ਸਮਾਗਮ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਨਾਨਕ ਪ੍ਰਕਾਸ਼ ਦੀ ਸਮੂਹ ਸੰਗਤ ਵੱਲੋਂ ਬਾਬਾ ਦਿਆ ਸਿੰਘ ਪਿੰਡ ਸੁਰ ਸਿੰਘ ਦੀ ਯਾਦ ਵਿਚ ਵਿਸ਼ੇਸ਼ ਦੀਵਾਨ ਸਜਾਏ ਗਏ। ਬਾਬਾ ਦਿਆ ਸਿੰਘ ਭਾਈ ਬਿਧੀ ਚੰਦ ਦੀ ਵੰਸ਼ ਵਿਚੋਂ ਸਨ ਅਤੇ ਉਹ ਭਾਈ ਬਿਧੀ ਚੰਦ ਛੀਨਾ ਟਕਸਾਲ ਦੇ 11ਵੇਂ ਮੁਖੀ ਸਨ। ਉਹ ਲੰਘੀ 19 ਜਨਵਰੀ ਨੂੰ ਪਰਲੋਕ ਸਿਧਾਰ ਗਏ ਸਨ।

ਇਸ ਸਬੰਧੀ ਸਜੇ ਦੀਵਾਨ ਵਿਚ ਕਥਾਵਾਚਕ ਭਾਈ ਬਖਸ਼ੀਸ਼ ਸਿੰਘ ਨੇ ਬਾਬਾ ਦਿਆ ਸਿੰਘ ਦੇ ਜੀਵਨ ਬਾਰੇ ਸੰਗਤਾਂ ਨੂੰ ਜਾਣਕਾਰੀ ਦਿਤੀ। ਉਨ੍ਹਾਂ ਭਾਈ ਬਿਧੀ ਚੰਦ ਦੇ ਜੀਵਨ ਅਤੇ ਪ੍ਰਾਪਤੀਆਂ 'ਤੇ ਵੀ ਚਾਨਣਾ ਪਾਇਆ। ਗੁਰੂਘਰ ਦੇ ਮੁਖ ਸੇਵਾਦਾਰ ਭਾਈ ਅਵਤਾਰ ਸਿੰਘ ਦੇ ਜਥੇ ਨੇ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਹੋਰਨਾਂ ਤੋਂ ਇਲਾਵਾ ਸ. ਚਰਨ ਸਿੰਘ ਗਿੱਲ ਅਤੇ ਪ੍ਰਿੰ. ਸਵਰਨ ਸਿੰਘ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ।


ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ ਲੈਣ ਲਈ

COVERED CALIFORNIA

YOUR DESTINATION FOR
AFFORDABLE
QUALITY HEALTH CARE
INCLUDING MEDI-CAL


CERTIFIED INSURANCE AGENT
GURCHARAN SINGH MANN
License # 0C70672

(510) 797-7989
2450 PERALTA BLVD, SUITE 203
FREMONT CA 94536



Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*

Medicare & Most Private Insurances Accepted

*Contact:*
Dr. Baljit Jammu
*Doctor of Chiropractic*
Ph: 510-940-8236
1090 La Playa Dr.,
Hayward CA 94545




*To Advertise with Punjab Times Call: 847-359-0746*


The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



COMMERCIAL GRADE
SECURITY SOLUTIONS



MORE THAN SECURITY
LICENCE PLATE READER
BILL READER
LONG RANGE
CASH REGISTER INTERFACE
HD SERIES CAMERAS

SPECIAL OFFER 4 CAMERAS WITH 4 CH DVR $1349 +Tax
SPECIAL OFFER 8 CAMERAS INSTALLATION INCLUDED $2349 +Tax
SPECIAL OFFER 12 CAMERAS INSTALLATION INCLUDED $3749 +Tax

Vista CCTV TECHNOLOGY
Buy Online : www.ezchase.com
Email : commvision@sbcglobal.net
Call Sukhpal
661-586-5080

# ਗੁੰਝਲਦਾਰ ਕਾਨੂੰਨੀ ਤਾਣੇਬਾਣੇ ਵਿਚ ਉਲਝ ਕੇ ਰਹਿ ਗਏ ਸਿੱਖ ਕੈਦੀ



**ਚੰਡੀਗੜ੍ਹ:** ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਿਆਸੀ ਸਿੱਖ ਕੈਦੀਆਂ ਵਿਚੋਂ ਬਹੁਤਿਆਂ ਨੂੰ ਉਨ੍ਹਾਂ ਵਿਰੁੱਧ ਹੋਰ ਥਾਣਿਆਂ ਵਿਚ ਦਰਜ ਕੇਸ ਕੇਸਾਂ ਦੀ ਪੁਖ਼ਤਾ ਜਾਣਕਾਰੀ ਹੀ ਨਹੀਂ ਹੈ। ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਕਾਰਕੁਨ ਭਾਈ ਜਗਤਾਰ ਸਿੰਘ ਹਵਾਰਾ ਵੀ ਆਪਣੇ ਖ਼ਿਲਾਫ਼ ਪਿਛਲੇ ਸਮੇਂ ਖ਼ਾਸਕਰ ਗ੍ਰਿਫ਼ਤਾਰੀ ਤੋਂ ਪਹਿਲਾਂ ਤੇ ਬੁੜੈਲ ਜੇਲ੍ਹ ਵਿਚੋਂ ਫ਼ਰਾਰੀ ਦੌਰਾਨ ਦਰਜ ਕੇਸਾਂ ਬਾਰੇ ਅਣਜਾਣ ਹਨ ਜਿਸ ਨੂੰ ਲੈ ਕੇ ਹੁਣ ਉਨ੍ਹਾਂ ਵੱਲੋਂ ਸੂਚਨਾ ਅਧਿਕਾਰ ਕਾਨੂੰਨ (ਆਰ.ਟੀ.ਆਈ.) ਤਹਿਤ ਅਰਜ਼ੀ ਦਾਇਰ ਕਰਦਿਆਂ ਇਹ ਜਾਣਕਾਰੀ ਮੰਗੀ ਗਈ ਹੈ।

ਇਨ੍ਹਾਂ ਸਿੱਖ ਕੈਦੀਆਂ ਨੂੰ ਭਾਰਤੀ ਦੰਡਾਵਲੀ ਤਹਿਤ ਜੁਰਮ ਖ਼ਾਸਕਰ ਦੇਸ਼ ਧ੍ਰੋਹ ਵਾਲੀਆਂ ਧਾਰਾਵਾਂ ਮੁਤਾਬਕ ਹੀ ਦੋਸ਼ ਤੈਅ ਕਰ ਕੇ ਜੇਲ੍ਹੀਂ ਡੱਕਿਆ ਹੋਇਆ ਹੈ ਪਰ ਜਮਹੂਰੀ ਮੁਲਕ ਦੇ ਨਾਗਰਿਕ ਹੋਣ ਦੇ ਨਾਤੇ ਇਹ ਜਾਣਨਾ ਵੀ ਇਨ੍ਹਾਂ ਦੇ ਬੁਨਿਆਦੀ ਹੱਕਾਂ ਵਿਚ ਸ਼ੁਮਾਰ ਹੈ ਕਿ ਇਨ੍ਹਾਂ ਖ਼ਿਲਾਫ਼ ਦਰਜ ਕੇਸਾਂ ਦੀ ਗਿਣਤੀ-ਮਿਣਤੀ ਤੇ ਕਾਨੂੰਨੀ ਜਾਂ ਅਦਾਲਤੀ ਸਥਿਤੀ ਕੀ ਹੈ ਤੇ ਇਸ ਵਾਸਤੇ ਇਹ ਆਰ.ਟੀ.ਆਈ. ਕਾਨੂੰਨ ਦੀ ਵੀ ਸਹਾਇਤਾ ਲੈਣ ਦੇ ਹੱਕਦਾਰ ਹਨ।

ਦਿਲਚਸਪ ਪਹਿਲੂ ਇਹ ਹੈ ਕਿ ਦੇਸ਼ ਖ਼ਾਸਕਰ ਪੰਜਾਬ ਵਿਚ ਕਾਲੇ ਦੌਰ ਦੌਰਾਨ ਜਿਹੜਾ ਵੀ ਵੱਖਵਾਦੀ ਪੁਲਿਸ ਜਾਂ ਸੁਰੱਖਿਆ ਬਲਾਂ ਦੇ ਧੱਕੇ ਚੜ੍ਹਦਾ ਸੀ ਆਮ ਪ੍ਰਭਾਵ ਇਹ ਲਿਆ ਜਾਂਦਾ ਹੈ ਕਿ ਉਸ ਖ਼ਿਲਾਫ਼ ਦਿਨਾਂ-ਮਹੀਨਿਆਂ ਵਿਚ ਹੀ ਵੱਖ-ਵੱਖ ਥਾਈਂ ਕਈ-ਕਈ ਕੇਸ ਸਾਹਮਣੇ ਆ ਜਾਂਦੇ ਸਨ। ਇੰਨਾ ਹੀ ਨਹੀਂ ਹਾਲਾਤ ਤਾਂ ਇਥੋਂ ਤੱਕ ਵੀ ਪੇਚੀਦਾ ਰਹੇ ਕਿ ਹੁਣ ਪੰਜਾਬ ਪੁਲਿਸ, ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਹੀ ਖ਼ੁਦ ਮੰਨ ਵੀ ਚੁੱਕੀ ਹੈ ਕਿ ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚੋਂ ਜੋ ਕੋਈ ਵੀ ਬਾਹਰਲੇ ਮੁਲਕ ਚਲਾ ਜਾਂਦਾ ਸੀ, ਉਸ ਦਾ ਨਾਂ ਖ਼ੂੰਖ਼ਾਰ ਅੱਤਵਾਦੀਆਂ ਵਾਲੀ ਕਾਲੀ ਸੂਚੀ ਵਿਚ ਪਾ ਦਿੱਤਾ ਜਾਂਦਾ ਸੀ।

ਇਹ ਨੁਕਤਾ ਨਵਾਂ ਸ਼ਹਿਰ ਪੁਲਿਸ ਵੱਲੋਂ ਹਾਲੇ ਕੁਝ ਮਹੀਨੇ ਪਹਿਲਾਂ ਹੀ ਇਕ ਪਰਵਾਸੀ ਭਾਰਤੀ ਦੇ ਮੁਕਦਮੇ ਵਿਚ ਹਾਈਕੋਰਟ ਕੋਲ ਇਕ ਹਲਫ਼ਨਾਮਾ ਦਾਇਰ ਕਰਦਿਆਂ ਉਜਾਗਰ ਕੀਤਾ ਹੈ ਤੇ ਜੱਜ ਕੋਲੋਂ ਫਟਕਾਰ ਵੀ ਖਾਧੀ ਹੈ। ਇਸ ਪ੍ਰਸੰਗ ਵਿਚ ਹੁਣ ਹਾਲਤ ਇਹ ਹਨ ਕਿ ਇਕ ਪਾਸੇ 1993 ਦੇ ਦਿੱਲੀ ਬੰਬ ਧਮਾਕਾ ਮਾਮਲੇ ਵਿਚ ਮੁੱਖ ਦੋਸ਼ੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਬਾਰੇ ਪੱਕੀ ਮੁਆਫ਼ੀ ਮਿਲਣ ਦੀ ਸੰਭਾਵਨਾ ਬਣੀ ਹੋਈ ਹੈ, ਉਥੇ ਹੀ ਬੇਅੰਤ ਹੱਤਿਆ ਕੇਸ ਦੇ ਬੁੜੈਲ ਜੇਲ੍ਹ ਵਿਚ ਬੰਦ ਸਹਿ ਦੋਸ਼ੀ ਗੁਰਮੀਤ ਸਿੰਘ ਉਰਫ਼ ਮੀਤਾ ਵੱਲੋਂ ਦਾਇਰ ਪੱਕੀ ਰਿਹਾਈ ਦੀ ਪਟੀਸ਼ਨ ਉੱਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਸੁਣਵਾਈ ਆਰੰਭ ਕਰਦਿਆਂ ਕੇਂਦਰ ਸਰਕਾਰ, ਪੰਜਾਬ ਸਰਕਾਰ ਤੇ ਚੰਡੀਗੜ੍ਹ ਪ੍ਰਸ਼ਾਸਨ ਕੋਲੋਂ ਉਨ੍ਹਾਂ ਦਾ ਪੱਖ ਵੀ ਪੁੱਛਿਆ ਜਾ ਚੁੱਕਾ ਹੈ। ਅਜਿਹੇ ਹੋਰ ਕੈਦੀਆਂ ਦੀ ਪੱਕੀ ਰਿਹਾਈ ਜਾਂ ਫਿਰ ਘੱਟੋ-ਘੱਟ ਪੈਰੋਲ ਬਾਰੇ ਸੰਘਰਸ਼ ਹੀ ਨਹੀਂ ਵਿੱਢੇ ਗਏ ਬਲਕਿ ਕਾਨੂੰਨੀ ਚਾਰਾਜੋਈ ਦੀ ਵੀ ਤਿਆਰੀ ਕੀਤੀ ਜਾ ਰਹੀ ਹੋਣ ਦੀ ਖ਼ਬਰ ਹੈ ਪਰ ਮੁੱਦੇ ਦਾ ਇਹ ਪਹਿਲੂ ਵੀ ਹੈ ਕਿ ਇਨ੍ਹਾਂ ਵਿਚੋਂ ਬਹੁਤਿਆਂ ਖ਼ਿਲਾਫ਼ ਦਰਜ ਕੇਸਾਂ ਦੀ ਸਥਿਤੀ ਬਾਰੇ ਜ਼ਿਆਦਾਤਰ ਭੰਬਲਭੂਸਾ ਹੀ ਬਣਿਆ ਹੋਇਆ ਹੈ ਤੇ ਸੰਭਾਵਨਾ ਹੈ ਕਿ ਇਨ੍ਹਾਂ ਵਿਚੋਂ ਜੇਕਰ ਕੋਈ ਬਾਹਰ ਵੀ ਆਉਂਦਾ ਹੈ ਤਾਂ ਕਿਸੇ ਅਜਿਹੇ ਹੀ ਫਾਈਲਾਂ ਥੱਲੇ ਦੱਬੇ ਕੇਸ ਤਹਿਤ ਮੁੜ ਕਾਰਵਾਈ ਦਾ ਸ਼ਿਕਾਰ ਬਣਾ ਲਿਆ ਜਾਵੇ।

ਇਸ ਨਾਲ ਮਿਲਦੀ-ਜੁਲਦੀ ਮਿਸਾਲ ਉੱਚ ਸੁਰੱਖਿਆ ਜੇਲ੍ਹ ਨਾਭਾ ਵਿਚ ਬੰਦ ਕਪੂਰਥਲਾ ਜ਼ਿਲ੍ਹੇ ਨਾਲ ਸਬੰਧਿਤ ਲਾਲ ਸਿੰਘ ਨਾਮੀਂ ਸਿਆਸੀ ਸਿੱਖ ਕੈਦੀ ਦੀ ਹੈ ਜਿਸ ਦੀ ਰਿਹਾਈ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਤਾਂ ਪਿੱਛੇ ਜਿਹੇ ਰਾਹਤ ਦੇ ਦਿੱਤੀ ਗਈ ਪਰ ਕਿਉਂਕਿ ਉਸ ਖ਼ਿਲਾਫ਼ ਦਹਾਕਿਆਂ ਪਹਿਲਾਂ ਆਰਮਜ਼ ਐਕਟ ਦੇ ਤਹਿਤ ਕੇਸ ਗੁਜਰਾਤ ਦੇ ਅਹਿਮਦਾਬਾਦ ਇਲਾਕੇ ਵਿਚ ਦਰਜ ਹੋਇਆ ਸੀ, ਜਿਸ ਕਰਕੇ ਗੁਜਰਾਤ ਸਰਕਾਰ ਵੱਲੋਂ ਹਾਈਕੋਰਟ ਦੇ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਚੁਣੌਤੀ ਦੇ ਕੇ ਉਸ ਨੂੰ ਫਿਰ ਸਲਾਖ਼ਾਂ ਦੇ ਪਿੱਛੇ ਪਹੁੰਚਾ ਦਿੱਤਾ ਗਿਆ।

ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਵੀ ਹੁਣ ਦਿੱਲੀ ਦੀ ਤਿਹਾੜ ਜੇਲ੍ਹ ਵਿਚੋਂ ਵੀਡੀਓ ਕਾਨਫ੍ਰਸਿੰਗ ਰਾਹੀਂ ਹੋਈ ਅਦਾਲਤੀ ਪੇਸ਼ੀ ਦੌਰਾਨ ਕਰੀਬ ਮਹੀਨਾ ਪਹਿਲਾਂ ਹੀ ਇਹ ਆਰ.ਟੀ.ਆਈ. ਐਕਟ ਤਹਿਤ ਅਰਜ਼ੀ ਭੇਜੀ ਜਾ ਚੁੱਕੀ ਹੋਣ ਦੀ ਪੁਸ਼ਟੀ ਕਰਦਿਆਂ ਆਪਣੇ ਵਕੀਲ ਐਸ.ਐਸ. ਬੈਂਸ ਨੂੰ ਹਾਲਤ ਦੀ ਜਾਣਕਾਰੀ ਲੈਣ ਲਈ ਕਿਹਾ ਹੈ।

## ਸਿੱਖ ਕਤਲੇਆਮ ਦੇ ਤਬਾਹ ਰਿਕਾਰਡ ਦੇ ਵੇਰਵੇ ਮੰਗੇ

**ਨਵੀਂ ਦਿੱਲੀ:** ਇਥੋਂ ਦੀ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਸਰਕਾਰੀ ਵਕੀਲ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਕੁਝ ਪੁਲਿਸ ਅਧਿਕਾਰੀਆਂ ਵੱਲੋਂ ਦੰਗਿਆਂ ਸਬੰਧੀ ਸਾੜੇ ਰਿਕਾਰਡ ਦੇ ਵੇਰਵੇ ਹਫਤੇ ਵਿਚ ਪੇਸ਼ ਕਰਨ। ਐਡੀਸ਼ਨਲ ਸੈਸ਼ਨ ਜੱਜ ਕਾਮਿਨੀ ਲਾਊ ਨੇ ਵਿਸ਼ੇਸ਼ ਸਰਕਾਰੀ ਵਕੀਲ ਬੀ.ਐਸ. ਜੂਨ ਨੂੰ ਕਿਹਾ ਕਿ ਉਹ ਕਤਲੇਆਮ ਬਾਰੇ ਉਨ੍ਹਾਂ ਦਸਤਾਵੇਜ਼ਾਂ ਦੇ ਵੇਰਵੇ ਦੇਣ ਜਿਹੜੇ ਤਬਾਹ ਕੀਤੇ ਜਾ ਚੁੱਕੇ ਹਨ।

ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਲਈ 24 ਫਰਵਰੀ ਦਾ ਦਿਨ ਤੈਅ ਕੀਤਾ ਹੈ। ਇਸ ਦਿਨ ਤੋਂ ਹੀ ਨੰਗਲੋਈ ਥਾਣੇ ਅਧੀਨ ਹੋਏ ਚਾਰ ਕਤਲਾਂ ਦੇ ਕੇਸ ਦੀ ਨਿਯਮਤ ਸੁਣਵਾਈ ਸ਼ੁਰੂ ਹੋਵੇਗੀ। ਇਸ ਬਾਰੇ ਕੇਸ 1991 ਵਿਚ ਦਰਜ ਕੀਤਾ ਗਿਆ ਸੀ। ਇਸੇ ਸਾਲ ਅਦਾਲਤ ਨੇ ਬਚਾਅ ਧਿਰ ਦੇ ਵਕੀਲ ਨੂੰ ਕਿਹਾ ਹੈ ਕਿ ਉਹ ਅਦਾਲਤ ਵੱਲੋਂ ਉਠਾਏ ਦਸ ਨੁਕਤਿਆਂ 'ਤੇ ਆਪਣੇ ਜਵਾਬ ਹਫਤੇ ਵਿਚ ਦੇ ਦੇਣ।

ਇਸੇ ਦੌਰਾਨ ਡਿਪਟੀ ਕਮਿਸ਼ਨਰ ਪੁਲੀਸ (ਕਾਨੂੰਨ) ਨੂੰ ਕਿਹਾ ਹੈ ਕਿ ਉਹ ਸ੍ਰੀ ਜੂਨ ਨੂੰ ਦਿੱਤੀ ਸੁਰੱਖਿਆ ਦਾ ਆਪ ਜਾਇਜ਼ਾ ਲੈਣ। ਅਦਾਲਤ ਨੇ ਸ੍ਰੀ ਜੂਨ ਵੱਲੋਂ ਕੇਸ ਤੋਂ ਵੱਖ ਕਰਨ ਦੀ ਅਪੀਲ ਵੀ ਖਾਰਜ ਕਰ ਦਿੱਤੀ। ਸ੍ਰੀ ਜੂਨ ਨੇ ਕਿਹਾ ਸੀ ਕਿ ਜਦੋਂ ਤੋਂ ਉਨ੍ਹਾਂ ਨੂੰ ਇਸ ਕੇਸ ਵਿਚ ਵਿਸ਼ੇਸ਼ ਸਰਕਾਰੀ ਵਕੀਲ ਬਣਾਇਆ ਗਿਆ ਹੈ, ਉਦੋਂ ਤੋਂ ਉਨ੍ਹਾਂ ਉਪਰ ਪੁਲਿਸ ਵੱਲੋਂ ਨਾਜਾਇਜ਼ ਦਬਾਅ ਪਾਇਆ ਜਾ ਰਿਹਾ ਹੈ। ਅਦਾਲਤ ਨੇ ਇਹ ਅਪੀਲ ਦਿੱਲੀ ਸਰਕਾਰ ਦੇ ਇਕ ਅਧਿਕਾਰੀ ਵੱਲੋਂ ਪੇਸ਼ ਕੀਤੇ ਨੋਟੀਫਿਕੇਸ਼ਨ ਮਗਰੋਂ ਖਾਰਜ ਕੀਤੀ ਗਈ। ਨੋਟੀਫਿਕੇਸ਼ਨ ਵਿਚ ਸ੍ਰੀ ਜੂਨ ਦੀ ਕਤਲੇਆਮ ਮਾਮਲੇ ਵਿਚ ਸਰਕਾਰ ਵੱਲੋਂ ਕੀਤੀ ਗਈ ਨਿਯੁਕਤੀ ਬਾਰੇ ਦੱਸਿਆ ਗਿਆ ਹੈ।

ਗੌਰਤਲਬ ਹੈ ਕਿ ਕਤਲੇਆਮ ਨਾਲ ਸਬੰਧਤ ਬਹੁਤ ਸਾਰੇ ਸਬੂਤ ਉਦੋਂ ਕੁਝ ਲੀਡਰਾਂ ਦੀ ਮਿਲੀਭੁਗਤ ਨਾਲ ਕਥਿਤ ਤੌਰ 'ਤੇ ਤਬਾਹ ਕਰ ਦਿੱਤੇ ਗਏ ਸਨ। ਇਸ ਬਾਰੇ ਜਾਂਚ ਕਰਵਾਉਣ ਦੀ ਮੰਗ ਕਈ ਵਾਰ ਉਠੀ, ਪਰ ਸਹੀ ਢੰਗ ਨਾਲ ਪੈਰਵੀ ਨਾ ਹੋਣ ਕਾਰਨ ਇਹ ਮੰਗ ਵਿਚ-ਵਿਚਾਲੇ ਹੀ ਰਹਿ ਗਈ।

## ਸੱਜਣ ਕੁਮਾਰ ਵੱਲੋਂ ਫਾਈਲ ਨਾ ਦਿਖਾਉਣ ਦਾ ਵਿਰੋਧ

**ਨਵੀਂ ਦਿੱਲੀ:** ਸਾਲ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਸੁਣਵਾਈ ਦਾ ਸਾਹਮਣਾ ਕਰ ਰਹੇ ਕਾਂਗਰਸ ਆਗੂ ਸੱਜਣ ਕੁਮਾਰ ਤੇ ਤਿੰਨ ਹੋਰਾਂ ਨੇ ਇਥੋਂ ਦੀ ਅਦਾਲਤ ਵਿਚ ਦਿੱਲੀ ਦੇ ਸਰਕਾਰੀ ਅਧਿਕਾਰੀ ਦੀ ਉਸ ਪਟੀਸ਼ਨ ਦਾ ਵਿਰੋਧ ਕੀਤਾ ਜਿਸ ਵਿਚ ਸਾਬਕਾ ਸੰਸਦ ਮੈਂਬਰ ਖ਼ਿਲਾਫ਼ ਮੁਕੱਦਮੇ ਵਿਚ ਸਬੰਧਤ ਮੁਕੰਮਲ ਫਾਈਲ ਪੇਸ਼ ਕਰਨ ਤੋਂ ਛੋਟ ਦੀ ਮੰਗ ਕੀਤੀ ਗਈ ਸੀ।

ਜ਼ਿਲ੍ਹਾ ਜੱਜ ਜੇ.ਆਰ. ਆਰੀਅਨ ਸਾਹਮਣੇ ਜੁਆਬੀ ਹਲਫ਼ਨਾਮੇ ਵਿਚ ਸੱਜਣ ਕੁਮਾਰ ਨੇ ਕਿਹਾ ਕਿ ਉਹ ਦਸਤਾਵੇਜ਼ ਆਪਣੇ ਕੋਲ ਨਹੀਂ ਰੱਖ ਸਕਦੇ ਕਿਉਂਕਿ ਅਦਾਲਤ ਨੇ ਇਹ ਦੇਖਣਾ ਹੁੰਦਾ ਹੈ ਕਿ ਮੁਲਜ਼ਮ ਖ਼ਿਲਾਫ਼ ਮੁਕੱਦਮੇ ਲਈ ਸਰਕਾਰ ਵੱਲੋਂ ਲਈ ਮਨਜ਼ੂਰੀ ਜਾਇਜ਼ ਹੈ ਜਾਂ ਨਹੀਂ। ਸੱਜਣ ਕੁਮਾਰ ਦੇ ਹਲਫ਼ਨਾਮੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਮੁੱਦਈ ਧਿਰ ਦੇ ਗਵਾਹ ਤੇ ਤਤਕਾਲੀ ਡਿਪਟੀ ਸਕੱਤਰ (ਗ੍ਰਹਿ) ਤੇ ਮੌਜੂਦਾ ਲੈਫਟੀਨੈਂਟ ਗਵਰਨਰ ਦੇ ਨਿੱਜੀ ਸਕੱਤਰ ਵਿਸ਼ਵੇਂਦਰ ਸਿੰਘ ਦਾ ਬਿਆਨ ਗੁੰਮਰਾਹ ਕਰਨ ਵਾਲਾ ਹੈ ਕਿ ਉਨ੍ਹਾਂ ਨੇ ਦਿੱਲੀ ਦੇ ਉਪ ਰਾਜਪਾਲ ਦੇ ਹੁਕਮਾਂ ਰਾਹੀਂ ਇਕ ਜਨਵਰੀ, 2010 ਦੀ ਮਨਜ਼ੂਰੀ ਦੇ ਹੁਕਮਾਂ ਦੀ ਜਾਂਚ ਕੀਤੀ ਸੀ।

ਵਕੀਲ ਅਨਿਲ ਸ਼ਰਮਾ ਵੱਲੋਂ ਦਾਖ਼ਲ ਹਲਫ਼ਨਾਮੇ ਵਿਚ ਕਿਹਾ ਗਿਆ ਹੈ ਕਿ ਬਚਾਅ ਪੱਖ ਨੇ ਢੁਕਵੀਂ ਜਿਰ੍ਹਾ ਯਕੀਨੀ ਬਣਾਉਣ ਲਈ ਅਦਾਲਤ ਸਾਹਮਣੇ ਬਿਆਨ ਵਿਚ ਮੁੱਦਈ ਧਿਰ ਵੱਲੋਂ ਜਿਨ੍ਹਾਂ ਦਸਤਾਵੇਜ਼ਾਂ 'ਤੇ ਭਰੋਸਾ ਕੀਤਾ ਗਿਆ, ਉਨ੍ਹਾਂ ਦੀ ਕਾਪੀ ਮੰਗੀ ਸੀ। ਇਸ ਵਿਚ ਕਿਹਾ ਗਿਆ ਹੈ ਕਿ ਇਹ ਸਹੀ ਫੈਸਲੇ 'ਤੇ ਪਹੁੰਚਣ ਲਈ ਮਿੰਨੀ ਸੁਣਵਾਈ ਵਾਂਗ ਹੈ। ਇਸ ਦਾ ਖੁਲਾਸਾ ਨਾ ਕਰਨ ਨਾਲ ਕੁਝ ਵੀ ਜਨਹਿੱਤ ਵਿਚ ਨਹੀਂ ਹੈ। ਜੇਕਰ ਅਜਿਹਾ ਹੁੰਦਾ ਤਾਂ ਉਹ ਅਦਾਲਤ ਸਾਹਮਣੇ ਗਵਾਹੀ ਵਿਚ ਇਸ ਨੂੰ ਲੈ ਕੇ ਨਾ ਆਉਂਦੇ।

## ਗਾਇਕ ਕੇ.ਐਸ. ਮੱਖਣ ਬਸਪਾ 'ਚ ਸ਼ਾਮਲ

**ਨਵਾਂ ਸ਼ਹਿਰ:** ਗਾਇਕ ਕੇ.ਐਸ. ਮੱਖਣ ਆਪਣੇ ਸਾਥੀਆਂ ਸਮੇਤ ਬਹੁਜਨ ਸਮਾਜ ਪਾਰਟੀ ਵਿਚ ਸ਼ਾਮਲ ਹੋ ਗਿਆ। ਇਸ ਮੌਕੇ ਸ. ਮੱਖਣ ਨੂੰ ਲੋਕ ਸਭਾ ਹਲਕਾ ਅਨੰਦਪੁਰ ਸਾਹਿਬ ਤੋਂ ਪਾਰਟੀ ਉਮੀਦਵਾਰ ਐਲਾਨਿਆ ਗਿਆ। ਸਥਾਨਕ ਮਿਲਟਰੀ ਗਰਾਊਂਡ ਵਿਚ ਬਹੁਜਨ ਸਮਾਜ ਪਾਰਟੀ ਵੱਲੋਂ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜਨਰਲ ਸਕੱਤਰ ਤੇ ਮੈਂਬਰ ਰਾਜ ਸਭਾ ਨਰਿੰਦਰ ਕਸ਼ਿਅਪ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਸਮਾਜ ਵਿਚੋਂ ਜਾਤ-ਪਾਤ ਦੇ ਖ਼ਾਤਮੇ ਲਈ ਜਾਤੀ ਤੋੜੋ-ਸਮਾਜ ਜੋੜੋ ਦਾ ਨਾਅਰਾ ਦੇ ਕੇ ਸਮਾਜ ਦੇ ਅਣਗੌਲੇ ਵਰਗਾਂ ਨੂੰ ਇਕੱਠਿਆਂ ਕਰਕੇ ਰਾਜਨੀਤੀ ਦੇ ਮੈਦਾਨ ਵਿਚ ਉੱਤਰੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇਸ਼ ਦੀਆਂ 400 ਤੋਂ ਵਧੇਰੇ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ।

ਉਨ੍ਹਾਂ ਅੰਮ੍ਰਿਤਸਰ ਸੀਟ ਲਈ ਵਾਲੀਆ, ਖਡੂਰ ਸਾਹਿਬ ਜਨਰਲ ਸੀਟ ਲਈ ਸੁੱਚਾ ਸਿੰਘ ਮਾਨ, ਪਟਿਆਲਾ ਲਈ ਰਾਮ ਸਿੰਘ ਧੀਮਾਨ ਸੀਟਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਾਰਟੀ ਦਾ ਵਿਸ਼ਵਾਸ ਹੈ ਕਿ ਜਾਤ ਪਾਤ ਨੂੰ ਖ਼ਤਮ ਕਰਨ ਲਈ, ਜਾਤ ਪਾਤ ਤੋਂ ਉੱਪਰ ਉੱਠ ਕੇ ਟਿਕਟਾਂ ਦੀ ਵੰਡ ਕੀਤੀ ਜਾਵੇ। ਸ੍ਰੀ ਕਸ਼ਅਪ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਸਮਾਜ ਦੇ ਦੁਖੀ ਲੋਕ ਦੂਸਰੀਆਂ ਵਿਰੋਧੀ ਪਾਰਟੀਆਂ ਨੂੰ ਛੱਡ ਕੇ ਬਸਪਾ ਵਿਚ ਆ ਰਹੇ ਹਨ।

# ਹੁਣ ਸੰਯੁਕਤ ਰਾਸ਼ਟਰ ਚਲਾਏ ਭਾਰਤ ਤੇ ਬਰਤਾਨੀਆ ਖਿਲਾਫ ਮੁਕੱਦਮਾ



**ਚੰਡੀਗੜ੍ਹ:** ਸ੍ਰੀ ਦਰਬਾਰ ਸਾਹਿਬ 'ਤੇ ਜੂਨ 1984 ਦੇ ਫ਼ੌਜੀ ਹਮਲੇ ਵਿਚ ਬਰਤਾਨੀਆ ਵੱਲੋਂ ਭਾਰਤ ਸਰਕਾਰ ਦੀ ਮਦਦ ਕਰਨ ਦੇ ਮਾਮਲੇ 'ਤੇ ਸੰਤ ਸਮਾਜ ਸੰਯੁਕਤ ਰਾਸ਼ਟਰ ਨੂੰ ਪੱਤਰ ਲਿਖ ਕੇ ਭਾਰਤ ਤੇ ਬਰਤਾਨੀਆ ਖਿਲਾਫ਼ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਦੇ ਦੋਸ਼ ਵਿਚ ਮੁਕੱਦਮਾ ਦਰਜ ਕਰਨ ਦੀ ਅਪੀਲ ਕਰੇਗਾ।

ਜ਼ਿਕਰਯੋਗ ਹੈ ਕਿ ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਫੌਜੀ ਹਮਲੇ ਦੌਰਾਨ ਬਰਤਾਨੀਆ ਸਰਕਾਰ ਵੱਲੋਂ ਹਮਲੇ ਬਾਰੇ ਸੁਝਾਅ ਦੇਣ ਦਾ ਖੁਲਾਸਾ ਕੀਤੇ ਜਾਣ ਮਗਰੋਂ ਸਿੱਖ ਜਥੇਬੰਦੀਆਂ ਵੱਲੋਂ ਇਸ ਦਾ ਸਖ਼ਤ ਵਿਰੋਧ ਕਰਦਿਆਂ ਨਿਖੇਧੀ ਕੀਤੀ ਗਈ ਹੈ। ਹਾਲ ਹੀ ਵਿਚ ਇਹ ਖੁਲਾਸਾ ਹੋਇਆ ਕਿ ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਭਾਰਤ ਸਰਕਾਰ ਵੱਲੋਂ ਬਰਤਾਨੀਆ ਸਰਕਾਰ ਕੋਲੋਂ ਸਹਿਯੋਗ ਲਿਆ ਗਿਆ ਸੀ। ਇਹ ਖੁਲਾਸਾ ਹੋਣ ਮਗਰੋਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਵੱਲੋਂ ਮਾਮਲੇ ਦੀ ਜਾਂਚ ਕਰਵਾਈ ਗਈ ਹੈ ਜਿਸ ਵਿਚ ਇਹ ਤੱਥ ਸਾਹਮਣੇ ਆਏ ਹਨ ਕਿ ਹਮਲੇ ਤੋਂ ਕੁਝ ਮਹੀਨੇ ਪਹਿਲਾਂ ਬਰਤਾਨੀਆ ਸਰਕਾਰ ਨੇ ਭਾਰਤ ਸਰਕਾਰ ਦੀ ਮੰਗ 'ਤੇ ਹਮਲੇ ਦਾ ਸੁਝਾਅ ਦਿੱਤਾ ਸੀ ਪਰ ਉਸ ਵੱਲੋਂ ਇਸ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੀ ਫੌਜੀ ਮਦਦ ਮੁਹੱਈਆ ਨਹੀਂ ਕੀਤੀ ਗਈ ਸੀ। ਸੰਤ ਸਮਾਜ ਤੇ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਬਰਤਾਨੀਆ ਨੇ ਭਾਰਤੀ ਫ਼ੌਜ ਦੀ ਸ੍ਰੀ ਦਰਬਾਰ ਸਾਹਿਬ 'ਤੇ ਜੂਨ 1984 ਦੇ ਫ਼ੌਜੀ ਹਮਲੇ ਦੌਰਾਨ ਮਦਦ ਕਰਕੇ ਸਿੱਖ ਕੌਮ ਨਾਲ ਘੋਰ-ਵਿਸ਼ਵਾਸਘਾਤ ਕੀਤਾ ਹੈ ਜਿਸ ਨੂੰ ਇਤਿਹਾਸ ਕਦੇ ਵੀ ਮੁਆਫ਼ ਨਹੀਂ ਕਰੇਗਾ। ਸ੍ਰੀ ਦਰਬਾਰ ਸਾਹਿਬ 'ਤੇ ਗੁਰਪੁਰਬ ਵਾਲੇ ਦਿਨ ਹਮਲੇ ਵਿਚ ਹਜ਼ਾਰਾਂ ਬੇਗੁਨਾਹ ਸ਼ਰਧਾਲੂਆਂ, ਬਜ਼ੁਰਗਾਂ ਤੇ ਬੱਚਿਆਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ ਜਿਸ ਵਿਚ ਭਾਰਤ ਦੀ ਮਦਦ ਕਰਕੇ ਬਰਤਾਨੀਆ ਨੇ ਸਿੱਖਾਂ ਨਾਲ ਸਦੀਆਂ ਪੁਰਾਣੀ ਜ਼ੁਲਮਾਂ ਦੀ ਕਹਾਣੀ ਨੂੰ ਮੁੜ ਦੁਹਰਾਇਆ ਹੈ।

ਉਨ੍ਹਾਂ ਕਿਹਾ ਕਿ ਸਿੱਖ ਹਾਲੇ ਭੁੱਲੇ ਨਹੀਂ ਹਨ ਕਿ ਬਰਤਾਨੀਆ ਨੇ ਹੀ ਸਿੱਖਾਂ ਕੋਲੋਂ ਧੋਖੇ ਨਾਲ ਰਾਜ ਖੋਹਿਆ ਸੀ ਤੇ ਸਿੱਖਾਂ ਦੇ ਅੰਤਮ ਸ਼ਾਸਕ ਮਹਾਰਾਜਾ ਦਲੀਪ ਸਿੰਘ ਨੂੰ ਅਗਵਾ ਕਰਕੇ ਜਬਰੀ ਧਰਮ ਪਰਿਵਰਤਨ ਕਰਵਾ ਕੇ ਇਸਾਈ ਬਣਾਇਆ ਸੀ। ਬਰਤਾਨੀਆ ਦੀ ਅਜੋਕੀ ਉੱਨਤੀ ਵਿਚ ਵੀ ਸਿੱਖਾਂ ਦਾ ਲਾਮਿਸਾਲ ਯੋਗਦਾਨ ਹੈ। ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਇਹ ਵੀ ਆਖਿਆ ਕਿ ਬਰਤਾਨੀਆ ਨੂੰ ਤੁਰੰਤ ਸਿੱਖ ਕੌਮ ਕੋਲ ਸਪਸ਼ਟੀਕਰਨ ਦੇਣਾ ਚਾਹੀਦਾ ਹੈ ਕਿ ਉਸ ਦੀ ਆਖ਼ਰ ਅਜਿਹੀ ਕੀ ਮਜਬੂਰੀ ਸੀ ਕਿ ਉਸ ਨੇ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ 'ਤੇ ਭਾਰਤੀ ਫ਼ੌਜ ਦੇ ਹਮਲੇ ਵਿਚ ਸ਼ਮੂਲੀਅਤ ਕੀਤੀ ਸੀ।

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਬਰਤਾਨੀਆ ਸਰਕਾਰ ਦੀ ਇਸ ਕਾਰਵਾਈ ਨਾਲ ਸਿੱਖ ਭਾਈਚਾਰੇ ਦੇ ਮਨਾਂ ਨੂੰ ਭਾਰੀ ਠੇਸ ਪੁੱਜੀ ਹੈ। ਬਰਤਾਨੀਆ ਵਿਚ ਇਸ ਵੇਲੇ ਵੱਡੀ ਗਿਣਤੀ ਵਿਚ ਸਿੱਖ ਭਾਈਚਾਰਾ ਵਸਿਆ ਹੋਇਆ ਹੈ ਜਿਨ੍ਹਾਂ ਨੇ ਉਸ ਮੁਲਕ ਦੀ ਤਰੱਕੀ ਲਈ ਆਪਣਾ ਅਹਿਮ ਯੋਗਦਾਨ ਦਿੱਤਾ ਹੈ। ਉਨ੍ਹਾਂ ਆਖਿਆ ਕਿ ਬਰਤਾਨੀਆ ਕੋਲੋਂ ਅਜਿਹੀ ਕਿਸੇ ਕਾਰਵਾਈ ਵਿਚ ਸ਼ਮੂਲੀਅਤ ਦੀ ਆਸ ਨਹੀਂ ਸੀ। ਉਨ੍ਹਾਂ ਕਿਹਾ ਕਿ ਬਰਤਾਨੀਆ ਸਰਕਾਰ ਇਸ ਬਾਰੇ ਬਿਨਾਂ ਸ਼ਰਤ ਸਿੱਖ ਭਾਈਚਾਰੇ ਕੋਲੋਂ ਮੁਆਫੀ ਮੰਗੇ।

ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਵੀ ਇਸ ਖੁਲਾਸੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਨਾਲ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਹਰਿਮੰਦਰ ਸਾਹਿਬ 'ਤੇ ਫੌਜੀ ਹਮਲਾ ਕਾਂਗਰਸ ਦੀ ਸੋਚੀ ਸਮਝੀ ਸਾਜ਼ਿਸ਼ ਸੀ ਜਿਸ ਬਾਰੇ ਕਾਂਗਰਸ ਵੱਲੋਂ ਹੁਣ ਤਕ ਇਹ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਇਹ ਅਚਨਚੇਤੀ ਤੇ ਮੌਕੇ ਦੀ ਕਾਰਵਾਈ ਸੀ। ਉਨ੍ਹਾਂ ਨੇ ਵੀ ਮੰਗ ਕੀਤੀ ਹੈ ਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਇਸ ਕਾਰਵਾਈ ਲਈ ਸਿੱਖ ਕੌਮ ਕੋਲੋਂ ਮੁਆਫੀ ਮੰਗਣ।

### ਸ਼੍ਰੋਮਣੀ ਕਮੇਟੀ ਵੱਲੋਂ ਅਲੋਚਨਾ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਬਰਤਾਨੀਆ ਸਰਕਾਰ ਦੀ ਇਸ ਕਾਰਵਾਈ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਿੱਖਾਂ ਦੇ ਮੁਕੱਦਸ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਫੌਜੀ ਹਮਲਾ ਕਰਨ ਬਾਰੇ ਭਾਰਤ ਸਰਕਾਰ ਨੂੰ ਸੁਝਾਅ ਦੇਣਾ ਮੰਦਭਾਗੀ ਗੱਲ ਹੈ।

ਉਨ੍ਹਾਂ ਆਖਿਆ ਕਿ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਕਹਾਉਣ ਵਾਲੀ ਬਰਤਾਨੀਆ ਸਰਕਾਰ ਨੂੰ ਧਾਰਮਿਕ ਅਸਥਾਨ 'ਤੇ ਫੌਜੀ ਹਮਲਾ ਕਰਨ ਦਾ ਸੁਝਾਅ ਨਹੀਂ ਦੇਣਾ ਚਾਹੀਦਾ ਸੀ ਕਿਉਂਕਿ ਜਦੋਂ ਜੂਨ 1984 ਵਿਚ ਇਹ ਫੌਜੀ ਹਮਲਾ ਹੋਇਆ ਸੀ, ਉਸ ਵੇਲੇ ਸ਼ਹੀਦੀ ਗੁਰਪੁਰਬ ਸੀ ਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਹਰਿਮੰਦਰ ਸਾਹਿਬ ਵਿਚ ਨਤਮਸਤਕ ਹੋਣ ਲਈ ਆਈਆਂ ਹੋਈਆਂ ਸਨ। ਅਚਨਚੇਤੀ ਹੋਈ ਫੌਜੀ ਕਾਰਵਾਈ ਕਾਰਨ ਸੈਂਕੜਿਆਂ ਦੀ ਗਿਣਤੀ ਵਿਚ ਸ਼ਰਧਾਲੂ ਫੌਜੀ ਗੋਲੀਆਂ ਨਾਲ ਮਾਰੇ ਗਏ ਸਨ ਜਿਨ੍ਹਾਂ ਵਿਚ ਔਰਤਾਂ, ਬੱਚੇ ਤੇ ਬਜ਼ੁਰਗ ਵੀ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਬਰਤਾਨੀਆ ਸਰਕਾਰ ਨੂੰ ਇਹ ਸੁਝਾਅ ਦੇਣ ਤੋਂ ਪਹਿਲਾਂ ਉਨ੍ਹਾਂ ਦੇ ਆਪਣੇ ਮੁਲਕ ਦੀ ਆਜ਼ਾਦੀ ਲਈ ਸਿੱਖਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਚਾਹੀਦਾ ਸੀ।

# ਆਟਾ ਦਾਲ ਸਕੀਮ ਦੀ ਗਿਣਤੀ-ਮਿਣਤੀ ਵਿਚ ਉਲਝ ਗਈ ਪੰਜਾਬ ਸਰਕਾਰ

**ਫਾਜ਼ਿਲਕਾ:** ਨਵੀਂ ਆਟਾ ਦਾਲ ਸਕੀਮ ਦੇ ਲਾਭਪਾਤਰੀਆਂ ਦੀ ਗਿਣਤੀ ਨੇ ਪੰਜਾਬ ਸਰਕਾਰ ਦੁਚਿੱਤੀ ਵਿਚ ਪਾ ਦਿੱਤੀ ਹੈ। ਪਿਛਲੇ ਦਿਨੀਂ ਸੂਬਾ ਸਰਕਾਰ ਨੇ ਲਾਭਪਾਤਰੀਆਂ ਦੀ ਗਿਣਤੀ ਦੁੱਗਣੀ ਕਰਨ ਦਾ ਫੈਸਲਾ ਲਿਆ ਸੀ ਤੇ ਲਾਭਪਾਤਰੀਆਂ ਕੋਲੋਂ ਹੋਰ ਫਾਈਲਾਂ ਦੀ ਮੰਗ ਕੀਤੀ ਸੀ। ਹੋਰ ਨਵੇਂ ਕਾਰਡਾਂ ਦੇ ਐਲਾਨਾਂ ਤੋਂ ਬਾਅਦ ਹਰ ਜ਼ਿਲ੍ਹੇ ਵਿਚ 35 ਤੋਂ 40 ਹਜ਼ਾਰ ਨਵੇਂ ਕਾਰਡ ਬਣਾਉਣ ਲਈ ਹੋਰ ਫਾਈਲਾਂ ਆ ਗਈਆਂ ਹਨ। ਜੇਕਰ ਸਾਰੇ ਬੇਨਤੀ ਕਰਤਾਵਾਂ ਨੂੰ ਕਾਰਡ ਬਣਾ ਕੇ ਦਿੱਤੇ ਜਾਂਦੇ ਹਨ ਤਾਂ ਨਵੀਂ ਗਿਣਤੀ 20 ਲੱਖ ਨੂੰ ਪਹੁੰਚ ਸਕਦੀ ਹੈ। ਸੂਬੇ ਅੰਦਰ ਕੁੱਲ ਲਾਭਪਾਤਰਾਂ ਦੀ ਗਿਣਤੀ 35 ਲੱਖ ਦਾ ਅੰਕੜਾ ਪਾਰ ਕਰ ਸਕਦੀ ਹੈ।



ਕੇਂਦਰ ਸਰਕਾਰ ਨੇ ਦੋ ਰੁਪਏ ਕਿੱਲੋ ਅਨਾਜ ਦੇਣ ਦਾ ਫੈਸਲਾ ਲਿਆ ਸੀ ਪਰ ਪੰਜਾਬ ਸਰਕਾਰ ਨੇ ਇਸ ਸਕੀਮ ਦਾ ਲਾਭ ਲੈਣ ਲਈ ਚਾਰ ਰੁਪਏ ਕਿਲੋ ਆਟਾ ਸਕੀਮ ਨੂੰ ਇਕ ਰੁਪਏ ਕਿਲੋ ਦੇਣ ਦਾ ਐਲਾਨ ਕਰ ਦਿੱਤਾ। ਜਿਸ ਤੋਂ ਬਾਅਦ ਸੂਬੇ ਦੀਆਂ ਸਾਰੀਆਂ ਤਹਿਸੀਲਾਂ ਅੰਦਰ ਨਵੀਆਂ ਅਰਜ਼ੀਆਂ ਦਾ ਹੜ੍ਹ ਆ ਗਿਆ। ਹੁਣ ਜਦੋਂ 20 ਲੱਖ ਤੋਂ ਵੱਧ ਫਾਈਲਾਂ ਸੂਬੇ ਦੇ ਐਸ.ਡੀ.ਐਮ ਦਫ਼ਤਰਾਂ ਵਿਚ ਰੁਲ ਰਹੀਆਂ ਹਨ ਤਾਂ ਪੰਜਾਬ ਸਰਕਾਰ ਦੁਚਿੱਤੀ ਵਿਚ ਫਸੀ ਪਈ ਹੈ ਕਿ ਜੇਕਰ ਕੇਂਦਰ ਨੇ ਹੱਥ ਪਿਛੇ ਖਿੱਚ ਲਏ ਤਾਂ ਆਟਾ ਦਾਲ ਪੰਜਾਬ ਸਰਕਾਰ ਲਈ ਮੁਸੀਬਤ ਬਣ ਜਾਵੇਗੀ।

ਆਟਾ ਦਾਲ ਦੇ ਨਵੇਂ ਕਾਰਡ ਅਜੇ ਬਣਨੇ ਸ਼ੁਰੂ ਨਹੀਂ ਹੋਏ ਪਰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਹਲਕਾ ਵਿਧਾਇਕਾਂ ਵੱਲੋਂ ਵੀ.ਆਈ.ਪੀ ਸੂਚੀਆਂ ਜਾਰੀ ਕੀਤੀਆਂ ਜਾ ਰਹੀਆਂ ਹਨ। ਵੀ.ਆਈ.ਪੀ ਸੂਚੀਆਂ ਹਲਕਾ ਵਿਧਾਇਕਾਂ ਵੱਲੋਂ ਆ ਰਹੀਆਂ ਹਨ ਜਿਸ ਵਿਚ ਹਰ ਪਿੰਡ ਦੇ 20 ਤੋਂ 30 ਵੀ.ਆਈ.ਪੀ ਕਾਰਡ ਹੋਲਡਰਾਂ ਦੀ ਸ਼ਨਾਖਤ ਕਰਕੇ ਨਵੇਂ ਕਾਰਡ ਬਣਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ।

ਸੂਤਰਾਂ ਮੁਤਾਬਕ ਇਕ-ਇਕ ਪਿੰਡ ਤੋਂ ਸੈਂਕੜੇ ਅਰਜ਼ੀਆਂ ਹਨ ਪਰ ਵੀ.ਆਈ.ਪੀ ਸੂਚੀਆਂ ਆਉਣ ਕਾਰਨ ਬਾਕੀ ਅਰਜ਼ੀਆਂ 'ਤੇ ਸਵਾਲੀਆਂ ਨਿਸ਼ਾਨ ਲੱਗ ਗਿਆ ਹੈ। 'ਕੇਂਦਰ ਸਰਕਾਰ ਦੇ ਅਨਾਜ ਤੇ ਬੱਲੇ-ਬੱਲੇ ਪੰਜਾਬ ਦੀ' ਅਕਾਲੀ-ਭਾਜਪਾ ਸਰਕਾਰ ਲਈ ਮੁਸੀਬਤ ਬਣ ਗਈ ਹੈ ਕਿਉਂਕਿ ਕੇਂਦਰ ਸਰਕਾਰ ਨਵੀਂ ਸਕੀਮ ਬਾਰੇ ਅਜੇ ਤੱਕ ਖਾਮੋਸ਼ ਹੈ। ਸਰਕਾਰ ਦੇ ਮਰਦਮਸ਼ੁਮਾਰੀ ਪਰਿਵਾਰਾਂ ਦੀ ਗਿਣਤੀ ਤੇ ਆਟਾ ਦਾਲ ਸਕੀਮ ਅਧੀਨ ਆਉਂਦੇ ਪਰਿਵਾਰਾਂ ਵਿਚ ਵੱਡਾ ਫ਼ਰਕ ਹੈ ਜਿਸ ਕਾਰਨ ਉੱਚ ਅਧਿਕਾਰੀ ਸਹੀ ਅੰਕੜੇ ਜੁਟਾਉਣ ਲਈ ਮੁਸੀਬਤ ਵਿਚ ਫਸੇ ਹੋਏ ਹਨ।

## ਮਾਮੇ ਦਾ ਪੁੱਤ ਹੀ ਨਿਕਲਿਆ ਕਾਤਲ

**ਪਟਿਆਲਾ (ਬਿਊਰੋ):** ਪਿੰਡ ਸਨੌਰ ਵਿਚ ਪੱਚੀ ਸਾਲਾ ਨੌਜਵਾਨ ਦੇ ਹੋਏ ਕਤਲ ਦੀ ਗੁੱਥੀ ਪੁਲਿਸ ਨੇ ਸੁਲਝਾ ਲਈ ਹੈ। ਰਜਿੰਦਰ ਸਿੰਘ ਸੋਨੂੰ ਦਾ ਕਥਿਤ ਕਾਤਲ ਉਸਦੇ ਮਾਮੇ ਦਾ ਪੁੱਤਰ ਹੀ ਨਿਕਲਿਆ ਅਤੇ ਇਹ ਕਤਲ ਉਸ ਨੇ ਦੋਵਾਂ ਵਿਚਾਲੇ ਇੱਕ ਔਰਤ ਨਾਲ ਸਬੰਧਾਂ ਤੋਂ ਪੈਦਾ ਹੋਈ ਰੰਜਿਸ਼ ਕਾਰਨ ਕੀਤਾ। ਮੁਲਜ਼ਮ ਪਰਮਜੀਤ ਸਿੰਘ ਅਤੇ ਉਸ ਦਾ ਸਾਥ ਦੇਣ ਵਾਲੇ ਉਸ ਦੇ ਕਿਰਾਏਦਾਰ ਰਮਾ ਸ਼ੰਕਰ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਸੋਨੂੰ ਸਰਹਿੰਦ ਵਿਚ ਸਿਲਾਈ ਮਸ਼ੀਨਾਂ ਦੇ ਪੁਰਜ਼ੇ ਬਣਾਉਣ ਦਾ ਕੰਮ ਕਰਦਾ ਸੀ। ਉਸ ਦਾ ਕੁਹਾੜੀ ਨਾਲ ਕਤਲ ਕਰ ਦਿੱਤਾ ਗਿਆ ਸੀ।

ਐਸ.ਐਸ.ਪੀ. ਹਰਦਿਆਲ ਸਿੰਘ ਮਾਨ ਨੇ ਇੱਥੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਮ੍ਰਿਤਕ ਦੇ ਮਾਮੇ ਦਾ ਲੜਕਾ ਪਰਮਜੀਤ ਸਿੰਘ ਵੀ ਸਰਹਿੰਦ ਵਿਚ ਹੀ ਰਾਜਗਿਰੀ ਦਾ ਕੰਮ ਕਰਦਾ ਹੈ ਅਤੇ ਉਹ ਦੋਵੇਂ ਉਥੇ ਇੱਕੋ ਕਮਰੇ ਵਿਚ ਕਿਰਾਏ 'ਤੇ ਰਹਿੰਦੇ ਸਨ। ਇਸੇ ਦੌਰਾਨ ਪਰਮਜੀਤ ਦੇ ਇੱਕ ਔਰਤ ਨਾਲ ਪ੍ਰੇਮ ਸਬੰਧ ਬਣ ਗਏ ਸਨ। ਇੱਕ ਜ਼ਮੀਨੀ ਝਗੜੇ ਵਿਚ ਕੁਝ ਸਮਾਂ ਪਹਿਲਾਂ ਹੋਏ ਕਤਲ ਸਬੰਧੀ ਪਰਮਜੀਤ ਸਿੰਘ ਜੇਲ੍ਹ ਚਲਾ ਗਿਆ ਤਾਂ ਇਸ ਔਰਤ ਨਾਲ ਰਜਿੰਦਰ ਸਿੰਘ ਦੇ ਪ੍ਰੇਮ ਸਬੰਧ ਬਣ ਗਏ।

ਬੀਤੀ 5 ਫਰਵਰੀ ਦੀ ਰਾਤ ਨੂੰ ਪਰਮਜੀਤ ਸਿੰਘ ਨੂੰ ਸ਼ਰਾਬ ਪੀਣ ਦੇ ਬਹਾਨੇ ਅਨਾਜ ਮੰਡੀ ਸਨੌਰ ਲੈ ਗਿਆ ਅਤੇ ਕੁਹਾੜੀ ਨਾਲ ਉਸ ਦਾ ਕਤਲ ਕਰ ਦਿੱਤਾ।

# ਪੰਜਾਬ ਸਰਕਾਰ ਨੂੰ ਹਰ ਕੰਮ ਵਿਚੋਂ ਵੋਟਾਂ ਦੀ ਤਲਾਸ਼

**ਚੰਡੀਗੜ੍ਹ:** ਪੰਜਾਬ ਸਰਕਾਰ ਬਿਜਲੀ ਨਿਗਮ ਵੱਲੋਂ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਟਿਊਬਵੈੱਲ ਕੁਨੈਕਸ਼ਨਾਂ ਦਾ ਵੱਡਾ ਸਿਆਸੀ ਲਾਹਾ ਲੈਣ ਦੀ ਝਾਕ ਵਿਚ ਹੈ। ਪੰਜਾਬ ਰਾਜ ਬਿਜਲੀ ਨਿਗਮ ਵੱਲੋਂ 69000 ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾ ਰਹੇ ਹਨ। ਇਨ੍ਹਾਂ ਟਿਊਬਵੈੱਲ ਕੁਨੈਕਸ਼ਨਾਂ ਲਈ ਨਿਗਮ ਵੱਲੋਂ ਦਿੱਤੇ ਜਾਣ ਵਾਲੇ ਡਿਮਾਂਡ ਨੋਟਿਸ ਤਿਆਰ ਹਨ ਪਰ ਇਹ ਨੋਟਿਸ ਹਾਕਮ ਪਾਰਟੀ ਦੇ ਵਿਧਾਇਕਾਂ ਤੇ ਹਲਕਾ ਇੰਚਾਰਜਾਂ ਹੱਥੋਂ ਹੀ ਮਿਲ ਸਕਣਗੇ। ਨਿਗਮ ਦੇ ਇਕ ਸੀਨੀਅਰ ਇੰਜਨੀਅਰ ਨੇ ਸਰਕਾਰ ਦੇ ਇਸ ਰਾਜਸੀ ਫ਼ੁਰਮਾਨ ਦੀ ਪੁਸ਼ਟੀ ਕੀਤੀ ਹੈ।

ਮਹੱਤਵਪੂਰਨ ਤੱਥ ਇਹ ਹੈ ਕਿ ਬਿਜਲੀ ਬੋਰਡ ਵੱਲੋਂ ਹਰ ਤਰ੍ਹਾਂ ਦੇ ਬਿਜਲੀ ਕੁਨੈਕਸ਼ਨ ਦਾ ਡਿਮਾਂਡ ਨੋਟਿਸ ਡਾਕ ਰਾਹੀਂ ਭੇਜੇ ਜਾਣ ਦੀ ਰਵਾਇਤ ਹੈ। ਅਰਜ਼ੀ ਕਰਤਾ ਨੂੰ ਬੋਰਡ ਵੱਲੋਂ ਜੇਕਰ ਦਸਤੀ ਡਿਮਾਂਡ ਨੋਟਿਸ ਦਿੱਤਾ ਜਾਂਦਾ ਸੀ ਤਾਂ ਉਸ ਦੀ ਡੁਪਲੀਕੇਟ ਕਾਪੀ ਹੀ ਦਿੱਤੀ ਜਾਂਦੀ ਸੀ। ਸਰਕਾਰ ਵੱਲੋਂ ਟਿਊਬਵੈੱਲ ਕੁਨੈਕਸ਼ਨਾਂ ਦਾ ਰਾਜਸੀਕਰਣ ਆਗਾਮੀ ਲੋਕ ਸਭਾ ਚੋਣਾਂ ਵਿਚ ਲਾਹਾ ਲੈਣ ਲਈ ਕੀਤਾ ਜਾ ਰਿਹਾ ਹੈ। ਨਿਗਮ ਨੂੰ ਚੋਣ ਜ਼ਾਬਤੇ ਤੋਂ ਪਹਿਲਾਂ ਨੋਟਿਸ ਦੇਣ ਲਈ ਕਿਹਾ ਗਿਆ ਹੈ।

ਨਿਗਮ ਤੋਂ ਮਿਲੀ ਜਾਣਕਾਰੀ ਮੁਤਾਬਕ ਜਨਰਲ ਟਿਊਬਵੈੱਲ ਕੁਨੈਕਸ਼ਨਾਂ ਲਈ ਹੁਣ ਤੱਕ ਤਿੰਨ ਲੱਖ 40 ਹਜ਼ਾਰ ਕਿਸਾਨ ਅਰਜ਼ੀਆਂ ਦੇ ਚੁੱਕੇ ਹਨ। ਇਨ੍ਹਾਂ ਵਿਚ 50 ਫੀਸਦ ਤੋਂ ਜ਼ਿਆਦਾ ਪੰਜ ਏਕੜ ਤੱਕ ਦੀ ਜ਼ਮੀਨ ਦੀ ਮਾਲਕੀ ਵਾਲੇ ਕਿਸਾਨ ਹਨ। ਨਿਗਮ ਵੱਲੋਂ ਹਾਲ ਦੀ ਘੜੀ 69000 ਕੁਨੈਕਸ਼ਨ ਦੇਣ ਦੀ ਕਾਰਵਾਈ ਆਰੰਭੀ ਗਈ ਹੈ। ਇਹ ਕੁਨੈਕਸ਼ਨ ਦਿੱਤੇ ਜਾਣ ਮਗਰੋਂ ਸੂਬੇ ਵਿਚ ਟਿਊਬਵੈੱਲਾਂ ਦੀ ਕੁੱਲ ਗਿਣਤੀ ਤਕਰੀਬਨ 12.50 ਲੱਖ ਹੋ ਜਾਵੇਗੀ।

ਅਹਿਮ ਤੱਥ ਇਹ ਵੀ ਹੈ ਕਿ ਨਿਗਮ ਨੇ ਸਾਲ 1998 ਮਗਰੋਂ ਛੋਟੇ ਕਿਸਾਨਾਂ ਨੂੰ ਜਨਰਲ ਕੋਟੇ ਤਹਿਤ ਟਿਊਬਵੈੱਲ ਕੁਨੈਕਸ਼ਨ ਦਿੱਤੇ ਹੀ ਨਹੀਂ ਸਨ। ਨਿਗਮ ਜਾਂ ਬੋਰਡ ਵੱਲੋਂ ਕਈ ਤਰ੍ਹਾਂ ਦੇ ਕੋਟੇ (ਵਿਸ਼ੇਸ਼ ਅਧਿਕਾਰ) ਦੀਆਂ ਯੋਜਨਾਵਾਂ ਚਲਾ ਕੇ ਵੱਡੇ ਤੇ ਧਨੀ ਕਿਸਾਨਾਂ ਨੂੰ ਹੀ ਕੁਨੈਕਸ਼ਨ ਦਿੱਤੇ ਜਾਂਦੇ ਰਹੇ ਹਨ। ਇਸ ਸਮੇਂ 1.70 ਲੱਖ ਉਹ ਕਿਸਾਨ ਜਨਰਲ ਕੋਟੇ ਦੇ ਕੁਨੈਕਸ਼ਨਾਂ ਦੇ ਇੰਤਜ਼ਾਰ ਵਿਚ ਬੈਠੇ ਹਨ ਜਿਨ੍ਹਾਂ ਕੋਲ ਮਾਲਕੀ ਢਾਈ ਤੋਂ ਪੰਜ ਏਕੜ ਤੱਕ ਦੀ ਹੈ। ਇਨ੍ਹਾਂ ਕਿਸਾਨਾਂ ਨੂੰ 31 ਦਸੰਬਰ 1996 ਤੋਂ ਬਾਅਦ ਬੋਰਡ ਤੇ ਹੁਣ ਨਿਗਮ ਨੇ ਕੁਨੈਕਸ਼ਨ ਨਹੀਂ ਦਿੱਤੇ ਹਨ। ਪੰਜ ਏਕੜ ਜ਼ਮੀਨ ਵਾਲੇ ਕਿਸਾਨਾਂ ਨੂੰ ਤਾਂ ਇਕ ਜਨਵਰੀ 1992 ਤੋਂ ਬਾਅਦ ਪਹਿਲਾਂ ਬੋਰਡ ਤੇ ਹੁਣ ਨਿਗਮ ਨੇ ਕੁਨੈਕਸ਼ਨ ਦਿੱਤੇ ਹੀ ਨਹੀਂ। ਟਿਊਬਵੈੱਲ ਕੁਨੈਕਸ਼ਨਾਂ ਦੀ ਗਿਣਤੀ ਵਧਣ ਨਾਲ ਸਰਕਾਰ 'ਤੇ ਸਬਸਿਡੀ ਦਾ ਵਿੱਤੀ ਬੋਝ ਵੀ ਵਧੇਗਾ।

# ਸੀਨੀਅਰ ਕਾਂਗਰਸੀ ਆਗੂਆਂ ਨੂੰ ਚੋਣ ਲੜਾਉਣ ਬਾਰੇ ਵਿਚਾਰਾਂ

**ਚੰਡੀਗੜ੍ਹ:** ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਨੂੰ ਲੋਕ ਸਭਾ ਚੋਣਾਂ ਵਿਚ ਘੇਰਨ ਲਈ ਕਾਂਗਰਸ ਵੱਲੋਂ ਯਤਨ ਤੇਜ਼ ਹੋ ਗਏ ਹਨ। ਪਤਾ ਲੱਗਾ ਹੈ ਕਿ ਪੰਜਾਬ ਕਾਂਗਰਸ ਕਮੇਟੀ ਦੀ ਲੰਘੇ ਦਿਨੀਂ ਹੋਈ ਮੀਟਿੰਗ ਵਿਚ ਇਹ ਰਾਏ ਬਣੀ ਕਿ ਕਾਂਗਰਸ ਦੇ ਵੱਡੇ ਆਗੂਆਂ ਨੂੰ ਮੈਦਾਨ ਵਿਚ ਉਤਰਨਾ ਚਾਹੀਦਾ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬਠਿੰਡਾ ਹਲਕੇ ਤੋਂ ਚੋਣ ਲੜਾਉਣ ਬਾਰੇ ਵੀ ਵਿਚਾਰ ਵਟਾਂਦਰਾ ਹੋਇਆ।

ਕਾਂਗਰਸ ਸੂਤਰਾਂ ਅਨੁਸਾਰ ਕਮੇਟੀ ਵਿਚ ਇਸ ਗੱਲ ਨੂੰ ਲੈ ਕੇ ਸਹਿਮਤੀ ਸੀ ਕਿ ਕੈਪਟਨ ਸਮੇਤ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ, ਸਾਬਕਾ ਪ੍ਰਧਾਨ ਰਾਜਿੰਦਰ ਕੌਰ ਭੱਠਲ ਤੇ ਸ਼ਮਸ਼ੇਰ ਸਿੰਘ ਦੂਲੋ ਤੇ ਸੰਸਦ ਮੈਂਬਰ ਮਹਿੰਦਰ ਸਿੰਘ ਕੇਪੀ ਨੂੰ ਲੋਕ ਸਭਾ ਚੋਣ ਲੜਨੀ ਚਾਹੀਦੀ ਹੈ। ਸੀਨੀਅਰ ਕਾਂਗਰਸ ਆਗੂ ਪੀਸੀ ਚਾਕੋ ਦੀ ਚੇਅਰਮੈਨੀ ਹੇਠ ਹੋਈ ਮੀਟਿੰਗ ਦੌਰਾਨ ਪੰਜ ਪਾਰਲੀਮਾਨੀ ਹਲਕਿਆਂ ਤੋਂ 3 ਤੋਂ 5 ਉਮੀਦਵਾਰਾਂ ਦੀ ਸੂਚੀ ਨੂੰ ਅੰਤਿਮ ਰੂਪ ਦਿੱਤਾ ਗਿਆ।

ਇਹ ਹਲਕੇ ਬਠਿੰਡਾ, ਅੰਮ੍ਰਿਤਸਰ, ਫਰੀਦਕੋਟ, ਫਿਰੋਜ਼ਪੁਰ ਤੇ ਖਡੂਰ ਸਾਹਿਬ ਹਨ। ਇਥੋਂ ਪਿਛਲੀਆਂ ਚੋਣਾਂ ਵਿਚ ਕਾਂਗਰਸ ਉਮੀਦਵਾਰ ਹਾਰੇ ਸਨ। ਬਾਕੀ ਅੱਠ ਸੀਟਾਂ 'ਤੇ ਉਮੀਦਵਾਰਾਂ ਬਾਰੇ ਫੈਸਲਾ ਸੰਸਦ ਇਜਲਾਸ ਖ਼ਤਮ ਹੋਣ ਮਗਰੋਂ ਲਿਆ ਜਾਵੇਗਾ। ਕਾਂਗਰਸੀ ਸੂਤਰਾਂ ਅਨੁਸਾਰ ਚੋਣ ਕਮੇਟੀ ਦੇ ਸਾਰੇ 29 ਮੈਂਬਰਾਂ ਨੂੰ ਪੰਜ ਮੈਂਬਰਾਂ ਦੇ ਨਾਂ ਦੱਸਣ ਲਈ ਕਿਹਾ ਗਿਆ ਸੀ। ਬਠਿੰਡਾ ਤੋਂ ਕੈਪਟਨ ਦੇ ਨਾਲ ਸਾਬਕਾ ਵਿੱਤ ਮੰਤਰੀ ਸੁਰਿੰਦਰ ਸਿੰਗਲਾ ਤੇ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਜੱਸੀ ਦੇ ਨਾਂ ਵੀ ਸੁਝਾਏ ਗਏ ਹਨ।

# ਨਵੀਂ ਸ਼ਰਾਬ ਨੀਤੀ ਵਿਚ ਛੋਟੇ ਠੇਕੇਦਾਰਾਂ ਦੀ ਹੋਵੇਗੀ ਛੁੱਟੀ

**ਜਲੰਧਰ:** ਪੰਜਾਬ ਸਰਕਾਰ ਦੇ ਖਜ਼ਾਨੇ ਵਿਚ ਸਭ ਤੋਂ ਵੱਧ ਹਿੱਸਾ ਪਾਉਣ ਵਾਲੇ ਸ਼ਰਾਬ ਦੇ ਕਾਰੋਬਾਰ ਨੂੰ ਇਸ ਸਾਲ ਛੋਟੇ ਠੇਕੇਦਾਰਾਂ ਨੂੰ ਦੇਣ ਦੀ ਥਾਂ ਕਿਸੇ ਇਕ ਸਿਆਸੀ ਧਿਰ ਨੂੰ ਸੌਂਪਣ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਆਬਕਾਰੀ ਵਿਭਾਗ ਦੇ ਸੂਤਰਾਂ ਮੁਤਾਬਕ ਇਸ ਵਾਰ ਪ੍ਰਚੂਨ ਦੇ ਠੇਕੇ ਦੇਣ ਲਈ ਲਾਟਰੀ ਸਿਸਟਮ ਦੀ ਥਾਂ ਆਨਲਾਈਨ ਅਰਜ਼ੀਆਂ ਮੰਗਵਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ।

ਇਸ ਵਿਚ ਅਜਿਹੀਆਂ ਸ਼ਰਤਾਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ ਸ਼ਰਾਬ ਦੇ ਕਾਰੋਬਾਰ ਵਿਚੋਂ ਛੋਟੇ ਠੇਕੇਦਾਰ ਆਪਣੇ ਆਪ ਹੀ ਬਾਹਰ ਚਲੇ ਜਾਣਗੇ। ਸਰਕਾਰ ਵੱਲੋਂ ਆਉਣ ਵਾਲੇ ਵਿੱਤੀ ਸਾਲ 2014-15 ਵਿਚ ਸ਼ਰਾਬ ਦੇ ਕਾਰੋਬਾਰ ਤੋਂ ਕਮਾਈ ਦਾ ਟੀਚਾ 4500 ਕਰੋੜ ਦਾ ਰੱਖਿਆ ਗਿਆ ਹੈ ਜਦਕਿ ਪਿਛਲੇ ਸਾਲ ਇਹ 3600 ਕਰੋੜ ਸੀ। ਸਾਲ 2011-12 ਦੌਰਾਨ ਸ਼ਰਾਬ ਤੋਂ 2900 ਕਰੋੜ ਦੀ ਕਮਾਈ ਕੀਤੀ ਗਈ ਸੀ। ਸ਼ਰਾਬ ਦੀ ਨਵੀਂ ਨੀਤੀ 31 ਮਾਰਚ ਤੋਂ ਪਹਿਲਾਂ ਮੁਕੰਮਲ ਹੋ ਜਾਵੇਗੀ ਤੇ ਇਸ ਨੂੰ ਪ੍ਰਵਾਨਗੀ ਲਈ ਪੰਜਾਬ ਦੇ ਮੁੱਖ ਮੰਤਰੀ ਕੋਲ ਭੇਜਿਆ ਜਾਵੇਗਾ। ਵੱਡੇ ਤੇ ਛੋਟੇ ਸ਼ਰਾਬ ਦੇ ਠੇਕੇਦਾਰਾਂ ਅੰਦਰ ਇਹ ਕਸ਼ਮਕਸ਼ ਚੱਲ ਰਹੀ ਦੱਸੀ ਜਾ ਰਹੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਸ਼ਰਾਬ ਦੇ ਕਾਰੋਬਾਰ ਦਾ ਵੱਡਾ ਹਿੱਸਾ ਉਨ੍ਹਾਂ ਦੇ ਕਾਬੂ ਵਿਚ ਆ ਜਾਵੇ। ਪੰਜਾਬ ਦੇ 12,278 ਪਿੰਡ ਹਨ ਜਿਨ੍ਹਾਂ ਵਿਚੋਂ ਸਵਾ ਸੌ ਪਿੰਡਾਂ ਦੀਆਂ ਪੰਚਾਇਤਾਂ ਨੇ ਆਬਕਾਰੀ ਵਿਭਾਗ ਨੂੰ ਇਹ ਲਿਖਤੀ ਤੌਰ 'ਤੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਦੇ ਪਿੰਡਾਂ ਵਿਚ ਠੇਕੇ ਨਾ ਖੋਲ੍ਹੇ ਜਾਣ। ਵਿਭਾਗ ਪੰਚਾਇਤਾਂ ਵੱਲੋਂ ਆਈਆਂ ਇਨ੍ਹਾਂ ਅਰਜ਼ੀਆਂ 'ਤੇ ਵਿਚਾਰ ਕਰ ਰਿਹਾ ਹੈ। ਚਾਲੂ ਵਿੱਤੀ ਸਾਲ ਵਿਚ ਸ਼ਰਾਬ ਦੇ ਬਹੁਤੇ ਕਾਰੋਬਾਰ 'ਤੇ ਮਾਝੇ ਦੇ ਇਕ ਸੱਤਾਧਾਰੀ ਆਗੂ ਦਾ ਕਬਜ਼ਾ ਹੈ। ਵਿਰੋਧੀ ਧਿਰ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਕਈ ਵਾਰ ਇਹ ਦੋਸ਼ ਲਾ ਚੁੱਕੇ ਹਨ ਕਿ ਸ਼ਰਾਬ ਮਾਫੀਆ ਨੂੰ ਸਰਕਾਰੀ ਸਰਪ੍ਰਸਤੀ ਹੋਣ ਕਾਰਨ ਉਹ ਨਸ਼ਿਆਂ ਨੂੰ ਉਤਸ਼ਾਹਤ ਕਰ ਰਿਹਾ ਹੈ।


## ਗਿਆਰਾਂ ਪਾਰਟੀਆਂ ਤੀਜਾ ਬਦਲ ਦੇਣ ਲਈ ਤਿਆਰ

**ਨਵੀਂ ਦਿੱਲੀ:** ਗਿਆਰਾਂ ਗੈਰ-ਕਾਂਗਰਸੀ ਤੇ ਗੈਰ-ਭਾਜਪਾ ਪਾਰਟੀਆਂ ਨੇ ਆਗਾਮੀ ਲੋਕ ਸਭਾ ਚੋਣਾਂ ਨੂੰ ਦੇਖਦਿਆਂ ਲੋਕਾਂ ਨੂੰ ਤੀਜਾ ਬਦਲ ਦੇਣ ਲਈ ਸੰਸਦ ਵਿਚ ਹੱਥ ਮਿਲਾ ਲਏ ਹਨ। ਉਨ੍ਹਾਂ ਦਾ ਏਜੰਡਾ ਲੋਕਾਂ ਦੇ ਹੱਕਾਂ ਲਈ ਹਿੰਸਾ ਵਿਰੋਧੀ ਕੰਮ ਕਰਨ ਦਾ ਹੈ। ਇਸ ਗੱਲ ਦਾ ਚਾਰ ਖੱਬੀਆਂ ਪਾਰਟੀਆਂ, ਸਮਾਜਵਾਦੀ ਪਾਰਟੀ, ਜੇ.ਡੀ.ਯੂ., ਏ.ਆਈ.ਏ.ਡੀ.ਐਮ.ਕੇ., ਏ.ਜੀ.ਪੀ., ਝਾਰਖੰਡ ਵਿਕਾਸ ਮੋਰਚਾ, ਜੇ.ਡੀ. (ਐਸ) ਤੇ ਬੀ.ਜੇ.ਡੀ. ਦੇ ਲੀਡਰਾਂ ਨੇ ਕੀਤਾ।

ਸੀ.ਪੀ.ਆਈ. (ਐਮ) ਦੇ ਆਗੂ ਸੀਤਾਰਾਮ ਯੇਚੁਰੀ ਤੇ ਜੇ.ਡੀ. (ਯੂ) ਦੇ ਪ੍ਰਧਾਨ ਸ਼ਰਦ ਯਾਦਵ ਨੇ ਕਿਹਾ ਕਿ ਅਕਤੂਬਰ ਮਹੀਨੇ ਵਿਚ ਹਿੰਸਾ ਵਿਰੋਧੀ ਕਨਵੈਨਸ਼ਨ ਵਿਚ ਇਕੱਠੇ ਹੋਣ ਮਗਰੋਂ ਹੁਣ ਪਾਰਟੀਆਂ ਨੇ ਇਹ ਪਹਿਲਾ ਕਦਮ ਚੁੱਕਿਆ ਹੈ। ਸਰਕਾਰ ਦੇ ਛੇ ਭ੍ਰਿਸ਼ਟਾਚਾਰ ਵਿਰੋਧੀ ਬਿੱਲਾਂ ਬਾਰੇ ਉਨ੍ਹਾਂ ਕਿਹਾ ਕਿ ਇਹ ਗਿਆਰਾਂ ਪਾਰਟੀਆਂ ਕਿਸੇ ਬਿੱਲ ਨੂੰ ਪਾਸ ਨਹੀਂ ਹੋਣ ਦੇਣਗੀਆਂ ਕਿਉਂਕਿ ਸੱਤਾਧਾਰੀ ਪਾਰਟੀ ਆਪਣਾ ਵੋਟ ਬੈਂਕ ਪੱਕਾ ਕਰਨ ਲਈ ਅਜਿਹੇ ਹਥਕੰਡੇ ਅਪਣਾ ਰਹੀ ਹੈ। ਸਰਦ ਰੁੱਤ ਸੈਸ਼ਨ ਮਗਰੋਂ ਇਸ ਗੱਠਜੋੜ ਦੇ ਭਵਿੱਖ ਦੇ ਪ੍ਰੋਗਰਾਮਾਂ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਭਵਿੱਖ ਦੇ ਪ੍ਰੋਗਰਾਮਾਂ ਵਾਲੇ ਛੇਤੀ ਐਲਾਨ ਕਰ ਦਿੱਤਾ ਜਾਵੇਗਾ। ਜੇ.ਡੀ.ਯੂ. ਮੁਖੀ ਨੇ ਕਿਹਾ ਕਿ ਉਨ੍ਹਾਂ ਦਾ ਸਾਂਝਾ ਪ੍ਰੋਗਰਾਮ ਜਲਦ ਪੇਸ਼ ਕੀਤਾ ਜਾਵੇਗਾ ਜੋ ਕਿ ਉਨ੍ਹਾਂ ਦਾ ਦੂਜਾ ਕਦਮ ਹੋਵੇਗਾ।

# ਪੰਜਾਬ 'ਚ 7 ਸਾਲਾਂ ਦੌਰਾਨ 18,770 ਉਦਯੋਗ ਹੋਏ ਬੰਦ

**ਚੰਡੀਗੜ੍ਹ:** ਪੰਜਾਬ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਪਿਛਲੇ ਸੱਤ ਸਾਲਾਂ ਦੌਰਾਨ ਸੂਬੇ ਵਿਚਲੀਆਂ 18,770 ਉਦਯੋਗਿਕ ਇਕਾਈਆਂ ਬੰਦ ਹੋ ਚੁੱਕੀਆਂ ਹਨ ਤੇ ਪੰਜਾਬ ਸਰਕਾਰ ਦੇ ਦਾਅਵਿਆਂ ਦੇ ਉਲਟ ਕੋਈ ਨਵਾਂ ਉਦਯੋਗ ਸਥਾਪਤ ਨਹੀਂ ਹੋਇਆ। ਇਹ ਦਾਅਵਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ



ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕੀਤਾ ਹੈ।

ਸ. ਬਾਜਵਾ ਨੇ ਆਰ.ਟੀ.ਆਈ ਐਕਟ ਤਹਿਤ ਹਾਸਲ ਜਾਣਕਾਰੀ ਦੇ ਆਧਾਰ 'ਤੇ ਦੋਸ਼ ਲਾਇਆ ਹੈ ਕਿ ਮੁਹਾਲੀ ਵਿਚ ਹੋਇਆ ਪ੍ਰੋਗਰੈਸਿਵ ਪੰਜਾਬ ਇਨਵੈਸਟਮੈਂਟ ਸਮਾਗਮ ਮਹਿਜ਼ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪਬਲੀਸਿਟੀ ਹਾਸਲ ਕਰਨ ਲਈ ਲੋਕਾਂ ਨਾਲ ਇਕ ਧੋਖਾ ਸੀ। ਉਦਯੋਗ ਵਿਭਾਗ ਇਸ ਮੌਕੇ ਸ਼ਾਮਲ ਉਦਯੋਗਿਕ ਘਰਾਣਿਆਂ ਤੇ ਪੰਜਾਬ ਸਰਕਾਰ ਵਿਚਾਲੇ ਹੋਏ ਸਮਝੌਤਿਆਂ ਬਾਰੇ ਕੋਈ ਜਾਣਕਾਰੀ ਦੇਣ ਵਿਚ ਅਸਫਲ ਰਿਹਾ ਹੈ।

ਇਸ ਦਾ ਸਾਰਾ ਖਰਚਾ ਸੂਬੇ ਦੇ ਖਜ਼ਾਨੇ 'ਤੇ ਪਿਆ ਸੀ ਤੇ ਇਸ ਦੌਰਾਨ ਨਿਵੇਸ਼ ਬਾਰੇ ਕਈ ਦਾਅਵੇ ਕੀਤੇ ਗਏ ਸਨ। ਪ੍ਰਦੇਸ਼ ਕਾਂਗਰਸ ਦੇ ਆਰ.ਟੀ.ਆਈ ਵਿੰਗ ਦੇ ਇੰਚਾਰਜ ਡਾ. ਜਸਦੀਪਕ ਸਿੰਘ ਨੇ ਇਹ ਜਾਣਕਾਰੀ ਮੰਗੀ ਸੀ ਪਰ ਵਿਭਾਗ 35 ਦਿਨਾਂ ਦੇ ਤੈਅ ਸਮੇਂ ਦੌਰਾਨ ਸਮਝੌਤਿਆਂ ਬਾਰੇ ਕੋਈ ਵੀ ਜਾਣਕਾਰੀ ਨਹੀਂ ਦੇ ਸਕਿਆ। ਉਦਯੋਗ ਵਿਭਾਗ ਮੁਤਾਬਕ ਸਾਲ 2007 ਤੋਂ ਅੰਮ੍ਰਿਤਸਰ ਜ਼ਿਲ੍ਹੇ ਵਿਚ 8053 ਛੋਟੇ, ਦਰਮਿਆਨੇ ਤੇ ਵੱਡੇ ਉਦਯੋਗ ਬੰਦ ਹੋ ਚੁੱਕੇ ਹਨ ਤੇ ਸਿਰਫ 4 ਨਵੀਆਂ ਮੱਧਮ ਤੇ ਵੱਡੀਆਂ ਇਕਾਈਆਂ ਹੀ ਆਈਆਂ ਹਨ।

ਗੁਰਦਾਸਪੁਰ ਜ਼ਿਲ੍ਹੇ ਦੇ ਪਠਾਨਕੋਟ ਤੇ ਬਟਾਲਾ ਵਿਚ 1864 ਉਦਯੋਗਿਕ ਯੂਨਿਟ ਬੰਦ ਹੋ ਚੁੱਕੇ ਹਨ ਤੇ ਸਿਰਫ ਸੱਤ ਮੱਧਮ ਤੇ ਵੱਡੇ ਉਦਯੋਗ ਹੀ ਲੱਗ ਸਕੇ ਹਨ। ਇਸੇ ਤਰ੍ਹਾਂ ਜਲੰਧਰ ਜ਼ਿਲ੍ਹੇ ਵਿਚ 1850 ਉਦਯੋਗਿਕ ਯੂਨਿਟ 2007 ਤੋਂ 2013 ਤੱਕ ਬੰਦ ਹੋ ਚੁੱਕੇ ਹਨ ਅਤੇ 18 ਨਵੇਂ ਉਦਯੋਗ ਹੀ ਲੱਗ ਸਕੇ ਹਨ। ਹੁਸ਼ਿਆਰਪੁਰ ਵਿਚ 1240 ਯੂਨਿਟ ਬੰਦ ਹੋ ਚੁੱਕੇ ਹਨ ਤੇ ਸਿਰਫ ਤਿੰਨ ਨਵੇਂ ਪ੍ਰੋਜੈਕਟ ਹੀ ਆਏ ਹਨ। ਕਪੂਰਥਲਾ ਵਿਚ 1035 ਉਦਯੋਗਿਕ ਯੂਨਿਟ ਬੰਦ ਹੋ ਚੁੱਕੇ ਹਨ ਤੇ ਸਿਰਫ ਇਕ ਨਵਾਂ ਯੂਨਿਟ ਲੱਗਿਆ ਹੈ।

ਲੁਧਿਆਣਾ ਜਿਸ ਨੂੰ ਇੰਡੀਆ ਦਾ ਮਾਨਚੈਸਟਰ ਕਿਹਾ ਜਾਂਦਾ ਹੈ, ਵਿਚ 2819 ਯੂਨਿਟ ਬੰਦ ਹੋ ਚੁੱਕੇ ਹਨ ਤੇ ਸਿਰਫ 11 ਨਵੇਂ ਯੂਨਿਟ ਹੀ ਲੱਗੇ ਹਨ। ਮੁਹਾਲੀ ਵਿਚ 348 ਉਦਯੋਗ ਬੰਦ ਹੋਏ ਹਨ ਤੇ 18 ਨਵੇਂ ਪ੍ਰਾਜੈਕਟ ਲੱਗੇ ਹਨ। ਮੰਡੀ ਗੋਬਿੰਦਗੜ੍ਹ ਵਿਚ 111 ਉਦਯੋਗਿਕ ਯੂਨਿਟ ਬੰਦ ਹੋ ਚੁੱਕੇ ਹਨ ਤੇ ਸਿਰਫ ਪੰਜ ਨਵੇਂ ਯੂਨਿਟ ਲੱਗੇ ਹਨ। ਫਰੀਦਕੋਟ ਵਿਚ 332 ਉਦਯੋਗਿਕ ਯੂਨਿਟ ਬੰਦ ਹੋ ਚੁੱਕੇ ਹਨ ਤੇ ਕੋਈ ਨਵਾਂ ਯੂਨਿਟ ਨਹੀਂ ਲੱਗਿਆ। ਨਵਾਂ ਸ਼ਹਿਰ ਵਿਚ 288 ਯੂਨਿਟ ਬੰਦ ਹੋ ਚੁੱਕੇ ਹਨ ਤੇ ਸਿਰਫ ਇਕ ਪਲਾਂਟ ਲੱਗਿਆ ਹੈ। ਤਰਨ ਤਾਰਨ, ਮੋਗਾ, ਰੋਪੜ ਤੇ ਮਾਨਸਾ ਜ਼ਿਲ੍ਹਿਆਂ ਵਿਚ ਲੰਘੇ ਸਾਲਾਂ ਦੌਰਾਨ ਕੋਈ ਉਦਯੋਗ ਨਹੀਂ ਲੱਗਿਆ। ਬਠਿੰਡੇ ਵਿਚ ਪੰਜ ਯੂਨਿਟ ਬੰਦ ਹੋਏ ਹਨ ਤੇ ਸੱਤ ਨਵੇਂ ਲੱਗੇ ਹਨ। ਮੁੱਖ ਮੰਤਰੀ ਦੇ ਹਲਕੇ ਮੁਕਤਸਰ ਵਿਚ 768 ਉਦਯੋਗ ਬੰਦ ਹੋਏ ਹਨ ਤੇ ਸਿਰਫ ਇਕ ਨਵਾਂ ਲੱਗਿਆ ਹੈ।

## ਜਗਜੀਤ ਨੂੰ ਮਿਲੇ ਭਾਰਤ ਰਤਨ: ਚਿਤਰਾ

**ਅੰਮ੍ਰਿਤਸਰ:** ਮਰਹੂਮ ਗ਼ਜ਼ਲ ਗਾਇਕ ਜਗਜੀਤ ਸਿੰਘ ਦੀ ਪਤਨੀ ਚਿਤਰਾ ਸਿੰਘ ਨੇ ਉਨ੍ਹਾਂ ਦੇ ਪਤੀ ਦੀ ਯਾਦ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਡਾਕ ਟਿਕਟ ਜਾਰੀ ਕੀਤੇ ਜਾਣ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਸ ਨੂੰ ਖੁਸ਼ੀ ਹੈ ਕਿ ਦੇਸ਼ ਨੇ ਵਿਛੜੇ ਗਾਇਕ ਨੂੰ ਯਾਦ ਕੀਤਾ ਹੈ, ਪਰ ਉਸ ਦੀ ਯਾਦ ਵਿਚ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ। ਚਿਤਰਾ ਸਿੰਘ ਨੇ ਆਖਿਆ ਕਿ ਉਸ ਨੂੰ ਭਾਰਤ ਰਤਨ ਐਵਾਰਡ ਨਾਲ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ।

# ਸੰਯੁਕਤ ਰਾਸ਼ਟਰ ਕਸ਼ਮੀਰ ਮੁੱਦੇ 'ਤੇ ਵਿਚੋਲਗੀ ਲਈ ਤਿਆਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਨੇ ਆਖਿਆ ਹੈ ਕਿ ਉਹ ਕਸ਼ਮੀਰ ਮੁੱਦੇ ਦੇ ਹੱਲ ਲਈ ਭਾਰਤ ਤੇ ਪਾਕਿਸਤਾਨ ਵਿਚਾਲੇ ਵਿਚੋਲਗੀ ਲਈ ਤਿਆਰ ਹੈ ਪਰ ਇਸ ਲਈ ਦੋਵਾਂ ਦੇਸ਼ਾਂ ਨੂੰ ਸਹਾਇਤਾ ਲਈ ਬੇਨਤੀ ਕਰਨੀ ਪਵੇਗੀ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ-ਮੂਨ ਦੇ ਡਿਪਟੀ ਬੁਲਾਰੇ ਫਰਹਾਨ ਹੱਕ ਨੇ ਕਿਹਾ ਕਿ ਜਿਵੇਂ ਵਿਸ਼ਵ ਭਰ ਵਿਚ ਦੂਸਰੇ ਝਗੜਿਆਂ ਦੇ ਹੱਲ ਲਈ ਸੰਯੁਕਤ ਰਾਸ਼ਟਰ ਆਪਣੀ ਭੂਮਿਕਾ ਨਿਭਾਉਂਦਾ ਹੈ, ਉਸੇ ਤਰ੍ਹਾਂ ਇਹ ਕਸ਼ਮੀਰ ਮੁੱਦੇ 'ਤੇ ਵੀ ਵਿਚੋਲਗੀ ਕਰਨ ਲਈ ਤਿਆਰ ਹੈ।



ਉਨ੍ਹਾਂ ਕਿਹਾ ਕਿ ਇਸ ਲਈ ਦੋਵੇਂ ਦੇਸ਼ ਭਾਰਤ ਤੇ ਪਾਕਿਸਤਾਨ ਇਸ ਲਈ ਬੇਨਤੀ ਕਰਨ। ਸ੍ਰੀ ਹੱਕ ਇਸ ਸਵਾਲ ਦਾ ਜਵਾਬ ਦੇ ਰਹੇ ਸਨ ਕਿ ਕੀ ਸੰਯੁਕਤ ਰਾਸ਼ਟਰ ਦਾ ਮੁਖੀ ਭਾਰਤ ਤੇ ਪਾਕਿਸਤਾਨ ਨੂੰ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਕਸ਼ਮੀਰ ਮੁੱਦੇ ਦੇ ਹੱਲ ਲਈ ਇਕੱਠੇ ਬੈਠਣ ਲਈ ਕਹੇਗਾ। ਭਾਰਤ ਲਗਾਤਾਰ ਪਾਕਿਸਤਾਨ ਨਾਲ ਕਸ਼ਮੀਰ ਸਮੇਤ ਸਾਰੇ ਮੁੱਦਿਆਂ ਦੇ ਹੱਲ ਲਈ ਸੰਯੁਕਤ ਰਾਸ਼ਟਰ ਦੇ ਦਖਲ ਦੀ ਸੰਭਾਵਨਾ ਨੂੰ ਹੁਣ ਤੱਕ ਰੱਦ ਕਰਦਾ ਰਿਹਾ ਹੈ। ਦੂਜੇ ਪਾਸੇ ਪਾਕਿਸਤਾਨ ਕਸ਼ਮੀਰ ਮਾਮਲੇ ਵਿਚ ਸੰਯੁਕਤ ਰਾਸ਼ਟਰ ਦੇ ਦਖਲ ਦੀ ਮੰਗ ਕਰਦਾ ਹੈ ਤੇ ਉਸ ਨੇ ਵਿਵਾਦ ਦੇ ਹੱਲ ਲਈ ਸੰਯੁਕਤ ਰਾਸ਼ਟਰ ਦੇ ਮਤਿਆਂ ਨੂੰ ਮਹੱਤਵਪੂਰਨ ਢਾਂਚਾ ਆਖਿਆ ਹੈ।

ਉਧਰ, ਅਮਰੀਕਾ ਨੇ ਕਿਹਾ ਕਿ ਹੈ ਕਿ ਉਹ ਭਾਰਤ ਤੇ ਪਾਕਿਸਤਾਨ ਵਿਚਾਲੇ ਸੁਧਰ ਰਹੇ ਸਬੰਧਾਂ ਤੇ ਵਧ ਰਹੇ ਆਦਾਨ-ਪ੍ਰਦਾਨ ਦਾ ਪੂਰਾ ਸਮਰਥਨ ਕਰਦਾ ਹੈ ਪਰ ਉਹ ਦੋਵਾਂ ਮੁਲਕਾਂ ਦੇ ਆਪਸੀ ਮੁੱਦਿਆਂ ਵਿਚ ਨਹੀਂ ਪਵੇਗਾ। ਅਫ਼ਗਾਨਿਸਤਾਨ ਤੇ ਪਾਕਿਸਤਾਨ ਲਈ ਅਮਰੀਕਾ ਦੇ ਵਿਸ਼ੇਸ਼ ਉਪ ਨੁਮਾਇੰਦੇ ਡੈਨੀਅਨ ਐਫ. ਫੈਲਡਮੈਨ ਨੇ ਕਿਹਾ ਕਿ ਉਹ ਸੁਧਰੇ ਸਬੰਧਾਂ ਤੇ ਵਧੇ ਆਦਾਨ-ਪ੍ਰਦਾਨ ਦਾ ਪੂਰਾ ਸਮਰਥਨ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਅਜਿਹਾ ਮੁੱਦਾ ਨਹੀਂ ਹੈ ਜਿਸ ਵਿਚ ਅਸੀਂ ਦਖ਼ਲ ਦੇਣਾ ਚਾਹੁੰਦੇ ਹਾਂ ਪਰ ਅਸੀਂ ਪਿਛਲੇ ਦਿਨੀਂ ਵਣਜ ਮੰਤਰੀਆਂ ਵਿਚਾਲੇ ਹੋਈਆਂ ਮੁਲਾਕਾਤਾਂ, ਕੁਝ ਤਾਜ਼ਾ ਵਪਾਰ ਸਮਝੌਤਿਆਂ ਤੇ ਵਾਹਗਾ (ਸਰਹੱਦ) 'ਤੇ ਵਚਨਬੱਧਤਾ ਦਾ ਸਵਾਗਤ ਕਰਦੇ ਹਾਂ ਤੇ ਅਸੀਂ ਭਾਰਤ ਤੇ ਪਾਕਿਸਤਾਨ ਵਿਚਾਲੇ ਸੁਧਰੇ ਸਬੰਧ ਦੇਖਣਾ ਚਾਹੁੰਦੇ ਹਾਂ।

## ਚੀਨ ਕਰੇਗਾ ਜਪਾਨੀ ਤਸ਼ੱਦਦ ਦਾ ਖੁਲਾਸਾ

**ਪੇਈਚਿੰਗ:** ਚੀਨ ਨੇ ਦੂਜੀ ਵਿਸ਼ਵ ਜੰਗ ਦੌਰਾਨ ਜਪਾਨ ਵੱਲੋਂ ਢਾਹੇ ਗਏ ਤਸ਼ੱਦਦ ਦੇ ਤੱਥਾਂ ਨੂੰ ਉਜਾਗਰ ਕਰਨ ਦਾ ਅਹਿਦ ਲਿਆ ਹੈ। ਚੀਨੀ ਖੋਜਕਾਰਾਂ ਦਾ ਕਹਿਣਾ ਹੈ ਕਿ ਉਹ ਅਮਰੀਕੀ ਪੁਰਾਤਨ ਦਸਤਾਵੇਜ਼ਾਂ ਦਾ ਤਰਜਮਾ ਕਰ ਰਹੇ ਹਨ। ਰਿਪੋਰਟ ਮੁਤਾਬਕ ਯੂਨਿਟ 731 ਖ਼ੁਫ਼ੀਆ ਰਸਾਇਣ ਤੇ ਜੀਵਾਣੂ ਜੰਗੀ ਖੋਜ ਕੇਂਦਰ ਸੀ ਜੋ 1935 ਵਿਚ ਹਾਰਬਿਨ ਵਿਖੇ ਬਣਾਇਆ ਗਿਆ ਸੀ।

ਦੂਜੀ ਵਿਸ਼ਵ ਜੰਗ ਦੌਰਾਨ ਜਪਾਨ ਨੇ ਦੱਖਣੀ ਪੂਰਬੀ ਏਸ਼ੀਆ ਤੇ ਚੀਨ ਵਿਚ ਇਹ ਕੇਂਦਰ ਆਪਣੇ ਦਬਦਬੇ ਲਈ ਸਥਾਪਤ ਕੀਤਾ ਸੀ। ਕੌਮਾਂਤਰੀ ਖੋਜ ਕੇਂਦਰ ਦੇ ਮੁਖੀ ਯਾਂਗ ਯਾਨਜੁਨ ਨੇ ਕਿਹਾ ਕਿ ਉਹ ਜਪਾਨ ਦੀਆਂ ਨਾਪਾਕ ਕਾਰਵਾਈਆਂ ਦਾ ਖੁਲਾਸਾ ਕਰਕੇ ਰਹਿਣਗੇ। ਰਿਪੋਰਟਾਂ ਮੁਤਾਬਕ ਯੂਨਿਟ 731 ਵਿਚ 10 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ। ਚੀਨ, ਸਾਬਕਾ ਸੋਵੀਅਤ ਯੂਨੀਅਨ, ਕੋਰੀਅਨ, ਮੰਗੋਲੀਆ ਖੇਤਰ ਦੇ ਆਮ ਨਾਗਰਿਕਾਂ ਤੇ ਜੰਗੀ ਕੈਦੀਆਂ ਨੂੰ ਜਪਾਨੀ ਵਿਗਿਆਨੀਆਂ ਨੇ ਖ਼ਤਮ ਕਰ ਦਿੱਤਾ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਦ ਸੋਵੀਅਤ ਯੂਨੀਅਨ ਫ਼ੌਜ ਦਾ 1945 ਵਿਚ ਹਾਰਬਿਨ ਬੇਸ 'ਤੇ ਕਬਜ਼ਾ ਹੋਣ ਜਾ ਰਿਹਾ ਸੀ ਤਾਂ ਜਪਾਨ ਨੇ ਭੱਜਣ ਸਮੇਂ ਇਸ ਕੇਂਦਰ ਨੂੰ ਉਡਾ ਦਿੱਤਾ ਸੀ। ਇਹ ਵੀ ਸਬੂਤ ਮਿਲਦੇ ਹਨ ਕਿ 168 ਚੀਨੀ ਵਰਕਰਾਂ ਨੂੰ ਗੁਲਾਮ ਬਣਾ ਕੇ ਰੱਖਿਆ ਗਿਆ ਸੀ ਤੇ ਉਨ੍ਹਾਂ ਤੋਂ ਸਖ਼ਤ ਕੰਮ ਕਰਵਾਇਆ ਜਾਂਦਾ ਸੀ।

## ਅਮਰੀਕੀ ਚੈਂਬਰ ਆਫ ਕਾਮਰਸ ਵੱਲੋਂ ਭਾਰਤ ਦੀ ਸਿਫਾਰਸ਼

**ਵਾਸ਼ਿੰਗਟਨ:** ਅਮਰੀਕੀ ਚੈਂਬਰ ਆਫ ਕਾਮਰਸ ਨੇ ਓਬਾਮਾ ਪ੍ਰਸ਼ਾਸਨ ਨੂੰ ਕਿਹਾ ਹੈ ਕਿ ਉਹ ਬੌਧਿਕ ਜਾਇਦਾਦ ਬਾਰੇ ਸੁਰੱਖਿਆ ਅਧਿਕਾਰਾਂ ਦੇ ਮਾਮਲੇ ਵਿਚ ਭਾਰਤ ਨੂੰ ਤਰਜੀਹੀ ਵਿਦੇਸ਼ੀ ਮੁਲਕ ਦੀ ਸੂਚੀ ਵਿਚ ਪਾ ਦੇਵੇ। ਅਮਰੀਕੀ ਚੈਂਬਰ ਦੇ ਆਲਮੀ ਬੌਧਿਕ ਜਾਇਦਾਦ ਕੇਂਦਰ ਦੇ ਕਾਰਜਕਾਰੀ ਉਪ ਪ੍ਰਧਾਨ ਮਾਰਕ ਈਲੀਅਟ ਦਾ ਕਹਿਣਾ ਹੈ ਕਿ ਭਾਰਤ ਦਾ ਦਰਜਾ ਘਟਾਉਣ ਨਾਲ ਦੋਹਾਂ ਮੁਲਕਾਂ ਵਿਚਕਾਰ ਗੱਲਬਾਤ ਹੋਵੇਗੀ ਤੇ ਭਾਰਤ ਤੋਂ ਲੋੜੀਂਦੀ ਜਾਣਕਾਰੀ ਹਾਸਲ ਹੋ ਸਕੇਗੀ।

ਅਮਰੀਕੀ ਵਪਾਰਕ ਨੁਮਾਇੰਦਿਆਂ ਨੂੰ ਭੇਜੀ ਸਿਫਾਰਸ਼ ਵਿਚ ਕਿਹਾ ਗਿਆ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ਭਾਰਤ ਵਿਚ ਬੌਧਿਕ ਜਾਇਦਾਦ ਬਾਰੇ ਜਾਣਕਾਰੀ ਵਿਚ ਭਾਰੀ ਗਿਰਾਵਟ ਆਈ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 25 ਮੁਲਕਾਂ ਵਿਚ ਭਾਰਤ ਦੀ ਹਾਲਤ ਸਭ ਤੋਂ ਖਰਾਬ ਹੈ।

ਪੜਤਾਲ ਦੌਰਾਨ ਲਾਜ਼ਮੀ ਲਾਇਸੈਂਸਾਂ ਦੀ ਵਰਤੋਂ, ਪੇਟੈਂਟਾਂ ਦੀ ਮਨਸੂਖੀ, ਕਮਜ਼ੋਰ ਕਾਨੂੰਨਾਂ ਤੇ ਉਸ ਨੂੰ ਲਾਗੂ ਕਰਨ ਵਾਲੇ ਢਾਂਚੇ ਵਿਚ ਦਮ ਨਾ ਹੋਣ 'ਤੇ ਚਿੰਤਾ ਪ੍ਰਗਟ ਕੀਤੀ ਗਈ ਹੈ।

ਇਸ ਨਾਲ ਭਾਰਤ ਦੀ ਨਿਵੇਕਲੇਪਣ ਨੂੰ ਉਤਸ਼ਾਹਤ ਤੇ ਕਾਢਾਂ ਕੱਢਣ ਵਾਲਿਆਂ ਦੀ ਰਾਖੀ ਕਰਨ ਦੀ ਵਚਨਬੱਧਤਾ ਵਿਚ ਕਮੀ ਦਿਖਾਈ ਦਿੰਦੀ ਹੈ।ਰਿਪੋਰਟ ਵਿਚ ਇਹ ਖਦਸ਼ਾ ਵੀ ਜ਼ਾਹਰ ਕੀਤਾ ਗਿਆ ਹੈ ਕਿ ਭਾਰਤ ਦੀਆਂ ਨੀਤੀਆਂ ਦਾ ਹੋਰ ਮੁਲਕ ਵੀ ਪਾਲਨ ਕਰ ਸਕਦੇ ਹਨ। ਰਿਪੋਰਟ ਮੁਤਾਬਕ ਭਾਰਤ ਦੀਆਂ ਨੀਤੀਆਂ ਉਸ ਦੇ ਅਰਥਚਾਰੇ ਨੂੰ ਢਾਹ ਲਾ ਸਕਦੀਆਂ ਹਨ।

## ਬੜਾ ਲਾਪ੍ਰਵਾਹ ਵਿਦਿਆਰਥੀ ਸੀ ਓਬਾਮਾ

**ਵਾਸ਼ਿੰਗਟਨ:** ਸਕੂਲੀ ਦਿਨਾਂ ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਲਾਪ੍ਰਵਾਹ ਵਿਦਿਆਰਥੀ ਸੀ। ਓਬਾਮਾ ਨੇ ਟੇਨੇਸੀ ਵਿਚ ਸਿੱਖਿਆ ਨੀਤੀ 'ਤੇ ਇਕ ਭਾਸ਼ਣ ਵਿਚ ਕਿਹਾ ਕਿ ਜਦੋਂ ਉਹ ਵਿਦੇਸ਼ ਵਿਚ ਆਪਣੀ ਮਾਂ ਨਾਲ ਰਹਿੰਦੇ ਸਨ ਤਾਂ ਉਸ ਦੀ ਮਾਂ ਉਨ੍ਹਾਂ ਨੂੰ ਸਵੇਰੇ 4:30 ਵਜੇ ਹੀ ਪੜ੍ਹਨ ਲਈ ਉਠਾ ਦਿੰਦੀ ਸੀ ਤਾਂ ਕਿ ਉਹ ਪੜ੍ਹਾਈ ਵਿਚ ਅਮਰੀਕੀ ਬੱਚਿਆਂ ਤੋਂ ਪਿੱਛੇ ਨਾ ਰਹਿ ਜਾਣ। ਓਬਾਮਾ ਨੇ ਕਿਹਾ ਕਿ ਮੈਂ ਆਨਾਕਾਨੀ ਕਰਦਾ ਸੀ ਤਾਂ ਉਹ ਕਹਿੰਦੀ ਸੀ ਕਿ ਅਸੀਂ ਇਥੇ ਪਿਕਨਿਕ ਮਨਾਉਣ ਨਹੀਂ ਆਏ। ਉਹ ਸਮਝਦੀ ਸੀ ਕਿ ਜੇਕਰ ਉਨ੍ਹਾਂ ਦੇ ਬੱਚੇ ਚੰਗੀ ਸਿੱਖਿਆ ਪ੍ਰਾਪਤ ਕਰ ਲੈਣਗੇ ਤਾਂ ਧਨਵਾਨ ਨਾ ਹੋਣ ਦੇ ਬਾਵਜੂਦ ਦੁਨੀਆ ਵਿਚ ਉਨ੍ਹਾਂ ਲਈ ਕਈ ਵਿਕਲਪ ਖੁੱਲ੍ਹ ਜਾਣਗੇ। ਉਨ੍ਹਾਂ ਨੇ ਕਿਹਾ ਕਿ ਉਹ ਵੀ ਬਚਪਨ ਵਿਚ ਦੂਸਰੇ ਬੱਚਿਆਂ ਦੀ ਤਰ੍ਹਾਂ ਹੀ ਸਨ ਅਤੇ ਸਿੱਖਿਆ ਪ੍ਰਤੀ ਉਹ ਉਨ੍ਹਾਂ ਨਾਲੋਂ ਕਿਤੇ ਜ਼ਿਆਦਾ ਗੈਰ-ਜ਼ਿਮੇਵਾਰ ਸਨ। ਉਨ੍ਹਾਂ ਦੀ ਮਾਂ ਇਕੱਲੀ ਸੀ ਤੇ ਪੈਸੇ ਦੀ ਵੀ ਕਮੀ ਸੀ। ਉਹ ਉਨ੍ਹਾਂ ਲੋਕਾਂ ਦੇ ਵੀ ਸ਼ੁਕਰਗੁਜ਼ਾਰ ਹਨ ਜਿਨ੍ਹਾਂ ਨੇ ਗਲਤੀ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਦੂਸਰਾ ਮੌਕਾ ਦਿੱਤਾ।

# ਅਦਾਲਤਾਂ ਵਿਚ ਜਬਰ ਜਨਾਹ ਦੇ 24 ਹਜ਼ਾਰ ਕੇਸ!

**ਨਵੀਂ ਦਿੱਲੀ:** ਦੇਸ਼ ਦੀਆਂ ਵੱਖ-ਵੱਖ ਅਦਾਲਤਾਂ ਵਿਚ ਜਬਰ-ਜਨਾਹ ਦੇ ਤਕਰੀਬਨ 24 ਹਜ਼ਾਰ ਕੇਸ ਲੰਬਿਤ ਪਏ ਹਨ। ਅਦਾਲਤਾਂ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਅੱਠ ਹਜ਼ਾਰ ਤੋਂ ਵੱਧ ਮਾਮਲਿਆਂ ਦਾ ਨਿਪਟਾਰਾ ਕੀਤਾ ਹੈ। ਕੇਂਦਰੀ ਕਾਨੂੰਨੀ ਮੰਤਰੀ ਕਪਿਲ ਸਿੱਬਲ ਨੇ ਰਾਜ ਸਭਾ ਵਿਚ ਲਿਖਤੀ ਜੁਆਬ ਵਿਚ ਦੱਸਿਆ ਕਿ 30 ਸਤੰਬਰ, 2012 ਤੱਕ 21 ਹਾਈ ਕੋਰਟਾਂ ਅੰਦਰ ਜਬਰ-ਜਿਨਾਹ ਦੇ 23 ਹਜ਼ਾਰ 792 ਕੇਸ ਲੰਬਿਤ ਪਏ ਹਨ।

ਅਕਤੂਬਰ 2009 ਤੇ ਸਤੰਬਰ 2012 ਵਿਚਕਾਰ ਹਾਈ ਕੋਰਟਾਂ ਨੇ 8772 ਮਾਮਲਿਆਂ ਦਾ ਨਿਪਟਾਰਾ ਕੀਤਾ ਹੈ। ਸੁਪਰੀਮ ਕੋਰਟ ਵਿਚ 31 ਦਸੰਬਰ, 2013 ਤੱਕ ਜਿਨਸੀ ਸ਼ੋਸ਼ਣ ਤੇ ਅਗਵਾ ਕਰਨ ਦੇ 309 ਕੇਸ ਲੰਬਿਤ ਪਏ ਹਨ। ਜਦਕਿ 2011 ਤੋਂ 2013 ਦੌਰਾਨ ਸੁਪਰੀਮ ਕੋਰਟ ਨੇ ਅਜਿਹੇ 687 ਮਾਮਲਿਆਂ ਦਾ ਨਿਪਟਾਰਾ ਕੀਤਾ ਹੈ। ਇਲਾਹਾਬਾਦ ਹਾਈ ਕੋਰਟ ਵਿਚ ਸਭ ਤੋਂ ਵੱਧ



8215 ਕੇਸ ਲੰਬਿਤ ਹਨ ਅਤੇ ਅਦਾਲਤ ਨੇ 2009 ਤੋਂ 2012 ਦੇ ਤਿੰਨ ਸਾਲਾਂ ਦੌਰਾਨ ਸਿਰਫ 39 ਕੇਸਾਂ ਦਾ ਨਿਬੇੜਾ ਕੀਤਾ।

ਦਿੱਲੀ ਹਾਈ ਕੋਰਟ ਵਿਚ ਸਤੰਬਰ 2012 ਤੱਕ ਬਲਾਤਕਾਰ ਨਾਲ ਸਬੰਧਤ 924 ਕੇਸ ਲੰਬਿਤ ਸਨ ਜਦਕਿ ਅਦਾਲਤ ਨੇ 1135 ਕੇਸਾਂ ਦਾ ਨਿਬੇੜਾ ਕਰ ਦਿੱਤਾ ਸੀ। ਸਿੱਕਮ ਹਾਈ ਕੋਰਟ ਵਿਚ ਜਬਰ-ਜਨਾਹ ਦਾ ਕੋਈ ਮਾਮਲਾ ਲੰਬਿਤ ਨਹੀਂ ਹੈ। ਇਥੋਂ ਦੀ ਅਦਾਲਤ ਨੇ ਤਿੰਨ ਸਾਲਾਂ ਵਿਚ ਦੋ ਮਾਮਲਿਆਂ ਦਾ ਨਿਬੇੜਾ ਕੀਤਾ ਸੀ। ਦਿੱਲੀ ਗੈਂਗ ਰੇਪ ਮਾਮਲੇ ਤੋਂ ਬਾਅਦ ਕੇਂਦਰ ਨੇ ਹਾਈ ਕੋਰਟਾਂ ਦੇ ਚੀਫ਼ ਜਸਟਿਸਾਂ ਤੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਲੰਬਿਤ ਰੇਪ ਕੇਸਾਂ ਦੇ ਨਿਪਟਾਰੇ ਲਈ ਫਾਸਟ ਟਰੈਕ ਅਦਾਲਤਾਂ ਦੇ ਗਠਨ ਲਈ ਬੇਨਤੀ ਕੀਤੀ ਸੀ।

## ਅਸੀਮਾਨੰਦ ਦੀ ਧਮਾਕਿਆਂ ਬਾਰੇ ਇੰਟਰਵਿਊ ਨੇ ਛੇੜਿਆ ਵਿਵਾਦ

**ਨਵੀਂ ਦਿੱਲੀ:** ਸਮਝੌਤਾ ਐਕਸਪ੍ਰੈਸ ਤੇ ਹੋਰ ਬੰਬ ਧਮਾਕਿਆਂ ਦੇ ਮੁਲਜ਼ਮ ਸਵਾਮੀ ਅਸੀਮਾਨੰਦ ਵੱਲੋਂ ਕੀਤੇ ਗਏ ਦਾਅਵਿਆਂ ਕਿ ਆਰ.ਐਸ.ਐਸ. ਦੇ ਆਗੂਆਂ ਨੇ ਇਨ੍ਹਾਂ ਅਤਿਵਾਦੀ ਹਮਲਿਆਂ ਨੂੰ 'ਮਨਜ਼ੂਰ' ਕੀਤਾ ਸੀ, ਨੇ ਵਿਵਾਦ ਛੇੜ ਦਿੱਤਾ ਹੈ। ਭਾਵੇਂ ਕਿ ਸੰਘ ਪਰਿਵਾਰ ਨੇ ਇਸ ਇੰਟਰਵਿਊ ਦੀ ਹਕੀਕਤ 'ਤੇ ਉਂਗਲ ਚੁੱਕੀ ਹੈ। ਇਕ ਮੈਗਜ਼ੀਨ ਵੱਲੋਂ ਅਸੀਮਾਨੰਦ ਦੀ ਕੀਤੀ ਗਈ ਇੰਟਰਵਿਊ 'ਤੇ ਕਾਂਗਰਸ ਤੇ ਬਸਪਾ ਸਮੇਤ ਹੋਰ ਪਾਰਟੀਆਂ ਨੇ ਇਸ ਨੂੰ ਗੰਭੀਰ ਮੁੱਦਾ ਦੱਸਿਆ ਹੈ ਤੇ ਜਾਂਚ ਦੇ ਹੁਕਮ ਦੇਣ ਦੀ ਮੰਗ ਕਰਦਿਆਂ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ ਹੈ। ਦੂਜੇ ਪਾਸੇ ਭਾਜਪਾ ਅਤੇ ਸ਼ਿਵ ਸੈਨਾ ਨੇ ਅਸੀਮਾਨੰਦ ਵੱਲੋਂ ਆਰ.ਐਸ.ਐਸ 'ਤੇ ਲਾਏ ਗਏ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਆਰ.ਐਸ.ਐਸ ਦੇ ਤਰਜਮਾਨ ਰਾਮ ਮਾਧਵਨ ਨੇ ਅਸੀਮਾਨੰਦ ਦੀ ਮੈਗਜ਼ੀਨ 'ਕਾਰਵ' ਵਿਚ ਛਪੀ ਇੰਟਰਵਿਊ ਨੂੰ ਮਨਘੜਤ ਆਖਿਆ ਹੈ। ਆਰ.ਐਸ.ਐਸ ਦੇ ਐਮ.ਜੀ ਵੈਦਿਆ ਨੇ ਕਿਹਾ ਕਿ ਇਸ ਝੂਠੇ ਪ੍ਰਚਾਰ ਦਾ ਕਾਂਗਰਸ ਨੂੰ ਕੋਈ ਫਾਇਦਾ ਨਹੀਂ ਹੋਵੇਗਾ। ਚੋਣਾਂ ਕਾਰਨ ਅਜਿਹਾ ਕੀਤਾ ਜਾ ਰਿਹਾ ਹੈ।

## ਭਾਰਤੀ 'ਬਘਿਆੜ' ਦੀ ਖਾੜੀ ਦੇਸ਼ਾਂ ਵਿਚ ਬੱਲੇ-ਬੱਲੇ

**ਦੁਬਈ:** ਜੰਗਲੀ ਜਾਨਵਰਾਂ ਨੂੰ ਪਾਲਤੂ ਬਣਾਉਣ ਵਿਚ ਮਾਹਿਰ ਭਾਰਤੀ ਕ੍ਰਿਸਟੋ ਬਾਬੂ ਦੀ ਅੱਜ-ਕੱਲ੍ਹ ਖਾੜੀ ਦੇਸ਼ਾਂ ਵਿਚ ਮੰਗ ਵਧੀ ਹੋਈ ਹੈ। ਉਸ ਨੇ ਬੀਤੇ ਵਰ੍ਹੇ ਬਹਿਰੀਨ ਵਿਚ ਇਕ ਸ਼ਾਹੀ ਪਰਿਵਾਰ ਦੇ ਚੀਤੇ ਨੂੰ ਪਾਲਤੂ ਬਣਾਇਆ ਸੀ। ਅਫਰੀਕਾ ਦੇ ਇਸ ਚਾਰ ਸਾਲਾ ਚੀਤੇ ਨੂੰ ਬਾਬੂ ਤੋਂ ਪਹਿਲਾਂ ਸੱਤ ਟਰੇਨਰ ਪਾਲਤੂ ਬਣਾਉਣ ਵਿਚ ਅਸਫਲ ਰਹੇ ਸਨ। ਬਿਜ਼ਨਸ ਮੈਨੇਜਮੈਂਟ ਵਿਚ ਗਰੈਜੂਏਟ ਬਾਬੂ ਦਾ ਕਹਿਣਾ ਹੈ ਕਿ ਉਸ ਨੂੰ ਓਮਾਨ ਤੋਂ ਬਹੁਤ ਸਾਰੀਆਂ ਪੇਸ਼ਕਸ਼ਾਂ ਮਿਲ ਰਹੀਆਂ ਹਨ। ਉਨ੍ਹਾਂ ਕੋਲ ਪੰਜ ਚੀਤਿਆਂ ਤੇ ਚਾਰ ਤੇਂਦੂਏ ਨੂੰ ਸਿਖਲਾਈ ਦੇਣ ਦੀਆਂ ਪੇਸ਼ਕਸ਼ਾਂ ਪਹਿਲਾਂ ਹੀ ਆ ਚੁੱਕੀਆਂ ਹਨ।

ਜੰਗਲੀ ਜਾਨਵਰਾਂ ਨੂੰ ਕਾਬੂ ਕਰਨ ਦੀ ਸਮਰੱਥਾ ਕਾਰਨ 32 ਸਾਲਾ ਕੇਰਲਾ ਵਾਸੀ ਬਾਬੂ ਨੂੰ 'ਵੁਲਫ' (ਬਘਿਆੜ) ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਉਸ ਨੇ ਦੱਸਿਆ ਕਿ ਉਸ ਨੂੰ ਮਸਕਟ ਤੇ ਸਲਾਲਾਹ ਵਿਚ ਵੱਖ-ਵੱਖ ਥਾਵਾਂ ਤੋਂ ਨੌਂ ਪੇਸ਼ਕਸ਼ਾਂ ਆਈਆਂ ਹਨ। ਬਾਬੂ ਮੁਤਾਬਕ ਜੰਗਲੀ ਜਾਨਵਰਾਂ ਦੇ ਮਾਲਕ ਚਾਹੁੰਦੇ ਹਨ ਕਿ ਉਨ੍ਹਾਂ ਦੇ ਪਾਲਤੂ ਜਾਨਵਰ ਉਨ੍ਹਾਂ ਦੇ ਦੋਸਤਾਂ ਤੇ ਰਿਸ਼ਤੇਦਾਰਾਂ ਸਾਹਮਣੇ ਸਲੀਕੇ ਨਾਲ ਪੇਸ਼ ਆਉਣ। ਇਹ ਮਾਲਕ ਰੇਗਿਸਤਾਨ ਵਿਚ ਆਪਣੇ ਟੂਰਾਂ 'ਤੇ ਵੀ ਜਾਨਵਰਾਂ ਨੂੰ ਨਾਲ ਲਿਜਾਣਾ ਚਾਹੁੰਦੇ ਹਨ।

ਉਸ ਨੇ ਜਾਨਵਰਾਂ ਦੇ ਮਾਲਕਾਂ ਨੂੰ ਸਲਾਹ ਦਿੱਤੀ ਕਿ ਉਹ ਜਾਨਵਰਾਂ ਲਈ ਟਰੈਡਮਿੱਲ ਦੀ ਵਰਤੋਂ ਕਰਨ ਤਾਂ ਜੋ ਉਹ ਫਿੱਟ ਰਹਿਣ ਅਤੇ ਸੁਸਤ ਨਾ ਹੋਣ। ਬਾਬੂ ਇਸੇ ਖੇਤਰ ਵਿਚ ਮੁਹਾਰਤ ਹਾਸਲ ਕਰਕੇ ਮਸਕਟ ਵਿਚ ਛੇਤੀ ਹੀ ਵੱਖ-ਵੱਖ ਜੰਗਲੀ ਜਾਨਵਰਾਂ ਲਈ ਆਪਣਾ ਸਿਖਲਾਈ ਕੇਂਦਰ ਖੋਲ੍ਹਣ ਦੀ ਯੋਜਨਾ ਬਣਾ ਰਿਹਾ ਹੈ।

## ਅਲ-ਕਾਇਦਾ ਖਿਲਾਫ ਨੀਤੀ 'ਚ ਫੇਰਬਦਲ ਕਰੇਗਾ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਕਿਹਾ ਹੈ ਕਿ ਉਹ ਖਤਰਨਾਕ ਦਹਿਸ਼ਤਗਰਦਾਂ ਨੂੰ ਪਾਕਿਸਤਾਨ ਵਿਚ ਨਿਸ਼ਾਨਾ ਬਣਾਉਣ ਦੀ ਆਪਣੀ ਨੀਤੀ ਵਿਚ ਫੇਰਬਦਲ ਕਰੇਗਾ ਤੇ ਡਰੋਨ ਹਮਲੇ ਘੱਟ ਕਰ ਕੇ ਮੌਜੂਦਾ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਇਨ੍ਹਾਂ ਨੂੰ ਬੰਦ ਵੀ ਕੀਤਾ ਜਾ ਸਕਦਾ ਹੈ।

ਅਖ਼ਬਾਰਾਂ ਮੁਤਾਬਕ ਅਲਕਾਇਦਾ ਖ਼ਿਲਾਫ਼ ਕਾਰਵਾਈ ਤੇਜ਼ ਹੋਣ ਨਾਲ ਭਵਿੱਖ ਵਿਚ ਡਰੋਨ ਹਮਲੇ ਘੱਟ ਹੋ ਸਕਦੇ ਹਨ। ਉਧਰ ਵ੍ਹਾਈਟ ਹਾਊਸ ਨੇ ਡਰੋਨ ਹਮਲਿਆਂ ਦੀ ਨੀਤੀ ਵਿਚ ਬਦਲਾਅ ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਕੌਮੀ ਸੁਰੱਖਿਆ ਕੌਂਸਲ ਦੇ ਬੁਲਾਰੇ ਕੈਟਲਿਨ ਹੇਡਨ ਦਾ ਕਹਿਣਾ ਹੈ ਕਿ ਉਹ ਵਿਸ਼ੇਸ਼ ਮੁਹਿੰਮ ਬਾਰੇ ਤਾਂ ਕੁਝ ਨਹੀਂ ਆਖ ਸਕਦੇ ਪਰ ਰਾਸ਼ਟਰਪਤੀ ਨੇ ਕੌਮੀ ਸੁਰੱਖਿਆ ਯੂਨੀਵਰਸਿਟੀ ਦੇ ਭਾਸ਼ਣ ਵਿਚ ਸਪਸ਼ਟ ਕਿਹਾ ਸੀ ਕਿ ਇਸ ਸਾਲ ਦੇ ਅਖੀਰ ਵਿਚ ਅਫਗਾਨਿਸਤਾਨ ਤੋਂ ਫੌਜਾਂ ਦੀ ਵਾਪਸੀ ਤੋਂ ਬਾਅਦ ਖਿੱਤੇ ਵਿਚ ਅਲਕਾਇਦਾ ਖ਼ਿਲਾਫ਼ ਡਰੋਨ ਹਮਲਿਆਂ ਦੀ ਲੋੜ ਨਹੀਂ ਪਵੇਗੀ। ਦੋ ਸਾਲਾਂ 'ਚ ਇਹ ਪਹਿਲੀ ਵਾਰ ਹੈ ਕਿ ਜਨਵਰੀ 'ਚ ਪਾਕਿਸਤਾਨ ਅੰਦਰ ਕੋਈ ਡਰੋਨ ਹਮਲਾ ਨਹੀਂ ਹੋਇਆ।

# ਅਫਗਾਨਿਸਤਾਨ 'ਚ ਆਮ ਸ਼ਹਿਰੀਆਂ 'ਤੇ ਹਮਲੇ ਵਧੇ

**ਕਾਬੁਲ:** ਅਫ਼ਗਾਨਿਸਤਾਨ ਵਿਚੋਂ ਨਾਟੋ ਫ਼ੌਜਾਂ ਦੀ ਵਾਪਸੀ ਪ੍ਰਕਿਰਿਆ ਦੇ ਸ਼ੁਰੂ ਹੋਣ ਮਗਰੋਂ ਦੇਸ਼ ਵਿਚ ਹਿੰਸਕ ਘਟਨਾਵਾਂ ਵਿਚ ਆਮ ਸ਼ਹਿਰੀਆਂ ਦੇ ਮਰਨ ਤੇ ਜ਼ਖ਼ਮੀ ਹੋਣ ਦੀ ਗਿਣਤੀ 14 ਫੀਸਦੀ ਵਧ ਚੁੱਕੀ ਹੈ। ਇਹ ਮੌਤਾਂ ਸਾਲ 2011 ਦੇ ਪੱਧਰ ਤੱਕ ਪੁੱਜ ਚੁੱਕੀਆਂ ਹਨ। ਅਫ਼ਗਾਨਿਸਤਾਨ ਵਿਚ ਬੀਤੇ ਸਾਲ ਤਾਲਿਬਾਨ ਹਮਲਿਆਂ ਵਿਚ ਮਰਨ ਵਾਲੇ ਬੱਚਿਆਂ ਦੀ ਗਿਣਤੀ ਵਿਚ 34 ਫੀਸਦੀ ਤੱਕ ਵਾਧਾ ਹੋ ਗਿਆ ਹੈ। ਤਾਲਿਬਾਨ ਨੇ ਆਮ ਸ਼ਹਿਰੀਆਂ 'ਤੇ ਹਮਲੇ ਵਧਾ ਦਿੱਤੇ ਹਨ ਤੇ ਸੜਕਾਂ ਦੇ ਕੰਢੇ ਹਜ਼ਾਰਾਂ ਬੰਬ ਵਿਛਾ ਦਿੱਤੇ ਹਨ।

ਇਸ ਤੋਂ ਇਲਾਵਾ ਸੰਯੁਕਤ ਰਾਸ਼ਟਰ ਸਹਾਇਤਾ ਮਿਸ਼ਨ ਦੀ ਰਿਪੋਰਟ ਮੁਤਾਬਕ ਸਾਲ 2013 ਵਿਚ ਸਰਕਾਰੀ ਫ਼ੌਜਾਂ ਤੇ ਤਾਲਿਬਾਨ ਦੌਰਾਨ ਹੋਈਆਂ ਝੜਪਾਂ ਵਿਚ ਆਮ ਸ਼ਹਿਰੀਆਂ ਦੀਆਂ ਮੌਤਾਂ ਦੀ ਗਿਣਤੀ ਵੱਧ ਰਹੀ। ਇਸ ਸਾਲ ਦੇ ਅਖੀਰ ਤੱਕ ਨਾਟੋ ਦੀ ਅਗਵਾਈ ਹੇਠਲੀਆਂ ਫ਼ੌਜਾਂ ਦੀ ਪੂਰੀ ਤਰ੍ਹਾਂ ਵਾਪਸੀ ਹੋਵੇਗੀ। ਇਸ ਵੇਲੇ ਅਫ਼ਗਾਨਿਸਤਾਨ 'ਚ 58000 ਵਿਦੇਸ਼ੀ ਫ਼ੌਜੀ ਹਨ।

ਸਾਲ 2013 ਵਿਚ ਦੇਸ਼ ਅੰਦਰ ਅਤਿਵਾਦੀ ਹਮਲਿਆਂ ਵਿਚ ਮਾਰੇ ਗਏ 2959 ਵਿਅਕਤੀਆਂ ਵਿਚੋਂ 561 ਬੱਚੇ ਸਨ। ਕੁੱਲ ਜ਼ਖ਼ਮੀਆਂ ਦੀ ਗਿਣਤੀ 5656 ਰਹੀ। ਸਾਲ 2012 ਵਿਚ ਅਤਿਵਾਦੀ ਹਮਲਿਆਂ ਦੌਰਾਨ 2768 ਵਿਅਕਤੀ ਮਾਰੇ ਗਏ ਤੇ 4821 ਜ਼ਖ਼ਮੀ ਹੋਏ। ਸਾਲ 2011 ਵਿਚ ਮ੍ਰਿਤਕਾਂ ਦੀ ਗਿਣਤੀ 3133 ਸੀ, ਜਦਕਿ ਜ਼ਖ਼ਮੀ 4706 ਸਨ। ਬੀਤੇ ਸਾਲ ਅਤਿਵਾਦੀਆਂ ਨਾਲ ਕੁੱਲ 962 ਲੜਾਈਆਂ ਹੋਈਆਂ, ਜਿਨ੍ਹਾਂ ਨਾਲ ਹਫ਼ਤੇ ਵਿਚ 20 ਲੜਾਈਆਂ ਔਸਤ ਨਿਕਲਦੀ ਹੈ। ਸਾਲ 2013 ਦੌਰਾਨ ਅਤਿਵਾਦੀਆਂ ਦੇ ਹਮਲਿਆਂ ਤੇ ਉਨ੍ਹਾਂ ਨਾਲ ਫ਼ੌਜ ਦੀ ਲੜਾਈ ਦੌਰਾਨ ਔਰਤਾਂ ਤੇ ਬੱਚਿਆਂ ਦੀਆਂ ਵੱਧ ਜਾਨਾਂ ਗਈਆਂ। ਸਾਲ 2013 ਵਿਚ ਅਤਿਵਾਦੀ ਕਾਰਵਾਈਆਂ ਕਾਰਨ 561 ਬੱਚੇ ਮਰੇ ਤੇ 1195 ਫੱਟੜ ਹੋਏ। ਇਹ ਗਿਣਤੀ ਸਾਲ 2012 ਦੇ ਮੁਕਾਬਲੇ 34 ਫੀਸਦ ਵੱਧ ਹੈ।

## 72 ਕਿਲੋ ਭੁੱਕੀ ਸਮੇਤ ਦੋ ਗ੍ਰਿਫ਼ਤਾਰ

**ਹੁਸ਼ਿਆਰਪੁਰ:** ਜ਼ਿਲ੍ਹਾ ਪੁਲਿਸ ਨੇ ਇਥੇ ਮਿਆਣੀ ਨੇੜੇ ਪੁਲ ਪੁਖਤਾ ਮੋੜ 'ਤੇ ਨਾਕੇਬੰਦੀ ਦੌਰਾਨ ਟਰੱਕ ਦੀ ਤੇਲ ਵਾਲੀ ਟੈਂਕੀ ਵਿਚ ਛੁਪਾ ਕੇ ਰੱਖੇ 72 ਕਿਲੋਗ੍ਰਾਮ ਚੂਰਾ ਪੋਸਤ ਲਿਜਾ ਰਹੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਕੋਲੋਂ ਪੰਜ ਹਜ਼ਾਰ ਦੀ ਨਕਦੀ ਅਤੇ ਦੋ ਮੋਬਾਈਲ ਵੀ ਬਰਾਮਦ ਹੋਏ ਹਨ। ਪੁਲਿਸ ਨੇ ਦੋਵਾਂ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਜ਼ਿਲ੍ਹਾ ਪੁਲਿਸ ਮੁਖੀ ਡਾ. ਨਰਿੰਦਰ ਭਾਰਗਵ ਨੇ ਦੱਸਿਆ ਕਿ ਪੁਲਿਸ ਨੂੰ ਇਤਲਾਹ ਮਿਲੀ ਸੀ ਕਿ ਅੰਤਰਰਾਜੀ ਗਰੋਹ ਦੇ ਕੁਝ ਮੈਂਬਰ ਬਾਹਰਲੇ ਸੂਬੇ 'ਚੋਂ ਚੂਰਾ ਪੋਸਤ (ਭੁੱਕੀ) ਪੰਜਾਬ ਵਿਚ ਲਿਆ ਕੇ ਸਪਲਾਈ ਕਰ ਰਹੇ ਹਨ। ਇਸ ਗਰੋਹ ਨੂੰ ਕਾਬੂ ਕਰਨ ਲਈ ਡੀਐਸਪੀ ਟਾਂਡਾ ਪਿਆਰਾ ਸਿੰਘ ਦੀ ਅਗਵਾਈ ਹੇਠ ਐਸਐਚਓ ਸਤਿੰਦਰ ਕੁਮਾਰ ਸਮੇਤ ਪੁਲਿਸ ਪਾਰਟੀ ਨੇ ਮਿਆਣੀ ਵਿਖੇ ਪੁਲ ਪੁਖਤਾ ਮੋੜ 'ਤੇ ਨਾਕਾਬੰਦੀ ਦੌਰਾਨ ਟਰੱਕ ਦੀ ਤੇਲ ਵਾਲੀ ਟੈਂਕੀ ਵਿਚ ਛੁਪਾ ਕੇ ਰੱਖਿਆ 72 ਕਿਲੋਗ੍ਰਾਮ ਚੂਰਾ ਪੋਸਤ ਬਰਾਮਦ ਹੋਇਆ।

ਪੁਲਿਸ ਨੇ ਟਰੱਕ ਵਿਚ ਸਵਾਰ ਮੁਹੰਮਦ ਰਫ਼ੀ ਅਵਾਨ ਅਤੇ ਸਈਅਦ ਅਲੀ ਹੁਸੈਨ ਵਾਸੀ ਜੰਮੂ-ਕਸ਼ਮੀਰ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਮੁਹੰਮਦ ਰਫ਼ੀ ਅਵਾਨ ਨੇ ਮੰਨਿਆ ਹੈ ਕਿ ਉਹ ਇਹ ਕੰਮ ਪਿਛਲੇ 5-6 ਸਾਲਾਂ ਤੋਂ ਕਰ ਰਿਹਾ ਹੈ। ਉਸ ਨੇ ਦੱਸਿਆ ਕਿ ਉਸ ਨੇ ਆਪਣੇ ਟਰੱਕ ਦੀ ਤੇਲ ਵਾਲੀ ਟੈਂਕੀ ਨੂੰ ਆਮ ਟੈਂਕੀਆਂ ਨਾਲੋਂ ਵੱਡੇ ਆਕਾਰ ਦੀ ਬਣਵਾ ਕੇ ਇਸ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ ਸੀ। ਇਸ ਵਿਚੋਂ ਇਕ ਹਿੱਸੇ ਵਿਚ ਡੀਜ਼ਲ ਅਤੇ ਬਾਕੀ ਦੋ ਹਿੱਸਿਆਂ ਵਿਚ 40-40 ਕਿਲੋਗ੍ਰਾਮ ਚੂਰਾ ਪੋਸਤ ਛੁਪਾ ਲੈਂਦਾ ਸੀ ਜਿਸ ਨੂੰ ਉਹ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਸਪਲਾਈ ਕਰਦਾ ਸੀ।

ਗੁਰਮਤਿ ਵਿਚਾਰ

# ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ



ਡਾ. ਗੁਰਨਾਮ ਕੌਰ, ਕੈਨੇਡਾ

ਸ੍ਰੀ ਰਾਗੁ ਵਿਚ ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਅੱਗੇ ਅਰਦਾਸ ਕਰਦਿਆਂ ਕਿਹਾ ਹੈ ਕਿ ਮੇਰੇ ਲਈ ਭਾਵੇਂ ਮੋਤੀਆਂ ਨਾਲ ਉਸਾਰੇ, ਰਤਨਾਂ ਨਾਲ ਜੜੇ ਮਹਿਲ ਹੋਣ ਜਿਨ੍ਹਾਂ ਦੀ ਲਿਪਾਈ ਕਸਤੂਰੀ, ਕੇਸਰ, ਚੰਦਨ ਵਰਗੇ ਖੁਸ਼ਬੂਦਾਰ ਪਦਾਰਥਾਂ ਨਾਲ ਕੀਤੀ ਹੋਈ ਹੋਵੇ ਜਿਸ ਨੂੰ ਦੇਖ ਕੇ ਮੇਰੇ ਮਨ ਵਿਚ ਚਾਉ ਪੈਦਾ ਹੋਵੇ, ਫਿਰ ਵੀ ਹੇ ਪਰਵਦਗਾਰ ਇਹ ਸਭ ਕੁਝ ਦੇਖ ਕੇ ਮੈਂ ਤੇਰੇ ਨਾਮ ਨੂੰ ਭੁਲਾ ਨਾ ਦੇਵਾਂ ਅਤੇ ਤੂੰ ਮੈਨੂੰ ਵਿਸਾਰ ਨਾ ਦੇਵੇਂ। ਗੁਰੂ ਸਾਹਿਬ ਇਸ ਤੋਂ ਅੱਗੇ ਫਰਮਾਉਂਦੇ ਹਨ ਕਿ ਮੈਂ ਆਪਣੇ ਗੁਰੂ ਤੋਂ ਪੁੱਛ ਕੇ ਵੇਖ ਲਿਆ ਹੈ, ਮੈਨੂੰ ਪਤਾ ਲੱਗ ਗਿਆ ਹੈ ਕਿ ਕਰਤਾ ਪੁਰਖ ਤੋਂ ਵਿਛੜ ਕੇ ਜੀਵਨ ਸੜ-ਬਲ ਜਾਂਦਾ ਹੈ। ਪਰਮਾਤਮਾ ਦੀ ਯਾਦ ਤੋਂ ਬਿਨਾਂ ਹੋਰ ਕੋਈ ਵੀ ਅਜਿਹੀ ਥਾਂ ਨਹੀਂ ਹੈ ਜਿੱਥੇ ਮਨ ਨੂੰ ਸ਼ਾਂਤੀ ਅਤੇ ਸਕੂਨ ਮਿਲ ਸਕੇ।

ਆਸਾ ਦੀ ਵਾਰ ਦੀ ਸਤਾਰਵੀਂ ਪਉੜੀ ਵਿਚ ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਅਜਿਹੇ ਸੁੱਖ ਸਾਧਨਾਂ ਵਿਚ ਰਚਿਤ ਹੋ ਕੇ ਆਪਣੇ ਪਰਵਦਗਾਰ ਦੀ ਯਾਦ ਨੂੰ ਭੁਲਾ ਦੇਣ ਤੋਂ ਅਗਾਹ ਕੀਤਾ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਦੁਨਿਆਵੀ ਸੁੱਖ-ਸਹੂਲਤਾਂ ਦੇ ਰੂਪ ਵਿਚ ਜਿਨ੍ਹਾਂ ਕੋਲ ਕਾਠੀਆਂ ਸਮੇਤ ਸਵਾਰੀ ਲਈ ਤਿਆਰ-ਬਰ ਤਿਆਰ, ਹਵਾ ਵਰਗੀ ਤਿੱਖੀ ਚਾਲ ਵਾਲੇ ਘੋੜੇ ਹੁੰਦੇ ਹਨ ਅਤੇ ਆਪਣੇ ਮਹਿਲਾਂ ਨੂੰ ਕਈ ਤਰ੍ਹਾਂ ਦੇ ਰੰਗਾਂ ਨਾਲ ਸਜਾਉਂਦੇ ਹਨ, ਜੋ ਮਨੁੱਖ ਕਈ ਤਰ੍ਹਾਂ ਦੇ ਸੁੰਦਰ ਮਹਿਲ-ਮਾੜੀਆਂ ਉਸਾਰ ਕੇ ਮਨ ਆਈਆਂ ਰੰਗ-ਰਲੀਆਂ ਮਾਣਦੇ ਹਨ ਪਰ ਆਪਣੇ ਸਿਰਜਣਹਾਰ ਨੂੰ ਨਹੀਂ ਪਛਾਣਦੇ, ਉਹ ਆਪਣਾ ਮਨੁੱਖਾ ਜਨਮ ਅਜਾਈਂ ਗੁਆ ਲੈਂਦੇ ਹਨ। ਜੋ ਮਨੁੱਖ ਆਪ ਤੋਂ ਕਮਜ਼ੋਰ ਗਰੀਬ ਆਦਮੀਆਂ 'ਤੇ ਆਪਣਾ ਹੁਕਮ ਚਲਾਉਂਦੇ, ਉਨ੍ਹਾਂ ਨੂੰ ਤੰਗ ਕਰਦੇ ਅਤੇ ਉਨ੍ਹਾਂ ਦਾ ਸੋਸ਼ਣ ਕਰਦੇ ਹਨ, ਆਪਣੀ ਅਮੀਰੀ ਅਤੇ ਤਾਕਤ ਦੇ ਭਰਮ ਵਿਚ ਆਪਣੇ ਅੰਤਮ ਸਮੇਂ ਨੂੰ ਯਾਦ ਨਹੀਂ ਰੱਖਦੇ, ਆਪਣੀ ਜੁਆਨੀ ਵਿਚ ਮਸਤ ਅਜਿਹੇ ਬੰਦਿਆਂ ਨੂੰ ਜੁਆਨੀ ਵਿਚ ਹੀ ਬੁਢੇਪਾ ਆ ਕੇ ਦੱਬ ਲੈਂਦਾ ਹੈ,

ਤੁਰੇ ਪਲਾਣੇ ਪਉਣ ਵੇਗ
ਹਰ ਰੰਗੀ ਹਰਮ ਸਵਾਰਿਆ॥
ਕੋਠੇ ਮੰਡਪ ਮਾੜੀਆ
ਲਾਇ ਬੈਠੇ ਕਰਿ ਪਾਸਾਰਿਆ॥ (ਪੰਨਾ ੪੭੨)

ਆਸਾ ਦੀ ਵਾਰ ਵਿਚ ਗੁਰੂ ਨਾਨਕ ਸਾਹਿਬ ਮਨੁੱਖ ਨੂੰ ਹਰ ਕਿਸਮ ਦੇ ਭਰਮ ਤੋਂ ਮੁਕਤ ਕਰਦੇ ਹਨ। ਉਚ-ਨੀਚ, ਭਿੱਟ ਅਤੇ ਸੂਤਕ ਹਰ ਕਿਸਮ ਦੇ ਵਹਿਮ ਅਤੇ ਭਰਮ ਤੋਂ ਮੁਕਤ ਹੋ ਕੇ ਉਸ ਇੱਕ ਪਰਮਾਤਮਾ ਦਾ ਨਾਮ ਧਿਆਉਣ ਦੀ ਸਿੱਖਿਆ ਦਿੰਦੇ ਹਨ ਜਿਸ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਇਸੇ ਸਬੰਧ ਵਿਚ ਅਗਲੇ ਸਲੋਕ ਵਿਚ ਦੱਸਦੇ ਹਨ ਕਿ ਜੇ ਸੂਤਕ ਵਰਗੇ ਵਹਿਮਾਂ ਨੂੰ ਮੰਨਣ ਲੱਗੀਏ ਤਾਂ ਕੋਈ ਵੀ ਚੀਜ਼ ਸੂਤਕ ਤੋਂ ਮੁਕਤ ਨਹੀਂ ਹੈ। ਜੇ ਇਹ ਮੰਨ ਲਈਏ ਕਿ ਸੂਤਕ ਵਰਗਾ ਕੁਝ ਹੁੰਦਾ ਹੈ ਤਾਂ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸੂਤਕ ਹਰ ਥਾਂ ਹੁੰਦਾ ਹੈ। ਗੋਹੇ (ਗੋਹੇ ਨੂੰ ਪਵਿੱਤਰ ਮੰਨ ਕੇ ਚੌਕਾ ਲਿੱਪਿਆ ਜਾਂਦਾ ਹੈ) ਅਤੇ ਲੱਕੜੀ (ਲੱਕੜੀ ਬਾਲ ਕੇ ਹਵਨ ਕੀਤਾ ਜਾਂਦਾ ਹੈ, ਅੰਨ ਪਕਾਇਆ ਜਾਂਦਾ ਹੈ) ਵਿਚ ਵੀ ਕੀੜੇ ਹੁੰਦੇ ਹਨ ਅਰਥਾਤ ਗੋਹੇ ਅਤੇ ਲੱਕੜੀ ਵਿਚ ਕੀੜੇ ਪੈਦਾ ਹੁੰਦੇ ਰਹਿੰਦੇ ਹਨ। ਅਨਾਜ ਦੇ ਜਿੰਨੇ ਵੀ ਦਾਣੇ ਹਨ ਜੀਵਾਂ ਤੋਂ ਮੁਕਤ ਨਹੀਂ ਹਨ, ਅੰਨ ਵਿਚ ਵੀ ਜੀਵ ਪੈਦਾ ਹੁੰਦੇ ਰਹਿੰਦੇ ਹਨ। ਪਾਣੀ (ਜਿਸ ਨਾਲ ਇਸ਼ਨਾਨ ਕਰਕੇ ਮਨੁੱਖ ਪਵਿੱਤਰ ਹੁੰਦਾ ਹੈ) ਆਪ ਵੀ ਜੀਵ ਹੈ ਕਿਉਂਕਿ ਇਸ ਨਾਲ ਹਰ ਇੱਕ ਅੰਦਰ ਜਾਨ ਪੈਂਦੀ ਹੈ। ਸੂਤਕ ਵਰਗਾ ਵਹਿਮ-ਭਰਮ ਕਿਵੇਂ ਪਾਲਿਆ ਜਾ ਸਕਦਾ ਹੈ ਕਿਉਂਕਿ ਇਹ ਤਾਂ ਹਰ ਸਮੇਂ ਰਸੋਈ ਵਿਚ ਪਿਆ ਰਹਿੰਦਾ ਹੈ। ਇਸ ਤਰ੍ਹਾਂ ਸੂਤਕ ਵਿਚ ਪਿਆਂ ਮਨੁੱਖ ਦਾ ਮਨ ਭਰਮ ਨਾਲ ਭਰਿਆ ਰਹਿੰਦਾ ਹੈ। ਵਹਿਮ ਅਤੇ ਭਰਮ ਤੋਂ ਛੁਟਕਾਰਾ ਪਾਉਣ ਦਾ ਰਸਤਾ ਪਰਮਾਤਮਾ ਦਾ ਗਿਆਨ ਹੈ ਜਿਸ ਦੀ ਪ੍ਰਾਪਤੀ ਨਾਲ ਮਨੁੱਖ ਦਾ ਮਨ ਹਰ ਤਰ੍ਹਾਂ ਦੇ ਸੂਤਕ ਤੋਂ ਮੁਕਤ ਹੋ ਜਾਂਦਾ ਹੈ,

ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ
ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉਕਰਿ ਰਖੀਐ ਸੂਤਕੁ ਪਵੈ ਰਸੋਇ॥
ਨਾਨਕ ਸੂਤਕੁ ਏਵ ਨ ਉਤਰੈ
ਗਿਆਨੁ ਉਤਾਰੇ ਧੋਇ॥੧॥ (ਪੰਨਾ ੪੭੨)

ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਸਪੱਸ਼ਟ ਕਰਦੇ ਹਨ ਕਿ ਅਸਲੀ ਸੂਤਕ ਕਿਹੜਾ ਹੈ ਜਿਸ ਤੋਂ ਮਨੁੱਖ ਨੂੰ ਬਚਣਾ ਚਾਹੀਦਾ ਹੈ ਜਾਂ ਜਿਸ ਦਾ ਪਰਹੇਜ਼ ਮਨੁੱਖ ਨੂੰ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾ ਮਨ ਦਾ ਸੂਤਕ ਲੋਭ ਹੈ (ਲਾਲਚ ਵਿਚ ਆ ਕੇ ਮਨੁਖ ਬਹੁਤ ਸਾਰੇ ਗਲਤ ਕੰਮ ਕਰ ਬੈਠਦਾ ਹੈ। ਲੋਭ ਅਜਿਹਾ ਔਗੁਣ ਹੈ ਜਿਸ ਨੂੰ ਗੁਰਬਾਣੀ ਵਿਚ 'ਪੰਜ ਚੋਰਾਂ' ਵਿਚ ਗਿਣਿਆ ਗਿਆ ਹੈ ਜੋ ਮਨੁੱਖ ਕੋਲੋਂ ਚੰਗਿਆਈ ਖੋਹ ਲੈਂਦੇ ਹਨ), ਦੂਸਰਾ ਸੂਤਕ ਜੀਭ ਦਾ ਝੂਠ ਬੋਲਣਾ ਹੈ। ਇਸ ਤੋਂ ਅੱਗੇ ਅੱਖਾਂ ਦਾ ਸੂਤਕ ਪਰਾਇਆ ਧਨ ਅਤੇ ਪਰਾਈਆਂ ਇਸਤਰੀਆਂ ਦੇ ਰੂਪ ਨੂੰ ਤੱਕਣਾ ਹੈ ਜਿਸ ਤੋਂ ਬਚਣ ਦੀ ਮਨੁੱਖ ਨੂੰ ਲੋੜ ਹੈ। ਕੰਨਾਂ ਦਾ ਸੂਤਕ ਹੈ ਦੂਸਰਿਆਂ ਦੀ ਨਿੰਦਿਆ ਅਤੇ ਚੁਗਲੀ ਸੁਣਨਾ ਹੈ। ਗੁਰੂ ਨਾਨਕ ਅਨੁਸਾਰ ਅਜਿਹੇ ਮਨੁੱਖ ਜਿਨ੍ਹਾਂ ਨੂੰ ਇਹ ਸੂਤਕ ਲੱਗੇ ਹੋਏ ਹਨ, ਦੇਖਣ ਨੂੰ ਭਾਵੇਂ ਬਹੁਤ ਸੋਹਣੇ ਹੰਸਾਂ ਵਰਗੇ ਹੁੰਦੇ ਹਨ ਪਰ ਸੂਤਕ ਦੇ ਬੱਧੇ ਹੋਏ ਨਰਕ ਨੂੰ ਜਾਂਦੇ ਹਨ,

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ॥੨॥
(ਪੰਨਾ ੪੭੨)

ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਸੂਤਕ ਵਗੈਰਾ ਕੁਝ ਵੀ ਨਹੀਂ ਹੈ, ਹਰ ਤਰ੍ਹਾਂ ਦਾ ਸੂਤਕ ਭਰਮ ਹੈ, ਵਹਿਮ ਹੈ ਜੋ ਮਾਇਆ ਵਿਚ ਫਸੇ ਹੋਏ ਮਨੁੱਖ ਨੂੰ ਆ ਚੰਬੜਦਾ ਹੈ। ਕਹਿਣ ਤੋਂ ਭਾਵ ਪਰਮਾਤਮਾ ਦੇ ਗਿਆਨ ਵਾਲੇ ਪਾਸੇ ਲੱਗੇ ਹੋਏ ਮਨੁੱਖ ਨੂੰ ਅਜਿਹੇ ਭਰਮ ਨਹੀਂ ਲੱਗਦੇ, ਗਿਆਨੀ ਮਨੁੱਖ ਦਾ ਮਨ ਭਰਮ-ਮੁਕਤ ਹੁੰਦਾ ਹੈ। ਜੀਵਾਂ ਦਾ ਸੰਸਾਰ 'ਤੇ ਆਉਣਾ ਅਤੇ ਇਸ ਸੰਸਾਰ ਤੋਂ ਤੁਰ ਜਾਣਾ ਅਕਾਲ ਪੁਰਖ ਦੇ ਹੁਕਮ ਵਿਚ ਹੁੰਦਾ ਹੈ ਅਰਥਾਤ ਉਸ ਦੇ ਹੁਕਮ ਵਿਚ ਮਨੁੱਖ ਜਨਮ ਲੈਂਦਾ ਹੈ ਅਤੇ ਹੁਕਮ ਅਨੁਸਾਰ ਹੀ ਮਰ ਜਾਂਦਾ ਹੈ। (ਮੌਤ ਵਾਲੇ ਘਰ ਅਤੇ ਨਵੇਂ ਪੈਦਾ ਹੋਏ ਬੱਚੇ ਵਾਲੇ ਘਰ ਨਾਲ ਵਰਤਣ ਵੇਲੇ ਵੀ ਲੋਕ ਕਈ ਕਿਸਮ ਦਾ ਵਹਿਮ ਕਰਦੇ ਹਨ)। ਖਾਣਾ ਪੀਣਾ ਵੀ ਪਵਿੱਤਰ ਹੈ ਕਿਉਂਕਿ ਅਕਾਲ ਪੁਰਖ ਆਪ ਜੀਵਾਂ ਨੂੰ ਰਿਜ਼ਕ ਦਿੰਦਾ ਹੈ ਤਾਂ ਕਿ ਉਹ ਆਪਣਾ ਜੀਵਨ ਨਿਰਬਾਹ ਕਰ ਸਕਣ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ ਗੁਰੂ ਦੇ ਰਸਤੇ 'ਤੇ ਚੱਲਣ ਵਾਲੇ ਮਨੁੱਖਾਂ ਅਰਥਾਤ ਗੁਰਮੁਖਾਂ ਨੇ ਇਸ ਗੱਲ ਨੂੰ ਸਮਝ ਲਿਆ ਹੈ, ਉਨ੍ਹਾਂ ਨੂੰ ਕਿਸੇ ਕਿਸਮ ਦਾ ਸੂਤਕ ਨਹੀਂ ਲੱਗਦਾ, ਉਹ ਹਰ ਤਰ੍ਹਾਂ ਦੇ ਭਰਮ ਤੋਂ ਮੁਕਤ ਰਹਿੰਦੇ ਹਨ,

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰ ਹੈ
ਦਿਤੋਨੁ ਰਿਜਕੁ ਸੰਬਾਹਿ॥
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ
ਤਿਨ੍ਹਾ ਸੂਤਕੁ ਨਾਹਿ॥੩॥ (ਪੰਨਾ ੪੭੨-੭੩)

ਅਗਲੀ ਪਉੜੀ ਵਿਚ ਗੁਰੂ ਦੀ ਮਹੱਤਤਾ ਦੱਸੀ ਹੈ ਕਿ ਗੁਰੂ ਰਾਹੀਂ ਆਪਣੇ ਅੰਦਰ ਗੁਣ ਪੈਦਾ ਕਰਕੇ ਮਨੁੱਖ ਬੁਰਾਈਆਂ ਨੂੰ ਖਤਮ ਕਰ ਸਕਦਾ ਹੈ। ਸੱਚੇ ਗੁਰੂ ਨਾਲ ਮਿਲਾਪ ਉਦੋਂ ਹੁੰਦਾ ਹੈ ਜਦੋਂ ਵਾਹਿਗੁਰੂ ਦੀ ਅਪਾਰ ਮਿਹਰ ਹੁੰਦੀ ਹੈ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਮਨੁੱਖ ਨੂੰ ਸਤਿਗੁਰੂ ਦੇ ਗੁਣ ਗਾਉਣੇ ਚਾਹੀਦੇ ਹਨ ਕਿਉਂਕਿ ਗੁਰੂ ਵਿਚ ਬਹੁਤ ਵੱਡੇ ਗੁਣ ਹਨ ਅਤੇ ਗੁਣਾਂ ਕਰਕੇ ਗੁਰੂ ਬਹੁਤ ਵੱਡਾ ਹੈ (ਗੁਣ ਗਾਉਣ ਨਾਲ ਮਨੁੱਖ ਅੰਦਰ ਵੀ ਅਜਿਹੇ ਗੁਣ ਆ ਜਾਂਦੇ ਹਨ)। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਕਾਲ ਪੁਰਖ ਨੂੰ ਕਈ ਤਰ੍ਹਾਂ ਨਾਲ ਸੰਬੋਧਨ ਕੀਤਾ ਗਿਆ ਹੈ ਜਿਵੇਂ ਪਿਤਾ, ਸਖਾ, ਪਤੀ ਆਦਿ। ਇੱਥੇ ਵੀ ਗੁਰੂ ਨਾਨਕ ਦੱਸਦੇ ਹਨ ਕਿ ਜਿਨ੍ਹਾਂ ਮਨੁੱਖਾਂ ਉਤੇ ਪਤੀ-ਰੂਪ ਅਕਾਲ ਪੁਰਖ ਦੀ ਮਿਹਰ ਹੋਈ ਹੈ, ਉਨ੍ਹਾਂ ਨੂੰ ਉਸ ਨੇ ਗੁਰੂ ਨਾਲ ਮਿਲਾ ਦਿੱਤਾ ਹੈ ਅਤੇ ਜੋ ਗੁਰੂ ਨੂੰ ਮਿਲੇ ਹਨ, ਉਨ੍ਹਾਂ ਨੂੰ ਗੁਰੂ ਦੇ ਗੁਣ ਆਪਣੀਆਂ ਅੱਖਾਂ ਨਾਲ ਨਜ਼ਰੀਂ ਆ ਗਏ ਹਨ। ਜੇ ਪਰਮਾਤਮਾ ਨੂੰ ਭਾਵੇ ਤਾਂ ਗੁਰੂ ਦੇ ਗੁਣ ਉਨ੍ਹਾਂ ਮਨੁੱਖਾਂ ਅੰਦਰ ਵੀ ਵੱਸ ਪੈਂਦੇ ਹਨ। ਕਰਤਾ ਪੁਰਖ ਆਪਣੇ ਹੁਕਮ ਅਨੁਸਾਰ ਉਨ੍ਹਾਂ ਮਨੁੱਖਾਂ ਦੇ ਮੱਥੇ ਉਤੇ ਮਿਹਰ ਭਰਿਆ ਹੱਥ ਰੱਖ ਕੇ ਉਨ੍ਹਾਂ ਦੇ ਮਨ ਵਿਚੋਂ ਬੁਰਾਈਆਂ ਨੂੰ ਬਾਹਰ ਕੱਢ ਮਾਰਦਾ ਹੈ। ਜੇ ਅਕਾਲ ਪੁਰਖ ਖੁਸ਼ ਹੋ ਜਾਵੇ ਤਾਂ ਮਨੁੱਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਸ ਨੂੰ ਨੌਂ ਨਿਧੀਆਂ ਪ੍ਰਾਪਤ ਹੋ ਗਈਆਂ ਅਰਥਾਤ ਸੰਸਾਰ ਦੇ ਸਭ ਪਦਾਰਥ ਮਿਲ ਗਏ ਹਨ,

ਸਤਿਗੁਰੁ ਵਡਾ ਕਰਿ ਸਾਲਾਹੀਐ
ਜਿਸੁ ਵਿਚਿ ਵਡੀਆ ਵਡਿਆਈਆ॥
ਸਹਿ ਮੇਲੇ ਤਾ ਨਦਰੀ ਆਈਆ॥
ਜਾ ਤਿਸੁ ਭਾਣਾ ਤਾ ਮਨਿ ਵਸਾਈਆ॥
ਕਰਿ ਹੁਕਮੁ ਮਸਤਕਿ ਹਥੁ ਧਰਿ
ਵਿਚਹੁ ਮਾਰਿ ਕਢੀਆ ਬੁਰਿਆਈਆ॥
ਸਹਿ ਤੁਠੈ ਨਉਨਿਧਿ ਪਾਈਆ॥੧੮॥
(ਪੰਨਾ ੪੭੩)

ਇਸ ਪਉੜੀ ਤੋਂ ਪਹਿਲੇ ਸਲੋਕਾਂ ਵਿਚ ਸੂਤਕ ਵਰਗੇ ਭਰਮ ਦੀ ਗੱਲ ਕੀਤੀ ਹੈ। ਇਸ ਸਲੋਕ ਵਿਚ ਇੱਕ ਹੋਰ ਭਰਮ ਅਤੇ ਪਖੰਡ ਦੀ ਗੱਲ ਕੀਤੀ ਹੈ ਜਿਸ ਨੂੰ 'ਸੁੱਚਮ' ਕਹਿੰਦੇ ਹਨ ਖਾਸ ਕਰਕੇ ਜਿਸ ਦੀ ਪਾਲਣਾ ਬ੍ਰਾਹਮਣ ਵੱਲੋਂ ਵਹਿਮ ਦੀ ਹੱਦ ਤੱਕ ਕੀਤੀ ਜਾਂਦੀ ਹੈ। ਗੁਰੂ ਨਾਨਕ 'ਸੁੱਚਮ' ਬਾਰੇ ਕਹਿੰਦੇ ਹਨ ਕਿ ਸਭ ਤੋਂ ਪਹਿਲਾਂ ਬ੍ਰਾਹਮਣ ਆਪ ਨਹਾ-ਧੋ ਕੇ, ਸੁੱਚਾ ਹੋ ਕੇ ਸੁੱਚੇ ਚੌਕੇ (ਚੌਕੇ ਨੂੰ ਸੁੱਚਾ ਰੱਖਣ ਲਈ ਹਰ ਰੋਜ਼ ਗਊ ਦੇ ਗੋਹੇ ਨਾਲ ਲਿਪਿਆ ਜਾਂਦਾ ਹੈ) ਉਤੇ ਆ ਕੇ ਬੈਠ ਜਾਂਦਾ ਹੈ। ਫਿਰ ਉਸ ਦੇ ਅੱਗੇ ਜਜਮਾਨ ਭੋਜਨ ਪਰੋਸ ਦਿੰਦਾ ਹੈ ਜਿਸ ਨੂੰ ਅਜੇ ਕਿਸੇ ਹੋਰ ਨੇ ਭਿੱਟਿਆ ਨਹੀਂ ਸੀ ਅਰਥਾਤ ਛੂਹਿਆ ਨਹੀਂ ਸੀ। ਬ੍ਰਾਹਮਣ ਸੁੱਚਾ ਹੋ ਕੇ ਉਸ ਸੁੱਚੇ ਭੋਜਨ ਨੂੰ ਖਾਂਦਾ ਹੈ, ਖਾਣ ਤੋਂ ਬਾਅਦ ਸਲੋਕ ਪੜ੍ਹਨ ਲੱਗ ਪੈਂਦਾ ਹੈ ਪਰ ਇਸ ਸੁੱਚੇ ਭੋਜਨ ਨੂੰ ਗੰਦੇ ਥਾਂ ਅਰਥਾਤ ਢਿੱਡ ਵਿਚ ਪਾ ਲੈਂਦਾ ਹੈ। ਗੁਰੂ ਸਾਹਿਬ ਪ੍ਰਸ਼ਨ ਕਰਦੇ ਹਨ ਕਿ ਤਾਂ ਫਿਰ ਇਸ ਸੁੱਚੇ ਭੋਜਨ ਨੂੰ ਗੰਦੇ ਥਾਂ ਭਾਵ ਪੇਟ ਵਿਚ ਸੁੱਟਣ ਦਾ ਦੋਸ਼ ਕਿਸ 'ਤੇ ਆਇਆ?

ਗੁਰੂ ਸਾਹਿਬ ਫਰਮਾਉਂਦੇ ਹਨ ਕਿ ਅੰਨ, ਪਾਣੀ, ਅੱਗ ਅਤੇ ਲੂਣ-ਚਾਰੇ ਹੀ ਦੇਵਤਾ ਹਨ ਅਰਥਾਤ ਪਵਿੱਤਰ ਮੰਨੇ ਗਏ ਹਨ ਅਤੇ ਪੰਜਵਾਂ ਘਿਉ ਵੀ ਪਵਿੱਤਰ ਹੈ ਜਿਸ ਨੂੰ ਇਨ੍ਹਾਂ ਚਾਰਾਂ ਵਿਚ ਪਾਈਦਾ ਹੈ। ਫਿਰ ਇਨ੍ਹਾਂ ਪੰਜਾਂ ਨੂੰ ਮਿਲਾ ਕੇ ਬਹੁਤ ਹੀ ਪਵਿੱਤਰ ਭੋਜਨ ਤਿਆਰ ਕੀਤਾ ਜਾਂਦਾ ਹੈ। ਪਰ ਦੇਵਤਿਆਂ ਦੇ ਇਸ ਸਰੀਰ ਨੂੰ ਭਾਵ ਪਵਿੱਤਰ ਭੋਜਨ ਨੂੰ ਪਾਪੀ (ਮਨੁੱਖ) ਨਾਲ ਸੰਗਤ ਹੁੰਦੀ ਹੈ, ਜਿਸ ਕਰਕੇ ਉਸ ਉਤੇ ਥੁੱਕਾਂ ਪੈਂਦੀਆਂ ਹਨ। ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਜਿਸ ਮੂੰਹ ਨਾਲ ਮਨੁੱਖ ਨਾਮ ਨਹੀਂ ਸਿਮਰਦੇ ਅਤੇ ਨਾਮ ਸਿਮਰਨ ਤੋਂ ਬਿਨਾ ਹੀ ਸੁਆਦਲੇ ਪਦਾਰਥ ਖਾਂਦੇ ਹਨ, ਉਸ ਮੂੰਹ ਉਤੇ ਵੀ ਇਸੇ ਤਰ੍ਹਾਂ ਥੁੱਕਾਂ ਪੈਂਦੀਆਂ ਹਨ,

ਪਹਿਲਾ ਸੁਚਾ ਆਪਿ ਹੋਇ
ਸੁਚੈ ਬੈਠਾ ਆਇ॥
ਸੁਚੇ ਅਗੈ ਰਖਿਓਨੁ
ਕੋਇ ਨ ਭਿਟਿਓ ਜਾਇ॥
ਸੁਚਾ ਹੋਇ ਕੈ ਜੇਵਿਆ
ਲਗਾ ਪੜਣਿ ਸਲੋਕੁ॥
ਕੁਹਥੀ ਜਾਈ ਸਟਿਆ
ਕਿਸੁ ਏਹੁ ਲਗਾ ਦੋਖੁ॥ (ਪੰਨਾ ੪੭੩)

ਸਿੱਖ ਧਰਮ ਦੇ ਪ੍ਰਕਾਸ਼ਨ ਤੋਂ ਪਹਿਲਾਂ ਹਿੰਦੁਸਤਾਨ ਵਿਚ ਜਿੰਨੇ ਵੀ ਧਰਮ ਪੈਦਾ ਹੋਏ ਹਨ, ਮੁਕਤੀ ਪ੍ਰਾਪਤ ਕਰਨਾ ਉਨ੍ਹਾਂ ਦਾ ਮੁੱਖ ਨਿਸ਼ਾਨਾ ਰਿਹਾ ਹੈ। ਮੁਕਤੀ ਪ੍ਰਾਪਤ ਕਰਨ ਵਾਸਤੇ ਪਰਿਵਾਰਕ ਜੀਵਨ ਦਾ ਤਿਆਗ ਕਰਕੇ ਏਕਾਂਤ-ਵਾਸ ਵਿਚ ਤਪੱਸਿਆ ਆਦਿ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਜਾਂਦਾ ਰਿਹਾ ਹੈ। ਪਰਿਵਾਰਕ ਜੀਵਨ ਦਾ ਸਬੰਧ ਇਸਤਰੀ ਨਾਲ ਹੈ। ਇਸ ਲਈ ਇਸਤਰੀ ਨੂੰ ਮੁਕਤੀ ਪ੍ਰਾਪਤੀ ਦੇ ਰਸਤੇ ਦਾ ਰੋੜਾ ਸਮਝਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਦੇ ਸਮੇਂ ਤੱਕ ਜੋਗ ਮੱਤ ਦਾ ਬਹੁਤ ਬੋਲ-ਬਾਲਾ ਸੀ। ਜੋਗੀ ਤਾਂ ਵੈਸੇ ਹੀ ਤਿਆਗ ਵਾਲਾ ਜੀਵਨ ਬਤੀਤ ਕਰਦੇ ਅਤੇ ਇਸਤਰੀ ਤੋਂ ਦੂਰ ਰਹਿੰਦੇ ਹਨ। ਇੱਥੋਂ ਤੱਕ ਕਿ ਇਸਤਰੀ ਨੂੰ ਬਾਘਣੀ ਤੱਕ ਕਿਹਾ ਗਿਆ ਹੈ। ਹਿੰਦੂ ਸ਼ਾਸਤਰਾਂ ਖਾਸ ਕਰਕੇ ਮਨੂ-ਸਿਮ੍ਰਿਤੀ ਵਿਚ ਔਰਤ ਦੀ ਬਹੁਤ ਨਿਖੇਧੀ ਕੀਤੀ ਗਈ ਹੈ ਅਤੇ ਉਸ ਨੂੰ ਸਮਾਜ ਵਿਚ ਬਹੁਤ ਨੀਵਾਂ ਦਰਜਾ ਦਿੱਤਾ ਹੋਇਆ ਹੈ। ਮਨੂ ਸਿਮ੍ਰਿਤੀ ਅਨੁਸਾਰ ਇਸਤਰੀ ਦਾ ਆਪਣਾ ਕੋਈ ਅਧਿਕਾਰ ਨਹੀਂ ਹੈ। ਵਿਆਹ ਤੋਂ ਪਹਿਲਾਂ ਉਹ ਪਿਤਾ ਦੇ ਅਧੀਨ, ਵਿਆਹ ਤੋਂ ਪਿੱਛੋਂ ਪਤੀ ਦੇ ਅਧੀਨ ਅਤੇ ਬੁੱਢਾਪੇ ਵਿਚ ਪੁੱਤਰ ਦੇ ਅਧੀਨ ਰਹੇ। ਹਿੰਦੂ ਸਮਾਜ ਵਿਚ ਇਸਤਰੀ 'ਤੇ ਪੜਦਾ, ਸਤੀ ਦੀ ਰਸਮ, ਵਿਧਵਾ ਹੋਣ ਤੇ ਨਰਕ ਵਰਗਾ ਜੀਵਨ ਜਿਉਣ ਆਦਿ ਦੇ ਅਨੇਕਾਂ ਬੰਧਨ ਲੱਗੇ ਹੋਏ ਸੀ। ਇੱਥੋਂ ਤੱਕ ਕਿ ਉਸ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ।

ਗੁਰੂ ਨਾਨਕ ਸਾਹਿਬ ਪਹਿਲੀ ਅਜਿਹੀ ਸ਼ਖਸ਼ੀਅਤ ਹੋਏ ਹਨ ਜਿਨ੍ਹਾਂ ਨੇ ਨਾ ਸਿਰਫ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾਈ ਬਲਕਿ ਇਸਤਰੀ ਨੂੰ ਹਰ ਤਰ੍ਹਾਂ ਦੇ ਸਮਾਜਿਕ, ਧਾਰਮਿਕ ਅਤੇ ਅਧਿਆਤਮਕ ਅਧਿਕਾਰ ਮਨੁੱਖ ਦੇ ਬਰਾਬਰ ਦਿੱਤੇ ਅਤੇ ਉਸ ਨੂੰ ਪੁਰਸ਼ ਦੇ ਬਰਾਬਰ ਹੀ ਇੱਕ ਇਨਸਾਨ ਦੀ ਤਰ੍ਹਾਂ ਸਮਝਣ ਦੀ ਹਦਾਇਤ ਕੀਤੀ। ਇਸ ਸਲੋਕ ਵਿਚ ਉਸੇ ਮੱਧਜੁੱਗੀ ਵਿਚਾਰਧਾਰਾ ਦਾ ਖੰਡਨ ਕੀਤਾ ਹੈ ਜੋ ਇਸਤਰੀ ਦੀ ਮਾੜੀ ਹਾਲਤ ਲਈ ਜਿੰਮੇਵਾਰ ਰਹੀ ਹੈ। ਇੱਥੇ ਇਸਤਰੀ ਨੂੰ 'ਭੰਡਿ' ਕਿਹਾ ਹੈ, ਭੰਡਿ ਸਾਂਚੇ ਨੂੰ ਕਹਿੰਦੇ ਹਨ। ਇਸਤਰੀ ਵੀ ਉਹ ਸਾਂਚਾ ਹੈ ਜੋ ਸਮਾਜ ਦੀ ਘਾੜਤ ਲਈ ਲੋੜੀਂਦੀ ਹੈ। ਇਸਤਰੀ ਤੋਂ ਬਿਨਾ ਸਮਾਜ ਦੀ ਹੋਂਦ ਤਸੱਵਰ ਹੀ ਨਹੀਂ ਕੀਤੀ ਜਾ ਸਕਦੀ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸਤਰੀ ਤੋਂ ਹੀ ਇਨਸਾਨ ਜਨਮ ਲੈਂਦਾ ਹੈ ਅਤੇ ਇਸਤਰੀ ਵਿਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ। ਇਸਤਰੀ ਰਾਹੀਂ ਕੁੜਮਾਈ ਅਤੇ ਵਿਆਹ ਹੁੰਦਾ ਹੈ ਭਾਵ ਗ੍ਰਿਹਸਥ ਅਤੇ ਸਮਾਜਿਕ ਰਿਸ਼ਤਾ ਅੱਗੇ ਤੁਰਦਾ ਹੈ। ਇਸਤਰੀ ਰਾਹੀਂ ਹੀ ਹੋਰ ਲੋਕਾਂ ਨਾਲ ਸਮਾਜਿਕ ਰਿਸ਼ਤੇ ਬਣਦੇ ਹਨ। ਇਸ ਤਰ੍ਹਾਂ ਇਸਤਰੀ ਤੋਂ ਹੀ ਸੰਸਾਰ ਦੀ ਉਤਪਤੀ ਦਾ ਸਿਲਸਿਲਾ ਚੱਲਦਾ ਹੈ। ਜੇ ਇਸਤਰੀ ਮਰ ਜਾਵੇ ਤਾਂ ਘਰ-ਗ੍ਰਿਹਸਥੀ ਚਲਾਉਣ ਵਾਸਤੇ ਹੋਰ ਇਸਤਰੀ ਦੀ ਭਾਲ ਕੀਤੀ ਜਾਂਦੀ ਹੈ, ਇਸਤਰੀ ਤੋਂ ਹੀ ਸਮਾਜਿਕ ਰਿਸ਼ਤੇਦਾਰੀਆਂ ਬਣਦੀਆਂ ਹਨ (ਕਹਾਵਤ ਹੈ ਕਿ ਧੀ ਰਾਹੀਂ ਤਿੰਨ ਪੁਸ਼ਤਾਂ ਦੀ ਰਿਸ਼ਤੇਦਾਰੀ ਬਣਦੀ ਹੈ। ਸਹੁਰੇ ਘਰ ਜਾਣ ਤੇ ਪਹਿਲਾਂ ਪਿਤਾ ਵਰਤਦਾ ਹੈ, ਫਿਰ ਭਰਾ ਅਤੇ ਫਿਰ ਭਤੀਜੇ)। ਜਿਸ ਇਸਤਰੀ ਜ਼ਾਤ ਤੋਂ ਰਾਜੇ-ਮਹਾਰਾਜੇ ਤੱਕ ਜਨਮ ਲੈਂਦੇ ਹਨ ਉਸ ਨੂੰ ਮੰਦਾ ਕਿਉਂ ਕਹਿਣਾ ਹੈ? ਮੰਦਾ ਕਹਿਣਾ ਠੀਕ ਨਹੀਂ ਹੈ। ਇਸਤਰੀ ਤੋਂ ਹੀ ਇਸਤਰੀ ਜਨਮ ਲੈਂਦੀ ਹੈ। ਇਸ ਸੰਸਾਰ ਵਿਚ ਕੋਈ ਵੀ ਜੀਵ ਇਸਤਰੀ ਤੋਂ ਬਿਨਾ ਜਨਮ ਨਹੀਂ ਲੈ ਸਕਦਾ। ਇੱਕ ਅਕਾਲ ਪੁਰਖ ਹੀ ਹੈ ਜਿਸ ਦਾ ਜਨਮ ਇਸਤਰੀ ਤੋਂ ਨਹੀਂ ਹੋਇਆ (ਕਿਉਂਕਿ ਉਹ ਆਪਣੇ ਆਪ ਤੋਂ ਹੈ)। ਜੋ ਇਨਸਾਨ ਭਾਵੇਂ ਇਸਤਰੀ ਹੈ ਜਾਂ ਪੁਰਸ਼ ਅਕਾਲ ਪੁਰਖ ਦੇ ਗੁਣ ਗਾਉਂਦਾ ਹੈ, ਉਸ ਦੇ ਨਾਮ ਦਾ ਸਿਮਰਨ ਕਰਦਾ ਹੈ, ਉਹ ਭਾਗਾਂ ਵਾਲਾ ਹੈ, ਉਸ ਦੇ ਮੱਥੇ 'ਤੇ ਭਾਗਾਂ ਵਾਲੀ ਮਣੀ ਹੈ। ਅਜਿਹੇ ਮੁੱਖ ਹੀ ਅਕਾਲ ਪੁਰਖ ਦੇ ਦਰਬਾਰ ਵਿਚ ਸੋਹਣੇ ਲਗਦੇ ਹਨ ਜੋ ਉਸ ਦੇ ਗੁਣ ਗਾਇਨ ਕਰਦੇ ਹਨ,

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ॥ (ਪੰਨਾ ੪੭੩)

ਗੁਰਬਾਣੀ ਗਿਆਨ

## ਪਾਰਬ੍ਰਹਮਿ ਨਿਬਾਹੀ ਪੂਰੀ

**ਸੋਰਠਿ ਮਹਲਾ ੫**
ਪਾਰਬ੍ਰਹਮਿ ਨਿਬਾਹੀ ਪੂਰੀ॥
ਕਾਈ ਬਾਤ ਨ ਰਹੀਆ ਊਰੀ॥
ਗੁਰਿ ਚਰਨ ਲਾਇ ਨਿਸਤਾਰੇ॥
ਹਰਿ ਹਰਿ ਨਾਮੁ ਸਮਾਰੇ॥੧॥
ਅਪਨੇ ਦਾਸ ਕਾ ਸਦਾ ਰਖਵਾਲਾ॥
ਕਰਿ ਕਿਰਪਾ ਅਪੁਨੇ ਕਰਿ ਰਾਖੇ
ਮਾਤ ਪਿਤਾ ਜਿਉ ਪਾਲਾ॥੧॥ਰਹਾਉ॥
ਵਡਭਾਗੀ ਸਤਿਗੁਰੁ ਪਾਇਆ॥
ਜਿਨਿ ਜਮ ਕਾ ਪੰਥੁ ਮਿਟਾਇਆ॥
ਹਰਿ ਭਗਤਿ ਭਾਇ ਚਿਤੁ ਲਾਗਾ॥
ਜਪਿ ਜੀਵਹਿ ਸੇ ਵਡਭਾਗਾ॥੨॥
ਹਰਿ ਅੰਮ੍ਰਿਤ ਬਾਣੀ ਗਾਵੈ॥
ਸਾਧਾ ਕੀ ਧੂਰੀ ਨਾਵੈ॥
ਅਪੁਨਾ ਨਾਮੁ ਆਪੇ ਦੀਆ॥
ਪ੍ਰਭ ਕਰਣਹਾਰ ਰਖਿ ਲੀਆ॥੩॥
ਹਰਿ ਦਰਸਨ ਪ੍ਰਾਨ ਅਧਾਰਾ॥
ਇਹੁ ਪੂਰਨ ਬਿਮਲ ਬੀਚਾਰਾ॥
ਕਰਿ ਕਿਰਪਾ ਅੰਤਰਜਾਮੀ॥
ਦਾਸ ਨਾਨਕ ਸਰਣਿ ਸੁਆਮੀ॥੪॥

ਸ੍ਰੀ ਗੁਰੂ ਅਰਜਨ ਦੇਵ ਮਿਹਰਵਾਨ ਪ੍ਰਭੂ ਅਤੇ ਪੂਰੇ ਗੁਰੂ ਦੀ ਸਿਫ਼ਤ ਸਾਲਾਹ ਕਰਦੇ ਹਨ, ਹੇ ਭਾਈ! ਉਹ ਪਰਮਾਤਮਾ ਤਾਂ ਸਦਾ ਤੋਂ ਹੀ ਆਪਣੇ ਸੇਵਕ ਨਾਲ ਪ੍ਰੀਤ ਤੋੜ ਤਕ ਨਿਭਾਉਂਦਾ ਆ ਰਿਹਾ ਹੈ ਅਤੇ ਉਹ ਉਸ ਨੂੰ ਕਿਸੇ ਗੱਲੋਂ ਕੋਈ ਕਮੀ ਵੀ ਨਹੀਂ ਰਹਿਣ ਦਿੰਦਾ, ਪ੍ਰਭੂ ਜੀ ਦਾ ਪਿਆਰਾ ਸੇਵਕ ਭੀ ਸਦਾ ਹੀ ਉਸ ਦੇ ਨਾਮ ਨੂੰ ਹਿਰਦੇ ਵਿਚ ਵਸਾ ਕੇ ਰੱਖਦਾ ਹੈ ਅਤੇ ਗੁਰੂ ਨੇ ਸੇਵਕਾਂ ਨੂੰ ਸਦਾ ਹੀ ਚਰਨੀ ਲਾ ਕੇ ਭਵ-ਸਾਗਰ ਤੋਂ ਪਾਰ ਕੀਤਾ ਹੈ।

ਅਪਨੇ ਦਾਸ ਕਾ ਸਦਾ ਰਖਵਾਲਾ॥
ਕਰਿ ਕਿਰਪਾ ਅਪੁਨੇ ਕਰਿ ਰਾਖੇ
ਮਾਤ ਪਿਤਾ ਜਿਉ ਪਾਲਾ॥੧॥ਰਹਾਉ॥

ਗੁਰਦੇਵ ਉਸ ਪ੍ਰਭੂ ਦੀ ਕਿਰਪਾ ਦੀ ਸਿਫ਼ਤ ਕਰਦੇ ਹਨ, ਹੇ ਭਾਈ! ਉਹ ਮਿਹਰਵਾਨ ਪ੍ਰਭੂ ਤਾਂ ਆਪਣੇ ਸੇਵਕ ਦਾ ਸਦਾ ਹੀ ਰਖਵਾਲਾ ਬਣ ਕੇ ਰਹਿੰਦਾ ਹੈ; ਆਪਣੇ ਸੇਵਕਾਂ ਨੂੰ ਆਪਣੀ ਕਿਰਪਾ ਸਦਕਾ ਇਸ ਤਰ੍ਹਾਂ ਆਪਣੇ ਬਣਾ ਕੇ ਰੱਖਦਾ ਹੈ; ਮਾਤ ਪਿਤਾ ਜਿਉ ਪਾਲਾ, ਜਿਵੇਂ ਮਾਤਾ ਅਤੇ ਪਿਤਾ ਆਪਣੇ ਪਿਆਰ ਅਤੇ ਦੁਲਾਰ ਨਾਲ ਬੱਚਿਆਂ ਦਾ ਪਾਲਣ-ਪੋਸ਼ਣ ਕਰਦੇ ਹਨ। ਸੋ, ਐਸੇ ਪ੍ਰਭੂ ਦਾ ਨਾਮ ਸਿਮਰਨ ਹਰ ਸਮੇਂ ਕਰਦੇ ਰਹਿਣਾ ਚਾਹੀਏ।

ਵਡਭਾਗੀ ਸਤਿਗੁਰੁ ਪਾਇਆ॥
ਜਿਨਿ ਜਮ ਕਾ ਪੰਥੁ ਮਿਟਾਇਆ॥
ਹਰਿ ਭਗਤਿ ਭਾਇ ਚਿਤੁ ਲਾਗਾ॥
ਜਪਿ ਜੀਵਹਿ ਸੇ ਵਡਭਾਗਾ॥੨॥

ਸਤਿਗੁਰ ਪਿਤਾ ਜੀ ਆਖ ਰਹੇ ਹਨ, ਹੇ ਭਾਈ! ਵਡਭਾਗਾਂ ਵਾਲੇ ਜੀਵਾਂ ਨੇ ਉਹ ਪੂਰਾ ਸਤਿਗੁਰੂ ਲੱਭ ਲਿਆ; ਜਿਨਿ ਜਮ ਕਾ ਪੰਥੁ ਮਿਟਾਇਆ, ਜਿਸ ਗੁਰੂ ਨੇ ਆਪਣੇ ਸੇਵਕਾਂ ਵਾਸਤੇ ਜਮ ਦੇ ਦੇਸ਼ ਨੂੰ ਜਾਣ ਵਾਲਾ ਰਸਤਾ ਹੀ ਮਿਟਾ ਦਿੱਤਾ; ਹਰਿ ਭਗਤਿ ਭਾਇ ਚਿਤੁ ਲਾਗਾ, ਗੁਰੂ ਦੀ ਬਖ਼ਸ਼ਿਸ਼ ਸਦਕਾ ਸੇਵਕਾਂ ਦਾ ਚਿੱਤ ਹਰੀ ਪ੍ਰਭੂ ਦੀ ਭਗਤੀ ਵਿਚ ਹੀ ਲੱਗਾ ਰਹਿੰਦਾ ਹੈ; ਅਤੇ ਵੱਡੇ ਭਾਗਾਂ ਵਾਲੇ ਸੇਵਕ ਪ੍ਰਭੂ ਦਾ ਨਾਮ ਜਪ ਕੇ ਉਚਾ-ਸੁੱਚਾ ਆਤਮਿਕ ਜੀਵਨ ਪ੍ਰਾਪਤ ਕਰ ਲੈਂਦੇ ਹਨ।

ਹਰਿ ਅੰਮ੍ਰਿਤ ਬਾਣੀ ਗਾਵੈ॥
ਸਾਧਾ ਕੀ ਧੂਰੀ ਨਾਵੈ॥
ਅਪੁਨਾ ਨਾਮੁ ਆਪੇ ਦੀਆ॥
ਪ੍ਰਭ ਕਰਣਹਾਰ ਰਖਿ ਲੀਆ॥੩॥

ਗੁਰਦੇਵ ਪਿਤਾ ਆਖਦੇ ਹਨ, ਹੇ ਭਾਈ! ਉਸ ਮਿਹਰਵਾਨ ਮਾਲਕ ਦਾ ਸੇਵਕ ਤਾਂ ਸਦਾ ਹੀ ਆਤਮਿਕ ਜੀਵਨ ਦੇਣ ਵਾਲੀ ਅੰਮ੍ਰਿਤਮਈ ਬਾਣੀ ਦਾ ਗਾਇਨ ਕਰਦਾ ਹੈ ਅਤੇ ਪ੍ਰਭੂ ਦੇ ਪਿਆਰਿਆਂ ਦੀ ਚਰਨ-ਧੂੜੀ ਵਿਚ ਇਸ਼ਨਾਨ ਕਰਦਾ ਰਹਿੰਦਾ ਹੈ; ਅਪੁਨਾ ਨਾਮੁ ਆਪੇ ਦੀਆ, ਉਸ ਪ੍ਰਭੂ ਨੇ ਆਪ ਹੀ ਆਪਣੇ ਸੇਵਕ ਨੂੰ ਆਪਣਾ ਨਾਮ ਬਖ਼ਸ਼ਿਆ ਹੈ; ਜਗਤ ਦੇ ਰਚਨਹਾਰ ਨੇ ਆਪਣੇ ਸੇਵਕ ਨੂੰ ਵਿਕਾਰਾਂ ਤੋਂ ਬਚਾ ਲਿਆ ਹੈ।

ਹਰਿ ਦਰਸਨ ਪ੍ਰਾਨ ਅਧਾਰਾ॥
ਇਹੁ ਪੂਰਨ ਬਿਮਲ ਬੀਚਾਰਾ॥
ਕਰਿ ਕਿਰਪਾ ਅੰਤਰਜਾਮੀ॥
ਦਾਸ ਨਾਨਕ ਸਰਣਿ ਸੁਆਮੀ॥੪॥

ਹੇ ਭਾਈ! ਉਸ ਮਿਹਰਵਾਨ ਪ੍ਰਭੂ ਦਾ ਦਰਸ਼ਨ ਹੀ ਉਸ ਦੇ ਸੇਵਕ ਦੀ ਜ਼ਿੰਦਗੀ ਦਾ ਓਟ ਆਸਰਾ ਹੈ; ਇਹੁ ਪੂਰਨ ਬਿਮਲ ਬੀਚਾਰਾ, ਇਸ ਲਈ ਪ੍ਰਭੂ ਦੇ ਸੇਵਕ ਦਾ ਇਹ ਪੂਰਨ ਅਤੇ ਉਚਾ-ਸੁੱਚਾ ਵਿਚਾਰ ਬਣਿਆ ਰਹਿੰਦਾ ਹੈ ਕਿ ਪ੍ਰਭੂ ਹੀ ਮੇਰਾ ਸਭ ਕੁਝ ਹੈ; ਕਰਿ ਕਿਰਪਾ ਅੰਤਰਜਾਮੀ, ਹੇ ਸਭ ਦੇ ਦਿਲਾਂ ਦੀਆਂ ਜਾਣਨ ਵਾਲੇ ਪ੍ਰਭੂ ਸੁਆਮੀ ਜੀਉ! ਮੇਰੇ 'ਤੇ ਕਿਰਪਾ ਕਰੋ; ਦਾਸ ਨਾਨਕ ਸਰਣਿ ਸੁਆਮੀ, ਹੇ ਮਿਹਰਵਾਨ ਪ੍ਰੀਤਮ ਜੀਉ! ਇਹ ਦਾਸ ਨਾਨਕ ਆਪ ਦੀ ਸਰਨ ਆਇਆ ਹੈ, ਕਿਰਪਾ ਕਰੋ।

ਆਓ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਵਿਚਾਰ-ਚਰਚਾ

### ਡਾ. ਅਰਵਿੰਦਪਾਲ ਸਿੰਘ ਮੰਡੇਰ ਦੀ ਕਿਤਾਬ 'ਧਰਮ ਅਤੇ ਪੱਛਮ ਦਾ ਪ੍ਰੇਤ: ਸਿੱਖੀ, ਭਾਰਤ, ਉਤਰਬਸਤੀਵਾਦ ਅਤੇ ਤਰਜਮੇ ਦੀ ਸਿਆਸਤ' ਬਾਰੇ ਸੰਵਾਦ

# ਪੜ੍ਹਿਆ ਹੋਵੈ ਗੁਨਹਗਾਰੁ

*ਸਿੱਖ ਚਿੰਤਕ ਡਾ. ਅਰਵਿੰਦਪਾਲ ਸਿੰਘ ਮੰਡੇਰ ਦੀ ਸੰਨ 2009 ਵਿਚ ਅੰਗਰੇਜ਼ੀ 'ਚ ਛਪੀ ਪੁਸਤਕ 'ਧਰਮ ਅਤੇ ਪੱਛਮ ਦਾ ਪ੍ਰੇਤ: ਸਿੱਖੀ, ਭਾਰਤ, ਉਤਰਬਸਤੀਵਾਦ ਅਤੇ ਤਰਜਮੇ ਦੀ ਸਿਆਸਤ' ਨੂੰ ਲੈ ਕੇ ਇਨ੍ਹੀਂ ਦਿਨੀਂ ਸਿੱਖ ਵਿਦਵਾਨਾਂ ਵਿਚ ਤਿੱਖੀ ਚਰਚਾ ਛਿੜੀ ਹੋਈ ਹੈ। ਡਾ. ਮੰਡੇਰ ਦੀ ਪਹੁੰਚ ਦੇ ਹੱਕ ਵਿਚ ਖੜੇ ਵਿਦਵਾਨਾਂ ਵਲੋਂ ਇਸ ਨੂੰ ਸਿੱਖੀ ਪ੍ਰਤੀ ਪਹੁੰਚ ਵੱਲ ਇਕ ਨਿੱਗਰ ਦਸਤਾਵੇਜ਼ ਕਰਾਰ ਦਿਤਾ ਜਾ ਰਿਹਾ ਹੈ ਜਦੋਂਕਿ ਇਸ ਦੇ ਆਲੋਚਕਾਂ ਵਲੋਂ ਇਸ ਉਪਰ ਗੰਭੀਰ ਕਿੰਤੂ ਉਠਾਏ ਜਾ ਰਹੇ ਹਨ। ਪ੍ਰਭਸ਼ਰਨਦੀਪ ਸਿੰਘ ਨੇ ਆਪਣੇ ਇਸ ਲੇਖ ਵਿਚ ਨਿੱਗਰ ਸੰਵਾਦ ਰਚਾਉਣ ਦੀ ਕੋਸ਼ਿਸ਼ ਕੀਤੀ ਹੈ। -ਸੰਪਾਦਕ*

ਜਗਤ ਪ੍ਰਸਿਧ ਚਿੰਤਕ ਨੀਤਸ਼ੇ ਦਾ ਕਥਨ ਹੈ, 'ਸਭ ਤੋਂ ਮਾੜੇ ਪਾਠਕ ਉਹ ਹਨ ਜੋ ਲੁੱਟਮਾਰ 'ਤੇ ਉਤਾਰੂ ਧਾੜਵੀਆਂ ਵਾਲ਼ਾ ਵਿਹਾਰ ਕਰਦੇ ਹਨ: ਉਹ ਜਿਹੜੀਆਂ ਕੁਝ ਕੁ ਚੀਜ਼ਾਂ ਵਰਤ ਸਕਦੇ ਹਨ ਚੁੱਕ ਲਿਜਾਂਦੇ ਹਨ, ਰਹਿੰਦੀਆਂ ਨੂੰ ਘੱਟੇ ਰੋਲ਼, ਸਭ ਕੁਝ ਦੀ ਬਦਖੋਈ ਕਰ ਜਾਂਦੇ ਹਨ।'

ਅਰਵਿੰਦਪਾਲ ਸਿੰਘ ਮੰਡੇਰ ਦੀ ਕਿਤਾਬ 'Religion and the Specter of the West: Sikhism, India, Postcoloniality, and the Politics of Translation' ਫਲਸਫਾਨਾ ਤਬੀਅਤ ਦੇ ਗੰਭੀਰ ਅਕਾਦਮਿਕ ਕੰਮ ਦੀ ਇੱਕ ਉਤਮ ਮਿਸਾਲ ਹੈ ਜਿਸ ਨੇ ਧਰਮ ਦੀ ਪਰਿਭਾਸ਼ਾ ਦੇ ਅਮਲ ਨਾਲ ਜੁੜੇ ਹੋਏ ਕੁਝ ਬੁਨਿਆਦੀ ਸੁਆਲਾਂ ਅਤੇ ਉਨ੍ਹਾਂ ਪਿੱਛੇ ਕਾਰਗਰ ਸਿਆਸਤ ਦਾ ਵਿਰਚਨਾਮੂਲਕ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਮੰਡੇਰ ਦੀ ਕਿਤਾਬ ਨੇ ਸਿੱਖੀ ਦੇ ਅਧਿਐਨ ਦੇ ਖੇਤਰ ਵਿਚ ਇੱਕ ਅਣਸਰਦੀ ਲੋੜ ਵੀ ਸੀ ਤੇ ਅਗਾਂਹ

**ਪ੍ਰਭਸ਼ਰਨਦੀਪ ਸਿੰਘ**

**ਧਰਮ ਅਧਿਐਨ ਵਿਭਾਗ**
**ਆਕਸਫੋਰਡ ਯੂਨੀਵਰਸਿਟੀ।**

ਨੂੰ ਇਸ ਖੇਤਰ ਵਿਚ ਕੰਮ ਕਰਨ ਵਾਲੇ ਵਿਦਿਆਰਥੀ ਜਾਂ ਵਿਦਵਾਨ ਇਸ ਨੂੰ ਨਜ਼ਰਅੰਦਾਜ਼ ਵੀ ਨਹੀਂ ਕਰ ਸਕਣਗੇ।

ਮੰਡੇਰ ਦੀ ਇਸ ਕਿਤਾਬ ਬਾਰੇ ਗੁਰਦਰਸ਼ਨ ਸਿੰਘ ਢਿੱਲੋਂ ਦੀ ਇੱਕ ਲਿਖਤ ਸਾਹਮਣੇ ਆਈ ਹੈ ਜਿਸ ਵਿਚ ਉਸ ਨੇ ਆਪਣੀਆਂ ਧਾਰਨਾਵਾਂ ਰਾਹੀਂ ਇਹੀ ਦਰਸਾਇਆ ਹੈ ਕਿ ਉਸ ਦੀ ਪੜ੍ਹਤ ਅਤੇ ਮੰਡੇਰ ਦੀ ਲਿਖਤ ਵਿਚ ਇੱਕ ਵੱਡਾ ਵਕਫਾ ਹੈ ਜਿਸ ਦਾ ਆਧਾਰ ਵਿਚਾਰਾਂ ਦਾ ਵੱਖਰੇਵਾਂ ਨਹੀਂ, ਸਮਝ ਦੀ ਪੱਧਰ ਦਾ ਫਰਕ ਹੈ, ਨੈਤਿਕਤਾ ਦੇ ਘੱਟੋ-ਘੱਟ ਮਿਆਰਾਂ ਦੀ ਅਣਹੋਂਦ ਹੈ, ਮੰਡੇਰ ਵੱਲੋਂ ਵਿਚਾਰੇ ਗਏ ਮੁੱਦਿਆਂ ਬਾਰੇ ਬੁਨਿਆਦੀ ਪੱਧਰ ਦੀ ਸਮਝ ਦੀ ਘਾਟ ਹੈ।

ਢਿੱਲੋਂ ਨੇ ਜਿਸ ਪੱਧਰ 'ਤੇ ਜਾ ਕੇ ਸ਼ੱਰੇਆਮ ਝੂਠੀਆਂ ਤੇ ਮਨਘੜ੍ਹਤ ਗੱਲਾਂ ਮੰਡੇਰ ਸਿਰ ਮੜ੍ਹੀਆਂ ਹਨ, ਸਿੱਖੀ ਤੇ ਗੁਰਬਾਣੀ ਨਾਲ਼ ਸਬੰਧਤ ਸੰਵੇਦਨਸ਼ੀਲ ਮੁੱਦਿਆਂ ਨੂੰ ਵਰਤਿਆ ਹੈ, ਮੰਡੇਰ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕਰਨ ਦੀ ਮੰਗ ਕਰਕੇ ਸਿੱਖਾਂ ਦੀ ਸਿਰਮੌਰ ਸੰਸਥਾ ਨੂੰ ਦਾਅ 'ਤੇ ਲਾਉਣ ਦੀ ਕੋਸ਼ਿਸ਼ ਕੀਤੀ ਹੈ, ਉਹ ਸਭ ਸਾਡੇ ਹਰ ਖੇਮੇ ਵਿਚ ਭਾਰੂ ਬਹੁਤ ਹੀ ਨਿੱਘਰੀ ਹੋਈ ਸਿਆਸਤ ਦੇ ਅਸਲ ਨੂੰ ਉਜਾਗਰ ਕਰਨ ਵਾਲੀਆਂ ਗੱਲਾਂ ਹਨ। ਸਵਾਲ ਉਠਦਾ ਹੈ ਕਿ ਕੀ ਇਨ੍ਹਾਂ ਬੰਦਿਆਂ ਨੇ ਧਾਰ ਹੀ ਰੱਖਿਐ ਕਿ ਕਦੇ ਕਿਸੇ ਚੱਜ ਦੇ ਬੰਦੇ ਦੇ ਪੈਰ ਲੱਗਣ ਹੀ ਨਹੀਂ ਦੇਣੇ, ਕੋਈ ਸੰਜੀਦਾ ਵਿਚਾਰ ਸ਼ੁਰੂ ਹੋਣ ਹੀ ਨਹੀਂ ਦੇਣੀ? ਖੁਦ ਇਹ ਲੋਕ ਸਿੱਖਾਂ ਦੀ ਸਹੀ ਬੌਧਿਕ ਤਰਜਮਾਨੀ ਕਰਨ ਜੋਗੇ ਨਹੀਂ, ਜੇ ਕੋਈ ਹੋਰ ਅੱਗੇ ਹੋ ਕੇ ਉਪਰਾਲਾ ਕਰਦਾ ਹੈ ਤਾਂ ਇਹ ਊਜਾਂ ਲਾਉਣ 'ਤੇ ਉਤਰ ਆਉਂਦੇ ਹਨ। ਅਜਿਹੇ ਲੋਕਾਂ ਦਾ ਵਿਦਵਾਨ ਦੇ ਤੌਰ 'ਤੇ ਸਥਾਪਤ ਹੋਣਾ ਸਿੱਖਾਂ ਦੇ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਹੋਰ ਗੁੰਝਲਦਾਰ ਬਣਾਉਣ ਦਾ ਕਾਰਨ ਬਣਿਆ ਹੈ। ਇਨ੍ਹਾਂ ਨੇ ਭੁਲੇਖਾ ਬਣਾਇਆ ਹੋਇਐ ਕਿ ਇਹ ਸਿੱਖਾਂ ਦਾ ਕੋਈ ਬੁੱਧੀਜੀਵੀ ਵਰਗ ਹੈ ਜਿਸ ਸਦਕਾ ਸਿੱਖ ਇਨ੍ਹਾਂ ਅਣਹੋਏ ਬੰਦਿਆਂ 'ਤੇ ਨਿਰਭਰ ਰਹੇ ਤੇ ਇਹ ਕਿਸੇ ਨਵੀਂ ਸ਼ੁਰੂਆਤ ਦੇ ਰਾਹ ਵਿਚ ਸਦਾ ਅੜਿੱਕਾ ਬਣੇ ਰਹੇ। ਅੰਤ ਨੂੰ ਸਿੱਖਾਂ ਦੇ ਵਡੇਰੇ ਹਿੱਸੇ ਵਿਚ ਇਹੀ ਗੱਲ ਸਥਾਪਤ ਹੋਈ ਕਿ ਪੜ੍ਹੇ-ਲਿਖੇ ਬੰਦੇ ਨਿਕੰਮੇ ਹੁੰਦੇ ਹਨ, ਜਿਨ੍ਹਾਂ ਦੀ ਨਾ ਕੋਈ ਪ੍ਰਤੀਬੱਧਤਾ ਹੁੰਦੀ ਹੈ ਤੇ ਨਾ ਕਿਸੇ ਰਾਹ ਪਾਉਣ ਜੋਗੀ ਸਮਝ। ਬੁੱਧੀਜੀਵੀ ਵਰਗ ਪ੍ਰਤੀ ਅਜਿਹੀ ਧਾਰਨਾ ਸਿੱਖਾਂ ਦੀਆਂ ਬੌਧਿਕ ਅਤੇ ਵਿਦਿਅਕ ਸੰਸਥਾਵਾਂ ਦੇ ਵਿਕਾਸ ਦੇ ਰਾਹ ਵਿਚ ਅੜਿੱਕਾ ਬਣੀ ਜਿਸ ਦਾ ਖਮਿਆਜ਼ਾ ਸਿੱਖ ਕਈ ਤਰੀਕਿਆਂ ਨਾਲ਼ ਭੁਗਤਦੇ ਆ ਰਹੇ ਹਨ।

ਹੱਥਲੇ ਲੇਖ ਦਾ ਮਕਸਦ ਮੰਡੇਰ ਦੀ ਕਿਤਾਬ ਦੀ ਪੜਚੋਲ ਕਰਨਾ ਨਹੀਂ, ਸਗੋਂ ਇਹ ਸਪੱਸ਼ਟ ਕਰਨਾ ਹੈ ਕਿ ਜੋ ਕੁਛ ਢਿੱਲੋਂ ਨੇ ਮੰਡੇਰ ਦੀ ਕਿਤਾਬ ਬਾਰੇ ਲਿਖਿਆ ਹੈ ਉਹ ਕਿੰਨਾ ਗਲਤ ਹੈ! ਕੋਸ਼ਿਸ਼ ਹੈ, ਕਿਤਾਬ ਦੇ ਹਵਾਲੇ ਨਾਲ਼ ਹੀ ਵੇਖਿਆ ਜਾਵੇ ਕਿ ਢਿੱਲੋਂ ਦੇ ਮੰਡੇਰ ਦੀ ਕਿਤਾਬ ਬਾਰੇ ਸਿੱਟੇ ਕਿੰਨੇ ਕੁ ਤਰਕਸੰਗਤ ਹਨ।

ਮੰਡੇਰ ਨੇ ਸਿੰਘ ਸਭਾ ਦੇ ਵਿਦਵਾਨਾਂ ਵੱਲੋਂ ਅਪਨਾਏ ਆਧੁਨਿਕਤਾਵਾਦੀ ਬਿਰਤਾਂਤ ਪ੍ਰਤੀ ਆਲੋਚਨਾਤਮਕ ਪਹੁੰਚ ਅਪਨਾਈ ਹੈ, ਜਦੋਂ ਕਿ ਢਿੱਲੋਂ ਅਨੁਸਾਰ ਸਿੰਘ ਸਭਾ ਦੌਰਾਨ ਸਾਹਮਣੇ ਆਈ ਸਿੱਖੀ ਦੀ ਵਿਆਖਿਆ ਅਸਲ ਵਿਚ ਗੁਰਮਤਿ ਦਾ ਪ੍ਰਮਾਣਿਕ ਰੂਪ ਹੈ ਅਤੇ ਇਸ ਸਬੰਧੀ ਆਲੋਚਨਾਤਮਕ ਪਹੁੰਚ ਸਿੱਖ ਵਿਰੋਧੀ ਪਹੁੰਚ ਵਜੋਂ ਗਰਦਾਨੀ ਜਾਣੀ ਚਾਹੀਦੀ ਹੈ। ਢਿੱਲੋਂ ਦੀ ਇਹ ਧਾਰਨਾ ਪਿਛਲੀ ਸਦੀ ਦੇ ਮਗਰਲੇ ਅੱਧ ਵਿਚਲੇ ਸਿੱਖ ਬੌਧਿਕਤਾ ਦੇ ਸੰਕਟ ਨੂੰ ਉਜਾਗਰ ਕਰਦੀ ਹੈ।

ਸਿੰਘ ਸਭਾ ਲਹਿਰ ਦੇ ਦੌਰ ਵਿਚ ਹਾਵੀ ਰਹੇ ਆਧੁਨਿਕਤਾਵਾਦੀ ਬਿਰਤਾਂਤ ਪ੍ਰਤੀ ਮੂਲੋਂ ਹੀ ਗੈਰ-ਆਲੋਚਨਾਤਮਕ ਰੁਖ ਧਾਰਨ ਕਰਦਿਆਂ ਇਸ ਨੂੰ ਗੁਰਮਤਿ ਦਾ ਅੰਤਮ ਰੂਪ ਮੰਨ ਲੈਣ ਪਿੱਛੇ ਸਿੱਖ ਵਿੱਦਿਅਕ ਸੰਸਥਾਵਾਂ ਦੇ ਨਿਘਾਰ ਦੀ ਤਲਖ ਹਕੀਕਤ ਖੜ੍ਹੀ ਹੈ ਜਿਸ ਪ੍ਰਤੀ ਇਸ ਦੌਰ ਦੇ ਸਿੱਖ ਵਿਦਵਾਨਾਂ ਨੇ ਭਾਂਜਵਾਦੀ ਰਵੱਈਆ ਅਪਨਾਈ ਰੱਖਿਆ ਹੈ। ਗੁਰਮਤਿ ਦੀਆਂ ਪਰੰਪਰਕ ਵਿਆਖਿਆ ਪ੍ਰਣਾਲੀਆਂ ਤੋਂ ਅਲਹਿਦਗੀ ਵਿਚ ਵਿਚਰਦਿਆਂ ਅਤੇ ਆਧੁਨਿਕਤਾਵਾਦੀ ਪਹੁੰਚ ਦੀ ਠੀਕ ਸਮਝ ਨਾ ਹੋਣ ਦੇ ਬਾਵਜੂਦ ਬੰਦੇ ਸਿੱਖਾਂ ਦੇ ਧਰਮੱਗ ਹੋਣ ਦੇ ਦਾਅਵੇਦਾਰ ਬਣ ਬੈਠੇ।

ਇਨ੍ਹਾਂ ਧਰਮੱਗਾਂ ਦੇ ਹਮਲਿਆਂ ਦਾ ਸ਼ਿਕਾਰ ਅਰਵਿੰਦਪਾਲ ਸਿੰਘ ਮੰਡੇਰ ਨੇ ਪੱਛਮੀ ਫਲਸਫਾਨਾ ਬਿਰਤਾਂਤ 'ਤੇ ਡੂੰਘੀ ਪਕੜ ਰਾਹੀਂ ਇਸ ਅੰਦਰਲੇ ਸਾਮਰਾਜੀ ਰੁਝਾਨਾਂ ਨੂੰ ਬੇਨਕਾਬ ਕਰਦਿਆਂ ਪੂਰਬਵਾਦ ਦੀ ਜੜ੍ਹ ਹੇਗਲ ਦੇ ਫਲਸਫਾਨਾ ਬਿਰਤਾਂਤ ਵਿਚ ਪਨਪਦੀ ਵਿਖਾਈ ਹੈ। ਅੰਗਰੇਜ਼ੀ ਬੋਲੀ ਅਤੇ ਪੱਛਮੀ ਮੁਹਾਵਰੇ ਵਿਚ ਗੱਲ ਕਰਦਿਆਂ, ਮੰਡੇਰ ਨੇ ਪੱਛਮੀ ਫਲਸਫਾਨਾ ਬਿਰਤਾਂਤ ਅੰਦਰਲੇ ਸੰਕਟ ਉਜਾਗਰ ਕੀਤੇ ਹਨ। ਇਸ ਦੇ ਨਾਲ਼ ਹੀ ਉਸ ਨੇ ਉਤਰ-ਬਸਤੀਵਾਦੀ ਬਿਰਤਾਂਤ ਅੰਦਰਲੀਆਂ ਵਿਰਲਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਸ਼ਬਦ ਗੁਰੂ ਦੀਆਂ ਕਾਇਨਾਤੀ ਸੰਭਾਵਨਾਵਾਂ ਦੀ ਗੱਲ ਕਰਦਿਆਂ ਮੰਡੇਰ ਨੇ ਸਿੱਖਾਂ ਵੱਲੋਂ ਪੱਛਮੀ ਫਲਸਫੇ ਨੂੰ ਦਿਸ਼ਾ ਵਿਖਾਉਣ ਦੀ ਸੰਭਾਵਨਾ ਬਾਰੇ ਗੱਲ ਤੋਰੀ ਹੈ। ਮੰਡੇਰ ਦੇ ਵਿਰੋਧ ਪਿਛੇ ਤਰਕ ਇਹੀ ਸਮਝ ਆਉਂਦਾ ਹੈ ਕਿ ਉਸ ਵੱਲੋਂ ਖੜ੍ਹੇ ਕੀਤੇ ਗਏ ਆਧਾਰ ਪੰਜਾਬ ਵਿਚਲੇ ਸਥਾਪਤ ਅਕਾਦਮਿਕ ਅਦਾਰਿਆਂ ਅਤੇ ਇਨ੍ਹਾਂ ਵਿਚ ਕੰਮ ਕਰਦੇ ਵਿਦਵਾਨਾਂ ਦੇ ਇੱਕ ਹਿੱਸੇ ਦੇ ਹੋਣ ਦੇ ਤਰਕ 'ਤੇ ਹੀ ਸੁਆਲੀਆ ਨਿਸ਼ਾਨ ਖੜ੍ਹੇ ਕਰਦੇ ਹਨ। ਸਥਾਪਤ ਅਦਾਰਿਆਂ ਵਿਚਲੇ ਬਿਰਤਾਂਤ ਨੂੰ ਅਸਲੋਂ ਹੀ ਨਵਿਆਏ ਜਾਣ ਤੋਂ ਬਿਨਾਂ ਮੰਡੇਰ ਵਰਗੇ ਵਿਦਵਾਨਾਂ ਵੱਲੋਂ ਖੜ੍ਹੇ ਕੀਤੇ ਗਏ ਮਿਆਰਾਂ ਦਾ ਸਾਹਮਣਾ ਕਰਨ ਦਾ ਕੋਈ ਤਰੀਕਾ ਨਹੀਂ ਸੀ। ਤੇ ਸਥਾਪਤ ਬਿਰਤਾਂਤ ਦਾ ਮੁਕੰਮਲ ਕਾਇਆਕਲਪ ਪੰਜਾਬ ਦੇ ਵਿਦਵਾਨਾਂ ਦੀ ਮੌਜੂਦਾ (ਲਗਭਗ ਗੁਜ਼ਰ ਚੁੱਕੀ) ਪੀੜ੍ਹੀ ਦੇ ਵੱਸ ਦੀ ਗੱਲ ਨਹੀਂ ਹੈ।

ਢਿੱਲੋਂ ਦਾ ਕਹਿਣਾ ਹੈ ਕਿ ਮੰਡੇਰ ਨੇ ਆਪਣੀ ਕਿਤਾਬ ਰਾਹੀਂ ਪੱਛਮ ਦੀਆਂ (ਸਿੱਖ-ਵਿਰੋਧੀ) ਸਾਮਰਾਜੀ ਨੀਤੀਆਂ ਦੀ ਨੁਮਾਇੰਦਗੀ ਕੀਤੀ ਹੈ ਅਤੇ ਉਨ੍ਹਾਂ ਦੀਆਂ ਅਗਲੇਰੀਆਂ ਸਾਜ਼ਿਸ਼ਾਂ ਨੂੰ (ਅਵੇਸਲੇਪਣ ਸਦਕਾ) ਉਜਾਗਰ ਕੀਤਾ ਹੈ। ਢਿੱਲੋਂ ਅਨੁਸਾਰ ਪੱਛਮ ਦੀਆਂ ਸਾਮਰਾਜੀ ਨੀਤੀਆਂ ਦੀ ਬੁਨਿਆਦ ਜਰਮਨ ਫਿਲਾਸਫਰ ਹੇਗਲ ਦੇ ਫਲਸਫਾਨਾ ਬਿਰਤਾਂਤ ਵਿਚ ਪਈ ਹੈ। ਉਸ ਦਾ ਹਾਸੋਹੀਣਾ ਦੋਸ਼ ਹੈ ਕਿ ਮੰਡੇਰ ਹੇਗਲ ਦੀ ਪਹੁੰਚ ਦਾ ਅਨੁਸਾਰੀ ਹੋ ਕੇ ਪੱਛਮੀ ਸਾਮਰਾਜੀ ਨੀਤੀਆਂ ਨੂੰ ਵਾਜਬ ਠਹਿਰਾਉਂਦਾ ਹੈ। ਉਸ ਤੋਂ ਵੀ ਅੱਗੇ ਢਿੱਲੋਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਦਾ ਹੈ ਕਿ ਉਸ ਨੂੰ ਵਾਕਈ ਹੇਗਲ ਦੀ ਸਮਝ ਹੈ। ਮੰਡੇਰ ਤਾਂ ਸਿੰਘ ਸਭਾ ਦੇ ਵਿਦਵਾਨਾਂ ਵੱਲੋਂ ਧਾਰੀ ਪਹੁੰਚ ਦੀ ਆਲੋਚਨਾ ਹੀ ਇਸ ਲਈ ਕਰਦਾ ਹੈ ਕਿ ਇਹ ਹੇਗਲੀ ਬਿਰਤਾਂਤ ਦੀ ਅਨੁਸਾਰੀ ਹੋ ਕੇ ਚੱਲਦੀ ਹੈ। ਉਹਨੇ ਤਾਂ ਸਥਾਪਤ ਕੀਤਾ ਹੈ ਕਿ ਕਿਵੇਂ ਹੇਗਲੀ ਬਿਰਤਾਂਤ ਪਹਿਲਾਂ ਹਿੰਦਵਿਗਿਆਨ (Indology) ਤੇ ਫਿਰ ਟਰੰਪ ਰਾਹੀਂ ਸਿੰਘ ਸਭਾ ਦੇ ਸੁਧਾਰਵਾਦੀ ਵਿਦਵਾਨਾਂ ਤੱਕ ਪਹੁੰਚਿਆ। ਮੰਡੇਰ ਦੇ ਹੇਗਲ ਅਤੇ ਪੱਛਮੀ ਸਾਮਰਾਜ ਪ੍ਰਤੀ ਨਜ਼ਰੀਏ ਦੀ ਪੜਚੋਲ ਤੋਂ ਪਹਿਲਾਂ ਵੇਖਣਾ ਬਣਦਾ ਹੈ ਕਿ ਮੰਡੇਰ ਦੀ ਕਿਤਾਬ ਵਿਚ ਹੇਗਲ ਦੇ ਫਲਸਫੇ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਿਸ ਸੰਦਰਭ ਵਿਚ ਆਇਆ?

ਮੰਡੇਰ ਅਨੁਸਾਰ ਪੰਜਾਬ 'ਤੇ ਕਬਜ਼ੇ ਤੋਂ ਬਾਅਦ ਅੰਗਰੇਜ਼ਾਂ ਨੇ ਸਿੱਖਾਂ ਦੇ ਧਰਮ, ਬੋਲੀ, ਸੱਭਿਆਚਾਰ ਅਤੇ ਰਾਜਨੀਤੀ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰਨ ਦੀ ਪਹੁੰਚ ਅਪਨਾਈ ਜਿਸ ਸਦਕਾ ਸਿੱਖ ਵੱਡੇ ਕਾਇਆਕਲਪ 'ਚੋਂ ਲੰਘੇ। ਅੰਗਰੇਜ਼ ਬਸਤੀਵਾਦੀਆਂ ਨੇ ਸਾਡੀ ਧਰਤੀ 'ਤੇ



*ਡਾ. ਅਰਵਿੰਦਪਾਲ ਸਿੰਘ ਮੰਡੇਰ*

ਕਬਜ਼ਾ ਕਰਨ ਤੋਂ ਪਹਿਲਾਂ ਹੀ ਇੱਕ ਸਰਬੰਗੀ ਬਸਤੀਵਾਦੀ ਬਿਰਤਾਂਤ ਘੜ ਲਿਆ ਸੀ। ਤਰਜਮੇ ਦੀ ਸਿਆਸਤ ਇਸ ਬਿਰਤਾਂਤ ਦਾ ਅਹਿਮ ਹਿੱਸਾ ਸੀ। ਇੱਥੇ ਤਰਜਮੇ ਤੋਂ ਭਾਵ ਮਹਿਜ਼ ਕਿਸੇ ਲਿਖਤ ਦਾ ਇੱਕ ਤੋਂ ਦੂਜੀ ਬੋਲੀ ਵਿਚ ਉਲਥਾ ਕਰਨਾ ਨਹੀਂ, ਸਗੋਂ ਤਰਜਮੇ ਦਾ ਅਮਲ ਇੱਕ ਵਿਆਪਕ ਸੱਭਿਆਚਾਰਕ ਅਮਲ ਹੈ। ਉਂਜ ਵੀ ਸਿੱਧੇ ਤੇ ਸਾਦੇ ਉਲਥੇ ਨਾਂ ਦੀ ਕੋਈ ਗੱਲ ਨਹੀਂ ਹੁੰਦੀ। ਹਰ ਉਲਥੇ ਤੋਂ ਬਾਅਦ ਇੱਕ ਨਵੀਂ ਲਿਖਤ ਸਾਹਮਣੇ ਆਉਂਦੀ ਹੈ, ਜਿਸ ਦਾ ਮੂਲ ਲਿਖਤ ਨਾਲ਼ ਕੋਈ ਨਾ ਕੋਈ ਸਬੰਧ ਤਾਂ ਜ਼ਰੂਰ ਹੁੰਦਾ ਹੈ ਪਰ ਇਹ ਉਸ ਵਿਚ ਵੱਡੇ ਫਰਕ ਪਾ ਦਿੰਦੀ ਹੈ।

ਦੂਜੀ ਬੋਲੀ ਦੀ ਇੱਕ ਆਪਣੀ ਮਿਲਖ ਹੁੰਦੀ ਹੈ, ਜਿਸ ਵਿਚ ਸਦੀਆਂ ਦੀ ਲੋਕਧਾਰਾਈ, ਸੱਭਿਆਚਾਰਕ, ਸਾਹਿਤਕ, ਅਤੇ ਧਾਰਮਿਕ ਕਸਰਤ ਰਿੜਕ-ਰਿੜਕ ਕੇ ਸ਼ਬਦਾਂ ਦੇ ਸਾਰ ਸਾਹਮਣੇ ਲਿਆਉਂਦੀ ਹੈ। ਉਸ ਬੋਲੀ ਨੂੰ ਬੋਲਣ ਵਾਲੇ ਲੋਕ ਬੋਲੀ ਦੇ ਖਾਸ ਅੰਦਰਲੇ ਤੱਤ ਨੂੰ ਜਿਉਂਦੇ ਹਨ, ਇਸ ਰਾਹੀਂ ਸਾਹ ਲੈਂਦੇ ਹਨ, ਤੇ ਇਸ ਦੀ ਨੁਮਾਇੰਦਗੀ ਕਰਦੇ ਹਨ। ਉਲਥੇ ਤੋਂ ਬਾਅਦ ਬੋਲੀ ਦਾ ਇਹ ਤੱਤ-ਸਾਰ ਲਿਖਤ ਦੀ ਕਾਇਆ ਪਲਟ ਦਿੰਦਾ ਹੈ। ਸ਼ਬਦ ਜੋ ਸੰਕਲਪਾਂ ਦੇ ਤੌਰ 'ਤੇ ਹਰਕਤ ਵਿਚ ਆਉਂਦੇ ਹਨ, ਉਲਥਾਈ ਜਾ ਰਹੀ ਲਿਖਤ 'ਤੇ ਆਪਣਾ ਬੋਝ ਲੱਦ ਦਿੰਦੇ ਹਨ। ਮਿਸਾਲ ਦੇ ਤੌਰ 'ਤੇ ਸ਼ਬਦ ਅਕਾਲ ਪੁਰਖ ਅਤੇ ਗੌਡ ਇੱਕੋ ਭਾਵ ਨੂੰ ਪ੍ਰਗਟ ਨਹੀਂ ਕਰਦੇ। ਦੋਹਾਂ ਪਿੱਛੇ ਅੱਡ-ਅੱਡ ਪ੍ਰਤੀਤੀਆਂ, ਵੱਖੋ-ਵੱਖਰੇ ਅਨੁਭਵਾਂ, ਅੱਡਰੀਆਂ ਪਰੰਪਰਾਵਾਂ ਵਿਚੋਂ ਪੈਦਾ ਹੋਏ ਸੰਕਲਪ (concept) ਖੜੇ ਹਨ।

ਕਹਿਣ ਤੋਂ ਭਾਵ ਅਕਾਲ ਪੁਰਖ ਨੂੰ ਗੌਡ ਕਹਿਣ ਨਾਲ਼ ਸਿੱਖੀ ਦੀ ਇਸਾਈਅਤ ਅਤੇ ਪੱਛਮੀ ਚਿੰਤਨ ਦੇ ਗ਼ਲਬੇ ਹੇਠ ਵਿਆਖਿਆ ਦਾ ਮੁੱਢ ਬੱਝ ਜਾਂਦਾ ਹੈ। ਇਸੇ ਤਰ੍ਹਾਂ ਧਰਮ ਨੂੰ ਰਿਲੀਜਨ, ਗੁਰੂ ਨੂੰ ਪਰੋਫਿਟ ਜਾਂ ਪੈਗੰਬਰ ਜਾਂ ਫਿਰ ਸੇਂਟ ਅਤੇ ਟੀਚਰ ਆਦਿ ਕਹਿਣ ਨਾਲ ਅਰਥ ਮੂਲੋਂ ਹੀ ਬਦਲ ਜਾਂਦੇ ਹਨ। ਇਸ ਤਰ੍ਹਾਂ ਤਰਜਮੇ ਤੋਂ ਬਾਅਦ ਜਦੋਂ ਇਸ ਨੂੰ ਮੂਲ ਲਿਖਤ ਦਾ ਹੀ ਰੂਪ ਕਿਹਾ ਜਾਂਦਾ ਹੈ ਤਾਂ ਅਸਲ ਵਿਚ ਉਸ ਮੂਲ ਲਿਖਤ ਨੂੰ ਪੜ੍ਹਨ ਵਾਲੇ ਜਾਂ ਇਸ ਤੋਂ ਸੇਧ ਲੈਣ ਵਾਲੇ ਲੋਕਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ। ਬਸਤੀਵਾਦੀ ਹਾਕਮ ਲੋਕਾਂ ਸਿਰ ਇੱਕ ਨਵੀਂ ਪਰੰਪਰਾ ਮੜ੍ਹਦੇ ਹਨ, ਸਿੱਧੇ ਰੂਪ ਵਿਚ ਧਰਮ ਤਬਦੀਲੀ ਤੋਂ ਪਹਿਲਾਂ, ਉਨ੍ਹਾਂ ਦੀ ਪਰੰਪਰਾ ਦੀ ਹੀ ਨਵੀਂ ਵਿਆਖਿਆ ਦੇ ਨਾਂ 'ਤੇ।

ਤਰਜਮੇ ਦੇ ਇਸ ਸਿਆਸੀ ਪੈਂਤੜੇ ਦੀ ਕਾਮਯਾਬੀ ਤੋਂ ਬਾਅਦ ਅੰਗਰੇਜ਼ ਬਸਤੀਵਾਦੀਆਂ ਦਾ ਇਹ ਮਨਸ਼ਾ ਸੀ ਕਿ ਨਵੇਂ ਮੁਹਾਵਰੇ ਵਿਚ ਸਿੱਖੀ ਦੀ ਨਵੀਂ ਵਿਆਖਿਆ ਪੰਜਾਬੀ ਸਮੇਤ ਹਰ ਬੋਲੀ ਵਿਚ ਲਿਖਣ ਵਾਲੇ ਸਿੱਖ ਲਿਖਾਰੀ ਕਰਨ। ਮੰਡੇਰ ਮੁਤਾਬਕ ਸਿੰਘ ਸਭਾ ਲਹਿਰ ਦੌਰਾਨ ਐਨ ਇਹੀ ਗੱਲ ਹੋਈ। ਸਿੱਖ ਵਿਦਵਾਨਾਂ ਨੇ ਪੱਛਮੀ ਨੁਕਤੇ ਤੋਂ ਸਿੱਖੀ ਦੀ ਵਿਆਖਿਆ ਕੀਤੀ। ਉਨ੍ਹਾਂ ਦੇ ਪੱਛਮੀ ਵਿਆਖਿਆ ਪ੍ਰਣਾਲੀਆਂ ਨਾਲ ਸਬੰਧ ਦਾ ਵੇਰਵਾ ਦਿੰਦਿਆਂ ਮੰਡੇਰ ਆਪਣੀ ਗੱਲ ਅਰਨੈਸਟ ਟਰੰਪ ਤੋਂ ਸ਼ੁਰੂ ਕਰਦਾ ਹੈ। ਮੰਡੇਰ ਮੁਤਾਬਕ ਟਰੰਪ ਨੇ ਸਿੱਖੀ ਅਤੇ ਗੁਰਬਾਣੀ ਦੀ ਵਿਆਖਿਆ ਕਰਦਿਆਂ ਆਪਣੀ ਪੱਛਮੀ ਪਹੁੰਚ ਨੂੰ ਕਾਇਨਾਤੀ ਤਸਲੀਮ ਕੀਤਾ ਹੋਇਆ ਸੀ। ਉਹ ਸਮਝਦਾ ਸੀ ਕਿ ਧਰਮ ਪ੍ਰਤੀ ਪੱਛਮੀ ਪਹੁੰਚ ਪੂਰੀ ਕਾਇਨਾਤ ਲਈ ਇੱਕੋ ਜਿਹੀ ਪ੍ਰਾਸੰਗਿਕਤਾ ਰੱਖਦੀ ਹੈ। ਜਿਵੇਂ ਇਸ ਨੁਕਤੇ ਤੋਂ ਪੱਛਮੀ ਧਰਮਾਂ ਦੀ ਵਿਆਖਿਆ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਦੁਨੀਆਂ ਦੇ ਹੋਰ ਧਰਮਾਂ ਦੀ ਵਿਆਖਿਆ ਲਈ ਵੀ ਇਹੀ ਸਹੀ ਪਹੁੰਚ ਹੈ, ਕਿਉਂਕਿ ਇਹ ਆਧੁਨਿਕ ਹੈ, ਵਿਗਿਆਨਕ ਹੈ।

ਮੰਡੇਰ ਟਰੰਪ ਦੀ ਇਸ ਪਹੁੰਚ ਦਾ ਭਰਵਾਂ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਮੰਡੇਰ ਦਾ ਦੋਸ਼ ਹੈ ਕਿ ਸਿੱਖ ਵਿਦਵਾਨਾਂ ਨੇ ਇਸ ਪਹੁੰਚ ਪ੍ਰਤੀ ਪੜਚੋਲੀਆ ਰੁਖ ਅਪਨਾਉਣ ਦੀ ਬਜਾਏ ਪੱਛਮੀ ਬਸਤੀਵਾਦੀਆਂ ਵੱਲੋਂ ਕੀਤੇ ਇਸ ਦੇ ਕਾਇਨਾਤੀ ਹੋਣ ਦੇ ਦਾਅਵੇ ਨੂੰ ਪ੍ਰਵਾਨ ਕਰ ਲਿਆ ਅਤੇ ਟਰੰਪ ਵੱਲੋਂ ਕੱਢੇ ਗਏ ਬੇਤੁਕੇ ਸਿੱਟਿਆਂ ਦੇ ਜਵਾਬ ਉਸੇ ਦੀ ਵਿਆਖਿਆ-ਪ੍ਰਣਾਲੀ ਦੇ ਘੇਰੇ ਵਿਚ ਰਹਿੰਦਿਆਂ ਦਿੱਤੇ। ਮੰਡੇਰ ਵੱਲੋਂ ਪੇਸ਼ ਕੀਤੀ ਸਿੰਘ ਸਭਾ ਦੇ ਵਿਦਵਾਨਾਂ ਦੀਆਂ ਲਿਖਤਾਂ ਦੀ ਪੜ੍ਹਤ ਨੂੰ ਹੋਰ ਬਾਰੀਕੀ ਨਾਲ ਅਤੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਵੇਖਣ ਦੀ ਲੋੜ ਹੈ। ਸਿੰਘ ਸਭਾ ਲਹਿਰ ਦੌਰਾਨ ਸਾਹਮਣੇ ਆਏ ਮੁਹਾਵਰਿਆਂ ਵਿਚਲੀਆਂ ਸੂਖਮਤਾਈਆਂ ਦੀ ਦੀਰਘ ਪੁਣਛਾਣ ਦੀ ਲੋੜ ਹੈ। ਮੰਡੇਰ ਨਾਲ ਅਸਹਿਮਤੀ ਹੋ ਸਕਦੀ ਹੈ, ਉਸ ਦੇ ਦਾਅਵਿਆਂ ਬਾਰੇ ਸੁਆਲ ਖੜ੍ਹੇ ਕੀਤੇ ਜਾ ਸਕਦੇ ਹਨ, ਖੁਦ ਮੈਂ ਵੀ ਇਸ ਨੂੰ ਨਵੇਂ ਸਿਰੇ ਤੋਂ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਪਰ ਉਸ ਵੱਲੋਂ ਪੱਛਮੀ ਬਿਰਤਾਂਤਾਂ ਦੇ ਸਿੰਘ ਸਭਾ ਤੱਕ ਸੰਚਾਰ ਦੇ ਪੇਸ਼ ਕੀਤੇ ਗਏ ਵੇਰਵੇ ਨੂੰ ਅਸਲੋਂ ਨਕਾਰਿਆ ਨਹੀਂ ਜਾ ਸਕਦਾ।

ਟਰੰਪ ਦੀ ਪਹੁੰਚ ਦਾ ਪਿਛੋਕੜ ਸਹਿਤ ਵੇਰਵਾ, ਇਸ ਦਾ ਬਰੀਕ ਅਤੇ ਭਰਵਾਂ ਆਲੋਚਨਾਤਮਕ ਵਿਸ਼ਲੇਸ਼ਣ, ਮੰਡੇਰ ਦੀ ਸਿੱਖੀ ਦੇ ਅਧਿਐਨ ਵਿਚ ਮੌਲਿਕ ਦੇਣ ਹੈ ਜਿਸ ਲਈ ਅਸੀਂ ਉਸ ਦੇ ਸਦਾ ਰਿਣੀ ਰਹਾਂਗੇ। ਢਿੱਲੋਂ ਨੇ ਵਾਵੇਲ਼ਾ ਤਾਂ ਮਚਾ ਦਿੱਤਾ ਪਰ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਮੰਡੇਰ ਨੇ ਟਰੰਪ ਦੀ ਕਿਤਾਬ ਨੂੰ ਸਭ ਤੋਂ ਪ੍ਰਭਾਵਕਾਰੀ ਦਸਤਾਵੇਜ਼ ਕਿਉਂ ਕਿਹਾ। ਮੰਡੇਰ ਨੇ ਅਜਿਹਾ ਇਸ ਲਈ ਕਿਹਾ ਕਿ ਟਰੰਪ ਨੇ ਪਹਿਲੀ ਵਾਰ ਸਿੱਖੀ ਦੇ ਅਧਿਐਨ ਵਿਚ ਨਵੇਂ ਮਿਆਰ ਸਥਾਪਿਤ ਕੀਤੇ ਜਿਸ ਨਾਲ ਉਸ ਤੋਂ ਬਾਅਦ ਆਉਣ ਵਾਲੇ ਸਿੱਖ ਬਿਰਤਾਂਤ ਦਾ ਰੁਖ ਹੀ ਬਦਲ ਗਿਆ। ਟਰੰਪ ਵੱਲੋਂ ਨਿਸ਼ਚਿਤ ਕੀਤੇ ਮਿਆਰਾਂ ਤਹਿਤ ਸਿੱਖ ਪੱਛਮੀ ਮੁਹਾਵਰੇ ਦੀ ਜ਼ੱਦ ਵਿਚ ਆ ਗਏ। ਪ੍ਰੋ. ਪੂਰਨ ਸਿੰਘ ਨੂੰ ਛੱਡ ਕੇ ਉਸ ਦੌਰ ਦੇ ਵਿਦਵਾਨਾਂ ਵਿਚ ਪੱਛਮੀ ਪਹੁੰਚ ਨੂੰ ਚੁਣੌਤੀ ਦੇਣ ਦੀ ਸਮਰੱਥਾ ਨਹੀਂ ਸੀ। ਹੋਰ ਵਿਦਵਾਨਾਂ ਦੀ ਅਹਿਮ ਦੇਣ ਤਾਂ ਜ਼ਰੂਰ ਹੈ, ਪਰ ਉਨ੍ਹਾਂ ਨੇ ਪੂਰੀ ਸਪੱਸ਼ਟਤਾ ਨਾਲ਼ ਪੱਛਮੀ ਬਿਰਤਾਂਤ ਦੀਆਂ ਸੀਮਤਾਈਆਂ ਦੀ ਗੱਲ ਨਹੀਂ ਕੀਤੀ। ਉਸ ਦੌਰ ਨੂੰ ਛੱਡੋ, ਢਿੱਲੋਂ ਵਰਗਿਆਂ ਦੇ ਖਾਨੇ ਅੱਜ ਵੀ ਇਹ ਗੱਲ ਨਹੀਂ ਪੈਂਦੀ।

ਟਰੰਪ ਦੀ ਇਸ ਹਿੰਦਵਿਗਿਆਨ ਪਹੁੰਚ ਦੇ ਪਿਛੋਕੜ ਵਿਚ ਜਾਂਦਿਆਂ ਮੰਡੇਰ ਇਸ ਦੇ ਜਰਮਨ ਫਿਲਾਸਫਰ ਹੇਗਲ ਨਾਲ ਸਬੰਧਾਂ ਦਾ ਖੁਲਾਸਾ ਕਰਦਾ ਹੈ ਕਿ ਜਰਮਨ ਹਿੰਦਵਿਗਿਆਨ ਦੇ ਪੂਰਬਵਾਦ ਨਾਲ ਸਬੰਧਾਂ ਨੂੰ ਧਿਆਨ ਵਿਚ ਰੱਖਣਾ, ਖਾਸ ਅਹਿਮੀਅਤ ਰੱਖਦਾ ਹੈ। ਮੰਡੇਰ ਅਨੁਸਾਰ ਹੈਰਾਨੀ ਦੀ ਗੱਲ ਹੈ ਕਿ ਹਿੰਦੋਸਤਾਨ ਦੇ ਉਤਰਬਸਤੀਵਾਦੀ ਬਿਰਤਾਂਤ ਦਾ ਤੋਰਾ ਤੋਰਨ ਵਿਚ ਮੋਢੀ ਚਿੰਤਕ ਐਡਵਰਡ ਸਈਦ ਦਾ ਪੂਰਬਵਾਦ ਦਾ ਆਲੋਚਨਾਤਮਕ ਵਿਸ਼ਲੇਸ਼ਣ ਵੀ ਇਸ ਦੇ ਜਰਮਨ ਹਿੰਦਵਿਗਿਆਨ ਨਾਲ ਰਾਬਤੇ ਦਾ ਧਿਆਨ ਰੱਖਣੋਂ ਉਕ ਜਾਂਦਾ ਹੈ। ਮਗਰੋਂ ਰੋਨਲਡ ਇੰਡਨ, ਗਾਇਤਰੀ ਸਪੀਵਾਕ, ਵਿਲਹੈਲਮ ਹੈਲਬਫਾਸ, ਤੇਜਸਵਿਨੀ ਨਿਰੰਜਨਾ, ਜੋਹੱਨਸ ਫੇਬੀਅਨ, ਦਿਪੇਸ਼ ਚੱਕਰਬਰਤੀ ਅਤੇ ਫੇਂਗ ਚਿਅਹ ਵਰਗੇ ਚਿੰਤਕਾਂ ਨੇ ਪੂਰਬਵਾਦ ਦੇ ਜਰਮਨ ਸਰੋਤਾਂ ਨੂੰ ਵਡੇਰਾ ਮਹੱਤਵ ਦਿੰਦਿਆਂ ਐਡਵਰਡ ਸਈਦ ਦੀ ਇਸ ਗਲਤੀ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਹੈ। ਜਰਮਨ ਸਰੋਤਾਂ ਬਾਰੇ ਸਪੱਸ਼ਟ ਕਰਦਿਆਂ ਮੰਡੇਰ ਉਪਰੋਕਤ ਵਿਚਾਰਵਾਨਾਂ ਵੱਲੋਂ ਕੀਤੇ ਹੇਗਲ ਦੇ ਵਿਸ਼ਲੇਸ਼ਣ ਦਾ ਵੇਰਵਾ ਦਿੰਦਿਆਂ ਦੱਸਦਾ ਹੈ ਕਿ ਇਨ੍ਹਾਂ ਵਿਦਵਾਨਾਂ ਨੇ ਹੇਗਲ ਦੀ ਅਸਰਅੰਦਾਜ਼ ਲਿਖਤ 'ਤਵਾਰੀਖੀ ਫਲਸਫੇ 'ਤੇ ਵਿਖਿਆਨ' (Lectures on Philosophy of History) ਦੀ ਹਿੰਦੋਸਤਾਨ ਦੀਆਂ ਬਸਤੀਵਾਦੀ ਅਤੇ ਨਵ-ਬਸਤੀਵਾਦੀ ਨੁਮਾਇੰਦਗੀਆਂ ਦੀ ਮੂਲ ਕਿਤਾਬ ਵਜੋਂ ਨਿਸ਼ਾਨਦੇਹੀ ਕੀਤੀ ਹੈ। ਇਨ੍ਹਾਂ ਚਿੰਤਕਾਂ ਦੀ ਧਾਰਨਾ ਸੀ ਕਿ ਜੇ ਹੇਗਲ ਦੀ ਉਪਰੋਕਤ ਲਿਖਤ ਦੇ ਸੰਬੋਧੀ ਸਾਂਚੇ ਨੂੰ ਉਧੇੜਿਆ ਜਾਵੇ ਤਾਂ ਸੰਭਵ ਹੈ ਕਿ ਇਸ ਨਾਲ ਨਾ ਕੇਵਲ ਯੂਰੋਮੁਖਤਾਵਾਦ ਦੇ ਜ਼ਿਆਦਾ ਫਾਹਸ਼ ਰੂਪਾਂ ਦਾ ਉਤਰ-ਪੂਰਬਵਾਦੀ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕੀਤਾ ਜਾ ਸਕਦਾ ਹੈ, ਸਗੋਂ ਸਈਦ ਦੀ ਪੈਰਵਾਈ ਕਰਦਿਆਂ ਇੱਕ ਸੈਕੂਲਰ ਸਾਮਰਾਜ-ਵਿਰੋਧੀ ਆਲੋਚਨਾਤਮਕ ਵਿਸ਼ਲੇਸ਼ਣ ਵੀ ਪੇਸ਼ ਕੀਤਾ ਜਾ ਸਕਦਾ ਹੈ। ਇਸ ਪਹੁੰਚ ਦੇ ਇੱਕ ਸੰਗੀਨ ਨੁਕਸ ਦੀ ਨਿਸ਼ਾਨਦੇਹੀ ਕਰਦਿਆਂ ਮੰਡੇਰ ਦੱਸਦਾ ਹੈ ਕਿ ਅਜਿਹੀ ਪਹੁੰਚ ਪੂਰਬਵਾਦ ਤੋਂ ਪਾਰਲੀ ਕਿਸੇ ਵੀ ਲਹਿਰ 'ਤੇ ਸੈਕੂਲਰ ਹੋਣ ਦੀ ਸ਼ਰਤ ਲਾਉਂਦੀ ਹੈ ਜਿਸ ਦਾ ਅਸਲ ਮਨਸ਼ਾ ਧਰਮ ਦੀ ਵਾਪਸੀ ਜਾਂ ਲਿਤਾੜੀ ਧਾਰਮਿਕਤਾ ਦੇ ਕਿਸੇ ਵੀ ਰੂਪ ਦੀ ਵਾਪਸੀ ਤੋਂ ਅਸੁਰੱਖਿਅਤ ਮਹਿਸੂਸ ਕਰ ਕੇ ਕੰਧਾਂ ਖੜ੍ਹੀਆਂ ਕਰਨਾ ਹੈ। ਇਸ ਨੁਕਤੇ ਨੂੰ ਮੰਡੇਰ ਹੋਰ ਸਪੱਸ਼ਟ ਕਰਦਾ ਹੈ ਕਿ ਇਤਿਹਾਸਵਾਦ ਪ੍ਰਤੀ ਉਲਾਰ ਵਿਚੋਂ ਧਰਮ ਨੂੰ ਸਿੱਧੜ ਜਿਹੇ ਤਰੀਕੇ ਨਾਲ ਨਕਾਰਨ ਵਾਲੇ ਪੈਂਤੜੇ ਨੇ ਅਸਲ ਵਿਚ ਉਸੇ ਹੇਗਲਵਾਦ ਨੂੰ ਮੁੜ ਸਥਾਪਤ ਕਰ ਦਿੱਤਾ ਜਿਸ ਦੀ ਜੜ੍ਹ ਪੁੱਟਣ ਦਾ ਇਸ ਨੇ ਤਹੱਈਆ ਕੀਤਾ ਸੀ।

ਮੰਡੇਰ ਅਨੁਸਾਰ ਇਹ ਖਿਆਲ ਕਿ ਇਤਿਹਾਸਵਾਦ ਆਪਣੇ ਆਪ ਵਿਚ ਉਤਰ-ਬਸਤੀਵਾਦੀ ਧਿਰ ਬਾਰੇ ਵਿਚਾਰ ਦੇ ਸਹੀ ਤੱਤ ਮੁਹੱਈਆ ਕਰਵਾ ਸਕਦਾ ਹੈ, ਕਈ ਅਹਿਮ ਪਹਿਲੂਆਂ ਨੂੰ ਧਿਆਨ ਵਿਚ ਰੱਖਣੋਂ ਪੱਛੜ ਜਾਂਦਾ ਹੈ। ਪਹਿਲਾ, ਉਪਰੋਕਤ ਆਲੋਚਨਾਤਮਕ ਵਿਸ਼ਲੇਸ਼ਣ ਇਹ ਮੰਨਣੋਂ ਉਕ ਜਾਂਦਾ ਹੈ ਕਿ ਹੇਗਲ ਦੇ ਚਿੰਤਨ ਵਿਚ ਧਰਮ ਅਤੇ ਇਤਿਹਾਸ ਕਿਸ ਹੱਦ ਤੱਕ ਇੱਕ-ਦੂਜੇ ਵਿਚ ਪਰੁੱਚੇ ਹੋਏ ਹਨ। ਦੂਜਾ, ਇਹ ਉਨ੍ਹਾਂ ਡੂੰਘੇ ਗਠਜੋੜਾਂ ਨੂੰ ਨਜ਼ਰਅੰਦਾਜ਼ ਕਰਦਾ ਹੈ ਜੋ ਇਤਿਹਾਸਵਾਦ ਦੇ ਵਿਚਾਰ ਦੀ ਇੱਕ ਵੰਨਗੀ ਵਜੋਂ ਹਿੰਦੋਸਤਾਨ ਦੀ ਸਿਆਸੀ ਆਧੁਨਿਕਤਾ ਨਾਲ ਨਾਤਾ ਜੋੜਦਾ ਹੈ-ਸਿਆਸੀ ਆਧੁਨਿਕਤਾ ਜਿਹੜੀ ਕਿ ਜਿੰਨੀ ਕੁ ਸੈਕੂਲਰ ਹੈ, ਉਨੀ ਹੀ ਧਾਰਮਿਕ ਵੀ ਹੈ। ਤੀਜਾ, ਹਿਊਮੈਨੀਟੀਜ਼ ਅਤੇ ਸਮਾਜ ਵਿਗਿਆਨਾਂ ਵਿਚਾਲੇ ਸੱਭਿਆਚਾਰਕ ਪਛਾਣ ਦਾ ਸੰਕਟ ਹੈ, ਜੋ ਕਿ ਧਰਮ ਅਤੇ

(ਬਾਕੀ ਅਗਲੇ ਸਫੇ 'ਤੇ)

ਇਤਿਹਾਸਵਾਦ ਵਿਚਲੇ ਕਦੇ ਨਾ ਮੁੱਕਣ ਵਾਲੇ ਵਿਰੋਧ ਦੁਆਲੇ ਘੁੰਮਦਾ ਹੈ। ਮੰਡੇਰ ਇਨ੍ਹਾਂ ਪਹਿਲੂਆਂ ਦੀ ਰੋਸ਼ਨੀ ਵਿਚ ਦੱਸਦਾ ਹੈ ਕਿ ਹੇਗਲ ਦੇ 'ਧਰਮ ਦੇ ਫਲਸਫੇ 'ਤੇ ਵਿਖਿਆਨ' (Lectures on Philosophy of Religion) ਉਸ ਦੇ 'ਤਵਾਰੀਖੀ ਫਲਸਫੇ 'ਤੇ ਵਿਖਿਆਨ' (Lectures on Philosophy of History) ਨਾਲੋਂ ਵਧੇਰੇ ਅਹਿਮ ਹਨ। ਮੰਡੇਰ ਇਸ ਅਹਿਮੀਅਤ ਦੇ ਦੋ ਮੁੱਖ ਪਹਿਲੂਆਂ ਦੀ ਨਿਸ਼ਾਨਦੇਹੀ ਕਰਦਾ ਹੈ: (1) ਪੱਛਮ ਦੇ ਹਿੰਦਵਿਗਿਆਨ ਨਾਲ ਸਾਹਮਣੇ ਦੀ ਰੋਸ਼ਨੀ ਵਿਚ ਧਰਮ ਅਤੇ ਇਤਿਹਾਸਵਾਦ ਵਿਚਲਾ ਰਿਸ਼ਤਾ; (2) ਸੱਭਿਆਚਾਰਕ ਵੰਨਸੁਵੰਨਤਾਵਾਦ ਦੇ ਮਸਲੇ ਦੇ ਸਬੰਧ ਵਿਚ ਥੀਅਰੀ ਦਾ ਸੰਕਟ, ਖਾਸ ਤੌਰ 'ਤੇ ਜਿਵੇਂ ਇਹ ਹਿਊਮੈਨੀਟੀਜ਼ ਦੇ ਮਹਿਕਮਿਆਂ ਦੇ ਸੰਗਠਨ ਵਿਚ ਭੂਮਿਕਾ ਨਿਭਾਉਂਦੀ ਹੈ।

ਮੰਡੇਰ ਦੱਸਦਾ ਹੈ ਕਿ ਭਾਵੇਂ ਰੋਨਲਡ ਇੰਡਨ, ਗਾਇਤਰੀ ਸਪੀਵਾਕ ਅਤੇ ਹੁਣੇ ਜਿਹੇ ਫੇਂਗ ਚਿਅਹ ਨੇ ਅਜਿਹੇ ਸੰਕਲਪਕ ਸਾਂਚੇ ਦੀ ਨਿਸ਼ਾਨਦੇਹੀ ਹੇਗਲ ਦੇ 'ਤਵਾਰੀਖੀ ਫਲਸਫੇ 'ਤੇ ਵਿਖਿਆਨ' ਵਿਚ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਇਹ ਲਿਖਤ ਇਸ ਦੇ ਬਾਹਰੀ ਖਾਕੇ ਨੂੰ ਹੀ ਉਜਾਗਰ ਕਰਦੀ ਹੈ। ਇਸ ਦਾ ਅੰਦਰਲਾ ਤਾਣਾ-ਬਾਣਾ ਗੁੱਝਾ ਹੀ ਰਹਿੰਦਾ ਹੈ। 'ਧਰਮ ਦੇ ਫਲਸਫੇ 'ਤੇ ਵਿਖਿਆਨ' ਵਿਚ ਹੇਗਲ ਕਾਇਨਾਤੀ ਤੋਂ ਖਸੂਸੀ ਦੇ ਪਲਟਾਅ ਦੇ ਮਸਲੇ ਨੂੰ ਧਰਮ ਅਤੇ ਇਤਿਹਾਸ ਵਿਚਲੇ ਪਾਰਦਰਸ਼ੀ ਨਾਤੇ ਦੇ ਤੌਰ 'ਤੇ ਗੁੰਦਣ ਦਾ ਜਤਨ ਕਰਦਾ ਦੀਂਹਦਾ ਹੈ। ਹਿਊਮੈਨੀਟੀਜ਼ ਵਿਚ ਭਾਰੂ ਬਿਰਤਾਂਤਾਂ ਵੱਲੋਂ ਅਸਲੋਂ ਹੀ ਅੱਖੋਂ-ਪਰੋਖੇ ਕੀਤੇ ਜਾਣ ਦੇ ਬਾਵਜੂਦ ਹਿੰਦਵਿਗਿਆਨ ਦਾ ਬਿਰਤਾਂਤ ਉਨ੍ਹੀਂਵੀਂ ਸਦੀ ਵਿਚ ਧਰਮ ਅਤੇ ਇਤਿਹਾਸ ਦੇ ਪੁਨਰ-ਸੰਬੋਧਨ ਨਾਲ ਕਰੀਬੀ ਨਾਤਾ ਰੱਖਦਾ ਹੈ।

ਸਪੱਸ਼ਟ ਹੈ ਕਿ ਮੰਡੇਰ ਹੇਗਲ ਦੇ ਉਤਰਬਸਤੀਵਾਦੀ ਚਿੰਤਕਾਂ ਦੇ ਅਲੋਚਨਾਤਮਕ ਵਿਸ਼ਲੇਸ਼ਣ ਵਿਚ ਡੂੰਘੀਆਂ ਵਿਰਲਾਂ ਦੀ ਨਿਸ਼ਾਨਦੇਹੀ ਕਰਦਿਆਂ ਉਤਰਬਸਤੀਵਾਦੀ ਚਿੰਤਨ ਅੰਦਰਲੇ ਗੰਭੀਰ ਸੰਕਟ ਉਤੇ ਉਂਗਲ ਧਰਦਾ ਹੈ। ਹੇਗਲ ਦੀ ਇਸ ਖੇਤਰ ਵਿਚ ਅਣਗੌਲੀ ਲਿਖਤ 'ਧਰਮ ਦੇ ਫਲਸਫੇ 'ਤੇ ਵਿਖਿਆਨ' ਦੇ ਹਵਾਲੇ ਨਾਲ ਮੰਡੇਰ ਹੇਗਲ ਦੇ ਆਪਣੇ ਆਲੋਚਨਾਤਮਕ ਵਿਸ਼ਲੇਸ਼ਣ ਨੂੰ ਨਾ ਸਿਰਫ ਇੱਕ ਨਵੇਂ ਅਤੇ ਅਤਿ ਮਹੱਤਵਪੂਰਨ ਸੰਦਰਭ ਵਿਚ ਸਗੋਂ ਇੱਕ ਵੱਖਰੀ ਸੂਖਮਤਾ ਵਿਚ ਵੀ ਪੇਸ਼ ਕਰਦਾ ਹੈ। ਇਸ ਦੇ ਨਾਲ ਹੀ ਮੰਡੇਰ ਵੱਲੋਂ ਇਸ ਪਹਿਲੂ ਨੂੰ ਉਜਾਗਰ ਕਰਨ ਨਾਲ ਉਤਰਬਸਤੀਵਾਦੀ ਬਿਰਤਾਂਤ ਦੇ ਵਿਚੇ-ਵਿਚ ਪਨਪ ਰਹੇ ਭਾਰਤੀ ਸਾਮਰਾਜਵਾਦ ਦੀਆਂ ਮਹੀਨ ਤੰਦਾਂ ਦੀ ਵੀ ਨਿਸ਼ਾਨਦੇਹੀ ਹੁੰਦੀ ਹੈ। ਕਿਉਂਕਿ ਸੈਕੂਲਰ ਇਤਿਹਾਸਵਾਦੀ ਨੁਕਤਾਨਿਗਾਹ ਤਹਿਤ ਜਦੋਂ ਧਰਮ ਨੂੰ ਹੀ ਹਾਸ਼ੀਏ 'ਤੇ ਪਾ ਦਿੱਤਾ ਜਾਂਦਾ ਹੈ ਤਾਂ ਸੈਕੂਲਰ ਭਾਰਤੀ ਕੌਮਵਾਦ ਦੇ ਗ਼ਲਬੇ ਖਿਲਾਫ ਆਪਣੀ ਨਿਆਰੀ ਹਸਤੀ ਲਈ ਲੜ ਰਹੀਆਂ ਧਿਰਾਂ, ਖਾਸ ਤੌਰ 'ਤੇ ਸਿੱਖਾਂ ਵਰਗੀਆਂ ਧਾਰਮਿਕ ਘੱਟ ਗਿਣਤੀਆਂ ਲਈ, ਧਰਮ ਦੁਆਲੇ ਉਸਰੇ ਆਪਣੇ ਜਹਾਨ ਨੂੰ ਦਰਪੇਸ਼ ਚੁਣੌਤੀਆਂ ਨਾਲ ਜੁੜੇ ਸਰੋਕਾਰ ਸਾਂਝੇ ਕਰਨ ਲਈ ਥਹੁ-ਟਿਕਾਣਾ ਨਸੀਬ ਨਹੀਂ ਹੁੰਦਾ। ਧਰਮ ਨਾਲ ਜੁੜੇ ਹਰ ਸਰੋਕਾਰ ਨੂੰ ਮੂਲਵਾਦੀ ਜਾਂ ਕੱਟੜਵਾਦੀ ਗਰਦਾਨ ਕੇ ਨਕਾਰ ਦਿੱਤਾ ਜਾਂਦਾ ਹੈ। ਇਸ ਲਈ ਮੰਡੇਰ ਵੱਲੋਂ ਉਜਾਗਰ ਕੀਤੀ ਇਸ ਪਹਿਲੂ ਦੀ ਅਹਿਮੀਅਤ, ਵਡੇਰੇ ਪ੍ਰਸੰਗ ਵਿਚ ਇੱਕ ਅਹਿਮ ਦੇਣ ਹੋਣ ਦੇ ਬਾਵਜੂਦ, ਸਿੱਖਾਂ ਲਈ ਖਾਸ ਮਹੱਤਵ ਰੱਖਦੀ ਹੈ।

ਇਸ ਸਭ ਕੁਝ ਦੇ ਬਾਵਜੂਦ ਜਦੋਂ ਢਿੱਲੋਂ ਵਰਗੇ ਬੰਦੇ ਮੰਡੇਰ ਨੂੰ ਹੇਗਲ ਅਤੇ ਉਸ ਦੇ ਸਾਮਰਾਜੀ ਏਜੰਡੇ ਦੀ ਪੈਰਵਾਈ ਕਰਦਿਆਂ ਵਿਖਾਉਂਦੇ ਹਨ, ਤਾਂ ਗੱਲ ਹਾਸੋਹੀਣੀ ਤਾਂ ਹੈ ਹੀ ਪਰ ਦੁਖਾਂਤਕ ਜ਼ਿਆਦਾ ਲੱਗਦੀ ਹੈ। ਵੇਖਣ ਦੀ ਲੋੜ ਹੈ ਕਿ ਇਹ ਢਿੱਲੋਂ ਦੀ ਇਸ ਕਿਤਾਬ ਨੂੰ ਪੜ੍ਹ ਸਕਣ ਦੀ ਅਸਮਰੱਥਾ ਹੈ ਜਾਂ ਗੱਲ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਬੇਈਮਾਨੀ? ਅਸਲ ਵਿਚ ਇਹ ਦੋਵੇਂ ਗੱਲਾਂ ਸਹੀ ਹਨ। ਢਿੱਲੋਂ ਨੂੰ ਥਹੁ-ਪਤਾ ਵੀ ਕੋਈ ਨਹੀਂ ਤੇ ਉਸ ਨੇ ਆਪਣੀ ਮਨ-ਮਰਜ਼ੀ ਦੇ ਸਿੱਟੇ ਵੀ ਕੱਢੇ ਹਨ। ਕਿਸੇ ਜ਼ਾਬਤੇ ਵਿਚ ਰਹਿ ਕੇ ਹਾਸਲ ਕੀਤੀ ਬੁਨਿਆਦੀ ਸਿਖਲਾਈ ਤੋਂ ਬਿਨਾਂ ਐਧਰੋਂ-ਓਧਰੋਂ ਸੁਣ-ਸੁਣਾ ਕੇ ਜਾਂ ਫਿਰ ਇਤਿਹਾਸ ਦੀਆਂ ਤਰੀਕਾਂ ਚੇਤੇ ਕਰਕੇ ਜਦੋਂ ਲੋਕ ਵਿਦਵਾਨ ਬਣ ਬਹਿੰਦੇ ਹਨ, ਤੇ ਇਸ ਖੇਤਰ 'ਤੇ ਕਿਸੇ ਵੀ ਕੀਮਤ 'ਤੇ ਕਬਜ਼ਾ ਜਮਾਈ ਰੱਖਣਾ ਆਪਣਾ ਹੱਕ ਸਮਝਦੇ ਹਨ, ਤਾਂ ਫਿਰ ਇਹੀ ਕੁਛ ਵਾਪਰਦਾ ਹੈ।


ਢਿੱਲੋਂ ਨੇ ਹੋਰ ਦੋਸ਼ ਮੜ੍ਹਿਆ ਹੈ ਕਿ ਕਿ ਮੰਡੇਰ ਕਹਿੰਦਾ ਹੈ ਕਿ ਸਿੱਖਾਂ ਦੀ ਕੋਈ ਸਿਆਸੀ ਪ੍ਰਭੂਸੱਤਾ ਨਹੀਂ ਹੋਣੀ ਚਾਹੀਦੀ: "He states, 'Sikhism must revert to its original peaceful state. True Sikhism is without a desire for sovereignty, a Sikhism that has already renounced politics through interiorization.' (Page 388)"

ਇਸ ਹਵਾਲੇ ਦੀ ਪੜਚੋਲ ਲਈ ਮੰਡੇਰ ਦੀ ਕਿਤਾਬ 'ਤੇ ਨਿਗ੍ਹਾ ਮਾਰਦੇ ਹਾਂ। ਮੰਡੇਰ ਦੀ ਉਪਰੋਕਤ ਟਿੱਪਣੀ ਨੂੰ, ਜੋ ਕਿ ਢਿੱਲੋਂ ਨੇ ਕੱਟ-ਵੱਢ ਕੇ ਆਪਣੀ ਲੋੜ ਮੁਜਬ ਵਰਤੀ ਹੈ, ਇਸ ਦੇ ਸਹੀ ਸੰਦਰਭ ਵਿਚ ਸਮਝਣ ਦੀ ਲੋੜ ਹੈ। ਹੇਠਾਂ ਇਸ ਦਲੀਲ ਨੂੰ ਸਪੱਸ਼ਟ ਕਰਨ ਵਾਲੇ ਮੰਡੇਰ ਦੇ ਪੂਰੇ ਬਿਆਨ ਦਾ ਪੰਜਾਬੀ ਤਰਜਮਾ ਹਾਜ਼ਰ ਹੈ,

"ਅਮਲ ਵਿਚ ਮਨੁੱਖਵਾਦ ਦੀ ਵਿਚਾਰਧਾਰਾ ਆਪਣੇ ਆਪ ਨੂੰ ਉਦਾਰ ਜਮਹੂਰੀਅਤ ਦੀ ਰਲੇਵੇਂ ਵਾਲ਼ੀ ਸਿਆਸਤ ਵਿਚ ਉਲਥਾਉਂਦੀ ਹੈ, ਜਿਸ ਦੀਆਂ ਜ਼ੋਰਾਵਰੀਆਂ ਸ਼ਖਸੀ ਪ੍ਰਭੂਸੱਤਾ ਦੇ ਭਰਮਾਂ ਵਿਚ ਲੁਕੀਆਂ ਹੋਈਆਂ ਹਨ ਅਤੇ ਮੈਟਾਫਿਜ਼ੀਕਲ ਵਿਰੋਧਤਾਈਆਂ (ਜਨਤਕ ਜਾਂ ਨਿੱਜੀ, ਧਰਮ ਜਾਂ ਸੈਕੂਲਰ) ਰਾਹੀਂ ਚੱਲਦੀਆਂ ਹਨ ਜਿੱਥੇ ਧਰਮ ਇੱਕ ਅੰਦਰੂਨੀ ਨਿੱਜੀ ਮਾਮਲਾ ਹੈ ਤੇ ਹਰ ਹਾਲਤ ਕਾਨੂੰਨ ਦੀ ਜ਼ੱਦ ਹੇਠ ਆਉਣਾ ਚਾਹੀਦਾ ਹੈ। ਇਹ ਵਿਚਾਰਧਾਰਾ ਆਪਣਾ ਸਭ ਤੋਂ ਤਾਕਤਵਰ ਸਿਧਾਂਤਕ ਮੁਹਾਵਰਾ ਹੇਗਲ ਦੀਆਂ ਲਿਖਤਾਂ 'ਚੋਂ ਹਾਸਲ ਕਰਦੀ ਹੈ, ਜਿਸ ਨੇ ਇਸ ਦੇ ਬਸਤੀਵਾਦੀ ਅਤੇ ਉਦਾਰ ਬਹੁਸੱਭਿਆਚਾਰਵਾਦੀ ਰੂਪ ਚਿਤਵ ਲਏ ਸਨ। ਜਦੋਂ ਸਿੱਖ ਰੱਈਅਤ ਨੂੰ ਖਾਸ ਤੌਰ 'ਤੇ ਰਿਲੀਜੀਅਸ (ਧਾਰਮਿਕ ਨਹੀਂ) ਰੱਈਅਤ ਮਿੱਥ ਲਿਆ ਗਿਆ, ਤਾਂ ਫਿਰ ਸਿੱਖਾਂ ਦੀ ਸਿਆਸੀ ਆਵਾਜ਼ ਜਾਂ ਸਿਆਸੀ ਅੰਤਰਮੁਖਤਾ ਵਾਸਤੇ ਕੋਈ ਵੀ ਤਾਂਘ ਪੱਕੇ ਤੌਰ 'ਤੇ ਇਸ ਰੱਈਅਤ ਦੀ ਆਪਣੀ ਰਿਲੀਜੀਅਸ ਤਬੀਅਤ ਤੋਂ ਲਾਂਭੇ ਜਾਣ ਵਾਲੀ ਗੱਲ ਬਣ ਗਈ। ਇੱਕ ਬਹੁਸੱਭਿਆਚਾਰੀ ਸਮਾਜ ਵਿਚ ਰਹਿਣ ਲਈ ਸਿੱਖਾਂ ਸਿਰ ਇਹ ਸ਼ਰਤ ਮੜ੍ਹੀ ਗਈ ਕਿ ਉਹ ਰਾਜਸੱਤਾ ਦੇ ਅਨੁਸਾਰੀ ਹੋ ਕੇ ਚੱਲਣ। ਸਿਆਸੀ ਅਮਲ ਦੇ ਰੂਪ ਵਿਚ ਕੋਈ ਵੀ ਉਲੰਘਣਾ ਤਾੜਨਾ ਦੀ ਹੱਕਦਾਰ ਹੈ। ਦੂਜੇ ਸ਼ਬਦਾਂ ਵਿਚ, ਸਿੱਖੀ (Sikhism) ਹਰ ਹਾਲਤ ਵਿਚ ਆਪਣੇ 'ਮੂਲ' 'ਅਮਨਪਸੰਦ' ਖਾਸੇ ਵੱਲ ਮੋੜਾ ਪਾਵੇ। 'ਸੱਚੀ' ਸਿੱਖੀ ਸਿਰਤਾਜਗੀ ਦੀ ਤਾਂਘ ਨਾ ਰੱਖਣ ਵਾਲੀ ਸਿੱਖੀ ਹੈ, ਇੱਕ ਸਿੱਖੀ ਜੀਹਨੇ ਆਪਣੇ ਆਪ ਨੂੰ ਕਾਨੂੰਨ ਵਿਚ ਢਾਲ਼ ਕੇ ਸਿਆਸਤ ਪਹਿਲਾਂ ਹੀ ਤੱਜ ਦਿੱਤੀ ਹੈ।" (ਮੰਡੇਰ, 2009, ਪੰਨਾ 388)

ਪਾਠਕ ਵੇਖ ਸਕਦੇ ਹਨ ਕਿ ਮੰਡੇਰ ਅਸਲ ਵਿਚ ਸਿੱਖੀ ਦੀ ਗੱਲ ਨਹੀਂ ਕਰ ਰਿਹਾ, ਸਗੋਂ ਧਰਮ ਦੇ ਨਵੇਂ ਸੰਬੋਧੀਕਰਨ (conceptualization) ਦੀ ਗੱਲ ਕਰ ਰਿਹਾ ਹੈ। ਧਰਮ ਦੀ ਇਹ ਨਵੀਂ ਪਰਿਭਾਸ਼ਾ ਬਸਤੀਵਾਦੀ ਹਾਕਮਾਂ ਅੰਗਰੇਜ਼ਾਂ ਵੱਲੋਂ ਜਬਰਨ ਸਿੱਖਾਂ ਸਿਰ ਮੜ੍ਹੀ ਗਈ। ਧਰਮ ਦੀ ਇਸ ਧਾਰਨਾ ਪਿੱਛੇ ਇੱਕ ਨੁਕਤਾ ਇਹ ਕੰਮ ਕਰ ਰਿਹਾ ਸੀ ਕਿ ਧਰਮ ਨੂੰ ਲੋਕ ਆਪਣੀ ਨਿੱਜੀ ਜ਼ਿੰਦਗੀ ਤੱਕ ਸੀਮਤ ਕਰਨ। ਆਪੋ-ਆਪਣੇ ਘਰੀਂ ਜਿਹੜਾ ਮਰਜ਼ੀ ਪੂਜਾ ਪਾਠ ਕਰਨ ਪਰ ਧਰਮ ਸਮਾਜ ਦੀ ਰੂਪ-ਰੇਖਾ ਉਲੀਕਣ ਦੀ ਕੋਸ਼ਿਸ਼ ਨਾ ਕਰੇ। ਸਮਾਜ ਦੇ ਤਾਣੇ-ਬਾਣੇ ਦੀ ਰੂਪ-ਰੇਖਾ ਕਾਨੂੰਨ ਉਲੀਕੇ। ਧਰਮ ਵੀ ਕਾਨੂੰਨੀ ਢਾਂਚੇ ਦਾ ਮਾਤਹਿਤ ਹੋ ਕੇ ਚੱਲੇ। ਮੰਡੇਰ ਸਪੱਸ਼ਟ ਕਰਦਾ ਹੈ ਕਿ ਅੰਗਰੇਜ਼ਾਂ ਨੇ ਧਰਮ ਦੀ ਅਜਿਹੀ ਸਮਝ ਵਿਕਸਿਤ ਕਰਨ ਲਈ ਜਰਮਨ ਫਿਲਾਸਫਰ ਹੇਗਲ ਦੀ ਟੇਕ ਲਈ।

ਆਪਣੀ ਗੱਲ ਨੂੰ ਹੋਰ ਸਪੱਸ਼ਟ ਕਰਦਿਆਂ ਮੰਡੇਰ ਦੱਸਦਾ ਹੈ ਕਿ ਅੰਗਰੇਜ਼ ਹਾਕਮਾਂ ਨੇ ਧਰਮ ਪ੍ਰਤੀ ਉਪਰੋਕਤ ਸਮਝ ਜਦੋਂ ਅਮਲੀ ਰੂਪ ਵਿਚ ਲਾਗੂ ਕਰ ਦਿੱਤੀ ਤਾਂ ਸਿੱਖ ਇੱਕ ਆਜ਼ਾਦ ਪ੍ਰਭੂਸੱਤਾ ਸੰਪੰਨ ਪੰਥ ਦੀ ਬਜਾਏ ਅੰਗਰੇਜ਼ੀ ਸਾਮਰਾਜ ਦੀ ਪਰਜਾ ਬਣ ਕੇ ਰਹਿ ਗਏ। ਮੰਡੇਰ ਉਪਰੋਕਤ ਦਲੀਲ ਸਿੱਖ ਪ੍ਰਭੂਸੱਤਾ ਦੇ ਹੱਕ ਵਿਚ ਬਣਾ ਰਿਹਾ ਹੈ ਤੇ ਦੱਸ ਰਿਹਾ ਹੈ ਕਿ ਸਿੱਖ ਪ੍ਰਭੂਸੱਤਾ ਅਸਲ ਵਿਚ ਸਿੱਖੀ ਦੇ ਸਹੀ ਰੂਪ ਦਾ ਅਨਿੱਖੜਵਾਂ ਅੰਗ ਹੈ। ਅੰਗਰੇਜ਼ ਨੇ ਆਪਣੇ ਹਕੂਮਤੀ ਦਾਬੇ ਤਹਿਤ ਸਿੱਖੀ ਦੀ ਅਸਲ ਪਰਿਭਾਸ਼ਾ ਬਦਲੀ, ਇਸ ਨੂੰ ਸਿੱਖੀ ਦਾ ਰੂਪ ਦਿੱਤਾ ਤਾਂ ਸਿੱਟੇ ਵਜੋਂ ਸਿੱਖ ਅੰਗਰੇਜ਼ਾਂ ਦੇ ਮਾਤਹਿਤ ਬਣ ਕੇ ਰਹਿ ਗਏ। ਇਹੀ ਵਜ੍ਹਾ ਹੈ ਕਿ ਉਪਰੋਕਤ ਹਵਾਲੇ ਵਿਚ ਮੰਡੇਰ ਕੁਝ ਸ਼ਬਦਾਂ 'ਮੂਲ', 'ਅਮਨਪਸੰਦ', ਅਤੇ 'ਸੱਚਾ' ਆਦਿਕ ਨੂੰ ਪੁੱਠੇ ਕੌਮਿਆਂ ਵਿਚ ਰੱਖ ਕੇ ਉਨ੍ਹਾਂ ਦਾ ਜ਼ਿਕਰ ਤਨਜ਼ੀ ਲਹਿਜੇ ਵਿਚ ਕਰਦਾ ਹੈ। ਕੀ ਐਨੀਆਂ ਸਿੱਧੀਆਂ ਗੱਲਾਂ ਸਪੱਸ਼ਟ ਕਰਕੇ ਸਮਝਾਉਣ ਦੀ ਲੋੜ ਹੈ? ਕੀ ਇਹ ਦੱਸਣ ਦੀ ਲੋੜ ਹੈ ਕਿ ਇਸ ਦਾ ਭਾਵ ਹੈ ਕਿ ਮੰਡੇਰ ਆਪਣੇ ਨਹੀਂ ਅੰਗਰੇਜ਼ਾਂ ਦੇ ਵਿਚਾਰ ਪੇਸ਼ ਕਰ ਰਿਹਾ ਹੈ ਜਿਨ੍ਹਾਂ ਨੂੰ ਕਿ ਉਹ ਬੇਤੁਕੇ ਸਮਝਦਾ ਹੈ? ਪਰ ਢਿੱਲੋਂ ਸਾਹਿਬ ਨੇ ਨਾ ਸਿਰਫ ਹਵਾਲੇ ਨੂੰ ਉਸ ਦੇ ਸੰਦਰਭ 'ਚੋਂ ਬਾਹਰ ਕੱਢ ਕੇ ਵਰਤਿਆ ਸਗੋਂ




ਇਹ ਪੁੱਠੇ ਕੌਮੇ ਵੀ ਹਟਾ ਦਿੱਤੇ। ਹੋਰ ਤਾਂ ਹੋਰ, ਗੱਲ ਨੂੰ ਆਪਣੀ ਸਹੂਲਤ ਅਨੁਸਾਰ ਤੋੜ-ਮਰੋੜ ਕੇ ਪੇਸ਼ ਕਰਨ ਲਈ ਅਖੀਰਲੀ ਪੰਕਤੀ ਦੇ ਦੋ ਸ਼ਬਦ ਹੀ ਹਟਾ ਦਿੱਤੇ ਜਿਸ ਨੂੰ ਕਾਨੂੰਨ ਦੀ ਸਰਦਾਰੀ ਵਾਲਾ ਨੁਕਤਾ ਹੀ ਪਰ੍ਹੇ ਰਹਿ ਗਿਆ। ਜਿੱਥੇ ਮੰਡੇਰ ਸਿੱਖੀ ਦੀ ਪ੍ਰਭੂਸੱਤਾ ਦੇ ਹੱਕ ਵਿਚ ਪੱਕੇ-ਪੈਰੀਂ ਖੜ੍ਹਾ ਹੁੰਦਾ ਹੈ, ਢਿੱਲੋਂ ਨੇ ਉਸੇ ਨੂੰ ਮੰਡੇਰ ਵੱਲੋਂ ਸਿੱਖ ਪ੍ਰਭੂਸੱਤਾ ਦੇ ਵਿਰੋਧ ਦਾ ਆਧਾਰ ਬਣਾ ਧਰਿਆ। ਜੇ ਸਮਝ ਨਹੀਂ ਤਾਂ ਘੱਟੋ-ਘੱਟ ਬੰਦੇ ਦਾ ਕੋਈ ਸਵੈਮਾਣ ਤਾਂ ਹੋਵੇ। ਦੂਜਿਆਂ ਦੀ ਨਹੀਂ, ਆਪਣੀ ਇੱਜ਼ਤ ਦਾ ਖਿਆਲ ਰੱਖਣ ਜੋਗੀ ਸੋਝੀ ਤਾਂ ਹੋਵੇ।

ਇਸੇ ਤਰ੍ਹਾਂ ਢਿੱਲੋਂ ਨੂੰ ਮੰਡੇਰ ਦੇ 'ਸ਼ਬਦ ਗੁਰੂ' ਪ੍ਰਤੀ ਵਿਚਾਰਾਂ 'ਤੇ ਇਤਰਾਜ਼ ਹੈ, ਜਦੋਂ ਕਿ ਮੰਡੇਰ ਉਥੇ ਵੀ 'ਸ਼ਬਦ ਗੁਰੂ' ਦੀ ਪ੍ਰਭੂਸੱਤਾ ਸੰਪੰਨ ਹਸਤੀ ਦੀ ਗੱਲ ਕਰਦਾ ਹੈ ਜਿਸ ਵਿਚ ਇੱਕੋ ਵੇਲ਼ੇ ਖਾਲਸੇ ਦੀ ਰਹਿਤਵਾਨ ਹਸਤੀ ਦੀ ਵੀ ਪੁਸ਼ਟੀ ਹੈ, ਤੇ ਸਿੱਖਾਂ ਦਾ ਰਿਲੀਜਨ (ਧਰਮ ਨਹੀਂ) ਬਣਨ ਨਾਲ਼ ਪ੍ਰਤੀਰੋਧ ਵੀ।

ਢਿੱਲੋਂ ਦਾ ਅਗਲਾ ਵੱਡਾ ਇਤਰਾਜ਼ ਹੈ ਕਿ ਮੰਡੇਰ ਨੇ ਗੁਰੂ ਨਾਨਕ ਸਾਹਿਬ ਤੋਂ ਬਾਅਦ ਦੇ ਨੌਂ ਗੁਰੂ ਸਾਹਿਬਾਨ ਦੇ ਸਰੂਪ ਨੂੰ ਘਟਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਇਸ ਸਬੰਧ ਵਿਚ ਢਿੱਲੋਂ ਜਿਹੜਾ ਸ਼ਬਦ, 'Weaker' ਜਾਂ 'ਕਮਜ਼ੋਰ' ਮੰਡੇਰ ਦਾ ਮੂੰਹ ਵਿਚ ਪਾਉਂਦਾ ਹੈ, ਉਹ ਬਿਨਾਂ ਸ਼ੱਕ ਬੇਅਦਬੀ ਵਾਲ਼ਾ ਹੈ, ਕਿਸੇ ਵੀ ਸਿੱਖ ਲਈ ਬੇਹੱਦ ਇਤਰਾਜ਼ਯੋਗ ਹੈ ਤੇ ਸਰਾਸਰ ਗਲਤ ਹੈ। ਪਰ ਮੰਡੇਰ ਦੀ ਕਿਤਾਬ ਦੇ ਹਵਾਲੇ ਨਾਲ਼ ਵੇਖੀਏ ਤਾਂ ਗੱਲ ਕੁਝ ਹੋਰ ਹੀ ਨਿੱਕਲ਼ਦੀ ਹੈ। ਇੱਥੇ ਵੀ ਇਮਾਨਦਾਰੀ ਦਾ ਤਕਾਜ਼ਾ ਐਨਾ ਕੁ ਹੈ ਕਿ ਢਿੱਲੋਂ ਨੇ ਇਹ ਦੱਸਣਾ ਵੀ ਜ਼ਰੂਰੀ ਨਹੀਂ ਸਮਝਿਆ ਕਿ ਮੰਡੇਰ ਨੇ ਗੱਲ ਮੈਕਲਾਊਡ ਦਾ ਸਪੱਸ਼ਟ ਜ਼ਿਕਰ ਕਰਦਿਆਂ ਸ਼ੁਰੂ ਕੀਤੀ ਹੈ, ਕੋਈ ਆਪਣੇ ਵੱਲੋਂ ਵੱਖਰੀ ਟਿੱਪਣੀ ਨਹੀਂ ਕੀਤੀ। ਮੰਡੇਰ ਸਪੱਸ਼ਟ ਤੌਰ 'ਤੇ ਕਹਿ ਰਿਹਾ ਹੈ ਕਿ ਮੈਕਲਾਉਡ ਨੇ ਸਿੱਖੀ ਨੂੰ ਜਿਸ ਸਾਂਚੇ ਵਿਚ ਢਾਲ਼ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ, ਉਸ ਮੁਤਾਬਕ ਗੁਰੂ ਨਾਨਕ ਸਾਹਿਬ ਅਤੇ ਬਾਕੀ ਗੁਰੂ ਸਾਹਿਬਾਨ ਵਿਚ ਫਰਕ ਵਿਖਾਇਆ ਜਾਂਦਾ ਹੈ। ਮੰਡੇਰ ਇਸ ਖਿਆਲ ਨਾਲ ਸਹਿਮਤੀ ਬਿਲਕੁਲ ਨਹੀਂ ਜ਼ਾਹਰ ਕਰ ਰਿਹਾ। ਇਹ ਜ਼ਰੂਰ ਹੈ ਕਿ ਉਹ ਮੈਕਲਾਉਡ ਵੱਲੋਂ ਕੱਢੇ ਗਏ ਸਿੱਟਿਆਂ 'ਤੇ ਸਿੱਧੀ ਟਿੱਪਣੀ ਕਰਨ ਤੋਂ ਪਹਿਲਾਂ, ਉਨ੍ਹਾਂ ਸਿੱਟਿਆਂ ਦੀ ਬੁਨਿਆਦ ਦਾ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਮੰਡੇਰ ਦਾ ਭਾਵ ਹੈ ਕਿ ਗੁਰੂ ਨਾਨਕ ਸਾਹਿਬ ਸਿੱਖੀ ਦੇ ਪੈਦਾ ਹੋਣ ਦੇ ਅਜਿਹੇ ਕੇਂਦਰ ਨਹੀਂ ਜਿਨ੍ਹਾਂ ਨੂੰ ਇਤਿਹਾਸ ਦੇ ਕਿਸੇ ਬੀਤ ਚੁੱਕੇ ਦੌਰ ਤੱਕ ਸੀਮਤ ਕੀਤਾ ਜਾ ਸਕਦਾ ਹੈ।

ਮੈਕਲਾਉਡ ਕਹਿ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਸਿੱਖੀ ਦੀ ਪੈਦਾਇਸ਼ ਦੇ, ਇਤਿਹਾਸ ਵਿਚ ਨਿਹਿਤ, ਸਥਿਰ ਬਿੰਦੂ ਦੀ ਨੁਮਾਇੰਦਗੀ ਕਰਦੇ ਹਨ। ਕਾਲ਼ ਦੇ ਹੇਗਲੀ ਸੰਬੋਧ ਦੀ ਪੈਰਵਾਈ ਕਰਦਿਆਂ, ਮੈਕਲਾਉਡ ਇੱਕ ਪਰਪੱਕ ਖਿਣ ਤੋਂ ਤੁਰੇ ਇਤਿਹਾਸ ਦੇ ਅਗਲੇ ਦੌਰਾਂ ਨੂੰ ਨਿਵਾਣ ਵੱਲ ਜਾਂਦੇ ਵਿਖਾਉਂਦਾ ਹੈ। ਇਸ ਦੇ ਉਲ਼ਟ ਮੰਡੇਰ ਦੀ ਪਹੁੰਚ ਮੁਤਾਬਕ ਦਸ ਗੁਰੂ ਸਾਹਿਬਾਨ ਅਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਨਾਨਕ ਸਾਹਿਬ ਦੀ ਉਸੇ ਪੂਰਨਤਾ ਦੇ ਲਖਾਇਕ ਹਨ। ਕਾਲ਼ ਅਤੇ ਇਤਿਹਾਸ ਦੋਹਾਂ ਪ੍ਰਤੀ ਵੱਖਰੀ ਪਹੁੰਚ ਅਪਨਾਉਂਦਿਆਂ ਮੰਡੇਰ ਨੇ ਕਾਲ਼ ਦੇ ਹੇਗਲੀ ਸੰਬੋਧ ਦੀ ਵਿਰਚਨਾ ਕੀਤੀ ਹੈ। ਅਜਿਹਾ ਕਰਨਾ ਮੰਡੇਰ ਦੀ ਘਾਟ ਨਹੀਂ, ਵਡਿਆਈ ਹੈ। ਢਿੱਲੋਂ ਲਈ ਇਹ ਗੱਲ ਸ਼ਾਇਦ ਜ਼ਿਆਦਾ ਬਾਰੀਕ ਹੈ, ਇਸ ਲਈ ਪਕੜ ਵਿਚ ਨਹੀਂ ਆਈ।

ਇਸੇ ਤਰ੍ਹਾਂ ਢਿੱਲੋਂ ਨੂੰ ਇੱਕ ਸ਼ਬਦ 'Idolatory' (ਬੁੱਤ-ਪੂਜਾ) ਦਿਸ ਜਾਣ ਨਾਲ ਇਹ ਸਿੱਟਾ ਕੱਢਣ ਦਾ ਆਧਾਰ ਮਿਲ਼ ਗਿਆ ਕਿ ਮੰਡੇਰ ਮੂਲ-ਮੰਤਰ ਦੀ ਵਿਆਖਿਆ ਵਿਚੋਂ ਬੁੱਤ-ਪ੍ਰਸਤੀ ਨੂੰ ਸਹੀ ਠਹਿਰਾਉਂਦਾ ਹੈ। ਜਦੋਂ ਕਿ ਮੰਡੇਰ ਸਿੰਘ ਸਭਾ ਦੇ ਵਿਦਵਾਨਾਂ ਵੱਲੋਂ ਪੇਸ਼ ਕੀਤੀ ਮੂਲ ਮੰਤਰ ਦੀ ਵਿਆਖਿਆ ਦਾ ਰੁਖ ਨਿਰਧਾਰਤ ਕਰਨ ਵਾਲ਼ੇ ਕਾਲ਼ ਦੇ ਸੰਬੋਧ 'ਤੇ ਵਿਚਾਰ ਕਰਦਾ ਹੈ। ਮੰਡੇਰ ਇਸ ਮਸਲੇ ਦੀ ਨਿਸ਼ਾਨਦੇਹੀ ਕਾਲ਼ ਦੀ ਅਰਥਮੂਲਕ ਦੁਬਿਧਾ ਦੇ ਗਿਰਦ ਕਰਦਾ ਹੈ ਜੋ ਕਿ ਇਸ ਦੀ ਅੰਤਰਮੁਖੀ ਤੇ ਬਾਹਰਮੁਖੀ ਪ੍ਰਤੀਤੀ 'ਤੇ ਨਿਰਭਰ ਕਰਦੀ ਹੈ। ਮੰਡੇਰ ਅਨੁਸਾਰ ਕਾਲ਼ ਦੀ ਅੰਤਰਮੁਖੀ ਪ੍ਰਤੀਤੀ ਇਸ ਨੂੰ ਸਮੇਂ ਵਜੋਂ, ਜੋ ਭੂਤ, ਵਰਤਮਾਨ ਅਤੇ ਭਵਿੱਖ ਵਿਚ ਵੰਡਿਆ ਜਾ ਸਕਦਾ ਹੈ, ਵੇਖਦੀ ਹੈ। ਇਸ ਦ੍ਰਿਸ਼ਟੀ ਤੋਂ ਵੇਖਿਆਂ ਇਹ ਉਹ ਸਮਾਂ ਹੈ ਜਿਵੇਂ ਆਪਾ ਇਸ ਨੂੰ ਵੇਖਦਾ ਹੈ, ਜਾਂ ਜਿਵੇਂ ਆਪਾ ਸਮੇਂ ਦੀ ਹੋਂਦ ਪ੍ਰਤੀ ਯਕੀਨ ਕਰਦਾ ਹੈ। ਇਸੇ ਤਰ੍ਹਾਂ ਉਸ ਮੁਤਾਬਕ ਸਮੇਂ ਨੂੰ ਬਾਹਰਮੁਖੀ ਨਜ਼ਰੀਏ ਨਾਲ਼ ਵੇਖਿਆ ਜਾ ਸਕਦਾ ਹੈ, ਜਿਵੇਂ ਕਿ ਜਦੋਂ ਸਮਾਂ ਸਾਡੇ ਆਪੇ ਅੱਗੇ ਆਪਣੇ ਅਖੀਰ ਤੋਂ, ਜਾਂ ਕਹਿ ਲਓ ਅੰਤਮ ਲਕਸ਼ ਵਜੋਂ ਜ਼ਾਹਰ ਹੁੰਦਾ ਹੈ। ਅੰਤਰਮੁਖੀ ਸਮੇਂ ਦੇ ਅਰਥ ਮੌਤ ਦੇ ਪ੍ਰਸੰਗ ਵਿਚ ਕਰਨ ਦੇ ਨੁਕਤੇ ਬਾਰੇ ਆਪਣੇ ਵਿਸ਼ਲੇਸ਼ਣ ਵਿਚ ਮੰਡੇਰ ਇਸ ਮਨੁੱਖੀ ਸਮੇਂ ਦੇ ਨਿਖੇਧ ਦੇ ਮੁੱਦੇ ਵੱਲ ਧਿਆਨ ਦੁਆਉਂਦਾ ਹੋਇਆ ਅਕਾਲ ਨੂੰ ਕਾਲ਼ ਦੀ ਉਸ ਪ੍ਰਤੀਤੀ ਦੇ ਸਿੱਧੇ ਨਿਖੇਧ ਵਿਚ ਖੜ੍ਹੇ ਕਰਨ ਦਾ ਖਦਸ਼ਾ ਸਾਂਝਾ ਕਰਦਾ ਹੈ ਜਿਸ ਤਹਿਤ ਕਾਲ ਇੱਕ ਹਸਤੀ ਹੈ ਜਿਸ ਦੀ ਆਪੇ ਵਿਚ ਨੁਮਾਇੰਦਗੀ ਹੁੰਦੀ ਹੈ; ਆਪਾ ਜਿਹੜਾ ਕਿ ਸਦਾ ਹੀ, ਪਹਿਲਾਂ ਹੀ, ਆਪਣੇ ਆਪ ਲਈ ਮੌਜੂਦ ਹੈ।

ਮੰਡੇਰ ਅਨੁਸਾਰ ਸਿੰਘ ਸਭਾ ਦੇ ਵਿਦਵਾਨਾਂ ਵੱਲੋਂ ਪਰਿਭਾਸ਼ਿਤ ਸਦਾ ਥਿਰ ਰਹਿਣ ਵਾਲੀ ਚੰਗੀ ਹਸਤੀ ਇੱਕ ਸਵੈਮੋਹੀ ਆਪੇ ਦੀ ਪੈਦਾਇਸ਼ ਹੈ ਜੋ ਕਿ ਕਾਲ ਨੂੰ ਸਦਾ ਥਿਰ ਰਹਿਣ ਵਾਲ਼ੇ ਮੈਟਾਫਿਜ਼ੀਕਲ ਰੂਪ ਅੱਗੇ ਨਿਵਾਉਂਦੀ ਹੈ। ਮੰਡੇਰ ਦੇ ਇਸ ਕਥਨ ਸਬੰਧੀ ਵਿਚਾਰ ਬਿਲਕੁਲ ਵੱਖਰੇ ਵੀ ਹੋ ਸਕਦੇ ਹਨ ਪਰ ਇੱਕ ਨੁਕਤੇ ਨਾਲ ਮੇਰੀ ਸਹਿਮਤੀ ਹੈ ਕਿ ਸਿੱਖੀ ਵਿਚ ਦਿਸਦੇ ਜਹਾਨ ਜਾਂ ਕਾਲ਼ ਅਤੇ ਅਕਾਲ ਵਿਚ ਕੋਈ ਭੇਦ ਨਹੀਂ। ਅਜਿਹਾ ਭੇਦ ਵੇਖਣ ਵਾਲੀ ਕੋਈ ਵੀ ਦ੍ਰਿਸ਼ਟੀ ਸਿੱਖੀ ਦੀ ਦਵੈਤਵਾਦੀ ਵਿਆਖਿਆ ਕਰਦੀ ਹੈ ਜੋ ਕਿ ਮੈਟਾਫਿਜ਼ੀਕਲ ਸੰਕਟ ਵਿਚ ਉਲ਼ਝੇ ਹੋਣ ਦਾ ਸੂਚਕ ਹੈ। ਮੰਡੇਰ ਅਸਲ ਵਿਚ ਇਹ ਸਥਾਪਤ ਕਰਦਾ ਹੈ ਕਿ ਕਾਲ਼ ਦਾ ਪੱਛਮੀ, ਅਸਲ ਵਿਚ ਹੇਗਲੀ, ਸੰਬੋਧ ਸਿੰਘ ਸਭਾ ਦੌਰ ਦੇ ਵਿਦਵਾਨਾਂ ਅੰਦਰ ਇਸ ਹੱਦ ਤੱਕ ਘਰ ਕਰ ਚੁੱਕਾ ਸੀ ਕਿ ਉਹ ਸਿੱਖੀ ਦਾ ਨਿਆਰਾਪਣ ਸਥਾਪਤ ਕਰਨ ਦੀ ਕੋਸ਼ਿਸ਼ ਕਰਦੇ ਹੋਏ ਪੱਛਮੀ ਪ੍ਰਤੀਤੀਆਂ ਨੂੰ ਮੁੜ-ਮੁੜ ਸਥਾਪਤ ਕਰੀ ਜਾ ਰਹੇ ਸਨ। ਮੰਡੇਰ ਕਹਿੰਦਾ ਹੈ ਬੁੱਤਪ੍ਰਸਤੀ ਤੋਂ ਖਹਿੜਾ ਛੁਡਵਾਉਂਦੇ ਹੋਏ ਸਾਡੇ ਵਿਦਵਾਨ ਬੁੱਤ-ਪ੍ਰਸਤੀ ਦੇ ਬਦਲਵੇਂ ਰੂਪ ਦਾ ਸ਼ਿਕਾਰ ਹੋ ਗਏ। ਦਿਲਚਸਪੀ ਵਾਲ਼ੀ ਗੱਲ ਹੈ ਕਿ ਐਨ ਇਸੇ ਤਰਾਂ ਦੀ ਗੱਲ ਮਹਿਬੂਬ ਸਾਹਿਬ ਕਰਦੇ ਹਨ:

ਬੁੱਤ ਤੋੜ ਕੇ ਅਸੀਂ ਬੁੱਤਾਂ ਦੇ
ਯਾਰ ਰਹੇ ਵੇ ਲੋਕਾ।
(ਝਨਾਂ ਦੀ ਰਾਤ, ਪੰਨਾ 761)

ਪਰ ਗੁਰਦਰਸ਼ਨ ਸਿੰਘ ਢਿੱਲੋਂ ਦੀ ਮੁਸ਼ਕਲ ਹੈ ਕਿ ਉਸ ਨੂੰ ਨਾ ਤਾਂ ਮਹਿਬੂਬ ਸਾਹਿਬ ਨੂੰ ਪੜ੍ਹਨ ਜੋਗੀ ਪੰਜਾਬੀ ਆਉਂਦੀ ਹੈ, ਨਾ ਮੰਡੇਰ ਨੂੰ ਸਮਝਣ ਜੋਗੀ ਅੰਗਰੇਜ਼ੀ। ਢਿੱਲੋਂ ਨੇ ਨਾ ਸਿਰਫ ਇਹ ਜ਼ਾਹਰ ਕੀਤਾ ਹੈ ਕਿ ਉਸ ਵਿਚ ਅਜਿਹੀ ਸੰਜੀਦਾ ਲਿਖਤ ਨੂੰ ਸਮਝ ਸਕਣ ਦੀ ਸਮਰੱਥਾ ਨਹੀਂ, ਸਗੋਂ ਉਸ ਨੂੰ ਇਹ ਵੀ ਅਹਿਸਾਸ ਨਹੀਂ ਕਿ ਮੰਡੇਰ ਵੱਲੋਂ ਸਾਂਝੇ ਕੀਤੇ ਸਰੋਕਾਰਾਂ ਦੀ ਅਹਿਮੀਅਤ ਕੀ ਹੈ। ਪਰ ਮਸਲਾ ਹੈ ਕਿ ਜੇ ਅਗਲੇ ਨੂੰ ਸਮਝ ਨਹੀਂ ਆਉਂਦੀ ਤਾਂ ਅਗਲਾ ਕੀ ਕਰੇ। ਪ੍ਰੋ. ਗੁਰਤਰਨ ਸਿੰਘ ਦੇ ਹਵਾਲੇ ਨਾਲ਼ ਗੱਲ ਕਰਨੀ ਹੋਵੇ ਤਾਂ ਅਗਲਾ ਕਲਮ ਤੇ ਜ਼ੁਬਾਨ ਦੋਨੋਂ ਬੰਦ ਰੱਖੇ, ਅਗਲੇ ਦੀ ਵੀ ਭਲਾਈ, ਪੰਥ ਦੀ ਵੀ। ਪਰ ਢਿੱਲੋਂ ਕਲਮ ਤੇ ਜ਼ੁਬਾਨ ਬੰਦ ਤਾਂ ਹੀ ਰੱਖਦਾ ਜੇ ਉਸ ਵਿਚ ਕੋਈ ਇਮਾਨਦਾਰੀ ਹੁੰਦੀ।

ਮੁੱਕਦੀ ਗੱਲ, ਅਰਵਿੰਦਪਾਲ ਸਿੰਘ ਮੰਡੇਰ ਨੇ ਵੱਡੀ ਘਾਲਣਾ ਨਾਲ ਇੱਕ ਬਹੁਤ ਹੀ ਮਹੱਤਵਪੂਰਨ ਕਿਤਾਬ ਸਿੱਖਾਂ ਅਤੇ ਧਰਮ ਅਧਿਐਨ ਦੇ ਸਮੂਹ ਵਿਦਿਆਰਥੀਆਂ ਤੇ ਚਿੰਤਕਾਂ ਦੀ ਝੋਲ਼ੀ ਪਾਈ ਹੈ ਜਿਸ ਦਾ ਸਵਾਗਤ ਕਰਨਾ ਬਣਦਾ ਹੈ। ਨਾਲ ਹੀ ਮੰਡੇਰ ਦੀ ਅਣਥੱਕ ਮਿਹਨਤ ਤੇ ਪ੍ਰਬੀਨ ਬੌਧਿਕਤਾ ਦੀ ਦਾਦ ਵੀ ਦੇਣੀ ਬਣਦੀ ਹੈ। ਇਸ ਕਿਤਾਬ ਦੀ ਚਿਰਾਂ ਤੋਂ ਲੋੜ ਸੀ। ਮੰਡੇਰ ਨੇ ਪਹਿਲ ਕੀਤੀ ਹੈ, ਇਸ ਦਾ ਸਿਹਰਾ ਸਦਾ ਉਸ ਦੇ ਸਿਰ ਬੱਝਿਆ ਰਹੇਗਾ ਤੇ ਉਹ ਸਦਾ ਇਸ ਖੇਤਰ ਵਿਚ ਮੋਢੀ ਦੇ ਤੌਰ 'ਤੇ ਜਾਣਿਆਂ ਜਾਂਦਾ ਰਹੇਗਾ। ਮੈਂ ਧਰਮ ਅਧਿਐਨ, ਫਲਸਫੇ ਅਤੇ ਰਾਜਨੀਤੀ ਦੇ ਸਮੂਹ ਸੰਜੀਦਾ ਪਾਠਕਾਂ ਨੂੰ ਸ਼ਿੱਦਤ ਨਾਲ਼ ਇਸ ਕਿਤਾਬ ਨਾਲ਼ ਸੰਵਾਦ ਵਿਚ ਆਉਣ ਦੀ ਬੇਨਤੀ ਕਰਦਾ ਹਾਂ ਕਿਉਂਕਿ ਇਸ ਰਾਹੀਂ ਉਨ੍ਹਾਂ ਮੁੱਦਿਆਂ ਬਾਰੇ ਸੰਜੀਦਾ ਵਿਚਾਰ ਦੀ, ਨਵੇਂ ਸਿਰਿਓਂ ਸੋਚਣ ਦੀ ਸ਼ੁਰੂਆਤ ਹੋਈ ਹੈ ਜੋ ਸਾਡੇ ਸਭਨਾਂ ਲਈ ਵੱਡੀ ਅਹਿਮੀਅਤ ਰੱਖਦੇ ਹਨ।

## ਪਿੱਥੋ ਦਾ ਮਾਣ: ਭਾਈ ਕਾਨ੍ਹ ਸਿੰਘ ਨਾਭਾ

### ਸੰਪਾਦਕ ਦੀ ਡਾਕ

'ਪੰਜਾਬ ਟਾਈਮਜ਼' ਦੇ 8 ਫਰਵਰੀ ਵਾਲੇ ਅੰਕ ਵਿਚ ਗੁਰਬਚਨ ਸਿੰਘ ਭੁੱਲਰ ਦਾ ਲਿਖਿਆ ਲੇਖ 'ਪਿੱਥੋ ਦਾ ਮਾਣ: ਭਾਈ ਕਾਨ੍ਹ ਸਿੰਘ ਨਾਭਾ' ਪੜ੍ਹਿਆ। ਮੈਂ ਜਿਉਂ-ਜਿਉਂ ਇਹ ਲੇਖ ਪੜ੍ਹ ਰਹੀ ਸਾਂ, ਇੰਜ ਲੱਗ ਰਿਹਾ ਸੀ ਜਿਵੇਂ ਕਿਸੇ ਹੋਰ ਹੀ ਦੁਨੀਆਂ ਵਿਚ ਪਹੁੰਚ ਗਈ ਹੋਵਾਂ। ਸਹਿਜ ਅਤੇ ਅਨੰਦਮਈ ਅਵਸਥਾ ਚਾਰ-ਚੁਫੇਰੇ ਪਸਰੀ ਹੋਈ ਮਹਿਸੂਸ ਕਰ ਰਹੀ ਸਾਂ। ਮੈਂ ਭੁੱਲਰ ਸਾਹਿਬ ਦਾ 'ਪੰਜਾਬ ਟਾਈਮਜ਼' ਵਿਚ ਛਪਿਆ ਹਰ ਲੇਖ ਪੜ੍ਹਦੀ ਹਾਂ। ਉਨ੍ਹਾਂ ਦੇ ਗਿਆਨ, ਕਲਮ ਦੀ ਵਿਦਵਤਾ ਭਰਪੂਰ ਰਵਾਨੀ ਅਤੇ ਉਡਾਨ ਅੱਗੇ ਸਿਰ ਝੁਕਦਾ ਹੈ। ਉਨ੍ਹਾਂ ਦੀ ਹਰ ਲਿਖਤ ਸਲਾਹੁਣਯੋਗ ਹੈ, ਪਰ 'ਪਿੱਥੋ ਦਾ ਮਾਣ: ਭਾਈ ਕਾਨ੍ਹ ਸਿੰਘ ਨਾਭਾ' ਵਾਲੇ ਸੰਖੇਪ, ਪਰ ਵਿਸਥਾਰ ਭਰਪੂਰ ਲੇਖ ਨੇ ਤਾਂ ਹੱਦਾਂ ਮੁਕਾ ਦਿੱਤੀਆਂ। ਉਨ੍ਹਾਂ ਭਾਈ ਸਾਹਿਬ ਨੂੰ ਮਹਾਨ ਕੋਸ਼ ਬਾਰੇ ਆਈਆਂ ਮੁਸ਼ਕਲਾਂ, ਉਨ੍ਹਾਂ ਦੀ ਲੰਮੇ ਸਮੇਂ ਦੀ ਘਾਲਣਾ, ਅਣਥੱਕ ਮਿਹਨਤ ਦੇ ਨਾਲ-ਨਾਲ ਉਨ੍ਹਾਂ ਦੇ ਸਾਕਾਰ ਦਰਸ਼ਨ ਕਰਵਾ ਦਿੱਤੇ। ਕਿਵੇਂ ਗੁਰਸਿੱਖ ਰਾਜੇ ਮਹਾਰਾਜੇ ਇਸ ਮਹਾਨ ਕੋਸ਼ ਦੀ ਸੰਪੂਰਨਤਾ ਲਈ ਹਰ ਵੇਲੇ ਸੇਵਾ ਲਈ ਤਤਪਰ ਰਹੇ।

ਅੱਜ ਮਹਾਨ ਕੋਸ਼ ਬਹੁ-ਗਿਣਤੀ ਘਰਾਂ ਦੀ ਸੋਭਾ ਵਧਾ ਰਿਹਾ ਹੈ ਅਤੇ ਸਾਡੀਆਂ ਮੁਸ਼ਕਲਾਂ ਦੂਰ ਕਰ ਕੇ ਸਾਡਾ ਮਾਰਗ ਦਰਸ਼ਨ ਕਰ ਰਿਹਾ ਹੈ। ਇਹ ਮਹਾਨ ਕੋਸ਼ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਬਾਣੀ ਦੀਆਂ ਡੂੰਘਾਈਆਂ ਨੂੰ ਸਮਝਣ ਵਿਚ ਸਹਾਈ ਹੁੰਦਾ ਹੈ, ਉਥੇ ਸਮੁਚੇ ਸਿੱਖ ਧਰਮ, ਪੰਜਾਬੀਅਤ ਅਤੇ ਪੰਜਾਬ ਦਾ ਸਿਰ ਮਾਣ ਨਾਲ ਉਚਾ ਕਰਦਾ ਹੈ। ਮੈਂ ਪੰਜਾਬੀ ਦੇ ਸਿਰਮੌਰ ਅਖ਼ਬਾਰ 'ਪੰਜਾਬ ਟਾਈਮਜ਼' ਦੇ ਸੰਪਾਦਕ ਸ. ਅਮੋਲਕ ਸਿੰਘ ਦੀ ਵੀ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ ਜਿਹੜੇ ਇਹੋ ਜਿਹੇ ਵਿਦਵਾਨਾਂ ਦੇ ਲੇਖ ਛਾਪ ਕੇ ਆਪਣੇ ਪਾਠਕਾਂ ਤਕ ਪਹੁੰਚਾਉਂਦੇ ਹਨ। ਗੁਰਬਚਨ ਸਿੰਘ ਭੁੱਲਰ, ਡਾ. ਗੁਰਨਾਮ ਕੌਰ, ਬਲਜੀਤ ਬਾਸੀ ਅਤੇ ਹਰਪਾਲ ਸਿੰਘ ਪਨੂੰ ਨੂੰ ਪੜ੍ਹ ਕੇ ਗਦ-ਗਦ ਹੋ ਜਾਈਦਾ ਹੈ। ਆਸ ਕਰਦੇ ਹਾਂ, 'ਪੰਜਾਬ ਟਾਈਮਜ਼' ਸਾਨੂੰ ਸਦਾ ਹੀ ਚੰਗੀਆਂ ਕਲਮਾਂ ਨਾਲ ਜੋੜੀ ਰੱਖੇਗਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਬੇਗਮ ਪੂਰਾ ਸਹਰ ਕੋ ਨਾਉ

**ਰਵਾਇਤੀ ਭਾਰਤੀ ਮਾਨਸਿਕਤਾ ਵਿਚ ਇਹ ਗੱਲ ਸਮਾਈ ਹੋਈ ਹੈ ਕਿ 'ਰਾਮ ਰਾਜ' ਨਿਆਂਪੂਰਨ ਹਕੂਮਤ ਦਾ ਬਿਹਤਰੀਨ ਨਮੂਨਾ ਹੈ। ਕੀ ਸੱਚਮੁੱਚ ਅਜਿਹਾ ਹੈ? ਜਾਂ ਫਿਰ ਸਵਾਰਥੀ ਬ੍ਰਾਹਮਣਵਾਦੀ ਸੋਚ ਨੇ ਇਹ ਮਾਨਤਾ ਘੜੀ ਹੋਈ ਹੈ? ਹਰ ਸੱਚੇ ਧਰਮ ਦਾ ਮਨੋਰਥ 'ਬੇਗਮ ਪੁਰਾ ਸਹਰ ਕੋ ਨਾਉ' ਸਿਰਜਣਾ ਹੈ। ਇਹੋ ਸੁਪਨਾ ਗੁਰੂ ਸਾਹਿਬਾਨ ਅਤੇ ਭਗਤ ਰਵਿਦਾਸ ਹੋਰਾਂ ਲਿਆ ਸੀ। ਅੱਜ ਰਵਿਦਾਸ ਜਿਹੇ ਮਹਾਂਪੁਰਖਾਂ ਨੂੰ ਭਗਤ ਜਾਂ ਗੁਰੂ ਦੀਆਂ ਵੰਡੀਆਂ ਵਾਲੀ ਅੱਖ ਨਾਲ ਦੇਖਣ ਦੀ ਕੋਸ਼ਿਸ਼ ਹੋ ਰਹੀ ਹੈ, ਕਿਤੇ ਇਹ ਬਿਪਰਵਾਦੀ ਸੋਚ ਦਾ ਪ੍ਰਭਾਵ ਤਾਂ ਨਹੀਂ? ਇਹ ਸਵਾਲ ਹਨ ਜੋ ਮਝੈਲ ਸਿੰਘ ਸਰਾਂ ਨੇ ਆਪਣੇ ਇਸ ਲੇਖ ਵਿਚ ਆਪਣੀ ਸਹਿਜ ਸ਼ੈਲੀ ਵਿਚ ਉਠਾਉਣ ਦੀ ਕੋਸ਼ਿਸ਼ ਕੀਤੀ ਹੈ। -ਸੰਪਾਦਕ**

**ਮਝੈਲ ਸਿੰਘ ਸਰਾਂ**

ਭਾਰਤੀ ਸਭਿਅਤਾ ਦੇ ਧਰਮ ਅਤੇ ਸਮਾਜ ਸ਼ਾਸਤਰਾਂ ਵਿਚ ਇਹ ਮਨੌਤ ਯੁੱਗਾਂ ਤੋਂ ਹੈ ਕਿ ਰਾਮ ਰਾਜ ਉਤਮ ਹੈ। ਵਾਰ-ਵਾਰ ਇਸੇ ਦੀ ਮਿਸਾਲ ਦਿੱਤੀ ਜਾਂਦੀ ਹੈ। ਹਰ ਭਾਰਤੀ ਹਾਕਮ ਦਾ ਇਹੀ ਦਾਅਵਾ ਰਿਹਾ ਹੈ ਕਿ ਉਹ ਰਾਮ ਵਰਗਾ ਰਾਜ ਆਪਣੀ ਪਰਜਾ ਨੂੰ ਦੇ ਰਿਹਾ ਹੈ। ਇਸ ਲਫ਼ਜ਼ 'ਰਾਮ ਰਾਜ' ਨਾਲ ਬਹੁਤੇ ਭਾਰਤੀਆਂ ਦੀਆਂ ਭਾਵਨਾਵਾਂ ਇਸ ਕਦਰ ਜੁੜੀਆਂ ਹੋਈਆਂ ਹਨ ਕਿ ਉਹ ਕੀਲੇ ਜਾਂਦੇ ਹਨ। ਆਜ਼ਾਦੀ ਨੂੰ ਰਾਮ ਰਾਜ ਦੇ ਨਾਂ ਤੋਂ ਕੁਰਬਾਨ ਕਰ ਸਕਦੇ ਹਨ। ਇਸ 'ਰਾਮ ਰਾਜ' ਨੂੰ ਇਤਨਾ ਪਵਿੱਤਰ ਸਮਝ ਲਿਆ ਕਿ ਪੁੱਛਣ-ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਇਸ ਰਾਮ ਰਾਜ ਦੀ ਅਸਲੀਅਤ ਕੀ ਹੈ?

ਮਾਨਤਾ ਹੈ ਕਿ ਭਗਵਾਨ ਰਾਮ ਚੰਦਰ 14 ਸਾਲ ਬਣਵਾਸ ਕੱਟ ਕੇ, ਲੰਕਾ ਫਤਿਹ ਕਰ ਕੇ, ਸੀਤਾ ਜੀ ਨੂੰ ਰਾਵਣ ਦੀ ਕੈਦ ਵਿਚੋਂ ਛੁਡਾ ਕੇ ਵਾਪਸ ਅਯੁੱਧਿਆ ਆਏ; ਉਨ੍ਹਾਂ ਆਪਣੇ ਬਾਪ ਦੇ ਰਾਜ ਤਖ਼ਤ 'ਤੇ ਬਿਰਾਜਮਾਨ ਹੋ ਕੇ ਜਿਹੜਾ ਰਾਜ ਆਪਣੀ ਪਰਜਾ ਨੂੰ ਦਿੱਤਾ, ਉਹ ਰਾਮ ਰਾਜ ਹੈ। ਕਿਹਾ ਇਹੋ ਜਾਂਦਾ ਹੈ ਕਿ ਰਾਮ ਦੇ ਰਾਜ ਵਿਚ ਸਭ ਤਬਕਿਆਂ ਦੇ ਲੋਕ ਖੁਸ਼ ਰਹਿੰਦੇ ਸਨ। ਦਰਅਸਲ ਰਾਮ ਚੰਦਰ ਦਾ ਅਕਸ ਭਾਰਤੀਆਂ ਦੇ ਮਨਾਂ ਵਿਚ ਇਹੋ ਜਿਹਾ ਸ਼ਰਧਾ ਵਾਲਾ ਬਣਾ ਦਿੱਤਾ ਗਿਆ ਕਿ ਉਹਦੇ ਨਾਂ 'ਤੇ ਕੀਤਾ ਪਾਪ ਦਾ ਕੰਮ ਵੀ ਪੁੰਨ ਬਣ ਜਾਂਦਾ ਹੈ। ਭਲਾ ਸ਼ੰਭੁਕ ਵਰਗੀ ਰੱਬੀ ਰੂਹ ਨੂੰ ਖੁਦ ਰਾਮ ਚੰਦਰ ਵੱਲੋਂ ਕਤਲ ਕਰਨਾ ਕਿਥੋਂ ਦਾ ਪੁੰਨ ਗਿਣਿਆ ਜਾਵੇ? ਨਿਤਾਣੀ ਇਸਤਰੀ ਨੂੰ 12 ਸਾਲ ਦਾ ਬਣਵਾਸ ਦੇਣਾ ਕਿੱਦਾਂ ਜਾਇਜ਼ਾ ਹੋਇਆ ਬਈ? ਕਿਸੇ ਦੀ ਭੈਣ ਦਾ ਨੱਕ ਵੱਢ ਦੇਣਾ ਕਿਹੜੇ ਰਾਮ ਰਾਜ ਦੀ ਮਰਿਆਦਾ ਹੋਈ? ਇਹ ਤਾਂ ਚੰਦ ਕੁ ਮਿਸਾਲਾਂ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਰਾਮ ਰਾਜ ਕਿਹੋ ਜਿਹਾ ਹੋਵੇਗਾ! ਭਾਰਤ ਆਪਣੇ ਆਪ ਨੂੰ ਧਰਮੀ ਦੇਸ਼ ਕਹਾਉਂਦਾ ਰਿਹਾ ਹੈ ਪਰ ਸ਼ੂਦਰ ਨੂੰ ਰੱਬ ਦਾ ਨਾਂ ਲੈਣ ਦੀ ਵੀ ਆਗਿਆ ਨਹੀਂ ਸੀ। ਉਹਦੇ ਕੰਨ, ਸਿੱਕਾ ਪਾ ਕੇ ਬੰਦ ਕਰ ਦਿੱਤੇ ਜਾਂਦੇ ਤਾਂ ਕਿ ਉਹ ਰੱਬ ਦਾ ਨਾਂ ਸੁਣ ਵੀ ਨਾ ਸਕੇ। ਸ਼ੂਦਰ ਲਈ ਮੰਦਿਰਾਂ ਲਾਗਿਉਂ ਲੰਘਣਾ ਵੀ ਗੁਨਾਹ ਸੀ। ਭਲਾ ਇਹ ਕਿਹੋ ਜਿਹਾ ਧਰਮ ਹੋਇਆ?

ਦਰਅਸਲ ਰਾਮ ਰਾਜ ਕਾਢ ਹੈ ਬ੍ਰਾਹਮਣ ਦੇ ਚੁਸਤ ਦਿਮਾਗ ਦੀ। ਹੁਕਮਰਾਨਾਂ ਅਤੇ ਪੁਜਾਰੀ ਦੇ ਰੂਪ ਵਿਚ ਉਹ ਇਤਨੀ ਤਾਕਤ ਇਕੱਠੀ ਕਰ ਬੈਠਾ ਹੈ ਕਿ ਰਾਜ ਸਿੰਘਾਸਣ ਹਿਲਾਉਣ ਦੀ ਹੈਸੀਅਤ ਵਿਚ ਹੈ। ਆਪਣੇ ਵਿਰੁਧ ਉਠਣ ਵਾਲੀ ਹਰ ਆਵਾਜ਼ ਸਦਾ ਲਈ ਬੰਦ ਕਰਨਾ ਇਹਦੀ ਚੁਟਕੀ ਦਾ ਕੰਮ ਰਿਹਾ ਹੈ। ਰਾਮ ਰਾਜ ਦੇ ਮੁੱਦਈ ਹਿੰਦੂ ਧਰਮ ਮੁਤਾਬਿਕ ਕਾਸ਼ੀ ਸਭ ਤੋਂ ਪਵਿੱਤਰ ਜਗ੍ਹਾ ਹੈ। ਕੋਈ ਗਲੀ ਤੇ ਮੁਹੱਲਾ ਅਜਿਹਾ ਨਹੀਂ ਸੀ ਜਿੱਥੇ ਕਾਸ਼ੀ ਦਾ ਮੰਦਿਰ ਨਾ ਹੋਵੇ। ਸਵੇਰੇ ਸ਼ਾਮ ਜਿਥੇ ਮੰਦਿਰਾਂ ਦੇ ਘੜਿਆਲਾਂ ਨਾਲ ਰਾਮ ਦੀ ਆਰਤੀ ਉਤਾਰੀ ਜਾਂਦੀ ਹੋਵੇ, ਰਾਮ ਰਾਜ ਦਾ ਗੁਣਗਾਨ ਕੀਤਾ ਜਾਂਦਾ ਹੋਵੇ, ਉਸੇ ਜਗ੍ਹਾ 'ਤੇ ਰੱਬ ਦੀ ਭਗਤੀ ਕਿਸੇ ਸ਼ੂਦਰ ਵੱਲੋਂ ਕਰਨੀ ਤੇ ਭਗਤੀ ਵੀ ਅਜਿਹੀ ਕਿ ਰੱਬ ਨਾਲ ਇੰਨਾ ਅਭੇਦ ਹੋ ਜਾਣਾ, ਇਹ ਕਿਵੇਂ ਸੰਭਵ ਹੁੰਦਾ ਭਲਾ? ਮੰਦਿਰਾਂ ਦੀਆਂ ਘੰਟੀਆਂ ਵਜਾਉਣ ਵਾਲੇ ਤਾਂ ਨਹੀਂ ਨਾ ਅਜਿਹਾ ਕਰ ਸਕਦੇ, ਜਿਨ੍ਹਾਂ ਨੇ ਰਾਮ ਨੂੰ ਜ਼ਰੀਆ ਬਣਾਇਆ ਹੋਇਆ ਸੀ ਜਨਤਾ ਨੂੰ ਲੁੱਟਣ ਅਤੇ ਦਬਾਉਣ ਦਾ। ਫਿਰ ਕਾਸ਼ੀ ਦੇ ਮੰਦਿਰਾਂ ਕੋਲੋਂ ਜੁੱਤੀਆਂ ਬਣਾਉਣ ਵਾਲੇ ਕੋਠੇ ਵਿਚੋਂ ਜਿਹੜੀ ਰੱਬੀ ਆਵਾਜ਼ ਉਠੀ, ਉਹਨੇ ਇਨ੍ਹਾਂ ਮੰਦਿਰਾਂ ਵਿਚ ਹੁੰਦੀ ਬੁੱਤਾਂ ਦੀ ਆਰਤੀ ਨੂੰ ਉਸ ਸੱਚੇ ਪਰਵਰਦਗਾਰ ਦੀ ਆਰਤੀ ਉਚਾਰ ਕੇ ਅਜਿਹਾ ਬੰਨ੍ਹ ਮਾਰਿਆ ਕਿ ਪੁਜਾਰੀ ਦੀ ਆਰਤੀ ਮੰਦਿਰ ਤੱਕ ਸੀਮਤ ਹੋ ਗਈ, ਤੇ ਉਸ ਸੱਚੇ-ਸੁੱਚੇ ਕਿਰਤੀ ਭਗਤ ਰਵਿਦਾਸ ਦੀ ਆਰਤੀ ਦੀ ਸੁਗੰਧੀ ਸਾਰੇ ਬ੍ਰਹਿਮੰਡ ਵਿਚ ਅਜਿਹੀ ਫੈਲੀ ਕਿ ਜੁਗੋ-ਜੁਗ ਅਟਲ ਹੋ ਗਈ। ਬ੍ਰਾਹਮਣ ਪੁਜਾਰੀ ਦੀ ਨਜ਼ਰ ਵਿਚਲਾ ਸ਼ੂਦਰ ਜਿਸ ਨੂੰ ਰੱਬ ਦੇ ਨਾਂ ਲੈਣ ਦੀ ਵੀ ਮਨਾਹੀ ਸੀ, ਉਹਨੇ ਭਗਤੀ ਕਰ ਕੇ ਗੁਰਬਾਣੀ ਦੇ ਮਹਾਂਵਾਕ ਮੁਤਾਬਿਕ 'ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ॥' ਉਹ ਰੱਬ ਦੀ ਮਿਹਰ ਸਦਕਾ ਪਾਤਸ਼ਾਹੀ ਦੇ ਰੁਤਬੇ 'ਤੇ ਪਹੁੰਚ ਗਿਆ ਜਿਸ ਦੇ ਸਿਰ 'ਤੇ ਵਾਹਿਗੁਰੂ ਦਾ ਬਖਸ਼ਿਆ ਛਤਰ ਝੁੱਲਣ ਲੱਗ ਪਿਆ।

ਭਗਤੀ ਮਾਰਗ 'ਖੰਨਿਅਹੁ ਤਿਖੀ ਵਾਲਹੁ ਨਿਕੀ' ਵਾਲਾ ਹੈ, ਕਿਸੇ ਵਿਰਲੇ ਵਿਚ ਹੀ ਹਿੰਮਤ ਸੀ ਇਸ 'ਤੇ ਚੱਲਣ ਦੀ। ਸਭ ਤੋਂ ਵੱਧ ਅੜਿੱਕਾ ਰਾਮ ਰਾਜ ਹੀ ਬਣਦਾ। ਫਿਰ ਕੋਈ ਭਗਤ ਰਵਿਦਾਸ ਨਿਤਰਿਆ ਬਿਪਰ ਦੇ ਰਾਮ ਚੰਦਰ ਨੂੰ ਚੁਣੌਤੀ ਦੇਣ ਲਈ। ਉਸ ਉਚਾਰੀ ਸੱਚੀ ਬਾਣੀ, 'ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥' ਇਸ ਸ਼ਬਦ ਦਾ ਸਿੱਧਾ ਸਬੰਧ ਇਨਸਾਨੀ ਜੀਵਨ ਨਾਲ ਹੈ। ਜੋ ਸਿੱਖਿਆ ਇਹ ਸ਼ਬਦ ਦਿੰਦਾ ਹੈ, ਜੇ ਹਰ ਇਨਸਾਨ ਉਸ ਦਾ ਧਾਰਨੀ ਬਣ ਜਾਵੇ ਤਾਂ ਉਹ ਖੁਦ ਬੇਗਮ ਪੁਰਾ ਹੋ ਨਿਬੜਦਾ। ਜਦੋਂ ਸਾਰੇ ਇਨਸਾਨੀ ਜੀਵ ਬੇਗਮਪੁਰਾ ਬਣ ਜਾਣ ਤਾਂ ਸਾਰਾ ਬ੍ਰਹਿਮੰਡ ਹੀ ਬੇਗਮ ਪੁਰਾ ਹੋ ਜਾਂਦਾ ਹੈ। ਜਿਥੇ ਹੁਕਮ ਸਦਾ ਰਹਿਣ ਵਾਲੇ ਸੱਚੇ ਪਾਤਸ਼ਾਹ ਦਾ ਚੱਲਦਾ ਹੈ, ਕਿਸੇ ਪੁਜਾਰੀ ਦਾ ਨਹੀਂ। ਇਸ ਬੇਗਮ ਪੁਰੇ ਨੂੰ ਸਿਰਜਣ ਲਈ ਬਹੁਤ ਵੱਡੀਆਂ ਹਿੰਮਤਾਂ ਮਾਰਨੀਆਂ ਪੈਂਦੀਆਂ ਹਨ, ਬੇਮਿਸਾਲ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ। ਬਾਬਰ ਨੂੰ ਜਾਬਰ ਕਹਿਣ ਦਾ ਹੌਸਲਾ ਕਰਨਾ ਪੈਂਦਾ ਹੈ। ਨਿਰਾ ਸ਼ਬਦ ਦਾ ਕੀਰਤਨ ਸੁਣ ਕੇ ਜਾਂ ਮਹਾਂਪੁਰਸ਼ਾਂ ਦੇ ਅਵਤਾਰ ਪੁਰਬਾਂ 'ਤੇ ਨਗਰ ਕੀਰਤਨਾਂ ਮੋਹਰੇ ਕਿਸੇ ਚਾਲੂ ਗੀਤਕਾਰ ਦਾ ਲਿਖਿਆ ਬੇਗਮ ਪੁਰਾ ਗਾ ਕੇ, ਤੇ ਕਿਸੇ ਹੋਰ ਤਬਕੇ ਵੱਲ ਨੰਗੀਆਂ ਤਲਵਾਰਾਂ ਲਹਿਰਾ ਕੇ ਬੇਗਮ ਪੁਰਾ ਤਾਂ ਕੀ ਸਿਰਜਣਾ, ਭਾਈਚਾਰਾ ਵੀ ਤੋੜਨ ਵਾਲੀ ਗੱਲ ਕੀਤੀ ਜਾਂਦੀ ਹੈ। ਇਸ ਸ਼ਬਦ ਦਾ ਇਕ-ਇਕ ਲਫ਼ਜ਼ ਬੇਗਮ ਪੁਰਾ ਉਸਾਰਦਾ। ਬੇਗਮਪੁਰੇ ਦੇ ਵਾਸੀਆਂ ਨੂੰ ਸਦਾ ਇਹ ਹਿਰਦੇ ਵਿਚ ਵਸਾ ਕੇ ਰੱਖਣਾ ਪੈਣਾ, 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥'

ਗੁਰੂ ਸਾਹਿਬ ਦੇ ਨਿਰਮਲ ਪੰਥ ਵਿਚ ਜਾਤ ਆਧਾਰਤ ਊਚ-ਨੀਚ, ਭਿੱਟ ਲਈ ਕੋਈ ਥਾਂ ਨਹੀਂ। ਉਨ੍ਹਾਂ ਮਹਾਂਪੁਰਸ਼ਾਂ ਦੀ ਬਾਣੀ ਲੱਭ-ਲੱਭ ਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਤਾਂ ਕਿ ਰਹਿੰਦੀ ਦੁਨੀਆਂ ਤੱਕ ਇਹਦੀ ਰੁਸ਼ਨਾਈ ਮਨੁੱਖਤਾ ਨੂੰ ਸੱਚਾ ਤੇ ਸਹੀ ਰਸਤਾ ਦਿਖਾਉਂਦੀ ਰਹੇ। ਇਹ ਵੀ ਭਾਰਤੀ ਸਭਿਅਤਾ ਦੇ ਧਾਰਮਿਕ ਜਗਤ ਵਿਚ ਪਹਿਲੀ ਵਾਰ ਹੋਇਆ ਕਿ ਮਨੂੰਵਾਦ ਦੀਆਂ ਧੱਜੀਆਂ ਉਡਾ ਕੇ ਉਸ ਵੱਲੋਂ ਐਲਾਨੀਆਂ ਨੀਚ ਜਾਤਾਂ ਨੂੰ ਧਰਮ ਗ੍ਰੰਥ ਵਿਚ ਸਰਵੋਤਮ ਥਾਂ ਦੇ ਕੇ ਉਨ੍ਹਾਂ ਦੀ ਬਾਣੀ ਨੂੰ ਰੱਬੀ ਬਾਣੀ ਬਣਾਇਆ। ਇਹ ਗੁਰੂ ਸਾਹਿਬ ਦਾ ਯੁੱਗ ਪਲਟਾਊ ਕਰਮ ਸੀ ਜਿਸ ਦੀ ਉਨ੍ਹਾਂ ਨੂੰ ਕੀਮਤ ਤੱਤੀ ਤਵੀ 'ਤੇ ਬੈਠ ਕੇ ਤਾਰਨੀ ਪਈ ਕਿਉਂਕਿ ਬਿਪਰ ਨੂੰ ਉਸ ਵੱਲੋਂ ਐਲਾਨੀਆਂ ਨੀਚ ਜਾਤਾਂ ਨੂੰ ਬਰਾਬਰ ਦਾ ਰੁਤਬਾ ਦੇਣਾ ਕਦੇ ਵਾਰਾ ਨਹੀਂ ਸੀ ਖਾਂਦਾ। ਮਨੂੰਵਾਦ ਦੇ ਸੰਘੋਂ ਇਹ ਸੱਚੇ ਸੁੱਚੇ ਬੋਲ ਕਿੱਦਾਂ ਥੱਲੇ ਲੰਘਣ, 'ਕਾਇਮੁ ਦਾਇਮੁ ਸਦਾ ਪਾਤਸਾਹੀ ਦੋਮ ਨ ਸੇਮ ਏਕ ਸੋ ਆਹੀ॥'

ਰਾਮ ਰਾਜ ਦੇ ਪੁਜਾਰੀ ਨੂੰ ਅਕਾਲ ਪੁਰਖ ਦੀ ਸਦਾ ਸਥਿਰ ਪਾਤਸ਼ਾਹੀ ਤੋਂ ਭੈਅ ਰਹਿੰਦਾ ਹੈ ਕਿਉਂਕਿ ਅਕਾਲ ਪੁਰਖ ਦੇ ਰਾਜ ਵਿਚ ਕੋਈ ਦੂਜੇ-ਤੀਜੇ ਦਰਜੇ ਦਾ ਸ਼ਹਿਰੀ ਨਹੀਂ ਹੁੰਦਾ। ਜਿਥੇ ਕੋਈ ਕਿਸੇ ਦੀ ਲੁੱਟ ਕਰਨ ਦਾ ਜਿਗਰਾ ਨਹੀਂ ਕਰ ਸਕਦਾ। ਜ਼ਿੰਦਗੀ ਜਿਉਣ ਦੇ ਢੰਗ ਦਾ ਕਿੰਨਾ ਵੱਡਾ ਫਲਸਫਾ ਇਸ ਸ਼ਬਦ ਵਿਚ ਸਮੋਇਆ ਹੋਇਆ ਹੈ, 'ਨਾਂ ਤਸਵੀਸ ਖਿਰਾਜੁ ਨਾ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥' ਬੇਗਮ ਪੁਰੇ ਦੇ ਵਾਸੀ ਕਦੇ ਕਿਸੇ ਨੂੰ ਜਬਰੀ ਟੈਕਸ ਨਹੀਂ ਭਰਨਗੇ, ਨਾ ਹੀ ਖੌਫ ਦੀ ਜ਼ਿੰਦਗੀ ਜਿਉਣਗੇ ਅਤੇ ਨਾ ਹੀ ਕਿਸੇ ਦੇ ਤਰਸ ਦੇ ਪਾਤਰ ਬਣ ਕੇ ਖੈਰਾਤ ਲੈ ਕੇ ਜ਼ਿੰਦਗੀ ਕੱਢਣਗੇ। ਉਹ ਗਰਜ਼ਾਂ ਪਿੱਛੇ ਕਦੇ ਕਿਸੇ ਦੀਆਂ ਲੇਲੜੀਆਂ ਨਹੀਂ ਕੱਢਣਗੇ, ਖੁਦ ਨਸੀਬ ਬਣਾਉਣਗੇ ਹੱਥੀਂ ਕਿਰਤ ਕਰ ਕੇ। ਬੇਗਮਪੁਰੇ ਵਿਚ ਕੋਈ ਬਿਪਰਵਾਦੀ ਉਨ੍ਹਾਂ ਦਾ ਰਾਹ ਰੋਕਣ ਦੀ ਹਿੰਮਤ ਨਹੀਂ ਕਰ ਸਕੇਗਾ। ਬੇਗਮ ਪੁਰੀਆਂ ਵਿਚ ਨਫ਼ਰਤ ਨਾਂ ਦੀ ਚੀਜ਼ ਕੋਈ ਹੋ ਹੀ ਨਹੀਂ ਸਕੇਗੀ, ਕਿਉਂਕਿ ਸਾਰੇ ਹੀ ਤਾਂ ਭਰਾ ਹੋਣਗੇ।

ਭਗਤ ਰਵਿਦਾਸ ਦੇ ਇਸ ਬੇਗਮ ਪੁਰੇ ਨੂੰ ਅਮਲੀ ਰੂਪ ਦੇਣ ਲਈ ਗੁਰੂ ਸਾਹਿਬਾਨ ਨੇ ਬਾਬੇ ਨਾਨਕ ਤੋਂ ਹੀ ਤਿਆਰੀ ਸ਼ੁਰੂ ਕਰ ਦਿੱਤੀ। ਕਿਹੜੀ ਢੁੱਚਰ ਹੈ ਜਿਹੜੀ ਰਾਮ ਰਾਜ ਦੇ ਪੁਰੋਹਿਤਾਂ ਨੇ ਬਾਬੇ ਨਾਨਕ ਦੇ ਮੋਹਰੇ ਨਾ ਡਾਹੀ ਹੋਵੇ ਪਰ ਧੰਨ ਬਾਬਾ ਨਾਨਕ! ਉਹ ਤੁਰ ਪਿਆ ਦੇਸ਼ਾਂ-ਵਿਦੇਸ਼ਾਂ ਨੂੰ ਲੰਮੀਆਂ ਉਦਾਸੀਆਂ 'ਤੇ, ਲੋਕਾਂ ਨੂੰ ਹੋਕਰੇ ਮਾਰਦਾ ਕਿ ਬਣ ਜਾਓ ਬੇਗਮ ਪੁਰੇ ਦੇ ਵਾਸੀ। ਇਹਦੇ ਲਈ ਭਾਵੇਂ ਉਹਨੂੰ ਕੈਦੀ ਬਣ ਕੇ ਚੱਕੀ ਵੀ ਪੀਹਣੀ ਪਈ ਪਰ ਬਾਬਾ ਪਿੱਛੇ ਨਾ ਹਟਿਆ। ਉਹ ਤਾਂ ਸਗੋਂ ਰੱਬ ਨੂੰ ਡਟ ਕੇ ਕਹਿੰਦਾ, 'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨਾ ਆਇਆ॥'

ਗੁਰੂ ਨਾਨਕ ਨੂੰ ਤਾਂ ਪਤਾ ਸੀ ਕਿ ਜਿਸ ਨਿਰਮਲ ਪੰਥ ਨੇ ਬੇਗਮ ਪੁਰਾ ਸਿਰਜਣਾ, ਉਹਨੂੰ ਦੋ ਵੱਡੀਆਂ ਆਫ਼ਤਾਂ ਨੇ ਘੇਰਨਾ ਹੈ। ਪਹਿਲੀ ਪੁਜਾਰੀਆਂ ਦੀ, ਤੇ ਦੂਜੀ ਮੌਕੇ ਦੇ ਹਾਕਮਾਂ ਦੀ। ਤਾਂ ਹੀ ਉਨ੍ਹਾਂ ਨੇ ਕਿਹਾ ਸੀ, 'ਰਾਜੇ ਸੀਹ ਮੁਕਦਮ ਕੁਤੇ॥' ਜਦੋਂ ਇਹ ਦੋਵੇਂ ਤਾਕਤਾਂ ਇਕੱਠੀਆਂ ਹੋ ਜਾਂਦੀਆਂ, ਫਿਰ ਇਹ ਆਮ ਲੋਕਾਂ ਲਈ ਪਰਲੋ ਵਰਗੇ ਹਾਲਾਤ ਪੈਦਾ ਕਰ ਦਿੰਦੀਆਂ। ਇਹ ਕਿਸੇ ਨੂੰ ਸੱਚੀ ਸ਼ਰਧਾ ਨਾਲ ਰੱਬ ਦਾ ਨਾਂ ਲੈਣ ਤੋਂ ਵੀ ਵਰਜ ਦਿੰਦੀਆਂ। ਗੁਰੂ ਅਰਜਨ ਦੇਵ ਤੱਕ ਸਾਰੇ ਗੁਰੂ ਸਾਹਿਬਾਨ ਨੇ ਧਰਮ ਦੇ ਨਾਲ-ਨਾਲ ਸਮਾਜ ਦੇ ਭਲੇ ਵਾਲੇ ਕੰਮ ਕੀਤੇ। ਪਾਣੀ ਲਈ ਸਭ ਲੋਕਾਂ ਲਈ ਸਾਂਝੇ ਖੂਹ ਪੁਟਵਾਏ, ਬਾਉਲੀਆਂ ਬਣਾਈਆਂ। ਬਾਗ ਲਵਾਏ। ਗੁਰਮੁਖੀ ਲਿਪੀ ਹੋਂਦ ਵਿਚ ਲਿਆਂਦੀ। ਮਦਰੱਸੇ ਖੋਲ੍ਹੇ। ਸਰਬ ਸਾਂਝੀਵਾਲਤਾ ਲਈ ਸਰੋਵਰ ਬਣਵਾਏ। ਲੰਗਰ ਚਲਾਏ। ਦਾਨ ਦਾ ਪੈਸਾ ਸਮਾਜ ਸੇਵਾ ਲਈ ਵਰਤਣਾ ਸ਼ੁਰੂ ਕੀਤਾ।...ਫਿਰ ਕਿਉਂ ਗੁਰੂ ਅਰਜਨ ਦੇਵ ਨੂੰ ਸ਼ਹੀਦ ਕੀਤਾ ਗਿਆ? ਕਾਰਨ ਸੀ ਕਿ ਉਹ ਬੇਗਮ ਪੁਰਾ ਸਿਰਜਣ ਵੱਲ ਤੁਰੇ ਸਨ ਜਿਹੜਾ ਪੁਜਾਰੀ ਤੇ ਹਾਕਮ, ਦੋਹਾਂ ਨੂੰ ਕਤੱਈ ਨਹੀਂ ਸੀ ਭਾਉਂਦਾ; ਤੇ ਸੱਚ ਇਹੋ ਹੈ ਕਿ ਅੱਜ ਵੀ ਨਹੀਂ ਭਾਉਂਦਾ।



ਗੁਰੂ ਹਰਗੋਬਿੰਦ ਰਾਏ ਨੇ ਇਹ ਸ਼ਿੱਦਤ ਨਾਲ ਮਹਿਸੂਸ ਕਰ ਲਿਆ ਕਿ ਜਿਹੜਾ ਬੇਗਮ ਪੁਰਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਗਿਆ, ਉਹਦੀ ਸਿਰਜਣਾ ਦੇ ਨਾਲ-ਨਾਲ ਰਾਖੀ ਵੀ ਕਰਨੀ ਪੈਣੀ ਹੈ, ਤੇ ਰਾਖੀ ਤਾਂ ਹੀ ਮੁਮਕਿਨ ਹੋਵੇਗੀ ਜੇ ਸੱਚੇ ਪਾਤਸ਼ਾਹ ਦੀ ਬੰਦਗੀ ਦੇ ਨਾਲ-ਨਾਲ ਸ਼ਕਤੀ ਵੀ ਕੋਲ ਰੱਖੀਏ। ਉਨ੍ਹਾਂ ਨੇ ਕਿਸੇ ਸਿੱਖ ਦੀ ਡਿਊਟੀ ਨਹੀਂ ਲਾਈ, ਪਈ ਤੂੰ ਰਾਖੀ ਕਰ। ਉਨ੍ਹਾਂ ਨੇ ਖੁਦ ਦੋ ਕਿਰਪਾਨਾਂ ਪਹਿਨ ਕੇ ਰਾਖੀ ਦਾ ਬੀੜਾ ਚੁੱਕਿਆ। ਉਹ ਇਥੇ ਤੱਕ ਹੀ ਸੀਮਤ ਨਹੀਂ ਰਹੇ, ਦਿੱਲੀ ਤਖ਼ਤ ਦੇ ਬਾਦਸ਼ਾਹਾਂ ਨੂੰ ਇਹ ਜਤਲਾਉਣ ਲਈ ਕਿ ਤੁਸੀਂ ਜਿਹੜੀਆਂ ਕੁ-ਚਾਲਾਂ ਬੇਗਮ ਪੁਰੇ ਨੂੰ ਢਾਹ ਲਾਉਣ ਲਈ ਹਰ ਵਕਤ ਚਲਦੇ ਰਹਿੰਦੇ ਹੋ, ਹੁਣ ਉਸ ਦਾ ਆਪਣਾ ਸੱਚਾ ਤਖ਼ਤ 'ਅਕਾਲ ਤਖਤ' ਸਥਾਪਤ ਹੋ ਗਿਆ ਹੈ। ਵੰਗਾਰ ਸੀ ਇਹ ਗੁਰੂ ਸਾਹਿਬ ਦੀ ਹੁਕਮਰਾਨਾਂ ਨੂੰ, ਤੇ ਦੂਜੇ ਰਾਮ ਰਾਜ ਦੇ ਮੁਦੱਈਆਂ ਨੂੰ, ਕਿ ਬੇਗਮ ਪੁਰਾ ਹੁਣ ਅੱਗਿਉਂ ਨਿਹੱਥਾ ਨਹੀਂ ਹੋਵੇਗਾ। ਗੁਰੂ ਸਾਹਿਬ ਨੂੰ ਫਿਰ ਅਣਚਾਹੀਆਂ ਚਾਰ ਜੰਗਾਂ ਵੀ ਲੜਨੀਆਂ ਪੈ ਗਈਆਂ। ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਵੀ ਹੋਣਾ ਪੈ ਗਿਆ ਪਰ ਬੇਗਮ ਪੁਰੇ ਦਾ ਤਾਅ ਮੱਠਾ ਨਹੀਂ ਹੋਣ ਦਿੱਤਾ।

ਗੁਰੂ ਤੇਗ ਬਹਾਦਰ ਜਦ ਗੁਰਗੱਦੀ 'ਤੇ ਬੈਠੇ ਤਾਂ ਉਸ ਵਕਤ ਤੱਕ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ 'ਤੇ ਗੁਰੂ ਅੰਸ਼ਾਂ-ਵੰਸ਼ਾਂ ਵਾਲੇ ਬੇਦੀਆਂ, ਤ੍ਰੇਹਨਾਂ ਅਤੇ ਭੱਲਿਆਂ ਨੇ ਆਪਣਾ ਪਹਿਰਾ ਕਰ ਲਿਆ ਸੀ ਜਿਸ ਤੋਂ ਗੁਰੂ ਸਾਹਿਬ ਵਰਜ ਗਏ ਸਨ। ਬਾਬਾ ਬਕਾਲੇ ਤਾਂ ਗੁਰੂ ਤੇਗ ਬਹਾਦਰ ਨੇ ਅੱਖੀਂ ਦੇਖ ਲਿਆ ਸੀ ਕਿ ਉਹਦੇ ਪਰਿਵਾਰ ਵਾਲੇ ਗੁਰੂਡੰਮ ਚਲਾ ਕੇ ਸਿੱਖਾਂ ਨੂੰ ਕਿਵੇਂ ਲੁੱਟ ਰਹੇ ਸਨ। ਬੇਗਮ ਪੂਰੇ ਨੂੰ ਢਾਹ ਹੁਕਮਰਾਨਾਂ ਅਤੇ ਰਾਮ ਰਾਜੀਆਂ ਨੇ ਤਾਂ ਲਾਈ ਸੋ ਲਾਈ, ਆਹ ਗੁਰੂ ਕੁਲਾਂ ਵੀ ਪਿੱਛੇ ਨਾ ਰਹੀਆਂ। ਗੁਰੂ ਸਾਹਿਬ ਨੂੰ ਕਿਸੇ ਅਜਿਹੇ ਸਥਾਨ ਦੀ ਲੋੜ ਸੀ ਜਿਥੇ ਹੁਕਮਰਾਨਾਂ ਦੀ ਨਿਗ੍ਹਾ ਵੀ ਨਾ ਪਵੇ, ਤੇ ਗੁਰੂਡੰਮੀਏ ਵੀ ਨੇੜੇ ਨਾ ਲੱਗ ਸਕਣ। ਜਿਥੋਂ ਗੁਰੂ ਨਾਨਕ ਦੇ ਚਲਾਏ ਪੰਥ ਦਾ ਪ੍ਰਚਾਰ ਬਿਨਾਂ ਕਿਸੇ ਖੌਫ ਦੇ ਹੋਵੇ।

ਗੁਰੂ ਸਾਹਿਬ ਨੂੰ ਇਹ ਵੀ ਪਤਾ ਸੀ ਕਿ ਮੀਰੀ-ਪੀਰੀ ਦਾ ਜਿਹੜਾ ਸਿਧਾਂਤ ਉਨ੍ਹਾਂ ਦੇ ਪਿਤਾ ਜੀ ਦੇ ਗਏ, ਉਸ ਨੂੰ ਅਗਾਂਹ ਸੰਤ-ਸਿਪਾਹੀ ਤੱਕ ਲਿਜਾਣਾ ਬਹੁਤ ਜ਼ਰੂਰੀ ਹੈ; ਤਾਂ ਹੀ ਬੇਗਮ ਪੁਰੇ ਦੇ ਵਾਸੀ ਬਣ ਸਕਾਂਗੇ। ਸੋਚ ਵਿਚਾਰ ਕੇ ਹੀ ਉਨ੍ਹਾਂ ਪਿੰਡ ਮਾਖੋਵਾਲ (ਅਨੰਦਪੁਰ ਸਾਹਿਬ) ਖਰੀਦਿਆ। ਇਹ ਥਾਂ ਹਾਕਮਾਂ ਤੋਂ ਵੀ ਮਹਿਫ਼ੂਜ਼ ਲੱਗਦਾ ਸੀ ਕਿਉਂਕਿ ਸਤਲੁਜ ਦਰਿਆ ਤੇ ਦੁਆਬੇ ਦੇ ਜੰਗਲ ਅੱਗੇ ਪੈਂਦੇ ਸਨ। ਦੂਜੇ ਪਾਸੇ ਪਹਾੜੀਆਂ ਸਨ। ਸ਼ਾਇਦ ਇਹ ਵੀ ਉਨ੍ਹਾਂ ਨੇ ਵਿਚਾਰਿਆ ਹੋਵੇਗਾ ਕਿ ਇਹ ਉਹੋ ਪਹਾੜੀ ਰਾਜੇ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਪਿਤਾ ਨੇ ਮੁਗ਼ਲ ਹਕੂਮਤ ਤੋਂ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਕਰਵਾਇਆ ਸੀ। ਉਂਜ ਬਾਅਦ ਵਿਚ ਇਹੋ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਨਾਲ ਖਾਰ ਖਾ ਗਏ। ਇਹੋ ਅਨੰਦਪੁਰ ਸਾਹਿਬ ਇਕ ਵਾਰ ਬੇਗਮ ਪੁਰਾ ਸਿਰਜਿਆ ਗਿਆ ਜਿਥੇ ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ ਤੇ ਨਿਓਟਿਆਂ ਨੂੰ ਓਟ ਮਿਲਣ ਲੱਗ ਪਈ। 'ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥' ਇਹਦੀ ਧਾਂਕ ਕਸ਼ਮੀਰ ਤੱਕ ਪਹੁੰਚ ਗਈ। ਉਥੋਂ ਹਾਕਮਾਂ ਦੇ ਸਤਾਏ ਅਤੇ ਆਪਣੇ ਹੀ ਧਰਮ ਦੇ ਰਾਜਿਆਂ ਵੱਲੋਂ ਮੂੰਹ ਫੇਰ ਲੈਣ 'ਤੇ ਕਸ਼ਮੀਰੀ ਬ੍ਰਾਹਮਣਾਂ ਨੂੰ ਬੇਗਮ ਪੁਰੇ ਦੀ ਲੋਅ ਅਨੰਦਪੁਰ ਸਾਹਿਬ ਤੋਂ ਆਉਂਦੀ ਦਿਸੀ। ਉਹ ਆਣ ਫ਼ਰਿਆਦੀ ਹੋਏ ਤੇ ਬੇਗਮ ਪੁਰੇ ਦਾ ਸਿਰਜਣਹਾਰਾ ਖੁਦ ਤੁਰ ਪਿਆ ਉਨ੍ਹਾਂ ਦੇ ਖ਼ੌਫ ਦਾ ਅੰਤ ਕਰਨ ਦਿੱਲੀ ਨੂੰ, ਤੇ ਜਾ ਕਟਵਾਇਆ ਆਪਣਾ ਹੀ ਸੀਸ, ਤਾਂ ਕਿ ਬੇਗਮਪੁਰਾ ਕਾਇਮ ਰਹੇ।

ਨੌਂ ਸਾਲ ਦੀ ਛੋਟੀ ਉਮਰ ਵਿਚ ਹੀ ਗੋਬਿੰਦ ਰਾਏ ਉਤੇ ਪੰਥ ਨੂੰ ਅਗਲੀ ਸੇਧ ਦੇਣ ਦੀ

## ਖਰੀ ਗੱਲ

ਜ਼ਿੰਮੇਵਾਰੀ ਆ ਗਈ। ਉਮੀਦ ਤੋਂ ਉਲਟ, ਗੁਰੂ ਸਾਹਿਬ ਨੇ ਦੇਖਿਆ ਕਿ ਇਨ੍ਹਾਂ ਪਹਾੜੀਆਂ ਰਾਜਿਆਂ ਵਿਚ ਬੇਗਮ ਪੁਰੇ ਵਾਲੀ ਆਜ਼ਾਦੀ ਮਾਣਨ ਦੀ ਤਾਂਘ ਹੀ ਖਤਮ ਹੋ ਚੁੱਕੀ ਸੀ। ਉਹ ਦਿੱਲੀ ਹਕੂਮਤ ਦੀ ਗੁਲਾਮੀ, ਆਪਣੇ ਜ਼ਿਹਨ ਵਿਚ ਇਸ ਕਦਰ ਕਬੂਲੀ ਬੈਠੇ ਸਨ ਕਿ ਆਪਣੇ ਹੀ ਜੰਞੂ ਧਾਰਕ ਹਿੰਦੂ ਭਰਾਵਾਂ ਨਾਲ ਹੁੰਦੀ ਵਧੀਕੀ ਨੂੰ ਵੀ ਅਣਗੌਲਿਆ ਕਰਦੇ ਰਹੇ। ਗੁਰੂ ਸਾਹਿਬ ਦਾ ਆਜ਼ਾਦਾਨਾ ਸੁਭਾਅ ਇਨ੍ਹਾਂ ਨੂੰ ਅੱਖੜਨ ਲੱਗ ਪਿਆ। ਗੁਰੂ ਸਾਹਿਬ ਦੇ ਬੇਗਮ ਪੁਰੇ ਦੇ ਸਿਧਾਂਤ 'ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਰਹਮ ਮਹਲ ਨ ਕੋ ਅਟਕਾਵੈ॥' ਮੁਤਾਬਕ ਪਹਾੜੀ ਇਲਾਕਿਆਂ ਵਿਚ ਨਗਾਰੇ ਦੀ ਚੋਟ 'ਤੇ ਗੁਰੂ ਜੀ ਦਾ ਸ਼ਿਕਾਰ ਨੂੰ ਨਿਕਲਣਾ, ਇਨ੍ਹਾਂ ਦੇ ਦਿਲ ਵਿਚ ਹੌਲ ਪਾਉਣ ਲੱਗ ਪਿਆ। ਇਹ ਅਹਿਸਾਨ ਭੁੱਲ ਕੇ, ਕਿ ਇਸੇ ਗੁਰੂ ਦੇ ਬਾਬੇ ਨੇ ਕੈਦ ਵਿਚੋਂ ਛੁਡਾਇਆ ਸੀ, ਉਸੇ ਖ਼ਿਲਾਫ਼ ਸਾਜ਼ਿਸ਼ਾਂ ਗੁੰਦਣ ਲੱਗ ਪਏ। ਗੁਰੂ ਸਾਹਿਬ ਦੇ ਹਰ ਕੰਮ ਦੀ ਖੁਫੀਆ ਰਿਪੋਰਟ ਮੁਗਲ ਹਕੂਮਤ ਨੂੰ ਭੜਕਾ ਕੇ ਦਿੱਤੀ ਜਾਂਦੀ। 1699 ਦੀ ਵਿਸਾਖੀ ਵਾਲਾ ਖਾਲਸਈ ਜਲੌਅ ਨਾ ਇਨ੍ਹਾਂ ਪਹਾੜੀ ਰਾਜਿਆਂ ਤੋਂ ਝੱਲਿਆ ਗਿਆ, ਤੇ ਨਾ ਮੁਗਲ ਹਕੂਮਤ ਤੋਂ। ਇਹ ਗੁਰੂ ਸਾਹਿਬ ਵਿਰੁਧ ਇਸ ਕਦਰ ਉਲਾਰ ਹੋ ਗਏ ਕਿ ਅਨੰਦਪੁਰ ਸਾਹਿਬ ਜੋ ਸਿੱਖਾਂ ਦਾ ਬੇਗਮ ਪੁਰਾ ਸੀ, ਨੂੰ ਸ਼ਾਹੀ ਫੌਜਾਂ ਨਾਲ ਲੈ ਕੇ ਘੇਰਾ ਪਾ ਲਿਆ। ਮਹੀਨਿਆਂ ਬੱਧੀ ਬੈਠੇ ਰਹੇ ਘੇਰ ਕੇ, ਪਰ ਬੇਗਮ ਪੁਰੇ ਵਾਲੇ ਇਸ ਰਜ਼ਾ ਵਿਚ ਵੀ ਖੁਸ਼ ਸਨ। ਫਿਰ ਵਾਹ ਚੱਲਦੀ ਨਾ ਦੇਖ ਕੇ ਇਹ ਆਪਣੀ ਔਕਾਤ 'ਤੇ ਆ ਗਏ। ਖਾ ਲਈਆਂ ਝੂਠੀਆਂ ਕਸਮਾਂ, ਤੇ ਫਿਰ ਮੁੱਕਰ ਗਏ ਵਾਅਦਿਆਂ ਤੋਂ; ਕਿ ਇਕ ਵਾਰ ਅਨੰਦਪੁਰ ਸਾਹਿਬ ਖਾਲੀ ਕਰ ਕੇ ਚਲੇ ਜਾਓ, ਕੋਈ ਲੜਾਈ ਨਹੀਂ ਹੋਵੇਗੀ। ਬੇਇਤਬਾਰੇ ਨਿਕਲੇ। ਘੇਰ ਲਿਆ ਗੁਰੂ ਦੀ ਵਹੀਰ ਨੂੰ ਸਿਰਸਾ ਦਰਿਆ ਦੇ ਕੰਢੇ 'ਤੇ। ਵਿਛੋੜ ਦਿੱਤਾ ਸਾਰਾ ਪਰਿਵਾਰ।

ਦੁਨੀਆਂ ਵਿਚ ਹਰ ਜੰਗ ਕਿਸੇ ਮਕਸਦ ਲਈ ਲੜੀ ਜਾਂਦੀ ਹੈ ਜਿਹਦੇ ਪਿੱਛੇ ਉਹੀ ਤਿੰਨ ਕਾਰਨ ਦੱਸੇ ਜਾਂਦੇ ਰਹੇ, ਪਰ ਗੁਰੂ ਸਾਹਿਬ ਨਾਲ ਚਮਕੌਰ ਸਾਹਿਬ ਦੀ ਜੰਗ ਕਿਉਂ ਲੜੀ? ਕਿਉਂ ਸ਼ਹੀਦ ਕੀਤੇ ਸਿੱਖ ਤੇ ਦੋਵੇਂ ਸਾਹਿਬਜ਼ਾਦੇ? ਇਸ ਜੰਗ ਪਿੱਛੇ ਤਾਂ ਉਹ ਤਿੰਨੇ ਕਾਰਨ ਨਹੀਂ ਸਨ। ਕਾਰਨ ਸੀ ਇਕੋ, ਕਿ ਬੇਗਮ ਪੂਰੇ ਦੇ ਵਾਸੀ ਬਣ ਕੇ ਨਹੀਂ ਰਹਿਣ ਦੇਣਾ। ਸਰਹਿੰਦ ਦੇ ਨਵਾਬ ਨੇ ਛੋਟੇ ਸਾਹਿਬਜ਼ਾਦਿਆਂ 'ਤੇ ਕਿਉਂ ਮੁਕੱਦਮਾ ਚਲਾਇਆ? ਉਨ੍ਹਾਂ ਦਾ ਤਾਂ ਕੋਈ ਗੁਨਾਹ ਨਹੀਂ ਸੀ! ਗੁਨਾਹ ਸੀ ਤਾਂ ਬੱਸ ਇਹੋ, ਕਿ ਉਹ ਉਸ ਬਾਪ ਦੇ ਬੇਟੇ ਸਨ ਜਿਹੜਾ ਬੇਗਮ ਪੁਰੇ ਦਾ ਰਾਖਾ ਸੀ। ਬੱਸ, ਨੀਹਾਂ ਵਿਚ ਚਿਣਾ ਦਿੱਤੇ। ਬੜੀ ਵੱਡੀ ਕੀਮਤ ਅਦਾ ਕੀਤੀ ਹੈ, ਗੁਰੂ ਸਾਹਿਬਾਨ ਨੇ, ਤੇ ਗੁਰਸਿੱਖਾਂ ਨੇ ਇਸ ਪਵਿੱਤਰ ਸ਼ਬਦ 'ਬੇਗਮ ਪੁਰਾ ਸਹਰ ਕੋ ਨਾਉ' ਲਈ। ਆਪਣੇ ਹੀ ਪੁੱਤਰ ਦਾ ਅੱਖਾਂ ਸਾਹਮਣੇ ਚੀਰ ਕੇ ਦਿਲ, ਕੱਢ ਕੇ ਮੂੰਹ ਵਿਚ ਪੁਆਉਣਾ ਪਿਆ ਬਾਬਾ ਬੰਦਾ ਸਿੰਘ ਨੂੰ। ਖੌਫ ਲਾਹ ਕੇ ਗਰਜ ਮਾਰਨੀ ਪਈ ਬਾਬਾ ਬੋਤਾ ਸਿੰਘ ਤੇ ਗਰਜਾ ਸਿੰਘ ਵਾਂਗਰ ਹੱਥਾਂ ਵਿਚ ਖੂੰਡੇ ਫੜ ਕੇ, ਕਿ ਆਹ ਖੜ੍ਹੇ ਆ ਬੇਗਮਪੁਰ ਦੇ ਵਾਸੀ, ਹਿੰਮਤ ਹੈ ਤਾਂ ਟੱਕਰੋ!

ਜਦੋਂ ਦਾ ਇਹ ਸ਼ਬਦ ਭਗਤ ਰਵਿਦਾਸ ਵੱਲੋਂ ਉਚਾਰਿਆ ਗਿਆ, ਉਦੋਂ ਤੋਂ ਹੀ ਬਿਪਰਵਾਦ ਨੂੰ ਹੱਥਾਂ ਪੈਰਾਂ ਦੀ ਪਈ ਹੋਈ ਹੈ, ਕਿ ਇਹ ਸਾਡੀਆਂ ਜੜ੍ਹਾਂ ਵੱਢਣ ਲੱਗਾ। ਜਦੋਂ ਤੋਂ ਇਸ ਪਵਿੱਤਰ ਸ਼ਬਦ ਨੂੰ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਲਿਆ, ਉਦੋਂ ਤੋਂ ਇਸ ਬਿਪਰਵਾਦ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਿਰ ਝੁਕਾਉਣ ਵਾਲੇ ਤਮਾਮ ਲੋਕਾਂ ਨਾਲ ਨਫ਼ਰਤ ਭਰੀ ਜੰਗ ਵਿੱਢੀ ਹੋਈ ਹੈ। ਕੋਈ ਇਕ ਵੀ ਮੌਕਾ ਨਹੀਂ ਇਹ ਖੁੰਝਣ ਦਿੰਦਾ ਜਦੋਂ ਮਾਰੂ ਵਾਰ ਨਾ ਕਰਦਾ ਹੋਵੇ। ਕਦੀ ਇਹ ਪਿੱਠ ਪਿੱਛਿਉਂ ਵਾਰ ਕਰਦਾ, ਤੇ ਕਦੀ ਸਾਹਮਣੇ ਹੋ ਕੇ। ਕਦੀ ਇਹ ਸੰਤਾਂ ਸਾਧਾਂ ਦੇ ਬਾਣਿਆਂ ਵਿਚ ਸਜਿਆ ਬੈਠਾ ਬੇਗਮ ਪੁਰੇ ਨੂੰ ਖੋਰਾ ਲਾਉਂਦਾ ਹੈ, ਕਦੇ ਇਕ ਜਾਤ ਬਹਾਦਰੀ (ਭਾਵੇਂ ਉਹਨੂੰ ਇਸ ਬਿਪਰਵਾਦ ਨੇ ਸਦੀਆਂ ਤੋਂ ਨੀਚ ਗਰਦਾਨਿਆ ਹੋਇਆ) ਦੀ ਪਿੱਠ 'ਤੇ ਖੜ੍ਹ ਜਾਂਦਾ ਤਾਂ ਕਿ ਬੇਗਮ ਪੁਰੇ ਦੇ ਅਰਥ ਹੀ ਬਦਲ ਦਿੱਤੇ ਜਾਣ। ਜਿਸ ਗ੍ਰੰਥ ਨੇ ਇਸ ਪਵਿੱਤਰ ਸ਼ਬਦ ਨੂੰ ਰੱਬੀ ਬਾਣੀ ਦਾ ਸਤਿਕਾਰ ਦਿਵਾਇਆ ਹੋਵੇ, ਉਸ 'ਤੇ ਵੀ ਹਮਲਾ ਕਰਵਾ ਦਿੰਦਾ ਹੈ। ਕਿਸੇ ਦੀਆਂ ਭਾਵਨਾਵਾਂ ਨੂੰ ਗੁੰਮਰਾਹ ਕਿੱਦਾਂ ਕਰਨਾ ਹੈ, ਇਹ ਬਾਖੂਬੀ ਜਾਣਦਾ ਹੈ। ਭਾਈਚਾਰਕ ਸਾਂਝ

*(ਬਾਕੀ ਅਗਲੇ ਸਫੇ 'ਤੇ)*

ਤੁੜਵਾਉਣੀ ਇਹਦੇ ਖੱਬੇ ਹੱਥ ਦਾ ਕੰਮ ਹੈ।

ਭਾਰਤ ਆਜ਼ਾਦ ਹੋਏ ਨੂੰ ਸੱਤ ਦਹਾਕੇ ਹੋ ਗਏ। ਸੰਵਿਧਾਨਕ ਤੌਰ 'ਤੇ ਇਹ ਦੁਨੀਆਂ ਦਾ ਸਭ ਤੋਂ ਵੱਡਾ ਲੋਕਰਾਜੀ ਮੁਲਕ ਆਖਿਆ ਜਾਂਦਾ ਹੈ ਪਰ ਅੱਜ ਤੱਕ ਉਥੇ ਵਸਦੀ ਹਰ ਘੱਟ-ਗਿਣਤੀ ਖੌਫ ਵਿਚ ਜੀਅ ਰਹੀ ਹੈ। ਸਭ ਤੋਂ ਵੱਧ ਦਲਿਤ ਕਹਾਉਂਦੇ ਲੋਕ ਹੀ ਇਸ ਦਾ ਸ਼ਿਕਾਰ ਹੋਏ। ਕਿੰਨੀਆਂ ਹੀ ਰਣਬੀਰ ਸੈਨਾਵਾਂ ਵਰਗੀਆਂ ਗੁੰਡਾ ਫੋਰਸਾਂ ਇਨ੍ਹਾਂ ਦਲਿਤਾਂ ਖਿਲਾਫ਼ ਹੀ ਬਣੀਆਂ ਹੋਈਆਂ। ਆਜ਼ਾਦ ਭਾਰਤ ਨੇ ਮਨੂੰਵਾਦ ਵਾਲੀ ਨੀਤੀ ਛੱਡੀ ਨਹੀਂ, ਬਸ ਫੇਰ-ਬਦਲ ਹੀ ਕੀਤਾ ਹੈ। ਦਲਿਤਾਂ ਵਿਚੋਂ ਸੀਮਤ ਜਿਹੀ ਗਿਣਤੀ ਨੂੰ ਖੁਸ਼ ਕਰ ਦਿੱਤਾ ਸਰਕਾਰੀ ਨੌਕਰੀਆਂ ਵਿਚ ਰਿਜ਼ਰਵੇਸ਼ਨ ਦੇ ਕੇ। ਉਨ੍ਹਾਂ 'ਤੇ ਇਹ ਅਹਿਸਾਨ ਜਤਲਾਇਆ ਜਾਂਦਾ ਕਿ ਤੁਹਾਡੇ 'ਤੇ ਤਰਸ ਕਰ ਕੇ ਇਹ ਰਿਆਇਤ ਦਿੱਤੀ ਹੋਈ ਹੈ, ਕਿ ਤੁਸੀਂ ਨੀਵੀਂ ਜਾਤ ਵਿਚੋਂ ਹੋ ਪਰ ਭਗਤ ਰਵਿਦਾਸ ਨੇ ਕਿਸੇ ਦੇ ਤਰਸ ਦਾ ਪਾਤਰ ਬਣਨਾ ਹੀ ਖਾਰਜ ਕਰ ਦਿੱਤਾ ਹੋਇਆ ਆਪਣੇ ਬੇਗਮ ਪੁਰੇ ਵਿਚ। ਹਾਲਾਤ ਇਹ ਹਨ ਕਿ ਰਿਜ਼ਰਵੇਸ਼ਨ ਦੇ ਮੁੱਦੇ 'ਤੇ ਸਮਾਜ ਵੰਡਿਆ ਹੋਇਆ ਹੈ। ਹਰ ਤਬਕਾ ਰਿਜ਼ਰਵੇਸ਼ਨ ਦੀ ਛੱਤਰੀ ਹੇਠ ਬੈਠਣਾ ਚਾਹੁੰਦਾ ਹੈ ਤੇ ਮਨੂੰਵਾਦ ਪਰ੍ਹੇ ਖੜ੍ਹਾ ਤਮਾਸ਼ਾ ਦੇਖੀ ਜਾਂਦਾ ਹੈ।

ਸਭ ਤੋਂ ਵੱਧ ਧਨ-ਦੌਲਤ ਮੰਦਿਰਾਂ ਵਿਚ ਇਕੱਠੀ ਹੁੰਦੀ ਹੈ। ਇਕ ਸਰਵੇਖਣ ਮੁਤਾਬਕ ਭਾਰਤ ਵਿਚ 20 ਲੱਖ ਮੰਦਿਰ ਹਨ। ਵੱਡੇ ਮੰਦਰਾਂ ਵਿਚ ਤਾਂ ਪੁਜਾਰੀਆਂ ਦੀ ਗਿਣਤੀ ਹੀ 100 ਤੋਂ ਵੀ ਉਤੇ ਹੈ। ਜੇ ਇਕ ਮੰਦਿਰ ਪਿੱਛੇ 5 ਪੁਜਾਰੀ ਮੰਨ ਕੇ ਚੱਲੀਏ, ਤਾਂ ਗਿਣਤੀ ਇਕ ਕਰੋੜ ਹੋ ਗਈ। ਇਹ ਇਕ ਕਰੋੜ ਪਤਾ ਕੌਣ ਹਨ? ਪੁਸ਼ਤੈਨੀ ਬ੍ਰਾਹਮਣ। ਭਲਾ ਕੀ ਲੋੜ ਪਈ ਆ ਇਨ੍ਹਾਂ ਨੂੰ ਸਰਕਾਰੀ ਨੌਕਰੀਆਂ ਵਿਚ ਆਉਣ ਦੀ ਜਿੱਥੇ ਸਿਰਫ ਬੱਝੀ ਤਨਖਾਹ ਮਿਲਦੀ ਹੈ? ਬ੍ਰਾਹਮਣ ਦੀ ਇਤਨੀ ਵੱਡੀ ਰਿਜ਼ਰਵੇਸ਼ਨ ਨੂੰ ਕੋਈ ਚੈਲਿੰਜ ਨਹੀਂ। ਆਹ ਸਰਕਾਰੀ ਰਿਜ਼ਰਵੇਸ਼ਨ ਵਾਲੀ ਬੁਰਕੀ 'ਤੇ ਪੂਰਾ ਮੁਲਕ ਲੜਾ ਮਾਰਿਆ। ਬੇਗਮ ਪੁਰਾ ਸਾਨੂੰ ਸਿੱਖਿਆ ਦਿੰਦਾ ਹੈ ਕਿ ਧਰਮ ਦੇ ਨਾਂ 'ਤੇ ਚੱਲਦੇ ਡੇਰਿਆਂ ਤੋਂ ਲੁੱਟ ਨਾ ਹੋਵੋ। ਮਹਾਂਪੁਰਸ਼ਾਂ ਨੇ ਆਪਣੀ ਬਾਣੀ ਵਿਚ ਸੁੱਚੀ ਕਿਰਤ ਨੂੰ ਹੀ ਵਡਿਆਇਆ ਹੈ। ਹਕੀਕਤ ਆਪਣੇ ਸਾਹਮਣੇ ਹੈ ਕਿ ਜਦੋਂ ਪਿੰਡੋਂ ਵਿਦੇਸ਼ਾਂ ਨੂੰ ਤੁਰੇ ਸੀ ਤਾਂ ਤਕਰੀਬਨ ਖਾਲੀ ਹੱਥੀਂ ਹੀ ਸੀਗੇ। ਫਿਰ ਇੱਥੇ ਆ ਕੇ ਕਿਹੜੀ ਰਿਜ਼ਰਵੇਸ਼ਨ ਸੀ ਸਾਡੇ ਲਈ ਕਿ ਆਪਣੇ ਪੈਰਾਂ 'ਤੇ ਖੜ੍ਹੇ ਹੋ ਗਏ? ਸਿਰਫ਼ ਤੇ ਸਿਰਫ਼ ਕਿਰਤ ਰਾਹੀਂ।

ਸਥਾਪਤੀ ਖ਼ਿਲਾਫ਼ ਆਵਾਜ਼ ਬੁਲੰਦ ਕਰਨੀ ਬੜੀ ਹਿੰਮਤ ਦਾ ਕੰਮ ਹੈ। ਇਹ ਜਿਗਰਾ ਭਗਤ ਰਵਿਦਾਸ ਦੇ ਹਿੱਸੇ ਆਇਆ। ਉਨ੍ਹਾਂ ਜੁੱਗਾਂ ਤੋਂ ਲਿਤਾੜੇ ਜਾ ਰਹੇ ਲੋਕਾਂ ਦੀ ਆਵਾਜ਼ ਬਣ ਕੇ ਛੇ ਸਦੀਆਂ ਪਹਿਲਾਂ ਮਨੂੰਵਾਦ ਨਾਲ ਆਢਾ ਲਾਇਆ। ਹੁਣ ਸਾਡਾ ਵੀ ਇਹ ਫ਼ਰਜ਼ ਹੈ ਕਿ ਉਨ੍ਹਾਂ ਦੀ ਬਾਣੀ ਨੂੰ ਹਿਰਦੇ ਵਿਚ ਵਸਾ ਕੇ ਕਿਸੇ ਵੀ ਤਬਕੇ 'ਤੇ ਹੁੰਦੇ ਜ਼ੁਲਮ ਵਿਰੁਧ ਉਠੀਏ, ਤਾਂ ਹੀ ਇਨ੍ਹਾਂ ਮਹਾਂਪੁਰਸ਼ਾਂ ਦੇ ਅਵਤਾਰ ਪੁਰਬ ਮਨਾਉਣੇ ਸ਼ੋਭਦੇ ਹਨ। ਆਪਾਂ ਜਿਸ ਮੁਲਕ ਤੋਂ ਹਾਂ, ਉਥੇ ਅੱਜ ਵੀ ਸਟੇਟ ਹਰ ਹਰਬਾ ਵਰਤਦੀ ਹੈ ਘੱਟ-ਗਿਣਤੀਆਂ ਨੂੰ ਦੁਬੇਲ ਬਣਾਈ ਰੱਖਣ ਦਾ। ਕਸ਼ਮੀਰ ਦੇ ਮੁਸਲਮਾਨਾਂ ਨੂੰ ਏਕਤਾ ਏ ਅਖੰਡਤਾ ਦੇ ਬਹਾਨੇ ਮਾਰ ਹੀ ਨਹੀਂ ਰਹੀ, ਫੌਜ ਕੋਲੋਂ ਉਥੇ ਬੀਬੀਆਂ ਦੀ ਬੇਪਤੀ ਵੀ ਕਰਾਉਂਦੀ ਹੈ। ਛਤੀਸਗੜ੍ਹ ਦੇ ਆਦਿਵਾਸੀ ਤਾਂ ਵੱਖਵਾਦ ਦੀ ਗੱਲ ਨਹੀਂ ਕਰਦੇ, ਉਹ ਕੁਦਰਤ ਵੱਲੋਂ ਬਖ਼ਸ਼ੇ ਆਪਣੇ ਸੋਮਿਆਂ ਨੂੰ ਕਾਰਪੋਰੇਟ ਘਰਾਣਿਆਂ ਦੀ ਲੁੱਟ ਤੋਂ ਬਚਾਉਣ ਲਈ ਹੀ ਕਹਿ ਰਹੇ ਆ। ਫਿਰ ਕਿਉਂ ਭਾਰਤੀ ਸਟੇਟ ਉਨ੍ਹਾਂ ਮਗਰ ਪੈ ਗਈ ਗਰੀਨ ਹੰਟ ਵਰਗੀਆਂ ਕਾਰਵਾਈਆਂ ਕਰ ਕੇ? ਮਨੀਪੁਰ ਵਾਲਿਆਂ ਨੂੰ ਕਿਉਂ ਆਜ਼ਾਦੀ ਤੋਂ ਵਿਰਵਾ ਰੱਖਿਆ ਹੋਇਆ ਹੈ? ਸਿੱਖਾਂ ਨੂੰ ਕਿਉਂ ਅੱਜ ਤੱਕ ਇਨਸਾਫ ਨਹੀਂ ਦਿੱਤਾ ਜਾ ਰਿਹਾ? ਕਿਉਂ ਨਹੀਂ ਸਜ਼ਾ ਭੁਗਤ ਚੁੱਕੇ ਕੈਦੀਆਂ ਨੂੰ ਰਿਹਾ ਕੀਤਾ ਜਾਂਦਾ? ਕਿਉਂ ਸਜ਼ਾ ਅਧੀਨ ਕੈਦੀ ਨੂੰ ਇਤਨਾ ਮਾਨਸਿਕ ਅਤੇ ਸਰੀਰਕ ਕਸ਼ਟ ਦਿੱਤਾ ਕਿ ਉਹਨੂੰ ਨੀਮ ਪਾਗਲ ਬਣਾ ਦਿੱਤਾ? ਪੰਜਾਬ ਨੂੰ ਡਰੱਗ ਸਮਗਲਿੰਗ ਵਾਲਾ ਸੂਬਾ ਬਣਾ ਕੇ ਜੁਆਨੀ ਨੂੰ ਖੇਹ ਕਰਨ ਵਾਲੇ ਕਿਉਂ ਹਾਕਮ ਬਣਨ ਭਲਾ? ਜੇ ਆਪਾਂ ਚੁੱਪ ਹਾਂ ਤਾਂ ਬੇਗਮ ਪੁਰੇ ਦੇ ਵਾਸੀਆਂ ਦੀ ਕਤਾਰ ਵਿਚ ਨਹੀਂ ਆਵਾਂਗੇ, ਤੇ ਸਾਡੇ ਬੇਗਮ ਪੁਰੇ ਦੇ ਸਿਰਜਣਹਾਰ ਸਾਥੋਂ ਚੁੱਪ ਹੋ ਜਾਣ ਦੀ ਇਹ ਤਵੱਕੋ ਨਹੀਂ ਰੱਖਦੇ। ਇਥੇ ਕੁਰਾਨ ਸ਼ਰੀਫ਼ ਦੀ ਇਕ ਹਦੀਸ ਦਾ ਜ਼ਿਕਰ ਕਰਦੇ ਹਾਂ ਜਿਸ ਦਾ ਮਤਲਬ ਕੁਝ ਇਸ ਤਰ੍ਹਾਂ ਹੈ, ਜੇ ਤੁਸੀਂ ਕਿਸੇ 'ਤੇ ਜ਼ੁਲਮ ਹੁੰਦਾ ਦੇਖੋ ਤਾਂ ਪਹਿਲੀ ਗੱਲ, ਤੁਸੀਂ ਹੱਥੀਂ ਜਾ ਕੇ ਰੋਕੋ। ਜੇ ਇਹ ਨਾ ਕਰ ਸਕੋ ਤਾਂ ਉਸ ਦੇ ਖ਼ਿਲਾਫ਼ ਬੋਲੋ; ਤੇ ਜੇ ਇਹ ਵੀ ਨਾ ਕਰ ਸਕੋ ਤਾਂ ਆਪਣੇ ਦਿਲ ਵਿਚ ਇਹਨੂੰ ਮਾੜਾ ਕਹੋ; ਪਰ ਪਵਿੱਤਰ ਕੁਰਾਨ ਤੀਜੀ ਕਿਸਮ ਵਾਲਿਆਂ ਨੂੰ ਸੂਰਮੇ ਨਹੀਂ ਮੰਨਦੀ।

ਆਓ! ਆਪਾਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਗੁਰ ਸ਼ਬਦ ਮੰਨਣ ਵਾਲੇ, ਭਾਈਚਾਰਕ ਸਾਂਝ ਕਾਇਮ ਕਰ ਕੇ ਬੇਗਮ ਪੁਰੇ ਦੇ ਵਾਸੀ ਕਹਾਉਣ ਦੇ ਹੱਕਦਾਰ ਬਣੀਏ ਅਤੇ ਮਹਾਂਪੁਰਸ਼ਾਂ ਦੀਆਂ ਬਖ਼ਸ਼ਿਸ਼ਾਂ ਲਈਏ।

---

# ਹਿੰਦੀ, ਹਿੰਦੂ, ਹਿੰਦੁਸਤਾਨ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

***ਸਾਡੇ ਸਥਾਈ ਕਾਲਮਨਵੀਸ ਸ਼ਬਦ ਕੋਸ਼ ਵਿਗਿਆਨੀ ਤੇ ਨਿਰੁਕਤ ਸ਼ਾਸਤਰੀ ਬਲਜੀਤ ਬਾਸੀ ਦਾ ਇਹ ਲੇਖ ਕੁਝ ਅਰਸਾ ਪਹਿਲਾਂ ਪੰਜਾਬ ਟਾਈਮਜ਼ ਦੇ ਇਨ੍ਹਾਂ ਕਾਲਮਾਂ ਵਿਚ ਛਪਿਆ ਸੀ ਜਿਸ ਵਿਚ ਉਨ੍ਹਾਂ ਨੇ ਹਿੰਦੀ, ਹਿੰਦੂ, ਹਿੰਦੁਸਤਾਨ ਸ਼ਬਦਾਂ ਦੀਆਂ ਜੜ੍ਹਾਂ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਸਾਡੇ ਬਹੁਤ ਸਾਰੇ ਪਾਠਕਾਂ ਨੇ ਇਹ ਲੇਖ ਦੁਬਾਰਾ ਛਾਪਣ ਦੀ ਮੰਗ ਕੀਤੀ ਹੈ। ਉਨ੍ਹਾਂ ਦੀ ਇੱਛਾ ਅਨੁਸਾਰ ਇਹ ਲੇਖ ਦੁਬਾਰਾ ਛਾਪਿਆ ਜਾ ਰਿਹਾ ਹੈ। -ਸੰਪਾਦਕ***

ਭਾਰਤੀ ਜਨਤਾ ਪਾਰਟੀ ਦੇ ਪਹਿਲੇ ਅਵਤਾਰ 'ਜਨ ਸੰਘ' ਤੇ 'ਹਿੰਦੂ ਮਹਾ ਸਭਾ' ਜਿਹੀਆਂ ਭਗਵੀਆਂ ਸ਼ਕਤੀਆਂ ਵਲੋਂ ਪਿਛਲੀ ਸਦੀ ਦੌਰਾਨ ਹਿੰਦੀ, ਹਿੰਦੂ, ਹਿੰਦੁਸਤਾਨ ਦਾ ਨਾਅਰਾ ਲਗਦਾ ਰਿਹਾ ਹੈ। ਇਸ ਨੂੰ ਘੜਨ ਵਾਲਾ ਹਿੰਦੀ ਲੇਖਕ ਪਰਤਾਪ ਨਰਾਇਣ ਮਿਸ਼ਰਾ (1856-1894) ਦਸਿਆ ਜਾਂਦਾ ਹੈ। ਨਾਅਰੇ ਦਾ ਮਨੋਰਥ ਘਟਗਿਣਤੀਆਂ 'ਤੇ ਹਿੰਦੂਵਾਦ ਦੇ ਇਕ ਖਾਸ ਰੂਪ ਨੂੰ ਠੋਸਣਾ ਸੀ। ਫਿਰ ਮੁਸਲਮਾਨਾਂ ਨੂੰ ਹਿੰਦਿਆਏ ਜਾਣ ਦਾ ਨਾਅਰਾ ਲਗਦਾ ਰਿਹਾ। ਬਾਬਰੀ ਮਸਜਿਦ ਢਾਹੁਣ ਤੋਂ ਪਹਿਲਾਂ ਤੇ ਪਿਛੋਂ ਇਨ੍ਹਾਂ ਸ਼ਕਤੀਆਂ ਨੇ ਹਮਲਾਵਰ ਹਿੰਦੂਵਾਦੀ ਪੈਂਤੜਾ ਅਖਤਿਆਰ ਕੀਤਾ। ਹਿੰਦੁਤਵ ਜਿਹਾ ਸ਼ਬਦ ਇਸ ਦੌਰ ਵਿਚ ਖੂਬ ਜ਼ੋਰ ਫੜ ਗਿਆ। ਪਿਛਲੀ ਸਦੀ ਦੇ 72ਵਿਆਂ ਦੇ ਅਖੀਰ ਦੀ ਗੱਲ ਹੈ। ਇਕ ਦਿਨ ਮੈਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੀ.ਜੀ.ਆਈ. ਵਾਲੇ ਗੇਟ ਵਲੋਂ ਬਾਹਰ ਨਿਕਲ ਰਿਹਾ ਸਾਂ ਕਿ ਸੜਕ ਪਾਰ ਪੀ.ਜੀ.ਆਈ. ਦੀ ਚਾਰਦੀਵਾਰੀ ਉਤੇ ਪਹਿਲੀ ਵਾਰੀ ਮੈਂ ਹਿੰਦੀ ਵਿਚ ਲਿਖਿਆ ਇਹ ਨਾਅਰਾ ਦੇਖ ਕੇ ਚੌਂਕ ਹੀ ਗਿਆ, "ਗਰਵ ਸੇ ਕਹੋ ਕਿ ਹਮ ਹਿੰਦੂ ਹੈਂ।" ਮੇਰੀ ਹੈਰਾਨੀ ਦਾ ਇਕ ਕਾਰਨ ਇਹ ਸੀ ਕਿ ਹਿੰਦੂ ਹੋਣ ਵਾਲੀ ਗੱਲ ਨੂੰ ਗਰਵ ਨਾਲ ਦੱਸਣ ਦੀ ਕੀ ਲੋੜ ਪੈ ਗਈ ਸੀ? ਕੀ ਪਹਿਲਾਂ ਹਿੰਦੂ ਦੱਸਣ ਤੋਂ ਸ਼ਰਮ ਮਹਿਸੂਸ ਕੀਤੀ ਜਾਂਦੀ ਸੀ? ਨਾਲੇ ਬੇਲੋੜਾ ਧੌਣ ਅਕੜਾ ਕੇ ਆਪਣੇ ਧਰਮ ਦੀ ਸ਼ਨਾਖਤ ਦੱਸ ਕੇ ਧੌਂਸ ਜਮਾਉਣ ਦਾ ਕੀ ਲਾਭ? ਸੁਰਜੀਤ ਪਾਤਰ ਨੇ ਬਜਾ ਫਰਮਾਇਆ ਹੈ,

ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਦੀ ਭੀੜ ਵਿਚ
ਰੱਬ ਢੂੰਡਦਾ ਫਿਰਦਾ ਮੇਰਾ ਬੰਦਾ ਕਿਧਰ ਗਿਆ?

ਕੁਝ ਅਰਸੇ ਤੋਂ ਬੰਦੇ ਦੀ ਬੰਦੇ ਵਜੋਂ ਸ਼ਨਾਖਤ ਦੀ ਥਾਂ ਉਸ ਦੇ ਧਰਮ ਵਿਸ਼ੇਸ਼ ਦੀ ਸ਼ਨਾਖਤ ਉਪਰ ਵਧੇਰੇ ਬਲ ਦਿੱਤਾ ਜਾਣ ਲੱਗਾ ਹੈ। ਹਰ ਧਰਮ ਬਾਰੇ ਇਹ ਗੱਲ ਸਹੀ ਹੈ ਪਰ ਮੈਂ ਹਿੰਦੂਆਂ ਬਾਰੇ ਜੇ ਵਿਸ਼ੇਸ਼ ਤੌਰ 'ਤੇ ਲਿਖਣ ਲਈ ਅੱਜ ਕਲਮ ਚੁਕੀ ਹੈ ਤਾਂ ਇਸ ਦਾ ਕਾਰਨ ਇਹ ਹੈ ਕਿ ਵਾਸਤਵ ਵਿਚ ਜਿਸ ਹਿੰਦੂ ਧਰਮ 'ਤੇ ਫ਼ਖਰ ਕੀਤੇ ਜਾਣ 'ਤੇ ਜ਼ੋਰ ਦਿਤਾ ਜਾਂਦਾ ਹੈ ਉਸ ਦਾ ਕਿਸੇ ਵੀ ਪੁਰਾਣੀ ਲਿਖਤ ਵੇਦ, ਸ਼ਾਸਤਰ, ਪੁਰਾਣ, ਰਾਮਾਇਣ, ਮਹਾਭਾਰਤ ਵਿਚ ਜ਼ਿਕਰ ਨਹੀਂ ਹੈ। ਹੋਰ ਤਾਂ ਹੋਰ 'ਹਿੰਦੂ' ਸ਼ਬਦ ਵੀ ਭਾਰਤ ਦੀ ਭੂਮੀ ਵਿਚ ਘੜ ਨਹੀਂ ਹੋਇਆ। ਇਸ ਦਾ ਇਕ ਸਿਧਾ ਜਿਹਾ ਸਿੱਟਾ ਤਾਂ ਫਿਰ ਇਹੀ ਨਿਕਲਦਾ ਹੈ ਕਿ ਹਿੰਦੂ ਵਜੋਂ ਆਪਣੇ ਆਪ ਨੂੰ ਸਭ ਤੋਂ ਪ੍ਰਾਚੀਨ ਕਹਾਉਂਦੇ ਧਰਮ ਦੀ ਪ੍ਰਾਚੀਨ ਜ਼ਮਾਨੇ ਵਿਚ ਹੋਂਦ ਹੀ ਨਹੀਂ ਸੀ!

ਇਹ ਗੱਲ ਸਹੀ ਹੈ ਕਿ 'ਹਿੰਦ' ਤੇ ਇਸ ਤੋਂ ਬਣਨ ਵਾਲੇ ਕਈ ਸ਼ਬਦ ਫਾਰਸ/ਅਰਬ ਦੇ ਲੋਕਾਂ ਨੇ ਵਿਕਸਿਤ ਕੀਤੇ ਹਨ ਤੇ ਕਿਉਂਕਿ ਉਥੋਂ ਆਏ ਹਮਲਾਵਰਾਂ ਦਾ ਰਾਜ ਭਾਰਤ 'ਤੇ ਬਹੁਤ ਸਮਾਂ ਚਲਦਾ ਰਿਹਾ, ਇਨ੍ਹਾਂ ਦੇ 'ਥੋਪੇ ਹੋਏ' ਸ਼ਬਦ ਭਾਰਤ ਦੀ ਜਨਤਾ ਨੇ ਨਾ ਸਿਰ ਖਿੜੇ ਮੱਥੇ ਸਵੀਕਾਰ ਕਰ ਲਏ ਬਲਕਿ ਇਨ੍ਹਾਂ ਨੂੰ ਦੇਸ਼ ਦੇ ਮੁੱਢ-ਕਦੀਮ ਦੇ ਸ਼ਬਦ ਸਮਝਣ ਲੱਗ ਪਏ। ਭਾਈ ਕਾਹਨ ਸਿੰਘ ਨੇ ਵੀ ਇਹ ਗੱਲ ਮੰਨੀ ਹੈ, "ਹਿੰਦੂ-(ਸਿੰਧ) ਨਦੀ ਦੇ ਆਸ ਪਾਸ ਰਹਿਣ ਵਾਲੇ ਲੋਕ, ਜੋ ਆਰਯ ਕਹਾਉਂਦੇ ਸੇ, ਵਿਦੇਸ਼ੀਆਂ ਨੇ ਇਨ੍ਹਾਂ ਨੂੰ ਹਿੰਦੂ ਲਿਖਿਆ ਹੈ। ਹੁਣ ਸਾਰੇ ਭਾਰਤ ਵਾਸੀਆਂ ਲਈ ਇਹ ਸ਼ਬਦ ਵਰਤਿਆ ਜਾ ਸਕਦਾ ਹੈ, 2. ਵੈਦਿਕ ਧਰਮ ਧਾਰਨ ਕਰਨ ਵਾਲਾ। ਹਿੰਦੂ ਪਦ ਦੀ ਨਿਰਦੋਸ਼ ਵਯਾਖਿਆ ਹੁਣ ਤਾਈਂ ਕੋਈ ਨਹੀਂ ਕਰ ਸਕਿਆ ਇਸ ਲਈ ਸਾਡੀ ਸਮਰਥਾ ਤੋਂ ਵੀ ਬਾਹਰ ਹੈ...।" ਸੋ, ਭਾਰਤ ਵਿਚ ਜੁਗਾਂ ਤੋਂ ਵੈਦਿਕ ਧਰਮ ਜਾਂ ਸਨਾਤਨ ਧਰਮ ਸ਼ਬਦ ਹੀ ਪ੍ਰਚਲਤ ਸਨ। ਹਿੰਦ ਤੋਂ ਬਣਿਆ ਹਿੰਦੁਸਤਾਨ ਸ਼ਬਦ ਵੀ ਇਥੋਂ ਦੀ ਕਾਢ ਨਹੀਂ ਹੈ। ਪੁਰਾਣੇ ਜ਼ਮਾਨੇ ਦੇ ਗ੍ਰੰਥਾਂ ਵਿਚ ਇਸ ਦੇਸ਼ ਦਾ ਨਾਂ ਤਾਂ ਭਾਰਤਵਰਸ਼ ਜਾਂ ਜੰਬੂਦੇਸ਼ ਹੀ ਪ੍ਰਚਲਤ ਰਿਹਾ ਹੈ। ਭਾਰਤੀ ਸੰਵਿਧਾਨ ਨੇ ਇੰਡੀਆ ਤੇ ਭਾਰਤ ਸ਼ਬਦ ਨੂੰ ਮਾਨਤਾ ਦਿੱਤੀ ਹੈ, ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਨੂੰ ਨਹੀਂ। ਹਿੰਦ ਸ਼ਬਦ 'ਸਿੰਧ' (ਦਰਿਆ) ਦਾ ਫਾਰਸੀ/ ਅਰਬੀ ਰੂਪ ਹੈ। ਫਾਰਸੀ ਵਿਚ 'ਸ' ਧੁਨੀ 'ਹ'



ਵਿਚ ਬਦਲ ਜਾਂਦੀ ਹੈ ਜਿਵੇਂ 'ਸਪਤਾਹ' ਦਾ 'ਹਫਤਾ' ਹੋਇਆ। ਤੇਰਵੀਂ ਸਦੀ ਦੇ ਫਾਰਸੀ ਸੂਫ਼ੀ ਕਵੀ ਰੂਮੀ ਦੇ ਇਕ ਸ਼ਿਅਰ ਅਨੁਸਾਰ ਅਰਬੀ ਲੋਕ ਹਿੰਦ ਅਤੇ ਸਿੰਧ ਦੇ ਫਰਕ ਤੋਂ ਵੀ ਵਾਕਿਫ ਸਨ,

ਹਿੰਦੂਆਂ ਦੇ ਵਾਸਤੇ ਹੈ ਸਹੀ ਹਿੰਦੀ ਤਰੀਕਾ,
ਸਿੰਧੀਆਂ ਦੇ ਵਾਸਤੇ ਸਹੀ ਹੈ ਸਿੰਧੀ ਤਰੀਕਾ।

ਭਾਰਤ ਦੇ ਗੁਆਂਢੀ ਅਰਬ-ਫਾਰਸ ਦੇਸ਼ਾਂ ਨਾਲ ਢੇਰ ਪੁਰਾਣੇ ਸਬੰਧ ਸਨ। 8ਵੀਂ ਸਦੀ ਵਿਚ ਅਰਬ ਦੇ ਮੁਹੰਮਦ ਬਿਨ ਕਾਸਿਮ ਨੇ ਸਿੰਧ ਅਤੇ ਪੰਜਾਬ ਫਤਿਹ ਕਰ ਲਿਆ ਜਿਸ ਨਾਲ ਭਾਰਤ ਉਤੇ ਇਸ ਖਿਤੇ ਦਾ ਸਾਮਰਾਜ ਫੈਲਣ ਦਾ ਰਾਹ ਪੱਧਰਾ ਹੋ ਗਿਆ ਸੀ। ਫਿਰ ਤੁਰਕ ਸੁਲਤਾਨ ਮੁਗਲਾਂ ਦੇ ਦੌਰ ਵਿਚ ਹਿੰਦ ਸ਼ਬਦ ਖੂਬ ਪ੍ਰਚਲਤ ਹੋਇਆ। ਪਰ ਗੌਰਤਲਬ ਹੈ ਕਿ ਉਦੋਂ ਹਿੰਦੀ, ਹਿੰਦੂ ਸ਼ਬਦਾਂ ਦਾ ਭਾਵ ਇਸ ਖਿਤੇ ਦੇ ਲੋਕ ਸਨ ਨਾ ਕਿ ਇਨ੍ਹਾਂ ਦਾ ਧਰਮ। ਭਾਰਤੀ ਲੋਕਾਂ ਦੇ ਧਾਰਮਿਕ ਵਿਸ਼ਵਾਸਾਂ ਅਤੇ 'ਬਾਹਰੋਂ ਆਏ' ਮੁਖ ਤੌਰ 'ਤੇ ਇਸਲਾਮੀ ਹਾਕਿਮਾਂ ਦੇ ਮਜ਼ਹਬ ਵਿਚ ਨਿਸਚੇ ਹੀ ਢੇਰ ਫਰਕ ਹੋਣ ਕਾਰਨ ਹਿੰਦੂ ਸ਼ਬਦ ਸਹਿਜੇ ਸਹਿਜੇ ਭੂਗੋਲਿਕ ਦੇ ਨਾਲ ਨਾਲ ਭਾਰਤੀ ਲੋਕਾਂ ਦੇ ਧਰਮ ਦਾ ਸਮਾਨਾਰਥਕ ਬਣਦਾ ਗਿਆ। ਅਰਬੀ ਫਾਰਸੀ ਦੇ ਗਿਆਨ ਤੋਂ ਪ੍ਰਭਾਵਤ ਯੂਰਪੀ ਲੋਕ ਵੀ ਹਿੰਦੂ ਸ਼ਬਦ ਦਾ ਅਰਥ ਭਾਰਤੀ ਲੋਕ ਹੀ ਲੈਂਦੇ ਸਨ। ਮਧ ਕਾਲ ਦੇ ਸਾਹਿਤ ਵਿਚ ਹਿੰਦ ਤੇ ਹਿੰਦੁਸਤਾਨ ਸ਼ਬਦ ਦੀ ਕਾਫੀ ਵਰਤੋਂ ਹੋਈ ਮਿਲਦੀ ਹੈ ਜਿਸ ਦੀ ਗਵਾਹੀ ਗੁਰੂ ਗ੍ਰੰਥ ਸਾਹਿਬ ਹੈ,

ਤੁਰਕ ਤਰੀਕਤਿ ਜਾਨੀਐ
ਹਿੰਦੂ ਬੇਦ ਪੁਰਾਨ॥ -ਭਗਤ ਕਬੀਰ
ਹਿੰਦੂ ਅੰਨਾ ਤੁਰਕੂ ਕਾਣਾ॥
-ਭਗਤ ਨਾਮਦੇਵ

ਧਿਆਨ ਦਿਓ, ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਸ਼ਬਦ ਆਮ ਤੌਰ 'ਤੇ ਤੁਰਕ (ਮੁਸਲਮਾਨ) ਨਾਲ ਟਕਰਾਵੇਂ ਰੂਪ ਵਿਚ ਪੇਸ਼ ਕੀਤਾ ਮਿਲਦਾ ਹੈ ਜਿਸ ਦਾ ਇਹੀ ਸਿੱਟਾ ਨਿਕਲਦਾ ਹੈ ਕਿ ਬਾਹਰੋਂ ਆਏ ਮੁਸਲਮਾਨਾਂ ਤੋਂ ਇਲਾਵਾ ਬਾਕੀ ਭਾਰਤ ਦੇ ਲੋਕਾਂ ਨੂੰ ਸਮੁਚੇ ਤੌਰ 'ਤੇ ਇਕ ਵਿਸ਼ਵਾਸ ਦੇ ਧਾਰਨੀ ਮੰਨਿਆ ਗਿਆ ਹੈ। ਗੁਰੂ ਨਾਨਕ ਦੀ ਉਸ ਸਮੇਂ ਹਿੰਦੁਸਤਾਨ ਨਾਂ ਨਾਲ ਜਾਣੇ ਜਾਣ ਵਾਲੇ ਦੇਸ਼ ਨਾਲ ਡੁਲ੍ਹ ਡੁਲ੍ਹ ਪੈਂਦੀ ਹਮਦਰਦੀ ਬਾਬਰਵਾਣੀ ਤੋਂ ਭਲੀ ਭਾਤ ਸਪਸ਼ਟ ਹੋ ਜਾਂਦੀ ਹੈ, "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥" ਹੈਰਾਨੀ ਦੀ ਗੱਲ ਹੈ ਕਿ ਸਿੱਖੀ ਦਾ ਦਮ ਭਰਨ ਵਾਲੇ ਕੁਝ ਲੋਕ ਅੱਜ 'ਹਿੰਦੁਸਤਾਨ' ਨੂੰ ਹਿਕਾਰਤ ਨਾਲ ਹਿੰਦੂਸਤਾਨ ਕਹਿਣ ਲੱਗ ਪਏ ਹਨ। ਹਿੰਦੁਸਤਾਨ ਦਾ ਅਰਥ ਹਿੰਦੂਆਂ ਦਾ ਦੇਸ਼ ਹੈ ਪਰ ਇਥੇ ਹਿੰਦੂ ਸਿੰਧ ਦਰਿਆ ਦੇ ਆਸ ਪਾਸ ਦੇ ਵਾਸੀ ਹਨ ਨਾ ਕਿ ਹਿੰਦੂ ਧਰਮ ਦੇ ਲੋਕ।

ਪਰ ਕੁਝ ਹਿੰਦੂ ਸ਼ਕਤੀਆਂ ਵਲੋਂ ਇਹ ਜ਼ੋਰ ਦੇਣ ਦੇ ਬਾਵਜੂਦ ਕਿ ਹਿੰਦੁਸਤਾਨ ਦਾ ਅਰਥ ਹਿੰਦੂ ਧਰਮ ਦੇ ਲੋਕਾਂ ਦੇ ਰਹਿਣ ਵਾਲਾ ਦੇਸ਼ ਹੈ, ਆਮ ਲੋਕਾਂ ਵਿਚ ਅਜਿਹੀ ਧਾਰਨਾ ਨਹੀਂ ਹੈ। ਭਾਵੇਂ ਸਮੁਚੇ ਭਾਰਤ ਨੂੰ ਵੀ ਹਿੰਦੁਸਤਾਨ ਕਿਹਾ ਜਾਂਦਾ ਹੈ ਪਰ ਮੁਢਲੇ ਤੌਰ 'ਤੇ ਇਹ ਪੰਜਾਬ, ਬੰਗਾਲ ਅਤੇ ਦਖਣੀ ਭਾਰਤ ਨੂੰ ਛੱਡ ਕੇ ਬਾਕੀ ਦੇ ਪਰਦੇਸ਼ ਦਾ ਨਾਂ ਸਮਝਿਆ ਜਾਂਦਾ ਰਿਹਾ ਹੈ। ਸ਼ਾਹ ਮੁਹੰਮਦ ਜਦ 'ਜੰਗ ਹਿੰਦ ਪੰਜਾਬ ਦਾ ਹੋਣ ਲੱਗਾ' ਕਹਿ ਰਹੇ ਸਨ ਤਾਂ ਇਥੇ ਸਪਸ਼ਟ ਤੌਰ 'ਤੇ ਪੰਜਾਬ ਨੂੰ ਬਾਕੀ ਦੇ ਦੇਸ਼ ਨਾਲੋਂ ਨਿਖੇੜਿਆ ਗਿਆ ਹੈ। ਹਿੰਦੁਸਤਾਨੀ ਸ਼ਬਦ ਦਾ ਇਥੋਂ ਦੇ ਲੋਕ, ਭਾਸ਼ਾ ਤੇ ਇਸੇ ਖਿਤੇ ਵੱਲ ਸੰਕੇਤ ਹੁੰਦਾ ਹੈ। ਇਸ ਗੱਲ ਵਿਚ ਤਨਜ਼ ਭਰੀ ਸੱਚਾਈ ਹੈ ਕਿ ਅਜੋਕੇ ਭਾਰਤ ਨੂੰ ਇਕ ਅਖੰਡ ਰੂਪ ਬਣਾਉਣ ਵਿਚ ਬਾਹਰਲੀਆਂ ਸ਼ਕਤੀਆਂ ਦਾ ਯੋਗਦਾਨ ਹੈ। ਕਥਿਤ ਮੁਸਲਮਾਨੀ ਤਾਕਤਾਂ ਨੇ ਇਸ ਨੂੰ ਸ਼ੁਰੂ ਕੀਤਾ ਤੇ ਬਰਤਾਨਵੀ ਸ਼ਾਸਨ ਅਧੀਨ ਪ੍ਰਫੁਲਿਤ ਹੋਇਆ। ਭਾਰਤ ਦੀ ਆਜ਼ਾਦੀ ਦੀ ਲਹਿਰ ਤੋਂ ਪੈਦਾ ਹੋਈ ਏਕਤਾ ਨੇ ਪੰਜਾਬ, ਬੰਗਾਲ ਅਤੇ ਦੱਖਣੀ ਭਾਰਤ ਨੂੰ ਇਸ ਵਿਚ ਸਮੋ ਕੇ ਇਕ ਰਾਸ਼ਟਰ ਵਿਚ ਪਰੋ ਦਿੱਤਾ। ਕੁਝ ਹਿੰਦੂ ਸਰੋਤ ਪ੍ਰਚਾਰ ਕਰਦੇ ਹਨ ਕਿ ਹਿੰਦੁਸਤਾਨ ਸ਼ਬਦ ਦਾ ਭਾਰਤੀ/ ਸੰਸਕ੍ਰਿਤ ਰੂਪ 'ਹਿੰਦੁਸਥਾਨ' ਹੈ। ਉਹ ਇਕ ਪ੍ਰਾਚੀਨ ਗ੍ਰੰਥ 'ਬ੍ਰਿਹਿਸਪਤੀ ਆਗਮ' ਦਾ ਹਵਾਲਾ ਦੇ ਕੇ ਦਸਦੇ ਹਨ ਕਿ ਹਿਮਾਲਾ ਤੋਂ ਪ੍ਰਾਰੰਭ ਹੋ ਕੇ ਇੰਦੂ ਸਰੋਵਰ (ਹਿੰਦ ਮਹਾਸਾਗਰ) ਤਕ ਇਹ ਦੇਵ ਨਿਰਮਿਤ ਦੇਸ਼ ਹਿੰਦੂਸਥਾਨ ਕਹਿਲਾਉਂਦਾ ਹੈ।

ਅੱਗੇ ਜਾਣ ਤੋਂ ਪਹਿਲਾਂ ਹਿੰਦੁਸਤਾਨ ਸ਼ਬਦ ਵਿਚਲੇ 'ਸਤਾਨ' ਸ਼ਬਦ ਦੀ ਚਰਚਾ ਕਰ ਲਈਏ। ਸੰਸਕ੍ਰਿਤ ਜਾਂ ਕਿਸੇ ਹੋਰ ਭਾਰਤੀ ਭਾਸ਼ਾ ਵਿਚ 'ਸਥਾਨ' ਸ਼ਬਦ ਕਿਸੇ ਪ੍ਰਦੇਸ਼ ਦੇ ਨਾਂ ਪਿਛੇ ਨਹੀਂ ਲਗਦਾ। ਦੂਸਰੇ ਪਾਸੇ ਈਰਾਨੀ ਤੇ ਅਲਤਾਇਕ ਭਾਸ਼ਾਵਾਂ ਦੇ ਅਨੇਕਾਂ ਦੇਸ਼ਾਂ, ਪ੍ਰਦੇਸਾਂ ਦੇ ਨਾਂ ਪਿਛੇ 'ਸਤਾਨ' ਲਗਦਾ ਹੈ ਜਿਵੇਂ ਅਫ਼ਗਾਨਿਸਤਾਨ, ਕਜ਼ਾਕਿਸਤਾਨ, ਤੁਰਕਿਸਤਾਨ, ਉਜ਼ਬੇਕਿਸਤਾਨ, ਪਾਕਿਸਤਾਨ, ਬਲੋਚਿਸਤਾਨ, ਕਿਰਗਿਜ਼ਸਤਾਨ, ਤੁਰਕਮੇਨਿਸਤਾਨ, ਨਖਲਿਸਤਾਨ ਆਦਿ। 'ਸਤਾਨ' ਅਤੇ 'ਸਥਾਨ' ਸ਼ਬਦ ਸੁਜਾਤੀ ਹਨ ਅਤੇ ਦੋਨਾਂ ਦਾ ਮੁਢਲਾ ਅਰਥ ਜਗ੍ਹਾ ਹੁੰਦਾ ਹੈ। ਇਹ ਭਾਰੋਪੀ ਮੂਲ 'ਸਟਾ' ਤੋਂ ਬਣਿਆ ਸ਼ਬਦ ਹੈ ਜਿਸ ਤੋਂ ਬਹੁਤ ਸਾਰੀਆਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਬੇਸ਼ੁਮਾਰ ਸ਼ਬਦ ਬਣੇ ਹਨ। ਇਸ ਵਿਚ ਸਥਿਰਤਾ ਜਾਂ ਖੜੇ ਹੋਣ ਦਾ ਭਾਵ ਹੈ। ਸਥਿਰ, ਸਥਿਤੀ, ਸਥਾਨ ਸ਼ਬਦ ਇਸੇ ਤੋਂ ਬਣੇ ਹਨ। ਅੰਗਰੇਜ਼ੀ stand, station, stet, assist, stay ਤੇ ਹੋਰ ਅਨੇਕਾਂ ਸ਼ਬਦ ਬਣੇ ਹਨ ਜਿਨ੍ਹਾਂ ਦੀ ਚਰਚਾ ਫਿਰ ਕਦੇ ਕਰਾਂਗੇ। ਸਿੰਧ, ਜਿਸ ਤੋਂ ਹਿੰਦ ਸ਼ਬਦ ਬਣਿਆ ਦੇ ਅਰਥ ਹਨ-ਦਰਿਆ, ਪਾਣੀ, ਸਾਗਰ। ਸਪਤ-ਸਿੰਧੂ ਤੋਂ ਮੁਰਾਦ ਸੱਤ ਦਰਿਆਵਾਂ ਵਾਲਾ ਦੇਸ਼ ਹੈ। ਬਾਅਦ ਵਿਚ ਸਿੰਧ ਸ਼ਬਦ ਇਕ ਦਰਿਆ ਵਿਸ਼ੇਸ਼ ਦੇ ਨਾਂ ਵਜੋਂ ਵੀ ਰੂੜ੍ਹ ਹੋ ਗਿਆ। ਸਿੰਧ ਸ਼ਬਦ ਦਾ ਧਾਤੂ 'ਸਿਧ' ਹੈ ਜਿਸ ਦਾ ਅਰਥ ਜਾਣਾ ਹੁੰਦਾ ਹੈ, ਦਰਿਆ ਦੇ ਅਰਥਾਂ ਵਿਚ ਇਸ ਦਾ ਅਰਥ ਵਗਣਾ ਹੋਇਆ। ਕਹਾਵਤ ਹੈ, 'ਦਰਿਆ ਸਿੰਧ ਕੰਜਰੀ ਵਾਂਗੂੰ ਹੈ' ਅਰਥਾਤ ਚੰਚਲ ਹੈ। ਸੇਂਧਾ ਲੂਣ ਸਿੰਧ ਇਲਾਕੇ ਵਿਚੋਂ ਨਿਕਲਦਾ ਹੈ।

ਕੁਝ ਅਰਬੀ-ਫਾਰਸੀ ਦੇ ਸ਼ਬਦਾਂ ਵਿਚ ਹਿੰਦ ਸ਼ਬਦ ਸਮਾਇਆ ਹੋਇਆ ਹੈ। ਹਦਵਾਣਾ ਮੁਢਲੇ ਤੌਰ 'ਤੇ ਫਾਰਸੀ ਸ਼ਬਦ ਹੈ ਜਿਸ ਦਾ ਅਰਥ ਹੈ 'ਹਿੰਦ ਦਾ ਖਾਣਾ', ਹਦਵਾਣਾ=ਹਿੰਦ+ਵਾਣਾ (ਅੰਨ ਦਾ ਸੁਜਾਤੀ)। ਇਮਲੀ ਲਈ ਅੰਗਰੇਜ਼ੀ ਸ਼ਬਦ tamarind ਦੀ ਦਿਲਚਸਪ ਕਹਾਣੀ ਹੈ। ਜਦ ਅਰਬ ਵਪਾਰੀ ਹਿੰਦੁਸਤਾਨ ਤੋਂ ਇਮਲੀ ਲੈ ਕੇ ਗਏ ਤਾਂ ਉਨ੍ਹਾਂ ਦੇਖਿਆ ਕਿ ਇਸ ਦਾ ਆਕਾਰ ਸੁੱਕੀ ਖਜੂਰ ਵਰਗਾ ਹੈ। ਸੋ ਉਨ੍ਹਾਂ ਨੇ ਇਸ ਦਾ ਨਾਂ ਧਰ ਦਿੱਤਾ 'ਤਮਰ ਉਲ ਹਿੰਦ' ਅਰਥਾਤ ਭਾਰਤੀ ਖਜੂਰ। ਅਰਬੀ ਵਿਚ ਤਮਰ ਦਾ ਅਰਥ ਖਜੂਰ ਹੁੰਦਾ ਹੈ। ਇਹ ਤਮਰ ਉਲ ਹਿੰਦ ਜਦ ਯੂਰਪੀ ਦੇਸ਼ਾਂ ਵਿਚ ਪਹੁੰਚਾ ਤਾਂ ਇਸ ਦਾ ਹੁਲੀਆ ਬਣ ਗਿਆ ਟੈਮਾਰਿੰਡ tamarind.

ਯੂਨਾਨ ਤੋਂ ਦੁਨੀਆਂ ਜਿੱਤਣ ਆਇਆ ਸਿਕੰਦਰ ਸਿੰਧ ਦਰਿਆ ਪਾਰ ਕਰਕੇ ਹੀ ਮੁੜ ਗਿਆ ਸੀ। ਇਸ ਤੋਂ ਯੁਨਾਨੀ (ਗਰੀਕ) ਭਾਸ਼ਾ ਵਿਚ ਸਿੰਧ ਸ਼ਬਦ ਦਾ ਗਰੀਕ ਰੂਪ ਇੰਡੋ ਹੋ ਗਿਆ, ਅਰਥਾਤ 'ਸ' ਧੁਨੀ 'ੲ' ਵਿਚ ਬਦਲ ਗਈ। ਇਸੇ ਤੋਂ ਯੂਰਪੀ ਭਾਸ਼ਾਵਾਂ ਵਿਚ ਹਿੰਦ ਲਈ 'ਇੰਡੀਆ' ਜਿਹੇ ਨਾਮ ਪ੍ਰਚਲਤ ਹੋਏ। ਯੂਨਾਨ ਦੇ ਮੈਗਸਥਨੀਜ਼ ਨੇ ਈਸਵੀ ਸੰਮਤ ਤੋਂ ਤਿੰਨ ਸੌ ਸਾਲ ਪਹਿਲਾਂ ਭਾਰਤ ਬਾਰੇ Indica ਨਾਂ ਦੀ ਕਿਤਾਬ ਲਿਖੀ। ਇਸ ਤਰ੍ਹਾਂ ਇੰਡੀਆ ਸ਼ਬਦ ਵੀ ਸਾਡੇ ਉਤੇ ਸਾਮਰਾਜੀਆਂ ਨੇ ਥੋਪਿਆ ਜੋ ਅੱਜ ਕਲ੍ਹ ਸਭ ਤੋਂ ਵਧ ਵਰਤੀਂਦਾ ਹੈ। ਹਿੰਦੂਇਜ਼ਮ ਸ਼ਬਦ ਪਹਿਲੀ ਵਾਰ 1830 ਵਿਚ ਬਰਤਾਨਵੀ ਲੇਖਕਾਂ ਨੇ ਵਰਤਿਆ। ਨੀਲ ਦੇ ਅਰਥਾਂ ਵਾਲਾ indigo ਸ਼ਬਦ ਵੀ ind ਤੋਂ ਬਣਿਆ ਕਿਉਂਕਿ ਇਹ ਇਕ ਭਾਰਤੀ ਪੌਦੇ ਤੋਂ ਤਿਆਰ ਹੁੰਦਾ ਸੀ। ਕੀ ਵਿਅੰਗ ਹੈ ਕਿ ਮੁਸਲਮਾਨਾਂ ਈਸਾਈਆਂ 'ਤੇ ਧੌਂਸ ਜਮਾਉਣ ਲਈ ਵਰਤਿਆ ਜਾਂਦਾ ਹਿੰਦੂ ਸ਼ਬਦ ਇਨ੍ਹਾਂ ਧਰਮਾਂ ਦੇ ਅਨੁਆਈਆਂ ਜਾਂ ਉਨ੍ਹਾਂ ਦੇ ਪੂਰਵਜਾਂ ਦੀ ਦੇਣ ਹੈ!

## ਆਵਾਗਵਣ ਵਿਚਾਰਧਾਰਕ ਸੁਪਨਸਾਜ਼ੀ ਦੇ ਖਤਰੇ

# ਪ੍ਰਭਸ਼ਰਨਦੀਪ ਸਿੰਘ ਦੇ ਇਤਰਾਜ

***ਰੂਸੀ ਇਨਕਲਾਬ ਦੇ ਆਗੂ ਲਿਓਨ ਤ੍ਰਾਤਸਕੀ ਬਾਰੇ ਚੱਲ ਰਹੀ ਬਹਿਸ ਦੌਰਾਨ ਅਸੀਂ ਪ੍ਰਭਸ਼ਰਨਦੀਪ ਸਿੰਘ ਦੇ ਵਿਚਾਰ ਛਾਪੇ ਸਨ। ਆਪਣੇ ਇਸ ਲੇਖ ਵਿਚ ਪ੍ਰਭਸ਼ਰਨਦੀਪ ਸਿੰਘ ਨੇ ਪਹਿਲਾਂ ਛਪੇ ਇਕ ਲੇਖ ਦੇ ਆਧਾਰ 'ਤੇ ਗੁਰਦਿਆਲ ਸਿੰਘ ਬੱਲ ਉਤੇ ਬੜੇ ਤਿੱਖੇ ਵਿਅੰਗ-ਬਾਣ ਚਲਾਏ ਸਨ। ਜਵਾਬ ਵਿਚ ਗੁਰਦਿਆਲ ਸਿੰਘ ਬੱਲ ਨੇ ਲੰਮਾ ਪ੍ਰਤੀਕਰਮ ਲਿਖ ਭੇਜਿਆ ਹੈ ਜਿਸ ਵਿਚ ਜ਼ਿੰਦਗੀ ਨੂੰ ਸਮਝਣ-ਸਮਝਾਉਣ ਦੇ ਕੋਣ ਤੋਂ ਕਈ ਨੁਕਤਾ-ਨਿਗ੍ਹਾ ਸਾਹਮਣੇ ਆਏ ਹਨ ਜਿਨ੍ਹਾਂ ਬਾਰੇ ਵਿਚਾਰ ਕਰਨੀ ਬਣਦੀ ਹੈ। ਇਸ ਵਿਚ ਸੰਸਾਰ ਪੱਧਰ ਉਤੇ ਚੱਲੇ ਵਿਚਾਰਧਾਰਕ ਭੇੜਾਂ ਬਾਰੇ ਵੀ ਭਰਪੂਰ ਚਰਚਾ ਹੈ। ਸੰਸਾਰ ਭਰ ਵਿਚ ਚੱਲੀਆਂ ਅਹਿਮ ਬਹਿਸਾਂ ਵਿਚ ਵੀ ਸਾਰਾ ਜ਼ੋਰ, ਜ਼ਿੰਦਗੀ ਨੂੰ ਸੁਹਾਵਣੀ ਬਣਾਉਣ ਵੱਲ ਸੇਧਤ ਰਿਹਾ ਹੈ। -ਸੰਪਾਦਕ***

'ਪੰਜਾਬ ਟਾਈਮਜ਼' ਵਿਚ ਲਿਓਨ ਤ੍ਰਾਤਸਕੀ ਦੀ ਸ਼ਖਸੀਅਤ ਬਾਰੇ ਬਹਿਸ ਦੀ ਪ੍ਰਸੰਗਿਕਤਾ ਸਬੰਧੀ ਮੇਰੀ ਲਿਖਤ ਉਪਰ ਪ੍ਰਭਸ਼ਰਨਦੀਪ ਸਿੰਘ ਦਾ ਤਿੱਖਾ ਪ੍ਰਤੀਕਰਮ ਛਪਿਆ ਹੈ। ਕਲਮ ਦੁਬਾਰਾ ਚੁੱਕਣ ਲਈ ਮੇਰਾ ਮਨ ਰਾਜ਼ੀ ਨਹੀਂ ਸੀ ਪਰ ਕਈ ਸ਼ੁਭਚਿੰਤਕਾਂ ਨੇ ਜ਼ੋਰ ਦਿੱਤਾ ਕਿ ਇਸ ਪ੍ਰਤੀਕਰਮ ਬਾਰੇ ਆਪਣਾ ਪੱਖ ਪੇਸ਼ ਕੀਤਾ ਹੀ ਜਾਣਾ ਚਾਹੀਦਾ ਹੈ।

ਕਈ ਸੁਹਿਰਦ ਪਾਠਕਾਂ ਦਾ ਵੀ ਇਤਰਾਜ਼ ਹੈ ਕਿ ਮੇਰਾ ਲੇਖ ਖਿਲਰਿਆ ਹੋਇਆ ਸੀ, ਫੋਕਸਡ ਨਹੀਂ ਸੀ। ਇਹ ਉਲਾਂਭਾ ਸਭ ਤੋਂ ਪਹਿਲਾਂ ਪ੍ਰੋ. ਸੁੱਚਾ ਸਿੰਘ ਗਿੱਲ ਨੇ ਦਿੱਤਾ ਕਿ ਮੇਰੀ ਲਿਖਤ ਵਿਚ ਲਿਓਨ ਤ੍ਰਾਤਸਕੀ ਬਾਰੇ ਤਾਂ ਮਹਿਜ਼ ਚੰਦ ਸਤਰਾਂ ਹੀ ਸਨ। ਮੇਰਾ ਜਵਾਬ ਇਹ ਹੈ ਕਿ ਜੇ ਮੈਂ ਖੁਦ ਤ੍ਰਾਤਸਕੀ ਬਾਰੇ ਲਿਖਣ ਦੇ ਸਮਰੱਥ ਹੁੰਦਾ, ਤਾਂ ਪਹਿਲਾਂ ਪ੍ਰੋ. ਹਰਪਾਲ ਸਿੰਘ ਪੰਨੂ ਅਤੇ ਬਾਅਦ ਵਿਚ ਆਪਣੇ ਪੁਰਾਣੇ ਮਿੱਤਰ ਬਘੇਲ ਸਿੰਘ ਬੱਲ

**ਗੁਰਦਿਆਲ ਬੱਲ (ਕੈਨੇਡਾ)**
**ਫੋਨ: 647-982-6091**

ਨੂੰ ਪੂਰਾ ਡੇਢ ਵਰ੍ਹਾ ਲਗਾਤਾਰ ਫੋਨ ਕਰ ਕਰ ਕੇ ਇਸ ਲਈ ਕਿਉਂ ਆਖਣਾ ਸੀ। ਇਹ ਕੰਮ ਬਘੇਲ ਸਿੰਘ ਬੱਲ ਦੇ ਜ਼ਿੰਮੇ ਸੀ ਅਤੇ ਉਸ ਨੇ ਉਹ ਜ਼ਿੰਮੇਵਾਰੀ ਸ਼ਾਇਦ ਬਾਖੂਬੀ ਨਿਭਾ ਵੀ ਦਿੱਤੀ ਹੈ।

ਮੈਂ ਇਹ ਦੱਸਣ ਦੀ ਇਜਾਜ਼ਤ ਚਾਹਾਂਗਾ ਕਿ ਜ਼ਿੰਦਗੀ ਮੈਨੂੰ ਸਦਾ ਹੀ ਬਹੁਤ ਜ਼ਿਆਦਾ ਸੋਹਣੀ ਲੱਗੀ ਹੈ- ਮੈਂ ਇਸ ਨੂੰ ਪੂਰੀ ਸ਼ਿੱਦਤ ਨਾਲ ਮੁਹੱਬਤ ਕਰਨ, ਇਸ ਨੂੰ ਜਾਨਣ ਖਾਤਰ ਵਿੱਤ ਮੁਤਾਬਕ ਪੜ੍ਹਨ, ਤੇ ਆਪਣੀ ਮੁਹੱਬਤ ਅਤੇ ਪੜ੍ਹਤ ਬਾਰੇ ਦਿਨ ਵਿਚੋਂ 16-16 ਘੰਟੇ ਆਪਣੇ ਯਾਰਾਂ-ਮਿੱਤਰਾਂ ਨਾਲ ਜਜ਼ਬੇ ਦੀ ਸਾਰੀ ਤਾਕਤ ਨਾਲ ਆਪਣੀ ਇਹੋ ਭਾਵਨਾ ਕਮਿਊਨੀਕੇਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਵਿਚ-ਵਿਚਾਲੇ, ਵਰ੍ਹੇ ਛਿਮਾਹੀਂ ਜਦੋਂ ਕਦੇ ਚਾਰ ਸਤਰਾਂ ਲਿਖੀਆਂ ਵੀ, ਤਾਂ ਉਹ ਕੋਈ ਲੇਖ ਨਹੀਂ ਸਨ ਸਗੋਂ ਜ਼ਿੰਦਗੀ ਦੇ ਨਾਂ ਜ਼ਾਹਰ ਤੇ ਲੁਕਵੇਂ ਰੂਪ ਵਿਚ ਲਿਖੇ ਹੋਏ ਖਤ ਮਾਤਰ ਹੀ ਸਨ।

ਪ੍ਰੋ. ਰਾਜੇਸ਼ ਸ਼ਰਮਾ ਦਾ ਇਸ ਲੇਖ ਬਾਰੇ ਕਹਿਣਾ ਸੀ ਕਿ ਰੂਸੀ ਚਿੰਤਕਾਂ, ਖਾਸ ਕਰ ਕੇ ਦਾਸਤੋਵਸਕੀ ਦਾ ਜ਼ਿਕਰ ਜਿਵੇਂ ਮੈਂ ਕੀਤਾ ਸੀ, ਪੜ੍ਹ ਕੇ ਉਸ ਨੂੰ ਮਜ਼ਾ ਆ ਗਿਆ। ਮੇਰੇ ਲਈ ਇਸ ਤੋਂ ਵੱਡੀ ਤਸੱਲੀ ਭਲਾ ਹੋਰ ਕੀ ਹੋ ਸਕਦੀ ਹੈ। ਅਮਰਜੀਤ ਸਿੰਘ ਤਰਸਿੱਕਾ ਸਮੇਤ ਅਮਰੀਕਾ ਤੋਂ ਕਈ ਪਾਠਕਾਂ ਦੇ ਫੋਨ ਆਏ। ਉਨ੍ਹਾਂ ਇਹੀ ਪੁੱਛਿਆ ਕਿ 'ਲਵ ਐਂਡ ਕੈਪੀਟਲ' ਜਾਂ ਪ੍ਰੋ. ਰਣਧੀਰ ਸਿੰਘ ਦੀ 'ਕਰਾਇਸਿਜ਼ ਆਫ ਸੋਸ਼ਲਿਜ਼ਮ' ਉਹ ਕਿਥੋਂ ਪ੍ਰਾਪਤ ਕਰਨ। ਮੇਰੇ ਲਈ ਇਹ ਬਹੁਤ ਵੱਡਾ ਤੋਹਫਾ ਹੈ ਅਤੇ ਇਹ ਕਾਫੀ ਹੈ, ਪਰ ਮੇਰੇ ਲਈ ਕਿਸੇ ਸਭ ਤੋਂ ਵੱਡੇ ਇਨਾਮ ਵਰਗਾ ਪ੍ਰਤੀਕਰਮ ਕੈਲਗਰੀ ਰਹਿੰਦੇ ਨਵੇਂ ਬਣੇ ਐਡਵੋਕੇਟ ਮਿੱਤਰ ਅਮਰਪ੍ਰੀਤ ਸਿੰਘ ਦਾ ਸੀ। ਉਹ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਦੋਹਤਰਾ ਹੈ। ਉਸ ਦਾ ਪ੍ਰਤੀਕਰਮ ਸੀ ਕਿ ਮੇਰੀ ਗੈਬਰੀਲ ਦੀ 'ਲਵ ਐਂਡ ਕੈਪੀਟਲ' ਸਚਮੁਚ ਕੋਹਿਨੂਰ ਹੀਰੇ ਤੋਂ ਵੀ ਵੱਧ ਕੀਮਤੀ ਕਿਤਾਬ ਹੈ ਪਰ ਉਸ ਦਾ ਪੂਰਾ ਜਲਵਾ ਉਜਾਗਰ ਉਸ ਲਈ ਨਹੀਂ ਹੋਣਾ ਸੀ ਜੇ ਸਭ ਤੋਂ ਪਹਿਲਾਂ ਮੈਂ ਉਸ ਨੂੰ ਸਤਾਲਿਨ ਵਾਲੀ ਕਿਤਾਬ ਪੜ੍ਹਨ ਲਈ ਬੰਨ੍ਹ ਨਾ ਦਿੱਤਾ ਹੁੰਦਾ। ਬਾਅਦ ਵਿਚ ਫੋਨ ਉਪਰ ਗੱਲਬਾਤ ਦੌਰਾਨ ਸਵੈ-ਵਿਅੰਗ ਦੀ ਮੁਦਰਾ ਵਿਚ ਉਹ ਕਿੰਨੀ ਦੇਰ ਤੱਕ ਹਸਦਾ ਰਿਹਾ ਸੀ ਕਿ ਕਾਰਲ ਮਾਰਕਸ ਕੀ ਕਹਿ ਰਿਹਾ ਸੀ ਅਤੇ ਸਤਾਲਿਨ ਨੇ ਮਗਰੋਂ ਕੀ ਚੰਦ ਚਾੜ੍ਹੇ! ਅਮਰਪ੍ਰੀਤ ਨੂੰ ਮੇਰੇ ਲੇਖ ਵਿਚ ਜ਼ਿਕਰ ਅਧੀਨ ਆਏ '84' ਨਾਂ ਫਜ਼ੂਲ ਨਹੀਂ, ਸਗੋਂ ਅਰਥ ਭਰਪੂਰ ਤੇ ਸੰਕੇਤਕ ਅਹਿਮੀਅਤ ਵਾਲੇ ਲੱਗੇ।

ਦੁਨੀਆਂ ਵਿਚ ਅੱਜ ਤੱਕ ਹਜ਼ਾਰਾਂ ਮਸੀਹੇ ਆਏ, ਭਾਂਤ-ਭਾਂਤ ਦੇ ਜਹਾਦੀਆਂ ਨੇ ਆਪਣੇ ਸੁਪਨਿਆਂ ਦੇ ਸੰਸਾਰ ਸਿਰਜਣ ਲਈ ਜਿਸ-ਜਿਸ ਤਰ੍ਹਾਂ ਦੇ ਕੌਤਕ ਵਰਤਾਏ, ਉਹ ਸਭ ਨੂੰ ਪਤਾ ਹਨ ਅਤੇ 20ਵੀਂ ਸਦੀ ਵਿਚ ਮਾਰਕਸ ਦੇ ਸੁਪਨਿਆਂ ਦਾ ਆਦਰਸ਼ ਸਮਾਜ ਸਿਰਜਣ ਦੇ ਨਾਂ ਹੇਠ ਜਿਸ ਕਿਸਮ ਦੇ ਚੰਦ ਕਮਿਊਨਿਸਟ ਕੌਮੀਸਾਰਾਂ ਨੇ ਚਾੜ੍ਹੇ, ਉਹ ਅਸੀਂ ਸਭ ਜਾਣਦੇ ਹਾਂ। 20ਵੀਂ ਸਦੀ ਦੌਰਾਨ ਮੁਜਾਹਿਦ ਕਿਸਮ ਦੇ ਲੱਖਾਂ ਹੀ ਲੋਕ ਧਰਤੀ ਉਪਰ ਸਵਰਗ ਉਤਾਰਨ ਦੀ ਕੋਸ਼ਿਸ਼ ਕਰਦਿਆਂ ਜੂਝ ਮਰੇ ਹਨ ਅਤੇ ਅਫਗਾਨਿਸਤਾਨ ਵਿਚ ਹੁਣ ਵੀ ਅੰਨ੍ਹੇਵਾਹ ਲੜੀ ਮਰੀ ਜਾ ਰਹੇ ਹਨ ਪਰ ਕਹਾਣੀ ਉਲਟ ਹੀ ਪੈਂਦੀ ਚਲੀ ਗਈ ਹੈ। ਮੇਰੀ ਤਵੱਕੋ ਮਹਿਜ਼ ਇਤਨੀ ਹੈ ਕਿ ਦੋ-ਚਾਰ ਬੰਦੇ ਮੇਰੇ ਨਾਲ ਵੀ ਜੁੜ ਜਾਣ ਅਤੇ ਅਜਿਹਾ ਤਹੱਈਆ ਕਰ ਲੈਣ ਕਿ ਹਜ਼ਾਰ ਇਲਜ਼ਾਮ ਲੱਗੀ ਜਾਣ, ਅਸੀਂ ਅਜਿਹਾ ਕੱਖ ਵੀ ਨਹੀਂ ਕਰਨਾ, ਜ਼ਿੰਦਗੀ ਨੂੰ ਹੋਰ ਵਧੇਰੇ ਸ਼ਿੱਦਤ ਨਾਲ ਨਿਹਾਰਨ ਲਈ ਬੱਸ ਪੜ੍ਹੀ ਜਾਣਾ ਹੈ। ਇਹ ਸਮਝਣ ਦੀ ਪੂਰੀ ਤਨਦੇਹੀ ਨਾਲ ਕੋਸ਼ਿਸ਼ ਕਰਨੀ ਹੈ ਕਿ ਸਦੀਆਂ ਤੋਂ ਭਾਂਤ-ਭਾਂਤ ਦੇ ਪੈਗ਼ੰਬਰਾਂ ਦੀਆਂ ਨਸੀਹਤਾਂ ਦੇ ਬਾਵਜੂਦ ਇਨਸਾਨ ਆਪਣੇ ਭਰਾਵਾਂ ਨਾਲ ਕਿਵੇਂ ਕਿਵੇਂ, ਕੀ ਕੀ ਅਤੇ ਉਹ ਸਭ ਕੁਝ ਕਿਉਂ ਕਿਉਂ ਕਰੀ ਗਏ ਹਨ। ਜ਼ਿੰਦਗੀ 'ਚ ਸੁਹੱਪਣ ਤੇ ਸੁਤੰਤਰਤਾ ਦੀ ਸੰਭਾਵਨਾ ਤੇ ਪੂਰੀ ਆਸਥਾ ਕਾਇਮ ਰਹਿਣੀ ਚਾਹੀਦੀ ਹੈ। ਸਥਾਪਤੀ ਦਾ ਕਦੇ ਵੀ ਅਤੇ ਕਿਸੇ ਵੀ ਸੂਰਤ 'ਚ ਅੰਗ ਨਹੀਂ ਬਣਨਾ ਪਰ ਇਸ ਦੇ ਨਾਲ ਹੀ ਸੰਪਰਕ ਵਿਚ ਆਉਣ ਵਾਲੇ ਹਰ ਸੱਜਣ ਨੂੰ ਇਤਿਹਾਸ ਦੇ 'ਸਬਕਾਂ' ਤੋਂ ਆਪਣੇ ਵਿੱਤ ਤੇ ਸਮਝ ਅਨੁਸਾਰ ਚੌਕਸ ਕਰਵਾਈ ਜਾਣਾ ਹੈ।

ਮੈਂ ਇਥੇ ਕ੍ਰਿਸਟੀਅਨ ਮੇਅਰ ਦੀ ਸਾਲ 1982 'ਚ ਛਪੀ ਦੁਨੀਆਂ ਦੇ ਮਹਾਨ ਸ਼ਾਇਸਤਾ ਜਰਨੈਲ ਜੂਲੀਅਸ ਸੀਜ਼ਰ ਬਾਰੇ ਬਹੁਤ ਹੀ ਸ਼ਾਨਦਾਰ ਪੁਸਤਕ ਦਾ ਜ਼ਿਕਰ ਕਰਨਾ ਚਾਹਾਂਗਾ ਜਿਸ ਵਿਚ ਸੀਜ਼ਰ, ਜਨਰਲ ਪੰਪੋਈ, ਕੇਟੋ ਅਤੇ ਸਿਸਰੋ ਦੇ ਕਿਰਦਾਰਾਂ ਤੇ ਉਨ੍ਹਾਂ ਦੀਆਂ ਗੁਫਤਾਰਾਂ ਦਾ ਅਜਿਹਾ ਵਰਣਨ ਹੈ ਕਿ ਪੜ੍ਹਦਿਆਂ ਜੇ ਇਕ ਪਾਸੇ ਬੰਦਾ ਅਸ਼-ਅਸ਼ ਕਰ ਉਠਦਾ ਹੈ ਤਾਂ ਦੂਜੇ ਪਾਸੇ ਇਸ ਗੱਲ 'ਤੇ ਪ੍ਰੇਸ਼ਾਨ ਵੀ ਹੁੰਦਾ ਹੈ ਕਿ ਸਾਰੀ ਦਾਨਾਈ ਮੁਕੰਮਲ ਬਰਬਾਦੀ ਦੇ ਰਾਹ ਪੈਣ ਤੋਂ ਰੋਕਣ ਵਿਚ ਉਨ੍ਹਾਂ ਦੇ ਕੰਮ ਕਿਉਂ ਨਾ ਆਈ।

ਸੀਜ਼ਰ ਗਾਲ (ਅਜੋਕਾ ਫਰਾਂਸ) ਵਿਚ ਮਹਾਨ ਜਿੱਤ ਪ੍ਰਾਪਤ ਕਰਦਾ ਹੈ। ਰੋਮਨ ਸੈਨੇਟ ਉਸ ਦੀ ਪ੍ਰਾਪਤੀ ਨੂੰ ਤਾਂ ਸਵੀਕਾਰ ਕਰਦੀ ਹੈ ਪਰ ਖੁਦ ਤਾਨਾਸ਼ਾਹ ਬਣ ਬੈਠਣ ਦੇ ਡਰੋਂ ਉਸ ਨੂੰ ਹਰ ਹਾਲ ਵਿਚ ਤਾਕਤ ਤੋਂ ਲਾਂਭੇ ਕਰਨਾ ਚਾਹੁੰਦੀ ਹੈ। ਸੀਜ਼ਰ ਨੂੰ ਸੈਨੇਟਰਾਂ ਦਾ ਇਹ ਕਰਮ ਉਸ ਦੀਆਂ ਸੇਵਾਵਾਂ ਪ੍ਰਤੀ ਨਾ-ਸ਼ੁਕਰਗੁਜ਼ਾਰੀ ਦੀ ਇੰਤਹਾ ਲੱਗਦਾ ਹੈ। ਉਹ ਸੈਨੇਟ ਦਾ ਆਦੇਸ਼ ਮੰਨਣ ਤੋਂ ਇਨਕਾਰੀ ਹੋ ਜਾਂਦਾ ਹੈ। ਸੀਜ਼ਰ ਨੂੰ ਰਾਹ 'ਤੇ ਲਿਆਉਣ ਲਈ ਪੰਪੋਈ ਨਾਂ ਦੇ ਰੋਮਨ ਜਗਤ ਦੇ ਦੂਜੇ ਮਹਾਂ ਜਰਨੈਲ ਨੂੰ ਮੈਦਾਨ ਵਿਚ ਉਤਾਰਿਆ ਜਾਂਦਾ ਹੈ। ਸਾਲਾਂ ਤੱਕ ਬਦਨਸੀਬ ਘਰੋਗੀ ਜੰਗ ਸ਼ੁਰੂ ਹੋਣ ਨਾਲ ਲੱਖਾਂ ਲੋਕ ਬਿਨਾਂ ਵਜ੍ਹਾ ਹੀ ਮਾਰੇ ਜਾਂਦੇ ਹਨ। ਅਖੀਰ ਸੀਜ਼ਰ ਜਿੱਤ ਜਾਂਦਾ ਹੈ। ਮੁਕਟ ਉਸ ਦੇ ਸਿਰ 'ਤੇ ਸਜ ਜਾਂਦਾ ਹੈ।...ਤੇ ਫਿਰ ਸ਼ੇਕਸਪੀਅਰ ਦਾ ਜੂਲੀਅਸ ਸੀਜ਼ਰ ਬੜੀ ਜਲਦੀ ਹੀ ਸਮਕਾਲੀ ਰੋਮਨ ਜਗਤ ਦੇ ਪਿਆਰੇ ਇਨਸਾਨ ਬਰੂਟਸ ਤੇ ਉਸ ਦੇ ਸਾਥੀਆਂ ਹੱਥੋਂ ਮਾਰਿਆ ਜਾਂਦਾ ਹੈ।

ਮਹਾਂਭਾਰਤ ਦੀ ਜੰਗ ਵੀ ਸਿਰੇ ਦੀ ਐਬਸਰਡ ਕਹਾਣੀ ਹੈ, ਪਰ ਚਲੋ ਉਸ ਦਾ ਫਿਰ ਵੀ ਥੋੜ੍ਹਾ ਮੂੰਹ ਸਿਰ ਪਤਾ ਲੱਗ ਜਾਂਦਾ ਹੈ। ਜਿਹੜੀ ਸਿਰੇ ਦੀ ਬੇਸਿਰ-ਪੈਰ ਜੰਗ ਸੀਜ਼ਰ ਵਰਗਾ ਮਹਾਨ ਜਰਨੈਲ ਪੰਪੋਈ ਵਰਗੇ ਆਪਣੇ ਪੁਰਾਣੇ ਮਿੱਤਰ ਵਿਰੁਧ ਲੜਦਾ ਹੈ, ਉਸ ਦੇ ਕਿਸੇ ਤੱਤ ਸਾਰ ਦਾ ਪਤਾ ਬਿਲਕੁਲ ਵੀ ਨਹੀਂ ਲੱਗਦਾ। ਕੇਟੋ ਵਰਗਾ ਰੋਮਨ ਜਗਤ ਦਾ ਸਭ ਤੋਂ ਰੋਸ਼ਨ ਦਿਮਾਗ ਅਤੇ ਤੇਜੱਸਵੀ ਸੈਨੇਟਰ ਪਹਿਲਾਂ ਹੀ ਆਤਮ ਹੱਤਿਆ ਕਰ ਜਾਂਦਾ ਹੈ। ਸੀਜ਼ਰ ਨੂੰ ਮਾਰਨ ਪਿਛੋਂ ਬਰੂਟਸ ਨੇ ਅਫਸੋਸ ਨਾਲ ਹੀ ਖੁਦਕੁਸ਼ੀ ਕਰ ਲਈ ਸੀ, ਤੇ ਬਾਅਦ ਵਿਚ ਤਾਂ ਉਸ ਦੇ ਸਾਰੇ ਸਾਥੀ ਹੀ ਮਾਰੇ ਜਾਂਦੇ ਹਨ ਪਰ ਬਰੂਟਸ ਦੀ ਮੌਤ ਦੀ ਖਬਰ ਸੁਣ ਕੇ ਜਿਸ ਤਰ੍ਹਾਂ ਉਸ ਦੀ ਪਿਆਰੀ ਪਤਨੀ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ, ਮੈਂ ਆਪਣੇ ਸਭ ਮਿੱਤਰਾਂ ਨੂੰ ਪਿਛਲੇ ਕਰੀਬ 20 ਵਰ੍ਹਿਆਂ ਤੋਂ ਕਹਿੰਦਾ ਆ ਰਿਹਾ ਹਾਂ ਕਿ ਉਸ ਦੇ ਦਰਦ ਦੀ ਇੰਤਹਾ ਨੂੰ ਜਾਨਣ ਲਈ ਉਸ ਬਾਰੇ ਪਲੂਟਾਰਕ ਦਾ ਲਿਖਿਆ ਬਿਰਤਾਂਤ ਉਹ ਖੁਦ ਪੜ੍ਹਨ, ਆਤਮਾ ਧੁਰ ਅੰਦਰ ਤੱਕ ਸੁੰਨ ਹੋ ਕੇ ਰਹਿ ਜਾਂਦੀ ਹੈ।

ਮਹਾਨ ਦਾਰਸ਼ਨਿਕ ਸਿਸਰੋ ਸਦਾ ਹੀ ਸੀਜ਼ਰ ਦੀਆਂ ਪੁਜੀਸ਼ਨਾਂ ਦਾ ਕੱਟੜ ਵਿਰੋਧੀ ਰਿਹਾ ਪਰ ਮਰਦੇ ਦਮ ਤੱਕ ਕਦੀ ਵੀ ਸੀਜ਼ਰ ਦੇ ਮਨ ਅੰਦਰੋਂ ਸਿਸਰੋ ਦੀ ਸ਼ਖਸੀਅਤ ਪ੍ਰਤੀ ਸਤਿਕਾਰ ਨਹੀਂ ਜਾਂਦਾ। ਕ੍ਰਿਸਟੀਅਨ ਮੇਅਰ ਦੱਸਦਾ ਹੈ ਕਿ ਇਕ ਮੋਟੇ ਜਿਹੇ ਅੰਦਾਜ਼ੇ ਅਨੁਸਾਰ ਸੀਜ਼ਰ ਦੀਆਂ 'ਆਪਣੀ ਸੋਭਾ ਖਾਤਰ' ਲੜੀਆਂ ਜੰਗਾਂ ਵਿਚ ਆਮ ਨਾਗਰਿਕਾਂ ਤੋਂ ਬਿਨਾਂ 19,92,000 ਲੜਾਕੇ ਮਾਰੇ ਗਏ ਸਨ। ਐਂਥਨੀ ਏਵਰਿਟ ਦੀ 'ਸਿਸਰੋ: ਲਾਈਫ ਐਂਡ ਟਾਈਮਜ਼ ਆਫ ਰੋਮ'ਜ਼ ਗਰੇਟੈਸਟ ਪਾਲੀਟੀਸ਼ਨ' ਸਿਰਲੇਖ ਹੇਠ ਰੈਂਡਮ ਹਾਊਸ ਵੱਲੋਂ ਸਾਲ 2003 ਵਿਚ ਛਾਪੀ ਕਿਤਾਬ ਦੇ ਪੰਨਾ 228 'ਤੇ ਦਿੱਤੇ ਵੇਰਵੇ ਅਨੁਸਾਰ ਜੂਲੀਅਸ ਸੀਜ਼ਰ ਮਿਸਰ ਦੀ ਜੰਗ ਤੋਂ ਬਾਅਦ ਅਕਤੂਬਰ 47 ਬੀ.ਸੀ., ਟਰੈਂਟਸ ਜਾਂਦਿਆਂ ਉਚੇਰੇ ਤੌਰ 'ਤੇ ਬਰੋਤੀਜੀਅਮ ਦਾ ਦੌਰਾ ਕਰਦਾ ਹੈ। ਹਜ਼ਾਰਾਂ ਲੋਕ ਉਸ ਦੇ ਸਵਾਗਤ ਲਈ ਖੜ੍ਹੇ ਹਨ। ਨਗਰ ਦੇ ਚੌਗਾਨ ਵਿਚ ਦੂਰ ਖੜ੍ਹੇ ਸਿਸਰੋ ਨੂੰ ਵੇਖ ਕੇ ਉਹ ਬਹੁਤ ਪਹਿਲਾਂ ਹੀ ਆਪਣੇ ਘੋੜੇ ਤੋਂ ਉਤਰਦਿਆਂ ਪੈਦਲ ਚੱਲ ਕੇ ਉਸ ਦੇ ਕੋਲ ਪਹੁੰਚਦਾ ਹੈ। ਸਭ ਵਿਚਾਰਧਾਰਕ ਵਿਰੋਧਾਂ ਦੇ ਬਾਵਜੂਦ ਉਸ ਨੂੰ ਪੂਰਨ ਸਤਿਕਾਰ ਨਾਲ ਜੱਫੀ ਵਿਚ ਲੈ ਕੇ ਆਪਣੇ ਮੁਕਾਮ ਤਕ ਅਗਲਾ ਸਫਰ ਪੈਦਲ ਹੀ ਤੈਅ ਕਰਦਾ ਹੈ। ਸੀਜ਼ਰ, ਸਿਸਰੋ ਦਾ ਦਿਲੋਂ ਸਤਿਕਾਰ ਤਾਂ ਕਰਦਾ ਹੈ ਪਰ ਉਸ ਦੀ ਕੋਈ ਵੀ ਸਲਾਹ ਮੰਨਣ ਲਈ ਤਿਆਰ ਕਿਉਂ ਨਹੀਂ ਹੈ? ਇਸ ਗੱਲ ਤੋਂ ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਸੀਜ਼ਰ ਦੀ ਸ਼ਖਸੀਅਤ ਕਿੰਨੀ ਜਟਿਲ ਸੀ?

ਏਵਰਿਟ ਦੀ ਪੁਸਤਕ ਵਿਚ ਇਹ ਵਿਸਥਾਰ ਪੜ੍ਹਦਿਆਂ ਮਨ ਵਿਚ ਆਉਂਦਾ ਹੈ ਕਿ ਕਾਸ਼! ਲਿਓਨ ਤ੍ਰਾਤਸਕੀ ਅਤੇ ਨਿਕੋਲਾਈ ਬੁਖਾਰਿਨ ਨਾਲ ਵਿਚਾਰਧਾਰਕ ਲੜਾਈ ਲੜਦਿਆਂ ਸਤਾਲਿਨ ਵਿਚ ਅਜਿਹਾ ਗੁਣ ਅੰਸ਼ ਮਾਤਰ ਹੀ ਹੁੰਦਾ! ਮਹਾਨ ਸੀਜ਼ਰ ਦੀ ਜੰਗ ਦਾ ਹਾਸਲ ਇਹ ਸੀ ਕਿ ਉਸ ਦੇ ਖਾਤਮੇ ਨਾਲ ਹੀ ਇਕ ਤਰ੍ਹਾਂ ਨਾਲ ਮਹਾਨ ਰੋਮਨ ਸਾਮਰਾਜ ਦੇ ਖਾਤਮੇ ਦੀ ਸ਼ੁਰੂਆਤ ਹੋ ਗਈ ਸੀ।

ਪ੍ਰਭਸ਼ਰਨਦੀਪ ਕਹਿ ਸਕਦਾ ਹੈ ਕਿ ਇਸ ਸਾਰੀ ਕਥਾ ਵਿਚ ਉਸ ਦੇ ਇਤਰਾਜ਼ਾਂ ਦਾ ਜਵਾਬ ਕਿਥੇ ਹੈ? ਸੋ, ਹੁਣ ਸਿੱਧੀ ਪ੍ਰਭਸ਼ਰਨਦੀਪ ਸਿੰਘ ਬਾਰੇ ਵੀ ਗੱਲ ਕਰੀਏ। ਹਰਿੰਦਰ ਮਹਿਬੂਬ ਅਤੇ ਪ੍ਰੋ. ਗੁਰਭਗਤ ਸਿੰਘ ਦੇ ਨਾਲ-ਨਾਲ ਹਾਈਡੇਗਰ ਅਤੇ ਦੈਰਿਦਾ ਵਰਗੇ ਮਹਾਂਚਿੰਤਕਾਂ ਬਾਰੇ ਇਸ ਨੌਜਵਾਨ ਵਿਦਵਾਨ ਨੇ ਕਈ ਵਰ੍ਹੇ ਪਹਿਲਾਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। 2010-11 ਵਿਚ 20ਵੀਂ ਸਦੀ ਦੀ ਸਿੱਖ ਰਾਜਨੀਤੀ ਬਾਰੇ ਸਿੱਖ ਚਿੰਤਕ ਅਜਮੇਰ ਸਿੰਘ ਦੀਆਂ ਕਿਤਾਬਾਂ ਬਾਰੇ 'ਪੰਜਾਬ ਟਾਈਮਜ਼' ਵਿਚ ਅਰੰਭ ਹੋਈ ਬਹਿਸ ਦੌਰਾਨ ਪ੍ਰਭਸ਼ਰਨਦੀਪ ਨੇ ਪ੍ਰੋ. ਬਲਕਾਰ ਸਿੰਘ ਅਤੇ ਪ੍ਰੋ. ਅਮਰਜੀਤ ਸਿੰਘ ਪਰਾਗ ਨੂੰ ਆੜੇ ਹੱਥੀਂ ਲੈਂਦਿਆਂ ਦੋ ਜ਼ੋਰਦਾਰ ਲੇਖ ਲਿਖੇ। ਇਸ ਨਾਲ ਉਨ੍ਹੀਂ ਦਿਨੀਂ ਕਈ ਵਾਰ ਫੋਨ 'ਤੇ ਗੱਲ ਹੋਈ। ਮੈਂ ਇਸ ਨੂੰ ਅੱਜ ਤੱਕ 'ਅਕਾਲੀ ਦਲ, ਸਿੱਖ ਤੇ ਅਨੁਵਾਦ ਦੀ ਰਾਜਨੀਤੀ' ਸਿਰਲੇਖ ਹੇਠਲਾ ਲੇਖ ਲਿਖਣ ਲਈ ਵਧਾਈ ਦਿੰਦਾ ਰਿਹਾ ਹਾਂ; ਹਾਲਾਂਕਿ ਮੈਂ ਉਸ ਲੇਖ ਅੰਦਰ ਸਿੰਘ ਸਭਾ ਲਹਿਰ, ਗੁਰਦੁਆਰਾ ਲਹਿਰ ਅਤੇ ਸ਼੍ਰੋਮਣੀ ਅਕਾਲੀ ਦਲ ਬਾਰੇ ਪੇਸ਼ ਕੀਤੀਆਂ ਧਾਰਨਾਵਾਂ ਨਾਲ ਮੂਲੋਂ ਹੀ ਸਹਿਮਤ ਨਹੀਂ ਸਾਂ। ਇਸ ਲੇਖ ਅੰਦਰ ਬਰਤਾਨਵੀ ਰਾਜ ਵਿਚ ਸਿੱਖ ਰਾਜਨੀਤੀ ਨੂੰ ਸਮਝਣ ਲਈ ਉਤਰ-ਬਸਤੀਵਾਦੀ ਸਿਧਾਂਤ ਪੱਧਤੀ ਦੀ ਵਰਤੋਂ ਕੀਤੀ ਗਈ ਸੀ। ਵਧਾਈ ਮੈਂ ਪ੍ਰਭਸ਼ਰਨਦੀਪ ਨੂੰ ਇਸ ਗੱਲ ਲਈ ਦਿੱਤੀ ਸੀ ਕਿ ਅਰਵਿੰਦਪਾਲ ਸਿੰਘ ਮੰਡੇਰ ਜਿਸ ਦੀ ਅਕਾਦਮਿਕ ਪ੍ਰਤੀਬੱਧਤਾ ਦਾ ਪ੍ਰਿੰ. ਸੰਤ ਸਿੰਘ ਸੇਖੋਂ, ਪ੍ਰੋ. ਤਾਲਿਬ, ਡਾ. ਹਰਿਭਜਨ ਸਿੰਘ, ਜੇ.ਐਸ. ਗਰੇਵਾਲ ਅਤੇ ਪ੍ਰੋ. ਹਰਜੀਤ ਸਿੰਘ ਗਿੱਲ ਤੋਂ ਬਾਅਦ ਦੀ ਪੀੜ੍ਹੀ ਦੇ ਵਿਦਵਾਨਾਂ-ਪ੍ਰੋ. ਭੁਪਿੰਦਰ ਸਿੰਘ, ਭਗਵਾਨ ਜੋਸ਼, ਸੁੱਚਾ ਸਿੰਘ ਗਿੱਲ ਅਤੇ ਤੇਜਵੰਤ ਗਿੱਲ ਤੋਂ ਪਿਛੋਂ ਸਭ ਤੋਂ ਵੱਧ ਸਤਿਕਾਰ ਹੈ, ਦੇ ਨਜ਼ਰੀਏ ਬਾਰੇ ਆਪਣੇ ਲੇਖ ਰਾਹੀਂ ਜਾਣੂ ਕਰਵਾਇਆ ਸੀ।

ਪ੍ਰੋ. ਮੰਡੇਰ ਪ੍ਰਤੀ ਸਾਰੇ ਸਤਿਕਾਰ ਦੇ ਬਾਵਜੂਦ ਉਸ ਨਾਲ ਜਾਂ ਪ੍ਰਭਸ਼ਰਨਦੀਪ ਨਾਲ ਸਹਿਮਤ ਤਾਂ ਕੀ ਹੋਣੈ, ਸਾਡੀ ਉਤਰ-ਬਸਤੀਵਾਦੀ ਚਿੰਤਨ ਦੇ ਧੁਨੰਤਰ ਮੋਢੀ ਐਡਵਰਡ ਸਈਦ ਅਤੇ ਉਸ ਦੇ ਪਿੱਛੇ ਖੜ੍ਹੇ ਚਿੰਤਕ ਮਿਸ਼ੈਲ ਫੂਕੋ ਦੀਆਂ ਮੂਲ ਧਾਰਨਾਵਾਂ ਨਾਲ ਵੀ ਕੋਈ ਸਹਿਮਤੀ ਨਹੀਂ ਹੈ। ਫੂਕੋ ਅਤੇ ਸਈਦ ਬਹੁਤ ਮਹਾਨ ਚਿੰਤਕ ਸਨ। 20ਵੀਂ ਸਦੀ ਵਿਚ ਇਨਸਾਨੀ ਸਵੈ-ਮਾਣ ਦੀ ਬਹਾਲੀ ਦੇ ਆਪਣੇ ਕੇਂਦਰੀ ਸਰੋਕਾਰ ਖਾਤਰ ਜਿਸ ਅੰਦਾਜ਼ ਵਿਚ ਉਹ ਜੂਝੇ, ਉਸ 'ਤੇ ਕੋਈ ਕਿੰਤੂ ਨਹੀਂ ਹੈ। ਉਹ ਦੋਵੇਂ ਸੱਚ ਦੀ ਖਾਤਰ ਜ਼ਹਿਰ ਦਾ ਛੰਨਾ ਪੀ ਜਾਣ ਵਾਲੇ ਸੁਕਰਾਤ ਦੇ ਸਹੀ ਵਾਰਸ ਸਨ, ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਵਿਚਾਰਧਾਰਕ ਇੰਤਹਾਪਸੰਦੀ ਦੇ ਖ਼ਤਰਿਆਂ ਨੂੰ ਨਜ਼ਰ-ਅੰਦਾਜ਼ ਕਿਵੇਂ ਕੀਤਾ ਜਾ ਸਕਦਾ ਹੈ? ਆਪਣੇ ਬਿਰਤਾਂਤ ਵਿਚ ਅਸੀਂ ਅਗਾਂਹ ਦੱਸਣ ਦਾ ਯਤਨ ਕਰਾਂਗੇ ਕਿ ਫੂਕੋ, ਐਡਵਰਡ ਸਈਦ ਜਾਂ

### ਚਰਚਾ-ਦਰ-ਚਰਚਾ

ਇਨ੍ਹਾਂ ਦੇ ਵੀ ਪਿੱਛੇ ਖੜ੍ਹੇ ਜਰਮਨ ਚਿੰਤਕ ਮਾਰਟਿਨ ਹਾਈਡੇਗਰ ਜਾਂ ਫਰਾਂਸੀਸੀ ਚਿੰਤਕ ਜਾਰਜ ਬਾਤਈ ਦੇ ਚਿੰਤਨ ਨਾਲ ਸਾਡਾ ਰੌਲਾ ਕੀ ਹੈ।


ਪ੍ਰਭਸ਼ਰਨਦੀਪ ਦੇ ਸਬੰਧਤ ਲੇਖ ਦਾ ਉਪਰ ਜ਼ਿਕਰ ਆ ਗਿਆ ਹੈ ਤਾਂ ਬਿਹਤਰ ਰਹੇਗਾ ਕਿ ਇਸ ਦੀ ਇਕ-ਅੱਧ ਕੇਂਦਰੀ ਧਾਰਨਾ ਦੀ ਚਰਚਾ ਵੀ ਲਗਦੇ ਹੱਥ ਕਰ ਲਈ ਜਾਵੇ। ਪੰਜਾਬ ਟਾਈਮਜ਼ ਦੇ 15 ਜਨਵਰੀ 2011 ਦੇ ਅੰਕ ਵਿਚ ਛਪੇ ਇਸ ਲੇਖ ਵਿਚ ਉਹ ਆਖਦਾ ਹੈ ਕਿ 'ਸਿੰਘ ਸਭਾ ਲਹਿਰ ਉਸ ਵਰਤਾਰੇ ਦਾ ਨਾਂ ਹੈ ਜਿਸ ਨੂੰ ਕੈਲੀ ਓਲੀਵਰ ਮਨੋਵਿਗਿਆਨਕ ਪਸਾਰੇ ਦੇ ਬਸਤੀਕਰਨ ਦਾ ਨਾਂ ਦਿੰਦੀ ਹੈ। ਇਹ ਉਹ ਦਸ਼ਾ ਹੈ ਜਦੋਂ ਲੋਕ ਆਪਣਾ ਇਕ ਗੁਲਾਮ ਜਾਂ ਸਬਜੈਕਟ ਦੇ ਰੂਪ ਵਿਚ ਰੂਪਾਂਤਰਨ ਸਵੀਕਾਰ ਕਰ ਲੈਂਦੇ ਹਨ ਅਤੇ ਇਸ ਨੂੰ ਆਪਣੀ ਹੋਣੀ ਤਸਲੀਮ ਕਰਦੇ ਹੋਏ ਸੁੰਗੜੇ ਹੋਏ ਦਾਇਰੇ ਵਿਚ ਹੀ ਵਿਚਰਨ ਨੂੰ ਪਹਿਲੀ ਤੇ ਆਖਰੀ ਚੋਣ ਮੰਨ ਲੈਂਦੇ ਹਨ। (ਅਖੇ) ਅਜਿਹਾ ਮਾਨਸਿਕ ਧਰਾਤਲ ਤਿਆਰ ਕਰਨਾ ਯੂਰਪੀ ਬਸਤੀਵਾਦੀ ਬਿਰਤਾਂਤ ਦਾ ਸਪਸ਼ਟ ਤੇ ਲੋੜੀਂਦਾ ਲਕਸ਼ ਸੀ।'

ਇਸੇ ਲੇਖ ਵਿਚ ਪ੍ਰਭਸ਼ਰਨਦੀਪ ਡਾ. ਬਲਕਾਰ ਸਿੰਘ ਦੀਆਂ ਅਕਾਲੀ ਦਲ ਜਾਂ ਅਕਾਲੀਅਤ ਬਾਰੇ ਧਾਰਨਾਵਾਂ 'ਤੇ ਕਾਟਾ ਫੇਰ ਕੇ ਦੱਸਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਇਸ ਅਨੁਵਾਦ ਦੇ, ਬਿਰਤਾਂਤ ਤੋਂ ਬਾਅਦ ਦੇ ਵਰਤਾਰੇ ਵਜੋਂ ਸਾਹਮਣੇ ਆਇਆ ਰੂਪ ਅਜਿਹਾ ਸੀ ਜੋ ਸਿੱਖ ਰਵਾਇਤਾਂ ਦੀ ਨਹੀਂ, ਬਲਕਿ ਪੱਛਮੀ ਜਮਹੂਰੀਅਤ ਦੇ ਨਮੂਨੇ ਦੀ ਤਰਜਮਾਨੀ ਕਰਦਾ ਸੀ। (ਅਖੇ) "ਨਿਰਲਜਤਾ ਨੂੰ ਰੂਪਮਾਨ ਕਰਨ ਵਾਲਾ ਇਹ ਵਰਤਾਰਾ ਉਘੜ ਕੇ ਸਾਹਮਣੇ ਤਾਂ ਗੁਰਦੁਆਰਾ ਐਕਟ ਨੂੰ ਪ੍ਰਵਾਨ ਕਰਨ ਵੇਲੇ ਹੀ ਆ ਗਿਆ ਸੀ ਪਰ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਲੋਂ ਪਾਸ ਕੀਤਾ ਗਿਆ ਬੱਬਰ ਅਕਾਲੀਆਂ ਦੇ ਹਥਿਆਰਬੰਦ ਸੰਘਰਸ਼ ਦੀ ਨਿਖੇਧੀ ਕਰਨ ਵਾਲਾ ਮਤਾ ਇਸ (ਸ਼ਰਮਨਾਕ) ਵਰਤਾਰੇ ਦੀ ਸਿਖਰ ਸੀ। (ਅਖੇ) ਇਹ ਸਿਰਫ ਜਮਹੂਰੀਅਤ ਨੂੰ ਪ੍ਰਣਾਈ ਹੋਈ ਪਾਰਟੀ ਵੱਲੋਂ ਹਥਿਆਰਬੰਦ ਸੰਘਰਸ਼ ਦੇ ਖਿਲਾਫ ਲਿਆ ਗਿਆ ਪੈਂਤੜਾ ਹੀ ਨਹੀਂ ਸੀ, ਇਸ ਦਾ ਅਰਥ ਤਾਂ ਇਹ ਸੀ ਕਿ ਅਕਾਲੀ ਸਿਰਫ ਨਾਂ ਦੇ ਹੀ ਅਕਾਲ ਰਹਿ ਗਏ ਸਨ-ਅਸਲ 'ਚ ਉਨ੍ਹਾਂ ਦੀ ਚੇਤਨਾ ਕਾਲ ਦੇ ਪ੍ਰਭਾਵ ਤਹਿਤ ਚੱਲਣ ਲੱਗੀ ਸੀ।...ਕੇਵਲ ਅਕਾਲ ਦੀ ਸਤਹ ਪ੍ਰਵਾਨ ਕਰ ਕੇ, ਵਕਤ ਦੇ ਹਾਕਮਾਂ ਨੂੰ ਕੂੜ ਦਾ ਬਿਨਸਨਹਾਰ ਰੂਪ ਜਾਣਦੇ ਹੋਏ, ਖਾਲਸੇ ਦੀ ਫਤਿਹ ਨੂੰ ਵਾਹਿਗੁਰੂ ਜੀ ਕੀ ਫਤਿਹ ਮੰਨ ਕੇ ਇਸ ਵਿਚ ਅਟੱਲ ਨਿਸਚਾ ਰੱਖਣਾ ਇਨ੍ਹਾਂ (ਅ)ਕਾਲੀਆਂ ਦੇ ਤਸੱਵਰ ਵਿਚੋਂ ਹੀ ਬਾਹਰ ਸੀ।"

ਜ਼ਾਹਿਰ ਹੈ, ਇਹ ਬੇਹੱਦ ਸੁੰਦਰ ਸਤਰਾਂ ਹਨ, ਇਨ੍ਹਾਂ ਨੂੰ ਨਮੋ ਕੀਤੀ ਜਾ ਸਕਦੀ ਹੈ। ਮੈਂ ਆਪਣੇ ਅੰਤਾਂ ਦੇ ਪਿਆਰੇ ਵੱਡੇ ਭਾਅ ਕਰਮਜੀਤ ਸਿੰਘ ਨੂੰ ਮਹਾਂਪੁਰਖਾਂ ਦੇ ਮਹਾਂਵਾਕਾਂ ਅਤੇ 18ਵੀਂ ਸਦੀ ਦੇ ਸਿੱਖ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਚਿਤਾਰਦਿਆਂ ਅਜਿਹੀ ਮਨੋਅਵਸਥਾ ਵਿਚ ਵਿਚਰਦਿਆਂ ਹੀ ਤਾਂ ਵਰ੍ਹਿਆਂ-ਦਰ-ਵਰ੍ਹਿਆਂ ਤੋਂ ਵੇਖਿਆ ਹੈ। ਮਸਤੀ ਦਾ ਅਜਿਹਾ ਆਲਮ ਚਿੰਤਨ ਵਿਚ ਤਾਂ ਚਲੋ ਠੀਕ ਹੈ, ਪਰ ਅਮਲੀ ਜ਼ਿੰਦਗੀ ਵਿਚ ਇਸ ਤੋਂ ਤੌਬਾ ਹੀ ਭਲੀ ਹੈ। 20ਵੀਂ ਸਦੀ ਦੇ ਪਹਿਲੇ ਅੱਧ ਵਿਚ ਮਿਸਰ ਵਿਚ ਜਨਮੇ ਅਤੇ ਜਵਾਨ ਹੋਏ ਰੈਡੀਕਲ ਇਸਲਾਮ ਦੇ ਜਨਮਦਾਤੇ ਸਈਅਦ ਕੁਤਬ ਦੀਆਂ ਲਿਖਤਾਂ ਵਿਚ ਐਨ ਇਸੇ ਤਰ੍ਹਾਂ ਜਜ਼ਬਾ

*(ਬਾਕੀ ਅਗਲੇ ਸਫੇ 'ਤੇ)*

***ਐਂਥਨੀ ਏਵਰਿਟ ਦੀ 'ਸਿਸਰੋ: ਲਾਈਫ ਐਂਡ ਟਾਈਮਜ਼ ਆਫ ਰੋਮ'ਜ਼ ਗਰੇਟੈਸਟ ਪਾਲੀਟੀਸ਼ਨ' ਦੇ ਪੰਨਾ 228 'ਤੇ ਦਿੱਤੇ ਵੇਰਵੇ ਅਨੁਸਾਰ ਜੂਲੀਅਸ ਸੀਜ਼ਰ ਮਿਸਰ ਦੀ ਜੰਗ ਤੋਂ ਬਾਅਦ ਅਕਤੂਬਰ 47 ਬੀ.ਸੀ., ਟਰੈਂਟਸ ਜਾਂਦਿਆਂ ਉਚੇਰੇ ਤੌਰ 'ਤੇ ਬਰੋਤੀਜੀਅਮ ਦਾ ਦੌਰਾ ਕਰਦਾ ਹੈ। ਹਜ਼ਾਰਾਂ ਲੋਕ ਉਸ ਦੇ ਸਵਾਗਤ ਲਈ ਖੜ੍ਹੇ ਹਨ। ਨਗਰ ਦੇ ਚੌਗਾਨ ਵਿਚ ਦੂਰ ਖੜ੍ਹੇ ਸਿਸਰੋ ਨੂੰ ਵੇਖ ਕੇ ਉਹ ਬਹੁਤ ਪਹਿਲਾਂ ਹੀ ਆਪਣੇ ਘੋੜੇ ਤੋਂ ਉਤਰਦਿਆਂ ਪੈਦਲ ਚੱਲ ਕੇ ਉਸ ਦੇ ਕੋਲ ਪਹੁੰਚਦਾ ਹੈ। ਸਭ ਵਿਚਾਰਧਾਰਕ ਵਿਰੋਧਾਂ ਦੇ ਬਾਵਜੂਦ ਉਸ ਨੂੰ ਪੂਰਨ ਸਤਿਕਾਰ ਨਾਲ ਜੱਫੀ ਵਿਚ ਲੈ ਕੇ ਆਪਣੇ ਮੁਕਾਮ ਤਕ ਅਗਲਾ ਸਫਰ ਤੁਰਦਿਆਂ ਹੀ ਤੈਅ ਕਰਦਾ ਹੈ। ਕਿਤਾਬ ਪੜ੍ਹਦਿਆਂ ਇਹ ਵੀ ਅਫ਼ਸੋਸ ਹੁੰਦਾ ਹੈ ਕਿ ਸ਼ੀਜਰ, ਸਿਸਰੋ ਦਾ ਤਹਿ-ਦਿਲੋਂ ਸਤਿਕਾਰ ਤਾਂ ਕਰਦਾ ਹੈ ਪਰ ਉਸ ਦੀ ਕੋਈ ਵੀ ਸਲਾਹ ਮੰਨਣ ਲਈ ਤਿਆਰ ਕਿਉਂ ਨਹੀਂ ਹੈ। ਸੀਜ਼ਰ ਦੀ ਸ਼ਖਸੀਅਤ ਕਿਸ ਕਿਸਮ ਦੀ ਕੰਪਲੈਕਸ ਸੀ, ਇਹ ਉਸ ਦੇ ਇਸ ਜੈਸਚਰ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਪੁਸਤਕ ਵਿਚ ਇਹ ਵਿਸਥਾਰ ਪੜ੍ਹਦਿਆਂ ਮਨ ਵਿਚ ਆਉਂਦਾ ਹੈ ਕਿ ਕਾਸ਼! ਲਿਓਨ ਤ੍ਰਾਤਸਕੀ ਅਤੇ ਨਿਕੋਲਾਈ ਬੁਖਾਰਿਨ ਨਾਲ ਹੰਨੇ ਜਾਂ ਬੰਨੇ ਵਿਚਾਰਧਾਰਕ ਲੜਾਈ ਲੜਦਿਆਂ ਸਤਾਲਿਨ ਵਿਚ ਅਜਿਹਾ ਗੁਣ ਕਿਧਰੇ ਅੰਸ਼ ਮਾਤਰ ਹੀ ਹੁੰਦਾ!!***



ਚੇਤਾ ਤੇ ਚਰਚਾ

# ਆਧੁਨਿਕਤਾ ਦਾ ਦੂਤ: ਭਾਈ ਕਾਨ੍ਹ ਸਿੰਘ

***ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਪਹਿਲੀ ਵਾਰ 13 ਅਪਰੈਲ 1930 ਨੂੰ ਛਪਿਆ ਜਿਸ ਨੂੰ 'ਸਿੱਖ ਧਰਮ ਦਾ ਐਨਸਾਈਕਲੋਪੀਡੀਆ' ਅਤੇ 'ਸਿੱਖ ਸਾਹਿਤ ਦੀ ਡਿਕਸ਼ਨਰੀ' ਮੰਨਿਆ ਜਾਂਦਾ ਹੈ। ਮਹਾਨ ਕੋਸ਼ ਵਿਚ 64263 ਸ਼ਬਦਾਂ ਦੇ ਅਰਥ ਅਤੇ ਉਨ੍ਹਾਂ ਦੀ ਵਿਆਖਿਆ ਦਰਜ ਹੈ। ਬਹੁਤੇ ਲੋਕਾਂ ਦਾ ਇਹ ਗ਼ਲਤ ਵਿਚਾਰ ਬਣਿਆ ਹੋਇਆ ਹੈ ਕਿ ਇਸ ਵਿਚ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੇ ਅਰਥ ਦਿਤੇ ਗਏ ਹਨ। ਅਸਲ ਵਿਚ ਇਹ ਇਸ ਤੋਂ ਬਹੁਤ ਵੱਧ ਕੁਝ ਹੈ। ਪੰਜਾਬ ਟਾਈਮਜ਼ ਵਿਚ ਕਹਾਣੀਕਾਰ ਤੇ ਪੱਤਰਕਾਰ ਸ. ਗੁਰਬਚਨ ਸਿੰਘ ਭੁੱਲਰ ਦੀਆਂ ਪਹਿਲਾਂ ਛਪੀਆਂ ਲਿਖਤਾਂ ਵਿਚ ਪਾਠਕ ਪੜ੍ਹ ਹੀ ਚੁਕੇ ਹਨ ਕਿ ਮਹਾਨ ਕੋਸ਼ ਦੇ ਲੇਖਕ ਭਾਈ ਕਾਨ੍ਹ ਸਿੰਘ ਨਾਭਾ ਉਨ੍ਹਾਂ ਦੇ ਪਿੰਡ ਪਿੱਥੋ ਦੇ ਸਨ। ਭਾਈ ਕਾਨ੍ਹ ਸਿੰਘ ਨਾਭਾ ਅਤੇ ਉਨ੍ਹਾਂ ਦੇ ਪਰਿਵਾਰ ਦੀ ਪੰਜਾਬੀ ਸਾਹਿਤ ਨੂੰ ਬਹੁਤ ਵੱਡੀ ਦੇਣ ਹੈ, ਇਸ ਲੇਖ ਲੜੀ ਵਿਚ ਲੇਖਕ ਨੇ ਇਸ ਦੇਣ ਦਾ ਪਾਠਕਾਂ ਨਾਲ ਤੁਆਰਫ ਕਰਵਾਇਆ ਹੈ। ਇਸ ਲੜੀ ਦੇ ਹਥਲੇ ਲੇਖ ਵਿਚ ਉਨ੍ਹਾਂ ਭਾਈ ਕਾਨ੍ਹ ਸਿੰਘ ਨਾਭਾ ਦੀ ਸਿੱਖ ਸਾਹਿਤ ਨੂੰ ਮਹਾਨ ਦੇਣ ਦਾ ਜ਼ਿਕਰ ਕੀਤਾ ਹੈ। -ਸੰਪਾਦਕ***

ਅਸੀਂ ਪਹਿਲਾਂ ਦੋ ਲੇਖਾਂ ਵਿਚ ਭਾਈ ਕਾਨ੍ਹ ਸਿੰਘ ਦੇ ਮੁੱਢਲੇ ਜੀਵਨ ਅਤੇ ਉਨ੍ਹਾਂ ਦੀ ਪ੍ਰਮੁੱਖ ਰਚਨਾ 'ਮਹਾਨ ਕੋਸ਼' ਦਾ ਜ਼ਿਕਰ ਕਰ ਚੁੱਕੇ ਹਾਂ। ਉਨ੍ਹਾਂ ਵੱਲੋਂ ਮੈਕਾਲਿਫ਼ ਨੂੰ ਗੁਰਬਾਣੀ ਦੇ ਅੰਗਰੇਜ਼ੀ ਅਨੁਵਾਦ ਵਿਚ ਦਿੱਤੀ ਗਈ ਵੱਡੀ ਸਹਾਇਤਾ ਕਾਰਨ ਅੱਧ-ਵਿਚਕਾਰੇ ਮੈਕਾਲਿਫ਼ ਦੀ ਗੱਲ ਚੱਲ ਪਈ ਜਿਸ ਦਾ ਕੁਝ ਲੰਮੀ ਹੋ ਜਾਣਾ ਸੁਭਾਵਿਕ ਸੀ। ਭਾਈ ਸਾਹਿਬ ਨੂੰ ਵਿਦਵਾਨ ਰਚਨਾਕਾਰ ਤੋਂ ਇਲਾਵਾ ਜੇ ਮੈਂ ਸਾਡੇ ਪਿੰਡ ਵਿਚ ਵਿਚਾਰਕ ਅਤੇ ਮਸ਼ੀਨੀ, ਦੋਵਾਂ ਭਾਂਤਾਂ ਦੀ ਆਧੁਨਿਕਤਾ ਦਾ ਦੂਤ ਕਹਾਂ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹ ਗੱਲ ਦਿਲਚਸਪ ਹੈ ਕਿ ਨਾਭਾ ਦੇ ਰਾਜ ਘਰਾਣੇ ਨਾਲ ਸਬੰਧਾਂ ਦੇ ਬਾਵਜੂਦ ਭਾਈ ਕਾਨ੍ਹ ਸਿੰਘ ਨੇ ਸਾਰੀ ਬਹੁਭਾਂਤੀ ਵਿੱਦਿਆ ਅਤੇ ਕੋਮਲ ਕਲਾਵਾਂ ਦੀ ਸੋਝੀ ਇਨ੍ਹਾਂ ਗਿਆਨ-ਖੇਤਰਾਂ ਦੇ ਮਹਾਂਰਥੀ ਲੱਭ ਲੱਭ ਕੇ ਨਿੱਜੀ ਜਤਨਾਂ ਨਾਲ



**ਗੁਰਬਚਨ ਸਿੰਘ ਭੁੱਲਰ**
**ਫੋਨ: 01191-1165736868**
bhullargs@gmail.com

ਹੀ ਪ੍ਰਾਪਤ ਕੀਤੀ। ਉਹ ਦੇਸ-ਪਰਦੇਸ ਦੇ ਕਿਸੇ ਵਿਸ਼ਵਵਿਦਿਆਲੇ ਵਿਚ ਤਾਂ ਕੀ, ਵਿਦਿਆਲੇ ਵਿਚ ਵੀ ਨਹੀਂ ਸਨ ਗਏ; ਤਾਂ ਵੀ ਉਨ੍ਹਾਂ ਦਾ ਮਾਨਸਿਕ ਦਿਸਹੱਦਾ ਬਹੁਤ ਵਿਸ਼ਾਲ ਅਤੇ ਚਾਨਣਾ ਸੀ। ਇਹ ਚਾਨਣ ਉਹ ਆਪਣੇ ਪਿੰਡ ਤੱਕ ਪੁਜਦਾ ਕਰਨ ਦੀ ਚਾਹ ਰਖਦੇ ਸਨ।

ਉਨ੍ਹਾਂ ਨੂੰ ਪੰਜਾਬੀ ਦੀ ਸਿੱਖਿਆ ਤਾਂ ਘਰੋਂ ਹੀ ਮਿਲ ਗਈ। ਦਸਦੇ ਹਨ ਕਿ ਉਹ ਸੱਤ ਸਾਲ ਦੀ ਉਮਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲੱਗ ਪਏ ਸਨ। ਇਸ ਪਿੱਛੋਂ ਉਨ੍ਹਾਂ ਨੇ ਹਿੰਦੀ-ਸੰਸਕ੍ਰਿਤ ਦਾ ਗਿਆਨ ਪ੍ਰਾਪਤ ਕੀਤਾ, ਭਾਰਤੀ ਸੰਗੀਤ ਦੀ ਸਿਖਲਾਈ ਲਈ, ਉਰਦੂ-ਫ਼ਾਰਸੀ ਦਾ ਇਲਮ ਹਾਸਲ ਕੀਤਾ ਅਤੇ ਅੰਗਰੇਜ਼ੀ ਦੇ ਚੰਗੇ ਜਾਣਕਾਰ ਬਣੇ। ਇਉਂ ਉਨ੍ਹਾਂ ਨੇ ਇਕ ਪਾਸੇ ਭਾਰਤੀ ਸ਼ਾਸਤਰੀ ਗਿਆਨ ਦੀਆਂ ਗਹਿਰਾਈਆਂ ਘੋਖੀਆਂ ਅਤੇ ਦੂਜੇ ਪਾਸੇ ਆਧੁਨਿਕ ਪੱਛਮੀ ਭਾਸ਼ਾਈ ਤੇ ਸਾਹਿਤਕ ਵੰਨ-ਸਵੰਨਤਾ ਨਾਲ ਨਾਤਾ ਜੋੜਿਆ। ਪੱਕ ਨਾਲ ਕੁਝ ਕਹਿਣਾ ਤਾਂ ਮੁਸ਼ਕਿਲ ਹੈ ਪਰ ਸ਼ਾਇਦ ਉਨ੍ਹਾਂ ਦਾ ਉਦੇਸ਼ ਬਹੁਭਾਸ਼ਾਈ ਗਿਆਨ ਪ੍ਰਾਪਤ ਕਰ ਕੇ ਮਨੁੱਖੀ ਜੀਵਨ, ਧਰਮ ਤੇ ਫ਼ਲਸਫ਼ੇ ਉਤੇ ਕੇਂਦਰਿਤ ਹੋਣਾ ਹੋਵੇ ਅਤੇ ਉਹ ਹੋਰ ਪਰੰਪਰਾਗਤ ਸਕੂਲੀ ਵਿਸ਼ਿਆਂ ਉਤੇ ਸਮਾਂ ਲਾਉਣਾ, ਜਾਂ ਕਹੋ, ਗੁਆਉਣਾ ਨਾ ਚਾਹੁੰਦੇ ਹੋਣ। ਦੇਸ-ਪਰਦੇਸ ਦੀਆਂ ਅਨੇਕ ਯਾਤਰਾਵਾਂ ਨੇ ਉਨ੍ਹਾਂ ਦੀ ਸੋਚ ਦਾ ਘੇਰਾ ਹੋਰ ਵਿਸ਼ਾਲ ਬਣਾ ਦਿੱਤਾ। ਸਿੱਟੇ ਵਜੋਂ ਨਾਭਾ ਰਾਜ ਘਰਾਣੇ ਵਿਚ ਹੀਰਾ ਸਿੰਘ ਦੇ ਨਾਂ ਦੀ ਪ੍ਰਮੁੱਖਤਾ ਵਾਂਗ ਵਿਦਵਤਾ ਦੇ ਖੇਤਰ ਵਿਚ ਭਾਈ ਕਾਨ੍ਹ ਸਿੰਘ ਦੇ ਨਾਂ ਨੇ ਪ੍ਰਮੁੱਖਤਾ ਪ੍ਰਾਪਤ ਕਰ ਲਈ। ਸਮਾਂ ਪਾ ਕੇ ਉਨ੍ਹਾਂ ਦੀ ਇਹ ਪ੍ਰਮੁੱਖਤਾ ਨਾਭਾ ਰਿਆਸਤ ਤੱਕ ਸੀਮਤ ਨਾ ਰਹਿ ਕੇ ਸਮੁੱਚੀ ਪੰਜਾਬੀ ਵਿਦਵਤਾ ਦੀ ਇਕ ਵੱਡੀ ਪ੍ਰਾਪਤੀ ਸਿੱਧ ਹੋਈ।

ਉਨ੍ਹਾਂ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ 1888 ਵਿਚ ਰਾਜਾ ਹੀਰਾ ਸਿੰਘ ਨੇ ਉਨ੍ਹਾਂ ਨੂੰ ਟਿੱਕਾ ਰਿਪੁਦਮਨ ਸਿੰਘ ਦੀ ਸਿੱਖਿਆ ਦਾ ਕਾਰਜ ਸੌਂਪਿਆ ਅਤੇ 1893 ਵਿਚ ਆਪਣਾ ਨਿਜੀ ਸਕੱਤਰ ਬਣਾ ਲਿਆ। ਇਸ ਪਿੱਛੋਂ ਉਹ ਨਾਜ਼ਮ ਥਾਪੇ ਗਏ। ਉਸ ਸਮੇਂ ਇਲਾਕੇ ਦੇ ਪੱਖੋਂ ਜ਼ਿਲੇ ਬੜੇ ਵੱਡੇ ਹੁੰਦੇ ਸਨ ਅਤੇ ਜ਼ਿਲੇ ਨੂੰ ਨਜ਼ਾਮਤ ਤੇ ਡਿਪਟੀ ਕਮਿਸ਼ਨਰ ਨੂੰ ਨਾਜ਼ਮ ਕਿਹਾ ਜਾਂਦਾ ਸੀ। ਫੇਰ ਉਹ ਰਿਆਸਤ ਦੇ ਵਜ਼ੀਰ ਦੀ ਪਦਵੀ ਉਤੇ ਵੀ ਰਹੇ। ਇਨ੍ਹਾਂ ਸਭ ਉਚਾਈਆਂ ਦੇ ਬਾਵਜੂਦ ਆਪਣਾ ਜੱਦੀ ਪਿੰਡ ਪਿੱਥੋ ਕਦੀ ਵੀ ਉਨ੍ਹਾਂ ਦੀਆਂ ਨਜ਼ਰਾਂ ਤੋਂ ਓਹਲੇ ਨਾ ਹੋਇਆ ਅਤੇ ਉਹ ਪਿੰਡ ਦਾ ਭਲਾ ਕਦੀ ਨਾ ਭੁੱਲੇ। ਸਾਡੇ ਪਿੰਡ ਦਾ ਸੁਭਾਗ ਸੀ ਕਿ ਨਵੇਂ ਵਿਚਾਰ ਅਤੇ ਨਵੀਂ ਤਕਨੀਕ ਦੇ ਮਹੱਤਵ ਨੂੰ ਸਮਝਣ ਵਾਲੀ ਉਨ੍ਹਾਂ ਦੀ ਸੋਚ ਨੇ ਪਿੰਡਵਾਸੀਆਂ ਉਤੇ ਡੂੰਘੀ ਛਾਪ ਛੱਡੀ। ਬਾਪੂ ਜੀ ਦਸਦੇ ਸਨ ਕਿ ਜਦੋਂ ਉਹ ਜਾਂ ਉਨ੍ਹਾਂ ਦੇ ਪਰਿਵਾਰ ਦੇ ਜੀਅ ਕਿਸੇ ਨਵੀਂ ਚੀਜ਼, ਨਵੀਂ ਮਸ਼ੀਨਰੀ ਜਾਂ ਨਵੇਂ ਵਿਚਾਰ ਦੇ ਪਿੰਡ ਵਿਚ ਆਉਣ ਦਾ ਵਸੀਲਾ ਬਣਦੇ, ਲੋਕ ਉਸ ਨੂੰ ਉਨ੍ਹਾਂ ਦੇ ਲੇਖਕ ਤੇ ਵਿਦਵਾਨ ਹੋਣ ਨਾਲ ਹੀ ਜੋੜਦੇ। ਵਿਚਾਰ ਦਾ ਮਾਮਲਾ ਵੱਖਰੀ ਚਰਚਾ ਲੋੜਦਾ ਹੈ, ਅੱਜ ਅਸੀਂ ਤਕਨੀਕ ਤੇ ਮਸ਼ੀਨਰੀ ਤੱਕ ਸੀਮਤ ਰਹਾਂਗੇ।

ਸਾਡੇ ਪਿੰਡ ਵਿਚ ਸਭ ਤੋਂ ਵੱਡਾ ਮਸ਼ੀਨੀ ਇਨਕਲਾਬ ਮੇਰੇ ਜਨਮ ਤੋਂ ਵੀ ਬਹੁਤ ਪਹਿਲਾਂ ਤੋਂ ਲੱਗੀ ਹੋਈ "ਨਾਭੇ ਵਾਲਿਆਂ ਦੀ ਮਸ਼ੀਨ" ਸੀ। ਇਹ ਕਦੋਂ ਲੱਗੀ, ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਹੁਣ ਪਿੰਡ ਵਿਚ ਜੋ ਸਭ ਤੋਂ ਵੱਡੀ ਉਮਰ ਦੇ ਲੋਕ ਹਨ, ਉਨ੍ਹਾਂ ਦੇ ਜਨਮ ਤੋਂ ਵੀ ਪਹਿਲਾਂ ਤੋਂ ਸਾਰੇ ਪਿੰਡ ਵਿਚ ਸੁਣਦੀ ਉਹਦੀ ਤੁੱਕ-ਤੁੱਕ ਨਿਤਾਪ੍ਰਤੀ ਜੀਵਨ ਦਾ ਇਕ ਅਟੁੱਟ ਹਿੱਸਾ ਬਣੀ ਹੋਈ ਸੀ। ਇੰਜਣ ਦੀ ਗਰਮ ਹਵਾ ਦੀ ਬਾਂਹ ਜਿੰਨੀ ਮੋਟੀ ਤੇ ਬਾਰਾਂ-ਪੰਦਰਾਂ ਫੁੱਟ ਉਚੀ ਲੋਹੇ ਦੀ ਨਿਕਾਸੀ ਨਾਲੀ ਕੰਧੋਂ ਬਾਹਰ ਖੁੱਲ੍ਹੇ ਵਿਚ ਕੱਢੀ ਹੋਈ ਸੀ। ਉਹਦੇ ਮੂੰਹ ਉਤੇ ਲੋਹੇ ਦਾ 'ਕੁੱਤਾ' ਲੱਗਿਆ ਹੋਇਆ ਸੀ ਜੋ ਇੰਜਣ ਵਿਚੋਂ ਸਾਹ ਵਾਂਗ ਆਉਂਦੀ ਹਵਾ ਨਾਲ ਲਗਾਤਾਰ ਹੇਠ-ਉਤੇ ਹੋ ਕੇ ਤੁੱਕ-ਤੁੱਕ ਕਰਦਾ ਰਹਿੰਦਾ। ਇਸ ਨਾਲ ਲੋਕਾਂ ਨੂੰ ਮਸ਼ੀਨ ਦੇ ਚਲਦੀ ਜਾਂ ਬੰਦ ਹੋਣ ਦਾ ਪਤਾ ਤਾਂ ਘਰ ਬੈਠਿਆਂ ਲੱਗ ਹੀ ਜਾਂਦਾ, ਇਉਂ ਵੀ ਲਗਦਾ ਜਿਵੇਂ ਇਹ ਪਿੰਡ ਦੇ ਜਿਉਂਦੇ-ਜਾਗਦੇ ਹੋਣ ਦੀ ਧੜਕਣ ਹੋਵੇ! ਮਸ਼ੀਨ ਦੇ ਨਾਂ ਨਾਲ ਜਾਣੇ ਜਾਂਦੇ ਇਸ ਲਘੂ-ਕਾਰਖਾਨੇ ਵਿਚ ਆਟੇ ਦੀ ਚੱਕੀ, ਕਪਾਹ-ਵੇਲਣੀ ਤੇ ਰੂੰ-ਪਿੰਜਣੀ ਤਾਂ ਸਨ ਹੀ, ਕੋਹਲੂ ਹੈ ਸੀ ਕਿ ਨਹੀਂ, ਮੇਰਾ ਚੇਤਾ ਹੁਣ ਪੱਕ ਨਾਲ ਕੁਝ ਕਹਿਣੋਂ ਇਨਕਾਰੀ ਹੈ।

ਇਹ ਜਾਨਣ ਦਾ ਵੀ ਹੁਣ ਕੋਈ ਸਾਧਨ ਨਹੀਂ ਕਿ ਏਡਾ ਵੱਡਾ ਇੰਜਣ (ਉਦੋਂ ਮਸ਼ੀਨੀ ਆਕਾਰ ਦਾ ਵੱਡਾ ਹੋਣਾ ਸੁਭਾਵਿਕ ਸੀ), ਵੱਡੇ ਵੱਡੇ ਭੌਣ ਤੇ ਬਾਕੀ ਲਕਾ-ਤੁਕਾ ਤਿੰਨ ਕੋਹ ਵਾਟ ਦੇ ਰਾਮਪੁਰਾ ਫੂਲ ਰੇਲਵੇ ਸਟੇਸ਼ਨ ਤੋਂ ਪਿੰਡ ਕਿਵੇਂ ਲਿਆਂਦਾ ਗਿਆ ਹੋਵੇਗਾ। ਇਹ ਸੋਚਣਾ-ਆਖਣਾ ਬਿਨਾਂ-ਸ਼ੱਕ ਭਾਈ ਸਾਹਿਬ ਦੀ ਯਾਦ ਨਾਲ ਅਨਿਆਂ ਹੋਵੇਗਾ ਕਿ ਉਨ੍ਹਾਂ ਦੇ ਪਰਿਵਾਰ ਨੇ ਏਡੀ ਦੂਰ ਪਿੰਡ ਵਿਚ ਇਹ ਮਸ਼ੀਨ ਨਿਰੋਲ ਕਾਰੋਬਾਰੀ ਨਜ਼ਰੀਏ ਨਾਲ, ਭਾਵ ਪੈਸੇ ਕਮਾਉਣ ਲਈ ਲਾਈ। ਜੇ ਉਨ੍ਹਾਂ ਨੇ ਪੈਸੇ ਕਾਰੋਬਾਰ ਵਿਚ ਲਾਉਣੇ-ਕਮਾਉਣੇ ਹੁੰਦੇ, ਨਾਭੇ ਹੀ ਸੰਭਾਵਨਾਵਾਂ ਦੀ ਕੋਈ ਘਾਟ ਨਹੀਂ ਸੀ। ਜੇ ਵਿਰਸੇ ਦੀ ਕਦਰ ਸਾਡੀ ਪੰਜਾਬੀਆਂ ਦੀ ਸੋਚ-ਸਮਝ ਦਾ ਅੰਗ ਹੁੰਦੀ, ਇਸ ਮਸ਼ੀਨ ਨੂੰ ਕੰਮ ਦੀ ਨਾ ਰਹਿਣ ਪਿੱਛੋਂ ਵੀ ਪਿੰਡ



*ਉਨ੍ਹਾਂ ਵੇਲਿਆਂ ਦਾ ਇਕ ਸਾਈਕਲ*

ਦੇ ਇਤਿਹਾਸ ਦੇ ਇਕ ਮਹੱਤਵਪੂਰਨ ਮੀਲ-ਪੱਥਰ ਵਜੋਂ ਸਦੀਵੀ ਸੰਭਾਲ ਦਾ ਮਾਣ ਮਿਲਣਾ ਚਾਹੀਦਾ ਸੀ! ਇਕ ਤਾਂ ਉਸ ਜ਼ਮਾਨੇ ਵਿਚ ਲੱਗੀ ਤੇ ਫੇਰ ਲਾਈ ਵੀ ਭਾਈ ਕਾਨ੍ਹ ਸਿੰਘ ਦੇ ਪਰਿਵਾਰ ਨੇ, ਉਹਦੇ ਅਮੋਲ ਹੋਣ ਵਿਚ ਕੀ ਸ਼ੱਕ ਹੋ ਸਕਦਾ ਹੈ।

ਏਨੀ ਹੀ ਦਿਲਚਸਪ ਕਥਾ ਤਿੰਨ ਹੋਰ ਨਵੀਆਂ ਕਾਢਾਂ ਦੀ ਹੈ ਜੋ ਭਾਈ ਕਾਨ੍ਹ ਸਿੰਘ ਦਾ ਪਰਿਵਾਰ ਸਾਡੇ ਪਿੰਡ ਲੈ ਕੇ ਆਇਆ। ਅੱਜ ਇਹ ਚੀਜ਼ਾਂ ਭਾਵੇਂ ਬਹੁਤ ਹੀ ਸਾਧਾਰਨ ਲਗਦੀਆਂ ਹਨ, ਸਗੋਂ ਲੰਮੇ ਸਮੇਂ ਤੱਕ ਆਮ ਵਰਤੋਂ ਦੀਆਂ ਵਸਤਾਂ ਬਣੀਆਂ ਰਹਿਣ ਮਗਰੋਂ ਵਕਤ ਤੇ ਵਿਕਾਸ ਨਾਲ ਆਪਣਾ ਮਹੱਤਵ ਗੁਆ ਕੇ ਸਹਿਜੇ ਸਹਿਜੇ ਇਤਿਹਾਸ ਦਾ ਅੰਗ ਬਣਦੀਆਂ ਜਾਂਦੀਆਂ ਹਨ, ਤਾਂ ਵੀ ਉਸ ਜ਼ਮਾਨੇ ਵਿਚ ਸਾਡੇ ਪਿੰਡ ਵਿਚ ਜੀਵਨ ਅਤੇ ਵਿਗਿਆਨ ਤੇ ਤਕਨੀਕ ਦੇ ਨਾਤੇ ਦੀ ਸੋਝੀ ਦੇ ਸਾਧਨਾਂ ਵਜੋਂ ਇਨ੍ਹਾਂ ਦੀ ਆਉਂਦ ਦਾ ਮਹੱਤਵ ਬਹੁਤ ਵੱਡਾ ਸੀ। ਇਨ੍ਹਾਂ ਤਿੰਨਾਂ ਚੀਜ਼ਾਂ ਦੇ ਆਉਣ ਦੀਆਂ ਬਾਪੂ ਜੀ ਦੇ ਮੂੰਹੋਂ ਸੁਣੀਆਂ ਆਪਬੀਤੀਆਂ ਬਾਲ ਉਮਰੇ ਸੱਚਮੁੱਚ ਬੜੀਆਂ ਦਿਲਚਸਪ ਲਗਦੀਆਂ। ਪਰ ਬਾਲ ਉਮਰੇ ਹੀ ਕਿਉਂ, ਅੱਜ ਚੇਤੇ ਕਰਿਆਂ ਕਿਹੜਾ ਘੱਟ ਮਨਮੋਹਕ ਲਗਦੀਆਂ ਹਨ! ਉਹ ਰਸ ਲੈ ਕੇ ਸੁਣਾਉਂਦੇ ਅਤੇ ਮੈਂ ਕੇਵਲ ਸੁਣਦਾ ਹੀ ਨਾ ਸਗੋਂ ਉਨ੍ਹਾਂ ਨੂੰ ਕਲਪਨਾ ਦੀਆਂ ਅੱਖਾਂ ਨਾਲ, ਬਹੁਤ ਮਗਰੋਂ ਜਾ ਕੇ ਦੇਖੀਆਂ, ਫ਼ਿਲਮਾਂ ਵਾਂਗ ਸਾਮਰਤੱਖ ਦੇਖਦਾ। ਸੋਚਦਾ ਹਾਂ, ਅਸਲ ਵਿਚ ਉਹੋ ਪਹਿਲੀਆਂ ਫ਼ਿਲਮਾਂ ਸਨ ਜੋ ਮੈਂ ਦੇਖੀਆਂ!

ਉਨ੍ਹਾਂ ਦਾ ਪਰਿਵਾਰ ਪਹਿਲਾਂ-ਪਹਿਲ ਲਾਲਟੈਨ ਲੈ ਕੇ ਆਇਆ। ਆਪਣੇ ਬਚਪਨ ਵਿਚ ਲਗਭਗ ਸਭ ਘਰਾਂ ਵਿਚ ਮੈਂ ਆਲਿਆਂ ਵਿਚ ਜਾਂ ਦੀਵਟਾਂ ਉਤੇ ਜਗਦੇ ਸਰ੍ਹੋਂ ਦੇ ਤੇਲ ਦੇ ਦੀਵੇ ਹੀ ਦੇਖੇ ਸਨ। ਕਈ ਲੋਕ ਦੀਵੇ ਵਿਚ ਮੁੜ ਮੁੜ ਤੇਲ ਪਾਉਣ ਤੋਂ ਬਚਣ ਲਈ ਅਤੇ ਚਾਨਣ ਨੂੰ ਵਧੀਕ ਚੁੱਕਣਯੋਗ ਬਣਾਉਣ ਲਈ ਕਿਸੇ ਅਧੀਏ-ਪਊਏ ਵਿਚ ਤੇਲ ਪਾ ਕੇ ਤੇ ਉਹਦੇ ਡਾਟ ਜਾਂ ਢੱਕਣ ਵਿਚੋਂ ਦੀ ਲੰਮੀ ਬੱਤੀ ਲੰਘਾ ਕੇ ਆਪਣੀ 'ਤਕਨੀਕੀ ਸਮਰੱਥਾ' ਸਾਕਾਰ ਕਰ ਲੈਂਦੇ। ਪਹਿਲੀ ਲਾਲਟੈਣ ਆਈ ਤਾਂ ਪਿੰਡ ਵਿਚ ਰੌਲਾ ਪੈ ਗਿਆ ਕਿ ਨਾਭੇ ਵਾਲੇ ਇਹੋ ਜਿਹਾ ਦੀਵਾ ਲਿਆਏ ਹਨ ਜੋ ਹਵਾ ਨਾਲ ਵੀ ਬੁਝਦਾ ਨਹੀਂ! ਇਸ ਜਾਦੂਈ ਦੀਵੇ ਦੇ ਦਰਸ਼ਨਾਂ ਦੀ ਪਿੰਡ ਵਾਲਿਆਂ ਦੇ ਉਤਾਵਲੇਪਨ ਦੇ ਜਵਾਬ ਵਿਚ, ਜੋ ਕੋਈ ਵੀ ਸੀ, ਉਹਨੇ ਹੱਸ ਕੇ ਕਿਹਾ, ਨ੍ਹੇਰਾ ਹੋਏ ਤੋਂ ਦਿਖਾਵਾਂਗੇ। ਸਬੱਬ ਨਾਲ ਉਨ੍ਹਾਂ ਦੇ ਘਰ ਦੇ ਨਾਲ ਬਹੁਤ ਖੁੱਲ੍ਹੀ ਸ਼ਾਮਲਾਟੀ ਥਾਂ ਸੀ ਜੋ ਮੇਰੇ ਵੱਡਾ ਹੋਣ ਤੱਕ ਵੀ ਖਾਲੀ ਪਈ ਹੁੰਦੀ ਸੀ। ਕ੍ਰਿਸ਼ਮਾ ਦੇਖਣ ਲਈ ਜੁੜੀ ਭੀੜ ਸਾਹਮਣੇ ਉਚੀ ਥਾਂ ਉਤੇ ਖਲੋਤੇ ਉਨ੍ਹਾਂ ਦੇ ਬੰਦੇ ਨੇ ਉਸ ਛਿਣ ਨੂੰ ਵਧੀਕ ਜਾਦੂਈ ਬਣਾਉਣ ਵਾਸਤੇ ਲਾਲਟੈਨ ਸਲੰਘ ਦੇ ਸਿੰਗੜ ਵਿਚ ਪਾ ਕੇ ਹੋਰ ਉਚੀ ਚੁੱਕ ਦਿੱਤੀ। ਕਿੰਨਾ ਹੀ ਚਿਰ, ਨਾਇਕਾ ਬਣੀ ਲਾਲਟੈਨ ਮੰਦ ਮੰਦ ਰੁਮਕਦੀ ਪੌਣ ਵਿਚ ਅਡੋਲ ਚਾਨਣ ਬਖੇਰਦੀ ਰਹੀ, ਨਾਇਕ ਬਣਿਆ ਲਾਲਟੈਨ ਵਾਲਾ ਲੋਕਾਂ ਦੇ ਅਚੰਭੇ ਦਾ ਆਨੰਦ ਲੈਂਦਾ ਰਿਹਾ ਅਤੇ ਇਸ ਇਤਿਹਾਸਕ ਛਿਣ ਦੇ ਭਾਗੀਦਾਰ ਬਣੇ ਲੋਕ ਦੀਵੇ ਤੋਂ ਲਾਲਟੈਨ ਦੇ ਰੂਪ ਵਿਚ ਆਈ ਕ੍ਰਾਂਤੀ ਦੇ ਪਹਿਲ-ਪਲੇਠੇ ਦਰਸ਼ਕ ਹੋਣ ਦਾ ਮਾਣ ਮਹਿਸੂਸ ਕਰਦੇ ਰਹੇ!

ਦੂਜੀ ਆਉਂਦ ਤਵਿਆਂ ਵਾਲੀ ਮਸ਼ੀਨ ਦੀ ਸੀ। ਖ਼ਬਰ ਦੇ ਫੈਲਣ ਦੀ, ਲੋਕਾਂ ਦੀ ਉਤਸੁਕਤਾ ਤੇ ਉਤਾਵਲ ਦੀ ਅਤੇ ਅਥਾਹ ਭੀੜ ਨੂੰ ਨਵੀਂ ਵਸਤ ਦੇ ਦਰਸ਼ਨ ਕਰਵਾਏ ਜਾਣ ਦੀ ਉਹੋ ਕਹਾਣੀ ਫੇਰ ਦੁਹਰਾਈ ਗਈ। ਬੱਸ ਵੇਲਾ ਦਿਨ ਦਾ ਸੀ ਤੇ ਮਸ਼ੀਨ ਮੇਜ਼ ਉਤੇ ਰੱਖੀ ਹੋਈ ਸੀ। ਅਰੰਭਕ ਦੌਰ ਅਨੁਸਾਰ ਮਸ਼ੀਨ ਦਾ ਡੱਬਾ ਬਹੁਤ ਵੱਡਾ ਸੀ ਅਤੇ ਤਵੇ ਦੀ ਆਵਾਜ਼ ਵੀ ਅਜੇ ਸਾਧਾਰਨ-ਸੁਭਾਵਿਕ ਮਨੁੱਖੀ ਆਵਾਜ਼ ਦੀ ਥਾਂ ਅਵੱਲੀ ਜਿਹੀ ਸੀ। ਲੋਕ ਤਾਂ ਕੋਈ ਸਵਾਲ, ਕੋਈ ਸ਼ੰਕਾ ਕਰਨ ਦੀ ਅਵਸਥਾ ਤੋਂ ਪਰ੍ਹੇ ਮੰਤਰ-ਮੁਗਧ ਸਨ, ਬੱਸ ਇਕ ਲੱਖੂ ਮਰਾਸੀ ਸੀ ਜਿਸ ਦਾ ਚਤੁਰ ਦਿਮਾਗ ਭੇਤ ਖੋਲ੍ਹਣ ਵਾਸਤੇ ਬੇਚੈਨ ਤੇ ਬੇਕਾਬੂ ਹੋ ਰਿਹਾ ਸੀ। ਲੋਕਾਂ ਦੀ ਮੁਕੰਮਲ ਚੁੱਪ ਨੂੰ ਤੋੜਦਿਆਂ ਅਤੇ ਤਵੇ ਦੀ ਆਵਾਜ਼ ਨੂੰ ਮਾਤ ਦਿੰਦਿਆਂ ਉਹਨੇ ਮਸ਼ੀਨ ਦੀ ਤੁੱਛਤਾ ਦਾ ਭਾਂਡਾ ਭੰਨਿਆ, "ਗਾਉਣਾ ਸਿਖਾ ਕੇ ਕਿਵੇਂ ਨਾ ਕਿਵੇਂ ਜੁਆਕ ਵਾੜਿਆ ਹੋਇਆ ਐ



*ਤਵਿਆਂ ਵਾਲੀ ਮਸ਼ੀਨ*

ਇਹਦੇ ਵਿਚ!" ਮਸ਼ੀਨ ਚਲਾਉਣ ਵਾਲੇ ਨੇ ਕੁਝ ਵੀ ਬੋਲੇ ਬਿਨਾਂ ਉਹਦੇ ਚਾਰੇ ਪੇਚ ਖੋਲ੍ਹ ਕੇ ਉਪਰਲਾ ਹਿੱਸਾ ਚੁੱਕ ਦਿੱਤਾ। ਏਡਾ ਵੱਡਾ ਡੱਬਾ ਉਹਦੇ ਚੁੱਕੇ ਗਏ ਹਿੱਸੇ ਨਾਲ ਚਿੰਬੜੇ ਹੋਏ ਕੁਝ ਕਲ-ਪੁਰਜਿਆਂ ਤੋਂ ਬਿਨਾਂ ਬਿਲਕੁਲ ਖਾਲੀ ਸੀ। ਕੁਝ ਲੋਕ ਹੱਸ ਪਏ ਪਰ ਲੱਖੂ ਅਜਿਹੇ ਭੁਲੇਖਿਆਂ ਵਿਚ ਆ ਕੇ ਹਾਰ ਮੰਨਣ ਵਾਲਾ ਨਹੀਂ ਸੀ। ਉਹ ਮਸ਼ੀਨ ਨੂੰ ਟਿੱਚ ਸਮਝਦਿਆਂ ਉਹਤੋਂ ਪਿੱਠ ਮੋੜ ਕੇ ਪਰ੍ਹੇ ਹੁੰਦਾ ਪੂਰੇ ਯਕੀਨ ਨਾਲ ਬੋਲਿਆ,"ਤਾਂ ਫੇਰ ਵੱਸ ਕਰ ਕੇ ਭੂਤ ਇਹਦੇ 'ਚ ਵਾੜੀ ਹੋਈ ਐ! ਨਹੀਂ ਤਾਂ ਇਉਂ ਦੱਸੋ ਬਈ ਲੋਹਾ ਕਿਵੇਂ ਬੋਲ ਪਊ!"

ਤੀਜਾ ਨਾਭੇ ਤੋਂ ਰੇਲ ਉਤੇ ਅਤੇ ਸਟੇਸ਼ਨ ਦੇ ਰੇਤਲੇ ਰਾਹ ਤੋਂ ਗੱਡੇ ਉਤੇ ਸਵਾਰ ਹੋ ਕੇ ਆਇਆ 'ਲੋਹੇ ਦਾ ਘੋੜਾ' ਸੀ। ਉਤਸੁਕ ਲੋਕਾਂ ਨੂੰ ਦੱਸਿਆ ਗਿਆ ਕਿ ਭਲਕੇ ਸਵੇਰੇ ਕਾਕਾ ਇਸ ਘੋੜੇ ਉਤੇ ਸਵਾਰ ਹੋ ਕੇ ਪਿੰਡ ਵਾਲੇ ਘਰ ਤੋਂ ਬਾਹਰਲੀ ਕੋਠੀ ਜਾਵੇਗਾ। ਇਹ ਕੋਠੀ, ਜਿਸ ਦਾ ਜ਼ਿਕਰ ਮੈਂ ਮੈਕਾਲਿਫ਼ ਦੇ ਸਬੰਧ ਵਿਚ ਕਰ ਆਇਆ ਹਾਂ, ਪਿੰਡ ਤੋਂ ਕੋਹ ਵਾਟ ਦੂਰ ਸੀ। ਇਕੱਲੀ ਕੋਠੀ ਭਾਈ ਸਾਹਿਬ ਕੇ ਨਿੱਜੀ ਖੇਤ ਵਿਚ ਹੋਣ ਕਰਕੇ ਕੋਈ ਰਾਹ ਤਾਂ ਜਾਂਦਾ ਨਹੀਂ ਸੀ, ਖੇਤਾਂ ਵਿਚੋਂ ਲੰਘਦੀ ਪਗਡੰਡੀ ਸੀ। ਬਾਪੂ ਜੀ ਦਸਦੇ ਸਨ ਕਿ ਸਵੇਰੇ ਅੱਗੇ ਅੱਗੇ ਸਾਈਕਲ-ਸਵਾਰ ਚੱਲ ਪਿਆ ਅਤੇ ਸੱਜੇ, ਖੱਬੇ ਤੇ ਪਿੱਛੇ ਲੋਕਾਂ ਦਾ ਕਾਫ਼ਲਾ। ਰੁੱਤ ਕਣਕਾਂ ਦੇ ਚੱਪਾ ਚੱਪਾ, ਗਿੱਠ ਗਿੱਠ, ਹੋਣ ਦੀ ਸੀ। ਕਹਿੰਦੇ, ਹੌਂਕਦੇ-ਹਫ਼ਦੇ, ਹਿਬੜ ਹਿਬੜ ਭੱਜਦੇ ਉਤਸਾਹੀ ਲੋਕਾਂ ਨੇ ਪਗਡੰਡੀ ਦੇ ਦੋਵੇਂ ਪਾਸੀਂ ਦੂਰ ਦੂਰ ਤੱਕ ਕਣਕਾਂ ਮਿੱਧ ਸੁੱਟੀਆਂ!

ਭਾਈ ਸਾਹਿਬ ਦੇ ਵਿਚਾਰਾਂ ਦਾ ਜੋ ਪ੍ਰਭਾਵ ਉਸ ਸਮੇਂ ਦੇ ਸਾਡੇ ਪੇਂਡੂ ਮਾਹੌਲ ਉਤੇ ਪਿਆ, ਉਹਦਾ ਮਹੱਤਵ ਹੋਰ ਵਡੇਰਾ ਸੀ। ਉਹ ਭੂਪਵਾਦੀ-ਰਾਜਾਸ਼ਾਹੀ ਮਾਹੌਲ ਵਿਚ ਪਲੇ ਤੇ ਵੱਡੇ ਹੋਏ ਅਤੇ ਸਾਰੀ ਉਮਰ ਕੱਟੜਤਾ ਦੀ ਹੱਦ ਤੱਕ ਜਾਣ ਵਾਲੇ ਧਾਰਮਿਕ ਲੋਕਾਂ ਵਿਚ ਵਿਚਰਦੇ ਰਹੇ। ਇਸ ਦੇ ਬਾਵਜੂਦ ਉਨ੍ਹਾਂ ਦੇ ਵਿਚਾਰ ਕਿੰਨੇ ਵਿਗਿਆਨਕ, ਉਚੇ-ਸੁੱਚੇ ਤੇ ਮਾਨਵਵਾਦੀ ਸਨ, ਇਹ ਦੇਖ ਕੇ ਚਿੱਤ 'ਚ ਉਨ੍ਹਾਂ ਦੀ ਵਡਿੱਤਣ ਹੋਰ ਵਧ ਜਾਂਦੀ ਹੈ।

(ਚਲਦਾ)

## ਪ੍ਰਭਸ਼ਰਨਦੀਪ ਸਿੰਘ ਦੇ ਇਤਰਾਜ

ਭਰਿਆ ਪਿਆ ਹੈ। ਇਸ ਮਸੀਹੇ ਅਤੇ ਇਸ ਵਰਗੇ ਕੁਝ ਹੋਰ ਚਿੰਤਕਾਂ ਤੋਂ ਪ੍ਰੇਰਨਾ ਲੈ ਕੇ ਮੁਸਲਮਾਨ ਜਹਾਦੀਆਂ ਨੇ ਪਿਛਲੀ ਲਗਭਗ ਅੱਧੀ ਸਦੀ ਦੌਰਾਨ ਦੁਨੀਆਂ ਭਰ ਵਿਚ ਬਥੇਰੀ ਹੇਠਲੀ ਉਤੇ ਲਿਆਈ ਰੱਖੀ ਹੈ ਪਰ ਮੁਹੰਮਦ ਸਾਹਿਬ ਦੇ ਸੁਪਨਿਆਂ ਦਾ ਸਮਾਜ ਅੱਜ ਤੱਕ ਉਹ ਕਿੱਥੇ ਰਚ ਸਕੇ ਹਨ? ਮਸਤੀ ਦੇ ਅਜਿਹੇ ਆਲਮ ਜਾਂ ਸ਼ਬਦ ਜਾਲ ਨਾਲ ਸਮਾਜ ਰਚਿਆ ਜਾ ਸਕਦਾ ਹੀ ਨਹੀਂ ਹੈ।

ਮੁਹੰਮਦ ਸਾਹਿਬ ਦੀ ਸ਼ਖ਼ਸੀਅਤ ਇਤਨੀ ਪਵਿੱਤਰ ਤੇ ਪਿਆਰੀ ਹੈ ਕਿ ਆਦਮੀ ਨੂੰ ਉਨ੍ਹਾਂ ਦੇ ਤਸੱਵਰ ਨਾਲ ਸਹਿਜੇ ਹੀ ਅਸੀਮ ਮੁਹੱਬਤ ਹੋ ਜਾਂਦੀ ਹੈ ਪਰ ਸਈਅਦ ਕੁਤਬ, ਅਇਤਉਲਾ ਖੋਮੀਨੀ ਜਾਂ ਤਾਲਿਬਾਨੀ ਏਜੰਡੇ ਵਿਚ ਤਾਂ ਐਸੀ ਕੋਈ ਬਾਤ ਨਹੀਂ ਹੈ।...ਤੇ ਪ੍ਰਭਸ਼ਰਨਦੀਪ ਦੀਆਂ ਬਹੁਤ ਸਖ਼ਤ ਭਾਸ਼ਾ ਵਿਚ ਲਿਖੀਆਂ ਧਾਰਨਾਵਾਂ ਠੀਕ ਨਹੀਂ ਹਨ। ਉਸ ਦਾ ਇਹ ਫਤਵਾ ਤਾਂ ਜਮਾਂ ਹੀ ਗਲਤ ਹੈ ਕਿ ਪੁਰਾਣੇ ਸ਼੍ਰੋਮਣੀ ਅਕਾਲੀਆਂ ਦੀ ਆਮ ਧਾਰਾ ਵੱਲੋਂ ਬੱਬਰ ਅਕਾਲੀਆਂ ਵਿਰੁਧ ਮਤਾ ਕਿਸ ਸ਼ਰਮਨਾਕ ਰੁਝਾਨ ਦੀ ਸਿਖਰ ਸੀ। ਉਲਟਾ ਸਾਨੂੰ ਇਹੋ ਹੀ ਤਾਂ ਇਤਰਾਜ਼ ਹੈ ਕਿ ਸਾਡੇ ਆਪਣੇ ਸਮਿਆਂ ਵਿਚ ਸਾਡੇ ਅਕਾਲੀ ਰਾਹਬਰਾਂ, ਖਾਸ ਕਰ ਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਜਾਂ ਪ੍ਰਕਾਸ਼ ਸਿੰਘ ਬਾਦਲ ਅੰਦਰ ਉਨ੍ਹਾਂ ਸਮਿਆਂ ਦੇ ਜਥੇਦਾਰਾਂ ਵਾਲੀ ਇਖਲਾਕੀ ਜੁਰਅਤ ਕਿਉਂ ਨਹੀਂ ਸੀ? ਉਹ ਖਾੜਕੂ ਮੱਤ ਦੇ ਜੇ ਹਮਾਇਤੀ ਸਨ ਤਾਂ ਖੁੱਲ੍ਹ ਕੇ ਉਨ੍ਹਾਂ ਵੱਲ ਹੋਏ ਕਿਉਂ ਨਾ, ਤੇ ਜੇ ਅਜਿਹਾ ਨਹੀਂ ਸੀ ਤਾਂ ਕਿਸੇ ਵੀ ਸਟੇਜ 'ਤੇ ਉਨ੍ਹਾਂ ਨੇ ਆਪਣੇ ਲੋਕਾਂ ਨੂੰ ਆਪਣੇ ਮਨ ਅੰਦਰਲੀ ਗੱਲ ਦੱਸੀ ਕਿਉਂ ਨਾ; ਉਹ ਸਿਰੇ ਦੇ ਬੁਜ਼ਦਿਲ ਕਿਉਂ ਨਿਕਲੇ!

ਰੈਡੀਕਲ ਇਸਲਾਮ ਦੀ ਗੱਲ ਚੱਲੀ ਹੈ ਤਾਂ ਬਿਹਤਰ ਹੈ ਕਿ ਪ੍ਰੋ. ਹਰਪਾਲ ਸਿੰਘ ਪੰਨੂ ਦਾ ਜ਼ਿਕਰ ਵੀ ਕਰ ਲਿਆ ਜਾਵੇ। ਚਾਰ-ਪੰਜ ਵਰ੍ਹੇ ਪਹਿਲਾਂ ਉਨ੍ਹਾਂ ਨੂੰ ਕਿਸੇ ਵਿਦਿਅਕ ਪ੍ਰੋਗਰਾਮ ਤਹਿਤ ਛੇ ਮਹੀਨਿਆਂ ਲਈ ਇਰਾਨ ਦੀ ਕਿਸੇ ਯੂਨੀਵਰਸਿਟੀ ਵਿਚ ਜਾਣ ਦਾ ਮੌਕਾ ਮਿਲਿਆ। ਉਥੋਂ ਆ ਕੇ ਉਹ ਸ਼ਾਹ ਇਰਾਨ ਦੇ ਕਾਲੇ ਕਾਰਨਾਮਿਆਂ ਬਾਰੇ ਇਸਲਾਮੀ ਬੁੱਧੀਜੀਵੀਆਂ ਤੋਂ ਗ੍ਰਹਿਣ ਕੀਤੀ ਜਾਣਕਾਰੀ ਆਪਣੇ ਸੰਗੀ ਸਾਥੀਆਂ ਨਾਲ ਸਾਂਝੀ ਕਰ ਰਹੇ ਸਨ। ਮੈਨੂੰ ਉਨ੍ਹਾਂ ਦਾ ਬਿਰਤਾਂਤ ਥੋੜ੍ਹਾ ਇਕਪਾਸੜ ਲੱਗਿਆ। ਮੈਂ ਉਨ੍ਹਾਂ ਨੂੰ ਉਸ ਸਬੰਧੀ ਕੁਝ ਵੀ ਲਿਖਣ ਤੋਂ ਪਹਿਲਾਂ ਇਰਾਨੀ ਇਨਕਲਾਬ ਬਾਰੇ ਇਕ-ਦੋ ਕਿਤਾਬਾਂ ਅਤੇ ਨਾਲ ਹੀ ਘੱਟੋ-ਘੱਟ ਅਜ਼ਰਾ ਨਫ਼ੀਸੀ ਦੀ 'ਰੀਡਿੰਗ ਲੋਲਿਤਾ ਇਨ ਤਹਿਰਾਨ' ਪੜ੍ਹਨ ਲਈ ਆਖਿਆ। ਉਨ੍ਹਾਂ ਨੇ ਮੇਰੀ ਗੱਲ ਮੰਨ ਲਈ ਅਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅਜ਼ਰ ਨਫ਼ੀਸੀ ਦੀ ਪੁਸਤਕ 'ਤੇ ਆਧਾਰਤ ਖ਼ੂਬਸੂਰਤ ਬਿਰਤਾਂਤ ਵੀ ਲਿਖਿਆ। ਇਸਲਾਮੀ ਸ਼ਰੀਅਤ ਨੂੰ ਲਾਗੂ ਕਰਨ ਦੇ ਨਾਂ 'ਤੇ ਮੁਲਾਣਿਆਂ ਨੇ ਅਨੇਕਾਂ ਬੇਗੁਨਾਹ ਲੋਕਾਂ 'ਤੇ ਕਿਸ-ਕਿਸ ਕਿਸਮ ਦੇ ਭਿਆਨਕ ਤਜਰਬੇ ਕਰਵਾਏ, ਪੜ੍ਹ-ਸੁਣ ਕੇ ਕਾਂਬੇ ਛਿੜ ਜਾਂਦੇ ਹਨ।

ਇਰਾਨੀ ਇਨਕਲਾਬ ਦੇ ਵਰਤਾਰੇ ਨੂੰ ਸਮਝਣ ਲਈ ਅਸੀਂ ਅਜ਼ਰ ਨਫ਼ੀਸੀ ਅਤੇ ਜੈਨੇਟ ਆਫਰੀ ਤੇ ਕੇਵਿਨ ਐਂਡਰਸਨ ਵਲੋਂ 'ਫੂਕੋ ਐਂਡ ਇਰਾਨੀ ਰੈਵੋਲਿਊਸ਼ਨ' ਨਾਂ ਦੀ ਪੁਸਤਕ ਸਣੇ ਕਈ ਕਿਤਾਬਾਂ ਪੜ੍ਹੀਆਂ ਹਨ ਪਰ ਜੋ ਕਿਤਾਬ ਸਭ ਤੋਂ ਜ਼ਰੂਰੀ ਹੈ, ਤੇ ਅਸੀਂ ਚਾਹਾਂਗੇ ਕਿ ਪੂਰੀ ਕਾਇਨਾਤ 'ਚ ਜਹਾਦੀ ਬਿਰਤੀ ਵਾਲਾ ਹਰ ਬੰਦਾ ਜ਼ਰੂਰ ਪੜ੍ਹੇ, ਉਹ ਮੁਹੰਮਦ ਮੋਹਾਦੇਸਿਨ ਦੀ 'ਐਨੀਮੀਜ਼ ਆਫ ਆਇਤਉਲਜ਼' ਹੈ। ਮੋਹਾਦੇਸਿਨ ਮੁਲਾਣਿਆਂ ਵਿਰੁਧ ਲੜ ਰਹੇ 'ਰਜਿਸਟੈਂਸ ਫਰੰਟ' ਨਾਂ ਦੇ ਸੰਗਠਨ ਦਾ ਵਿਦੇਸ਼ ਸਕੱਤਰ ਹੈ। ਉਹ ਸ਼ਾਹ ਇਰਾਨ ਦਾ ਕੱਟੜ ਵਿਰੋਧੀ ਸੀ ਤੇ ਸ਼ਾਹ ਦੀ ਖੁਫੀਆ ਪੁਲਿਸ ਨੇ ਕਈ ਵਰ੍ਹੇ ਉਸ ਨੂੰ ਤਹਿਰਾਨ ਦੀ ਭਿਆਨਕ ਤਸੀਹਾ ਜੇਲ੍ਹ ਵਿਚ ਸੁੱਟੀ ਰੱਖਿਆ। ਇਹ ਕਿਤਾਬ ਉਨ੍ਹਾਂ ਮਹਾਨ ਜਮਹੂਰੀਅਤ-ਪਸੰਦਾਂ ਬਾਰੇ ਹੈ ਜੋ ਪਹਿਲਾਂ ਸ਼ਾਹ ਇਰਾਨ ਵਿਰੁਧ ਲੜੇ ਅਤੇ ਫਿਰ ਮੌਲਾਣਿਆਂ ਦੀ ਬੁਰਛਾਗਰਦੀ ਦਾ ਵਿਰੋਧ ਪਹਿਲਾਂ ਤੋਂ ਕਿਤੇ ਵੱਧ ਵਿਰੋਧੀ ਹਾਲਾਤ 'ਚ ਜੂਨ ਹੰਢਾਵੇਂ ਅੰਦਾਜ਼ ਵਿਚ ਕੀਤਾ।

(ਚਲਦਾ)

ਕਹਾਣੀ

# ਤਸਵੀਰ ਦੇ ਦੋਵੇਂ ਪਾਸੇ

**ਕਿਸ਼ਤ ਦੂਜੀ**

*ਜਰਮਨਾਂ ਹੱਥੋਂ ਹਾਰ ਕਾਰਨ ਫਰਾਂਸੀਸੀ ਲੋਕ ਅਤਿਅੰਤ ਔਕੜਾਂ ਵਿਚੋਂ ਲੰਘ ਰਹੇ ਹਨ। ਦਸ ਮੁਸਾਫਿਰ ਆਪਣੇ ਸ਼ਹਿਰ ਰੋਇਨ ਤੋਂ ਹਾਵਰੇ ਲਈ ਨਿਕਲਦੇ ਹਨ ਤਾਂ ਕਿ ਉਥੇ ਜਾ ਕੇ ਕੰਮ-ਧੰਦਾ ਕਰ ਸਕਣ ਅਤੇ ਜਰਮਨਾਂ ਦੀ ਜ਼ਿੱਲਤ ਤੋਂ ਵੀ ਮੁਕਤ ਹੋ ਸਕਣ। ਅੰਤਾਂ ਦੀ ਬਰਫਬਾਰੀ ਕਾਰਨ ਸਫਰ ਲੰਮਾ ਹੋ ਜਾਂਦਾ ਹੈ ਅਤੇ ਕਿਸੇ ਕੋਲ ਖਾਣ ਲਈ ਕੁਝ ਵੀ ਨਹੀਂ ਹੈ। ਸਭ ਭੁੱਖ ਨਾਲ ਹਾਲੋਂ-ਬੇਹਾਲ ਹਨ। ਨੌਂ ਮੁਸਾਫਿਰ ਸਫਰ ਦੌਰਾਨ ਵੇਸਵਾ ਮੁਟਿਆਰ ਤੋਂ ਖਾਣਾ ਲੈ ਕੇ ਆਪੋ-ਆਪਣੀ ਭੁੱਖ ਮਿਟਾਉਂਦੇ ਹਨ। ਹੁਣ ਪੜ੍ਹੋ ਅੱਗੇ...*

*ਫਰਾਂਸ ਦੇ ਸੰਸਾਰ ਪ੍ਰਸਿੱਧ ਲੇਖਕ ਮੋਪਾਸਾਂ (5 ਅਗਸਤ 1850-6 ਜੁਲਾਈ 1893) ਦੀ ਸ਼ਾਹਕਾਰ 'ਬੂਲ ਦਿ ਸੂਫ' ਨਾਂ ਦੀ ਕਹਾਣੀ ਕਈ ਨਾਂਵਾਂ-'ਬਾਲ ਆਫ ਫੈਟ', 'ਬਟਰਬਾਲ', 'ਡੰਪਲਿੰਗ' ਹੇਠ ਅਨੁਵਾਦ ਹੋਈ ਹੈ। ਮੋਪਾਸਾਂ ਦੀ ਇਹ ਕਹਾਣੀ ਪਹਿਲੀ ਵਾਰ ਅਪਰੈਲ 1880 ਵਿਚ ਛਪੀ ਸੀ। ਪੰਜਾਬੀ ਦੇ ਪ੍ਰਸਿੱਧ ਨਾਵਲਿਸਟ ਸਵਰਗੀ ਨਾਨਕ ਸਿੰਘ ਨੇ ਇਸ ਕਹਾਣੀ ਦਾ ਅਨੁਵਾਦ 'ਤਸਵੀਰ ਦੇ ਦੋਵੇਂ ਪਾਸੇ' ਸਿਰਲੇਖ ਤਹਿਤ ਕੀਤਾ ਸੀ। ਕਹਾਣੀ ਕਹਿਣ ਵਿਚ ਮੋਪਾਸਾਂ ਦੀ ਕੋਈ ਰੀਸ ਨਹੀਂ। ਮੁਸੀਬਤ ਵਿਚ ਕਿਵੇਂ ਊਚ-ਨੀਚ, ਅਮੀਰੀ-ਗਰੀਬੀ ਭੁਲਾ ਕੇ ਬੰਦਾ ਸਿਰਫ ਇਨਸਾਨ ਰਹਿ ਜਾਂਦਾ ਹੈ, ਕਹਾਣੀ ਵਿਚ ਇਹ ਬਿਰਤਾਂਤ ਲਾਜਵਾਬ ਹੈ। ਕਹਾਣੀ ਦਸ ਯਾਤਰੂਆਂ ਦੁਆਲੇ ਘੁੰਮਦੀ ਹੈ। ਇਸ ਕਹਾਣੀ ਦਾ ਘੇਰਾ ਅੰਬਰ ਜਿੱਡਾ ਹੈ। ਕੋਈ ਮੋਪਾਸਾਂ ਵਰਗਾ ਲੇਖਕ ਹੀ ਕਹਾਣੀ ਦੀ ਇੰਨੀ ਵੱਡੀ ਹਲਾਈਂ ਵਗਲ ਸਕਦਾ ਸੀ। ਪੇਸ਼ ਹੈ ਕਹਾਣੀ ਦੀ ਅਗਲੀ ਕਿਸ਼ਤ। -ਸੰਪਾਦਕ*

ਰੋਟੀ ਖਾਂਦਿਆਂ ਮੇਜ਼ਬਾਨ ਨਾਲ ਗੱਲ-ਕੱਥ ਨਾ ਕਰਨੀ ਸਾਊਪੁਣੇ ਦੇ ਵਿਰੁਧ ਹੈ, ਇਹ ਖਿਆਲ ਕਰ ਕੇ ਉਨ੍ਹਾਂ ਨੇ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ। ਪਹਿਲਾਂ ਤਾਂ ਇਹ ਸਿਲਸਿਲਾ ਕੁਝ ਬੇਦਿਲਾ ਜਿਹਾ ਹੀ ਸੀ ਕਿਉਂਕਿ ਕਿਸੇ ਨੂੰ ਵੀ ਆਪਣੀ ਨੀਚ ਮੇਜ਼ਬਾਨ ਨਾਲ ਨੇੜਤਾ ਪਸੰਦ ਨਹੀਂ ਸੀ ਪਰ ਹੌਲੀ-ਹੌਲੀ ਇਹ ਸੰਕੋਚ ਦੂਰ ਹੁੰਦਾ ਗਿਆ। ਫਿਰ ਵੀ ਗੱਲ-ਕੱਥ ਐਸੇ ਢੰਗ ਨਾਲ ਜਾਰੀ ਰਹੀ, ਜਿਵੇਂ ਮਹਿਮਾਨ ਉਸ ਪਾਪਣ ਦਾ ਖਾਣਾ ਖਾ ਕੇ ਉਸ 'ਤੇ ਬੜੀ ਮਿਹਰਬਾਨੀ ਕਰ



**ਮੂਲ ਲੇਖਕ: ਮੋਪਾਸਾਂ**
**ਤਰਜਮਾ: ਨਾਨਕ ਸਿੰਘ**

ਰਹੇ ਹੋਣ; ਖਾਸ ਕਰ ਕੇ ਕਾਊਂਟੈਸ ਤਾਂ ਇੱਥੋਂ ਤੱਕ ਵੀ ਕਹਿ ਗਈ, "ਵੱਡੇ ਲੋਕਾਂ ਦੀ ਵਡਿੱਤਣ ਹੀ ਇਸ ਵਿਚ ਹੈ ਕਿ ਉਹ ਆਪ ਤੋਂ ਨੀਵਿਆਂ ਨਾਲ, ਬਲਕਿ ਘਟੀਆ ਚਾਲ-ਚਲਨ ਵਾਲੇ ਲੋਕਾਂ ਨਾਲ ਬਰਾਬਰੀ ਵਾਲਾ ਵਰਤਾਉ ਕਰਨ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦਾ ਕੁਝ ਵਿਗੜ ਨਹੀਂ ਜਾਂਦਾ, ਪਰ ਨੀਚ ਸ਼੍ਰੇਣੀ ਦੇ ਲੋਕਾਂ ਨੂੰ ਇਸ ਤੋਂ ਬੜਾ ਉਤਸ਼ਾਹ ਮਿਲਦਾ ਹੈ... ।" ਪਰ ਸ੍ਰੀਮਤੀ ਲੋਸ਼ੀਓ ਜਿਸ ਨੂੰ ਆਪਣੀ ਉਚਤਾ ਤੇ ਪਵਿੱਤਰਤਾ ਦਾ ਸਭ ਤੋਂ ਬਹੁਤਾ ਮਾਣ ਸੀ, ਬਿਨਾਂ ਕੁਝ ਬੋਲਿਆਂ, ਗੱਲ੍ਹਾਂ ਭਰ-ਭਰ ਕੇ ਖਾਣ ਵਿਚ ਮਸਤ ਰਹੀ।

ਗੱਲਾਂ ਦਾ ਸਿਲਸਿਲਾ ਅਖੀਰ ਲੜਾਈ ਵੱਲ ਜਿਹੜੀ ਇਨੀਂ ਦਿਨੀਂ ਸੁਭਾਵਕ ਹੀ ਸੀ, ਮੁੜਿਆ। ਜਰਮਨ ਲੋਕਾਂ ਦੇ ਜ਼ੁਲਮਾਂ ਤੇ ਨੀਚਪੁਣੇ ਦਾ ਜ਼ਿਕਰ ਛਿੜ ਪਿਆ, ਤੇ ਫਰਾਂਸੀਸੀਆਂ ਦੇ ਧੀਰਜ ਤੇ ਸਹਿਣਸ਼ੀਲਤਾ ਦੀ ਪ੍ਰਸ਼ੰਸਾ ਕੀਤੀ ਜਾਣ ਲੱਗੀ। ਇਸ ਤੋਂ ਬਾਅਦ ਛੇਤੀ ਹੀ ਜ਼ਾਤੀ ਤਜਰਬਿਆਂ ਦੀ ਚਰਚਾ ਚੱਲ ਪਈ। ਮਾਰਗਰੇਟ ਨੇ ਵੀ ਬੜੇ ਮਿੱਠੇ ਲਹਿਜੇ ਵਿਚ, ਤੇ ਬੜੇ ਸੁਚੱਜੇ ਢੰਗ ਨਾਲ ਆਪਣੇ 'ਰੋਈਨ' ਤੋਂ ਭੱਜਣ ਦਾ ਬਿਰਤਾਂਤ ਦੱਸਣਾ ਸ਼ੁਰੂ ਕੀਤਾ। ਸੁਣਨ ਵਾਲੇ ਹੈਰਾਨ ਸਨ ਕਿ ਇਹੋ ਜਿਹੀਆਂ ਪੇਸ਼ੇਵਰ ਤੀਵੀਆਂ ਵੀ ਰਾਜਨੀਤਕ ਮਾਮਲਿਆਂ ਨੂੰ ਸਮਝਦੀਆਂ, ਤੇ ਇੰਨਾ ਚੰਗਾ ਬੋਲ ਵੀ ਸਕਦੀਆਂ ਹਨ।

ਮਾਰਗਰੇਟ ਦੱਸਣ ਲੱਗੀ, "ਪਹਿਲਾਂ ਮੇਰਾ ਖਿਆਲ 'ਰੋਈਨ' ਛੱਡਣ ਦਾ ਨਹੀਂ ਸੀ। ਪੈਸਾ ਮੇਰੇ ਕੋਲ ਬਥੇਰਾ ਸੀ, ਖਾਣ-ਪੀਣ ਦਾ ਸਮਾਨ ਭੀ ਭਰਿਆ ਪਿਆ ਸੀ। ਕੁਝ ਜਰਮਨਾਂ ਨੂੰ ਆਪਣੇ ਘਰ ਰੱਖ ਕੇ ਮੈਂ ਟਿਕੀ ਰਹਿ ਸਕਦੀ ਸਾਂ। ਤੁਸੀਂ ਜਾਣਦੇ ਹੀ ਹੋ, ਇਸ ਤੋਂ ਬਿਨਾਂ ਕੋਈ ਵਾਹ ਵੀ ਨਹੀਂ ਸੀ। ਕਈ ਲੋਕ ਜਿਨ੍ਹਾਂ ਨੇ ਸਿਪਾਹੀਆਂ ਨੂੰ ਰੱਖਣੋਂ ਨਾਂਹ-ਨੁੱਕਰ ਕੀਤੀ, ਉਕਾ ਹੀ ਘਰਾਂ ਤੋਂ ਕੱਢ ਦਿੱਤੇ ਗਏ। ਨਾਲੇ ਮੇਰਾ ਤਾਂ ਹੋਰ ਕੋਈ ਥਾਂ ਟਿਕਾਣਾ ਵੀ ਨਹੀਂ ਸੀ, ਜਾਂਦੀ ਤਾਂ ਕਿਧਰ ਜਾਂਦੀ। ਮਜਬੂਰ ਹੋ ਕੇ ਮੈਨੂੰ ਵੀ ਇੰਦਾਂ ਹੀ ਕਰਨਾ ਪਿਆ, ਪਰ ਜਦੋਂ ਹੀ ਮੈਂ ਉਨ੍ਹਾਂ ਜਰਮਨ ਸੂਰਾਂ ਦੀ ਸ਼ਕਲ ਵੇਖਦੀ, ਗੁੱਸੇ ਤੇ ਨਫਰਤ ਨਾਲ ਮੇਰਾ ਲਹੂ ਖੌਲਣ ਲਗਦਾ। ਸ਼ਰਮ ਦੀ ਮਾਰੀ ਮੈਂ ਆਪਣੇ ਆਪ ਵਿਚ ਡੁੱਬਦੀ ਜਾਂਦੀ... ਮੇਰੇ ਦੇਸ਼ ਦੇ ਦੁਸ਼ਮਣ, ਮੇਰੇ ਪ੍ਰਾਹੁਣੇ? ਨਾਲੇ ਮੈਂ ਸੋਚਦੀ, ਜੇ ਕਿਤੇ ਮੈਂ ਮਰਦ ਹੁੰਦੀ, ਤਾਂ ਇਕ ਵਾਰੀ ਇਨ੍ਹਾਂ ਵਹਿਸ਼ੀ ਕੁੱਤਿਆਂ ਨੂੰ ਦਸ ਦਿੰਦੀ!

ਜਿਸ ਦਿਨ ਉਹ ਲੋਕ 'ਰੋਈਨ' ਵਿਚ ਆ ਵੜੇ, ਮੈਂ ਜਦ ਬਾਰੀ ਵਿਚੋਂ ਉਨ੍ਹਾਂ ਦੀਆਂ ਮਨਹੂਸ ਸ਼ਕਲਾਂ ਵੇਖੀਆਂ, ਤਾਂ ਆਪੇ ਤੋਂ ਬਾਹਰ ਹੋ ਗਈ। ਜੇ ਕਿਤੇ ਮੇਰੀ ਨੌਕਰਾਣੀ ਨੇ ਮੈਨੂੰ ਫੜ ਨਾ ਲਿਆ ਹੁੰਦਾ, ਤਾਂ ਕੁਰਸੀ ਚੁੱਕ ਕੇ ਉਨ੍ਹਾਂ 'ਤੇ ਵਗ੍ਹਾ ਮਾਰਦੀ। ਇਸ ਤੋਂ ਬਾਅਦ ਕੁਝ ਸਿਪਾਹੀਆਂ ਨੂੰ ਮੇਰੇ ਮਕਾਨ 'ਤੇ ਠਹਿਰਾ ਦਿੱਤਾ ਗਿਆ। ਪਹਿਲਾ ਸਿਪਾਹੀ ਜਿਹੜਾ ਮੇਰੀ ਬੈਠਕ ਅੰਦਰ ਆਇਆ, ਮੈਂ ਗੁੱਸੇ ਨਾਲ ਪਾਗਲ ਹੋ ਕੇ ਉਹਨੂੰ ਗਲੋਂ ਜਾ ਫੜਿਆ, ਪਰ ਉਸ ਨੇ ਮੈਨੂੰ ਵਾਲਾਂ ਤੋਂ ਫੜ ਕੇ ਪਿਛਾਂਹ ਸੁੱਟ ਦਿੱਤਾ। ਜੇ ਕਿਤੇ ਉਹ ਫੁਰਤੀ ਨਾਲ ਇਸ ਤਰ੍ਹਾਂ ਨਾ ਕਰਦਾ ਤਾਂ ਮੈਂ ਉਸ ਨੂੰ ਜਾਨੋਂ ਹੀ ਮਾਰ ਸੁੱਟਣਾ ਸੀ।

ਇਸ ਤੋਂ ਬਾਅਦ ਮੈਨੂੰ ਆਪਣੇ ਆਪ ਨੂੰ ਲੁਕਾ ਕੇ ਰੱਖਣਾ ਪਿਆ। ਕੁਝ ਚਿਰ ਮੈਂ ਲੁਕੀ ਰਹੀ, ਪਰ ਲੁਕਣ ਦਾ ਮਤਲਬ ਇਹ ਨਹੀਂ ਸੀ ਕਿ ਮੈਂ ਉਨ੍ਹਾਂ ਬਦਮਾਸ਼ਾਂ ਤੋਂ ਡਰਦੀ ਸੀ। ਅਸਲ ਵਿਚ ਮੇਰੇ ਅੰਦਰ ਜਿਹੜੀ ਅੱਗ ਭੜਕ ਰਹੀ ਸੀ, ਉਹ ਤਦ ਤੱਕ ਠੰਢੀ ਨਹੀਂ ਸੀ ਹੋਣੀ, ਜਦ ਤੱਕ ਮੈਂ ਆਪਣੇ ਦੇਸ਼ ਦੇ ਦੁਸ਼ਮਣਾਂ ਨੂੰ ਜਿੰਨਾ ਕੁ ਮੈਥੋਂ ਹੋ ਸਕੇ, ਮੌਤ ਦੇ ਘਾਟ ਨਾ ਉਤਾਰ ਲੈਂਦੀ ...।"

"ਹੱਛਾ!" ਵੱਡੀ ਬ੍ਰਹਮਚਾਰਨੀ ਦੇ ਹੱਥੋਂ ਮਾਲਾ ਡਿਗ ਪਈ, "ਫਿਰ ਤੂੰ ਕੀ ਕੀਤਾ?"

"ਫਿਰ?" ਵੇਸਵਾ ਦਾ ਸੀਨਾ ਧੌਂਕਣੀ ਵਾਂਗ ਉਠ-ਬੈਠ ਰਿਹਾ ਸੀ, "ਫਿਰ ਉਹੀ ਜੋ ਕੁਝ ਮੈਨੂੰ ਕਰਨਾ ਚਾਹੀਦਾ ਸੀ", ਤੇ ਕਹਿੰਦਿਆਂ-ਕਹਿੰਦਿਆਂ ਮਾਰਗਰੇਟ ਨੇ ਆਪਣੇ ਦੋਵੇਂ ਪੰਜੇ ਸਾਹਮਣੇ ਤਾਣ ਕੇ 10 ਦਾ ਸੰਕੇਤ ਕਰਦਿਆਂ ਕਿਹਾ, "ਇੰਨਿਆਂ ਨੂੰ ਟਿਕਾਣੇ ਲਾ ਕੇ ਨੱਸ ਆਈ, ਤੇ ਅੱਜ ਤੁਹਾਡੇ ਵਿਚਾਲੇ ਬੈਠੀ ਹਾਂ।"

"ਹੈਂ! ਦਸ ਜਰਮਨ? ਸੱਚਮੁੱਚ? ਕੀ ਇਹ ਮੁਮਕਿਨ ਹੈ?" ਕਈ ਮੁਸਾਫਰਾਂ ਦੇ ਮੂੰਹੋਂ ਇਕੱਠਾ ਨਿਕਲਿਆ। ਕਾਊਂਟੈਸ ਜਿਹੜੀ ਬਹੁਤੀ ਖਾ ਜਾਣ ਕਰ ਕੇ ਔਖੇ-ਔਖੇ ਡਕਾਰ ਲੈ ਰਹੀ ਸੀ, ਬੋਲੀ, "ਪਰ ਕਿਸ ਤਰ੍ਹਾਂ ਇਕ ਦਮ ਇਤਨੇ ਖੂਨ?" ਤੇ ਉਸ ਦੇ ਚਿਹਰੇ ਦਾ ਰੰਗ ਜਿਹੜਾ ਖਾਣ ਪੀਣ ਨਾਲ ਮਸਾਂ ਠੀਕ ਹੋਇਆ ਸੀ, ਡਰ ਨਾਲ ਫਿਰ ਪੀਲਾ ਹੋਣਾ ਸ਼ੁਰੂ ਹੋ ਗਿਆ।

"ਕਿਸ ਤਰ੍ਹਾਂ ਕੀ?" ਵੇਸਵਾ ਦੇ ਸਰੀਰ ਦੀਆਂ ਸਾਰੀਆਂ ਨਾੜਾਂ ਜੋਸ਼ ਨਾਲ ਥਿਰਕ ਰਹੀਆਂ, "ਡੰਡੇ ਨਾਲ, ਛੁਰੇ ਨਾਲ, ਰੱਸੀ ਨਾਲ! ਆਦਮੀ ਦਾ ਮਾਰਨਾ ਹੈ ਈ ਕੀ ਏ।"

ਉਸ ਦੀ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਸਭ ਨੇ ਉਸ ਨੂੰ ਵਧਾਈ ਦਿੱਤੀ। ਕਾਰਨੂਟੇਡ ਵੀ ਵਿਚ-ਵਿਚ ਮੁਸਕਰਾਉਂਦਾ ਤੇ ਸਿਰ ਹਿਲਾਉਂਦਾ ਰਿਹਾ; ਉਸੇ ਤਰ੍ਹਾਂ ਜਿਵੇਂ ਕੋਈ ਪਾਦਰੀ ਕਿਸੇ ਜਗਿਆਸੂ ਨੂੰ ਭਗਤੀ ਕਰਦਿਆਂ ਵੇਖ ਕੇ ਮੁਸਕਰਾਉਂਦਾ ਹੈ, ਕਿਉਂਕਿ ਦੇਸ਼ ਭਗਤੀ ਦਾ ਠੇਕਾ ਉਸ ਵਰਗੇ ਲੀਡਰਾਂ ਪਾਸ ਉਸੇ ਤਰ੍ਹਾਂ ਹੁੰਦਾ ਹੈ, ਜਿਵੇਂ ਪਾਦਰੀਆਂ ਪਾਸ ਧਰਮ ਦਾ ਠੇਕਾ। ਤਾਂ ਵੀ ਕਾਰਨੂਟੇਡ ਸੀ ਪਰਜਾਤੰਤਰਵਾਦੀਆਂ ਦਾ ਮੋਹਰੀ। ਉਸ ਨੂੰ ਸ਼ਾਇਦ ਉਸ ਵੇਸਵਾ ਦਾ ਸਾਮਰਾਜਵਾਦੀ ਹਕੂਮਤ ਲਈ ਇਹ ਅੰਧ-ਵਿਸ਼ਵਾਸ ਚੰਗਾ ਨਹੀਂ ਸੀ ਲੱਗ ਰਿਹਾ। ਉਹ ਬੜੀ ਉਚੀ ਤੇ ਦ੍ਰਿੜ ਆਵਾਜ਼ ਵਿਚ ਬੋਲ ਉਠਿਆ, "ਪਰ ਸਾਮਰਾਜਵਾਦੀਆਂ ਦੀ ਇਹ ਮੂਰਖਤਾ ਭਰੀ ਹਿਮਾਇਤ ਹੈ।"

ਮਾਰਗਰੇਟ ਸੁਣ ਕੇ ਭਬੂਕਾ ਹੋ ਉਠੀ, ਕਿਉਂਕਿ ਉਹ ਬੋਨਾਪਾਰਟ ਦੇ ਸ਼ਰਧਾਲੂਆਂ ਵਿਚੋਂ ਸੀ। ਉਸ ਦਾ ਮੂੰਹ ਲਾਲ ਹੋ ਗਿਆ, ਤੇ ਗੁੱਸੇ ਦੀ ਮਾਰੀ ਥਥਲਾਉਂਦੀ ਹੋਈ ਬੋਲੀ, "ਨੈਪੋਲੀਅਨ ਦੀ ਥਾਂ ਮੈਂ ਤੈਨੂੰ ਤੇ ਤੇਰੇ ਸਾਥੀਆਂ ਨੂੰ ਬੰਦੀਖਾਨੇ ਵਿਚ ਵੇਖਣਾ ਚਾਹੁੰਦੀ ਸੀ। ਤੁਸਾਂ ਲੋਕਾਂ ਹੀ ਉਸ ਨਾਲ ਵਿਸਾਹਘਾਤ ਕੀਤਾ ਸੀ। ਜੇ ਫਰਾਂਸ ਦੇ ਰਾਜ ਦੀ ਵਾਗਡੋਰ ਤੁਸਾਂ ਲੋਕਾਂ ਦੇ ਹੱਥ ਆ ਜਾਵੇ ਤਾਂ ਸਾਡੇ ਵਰਗਿਆਂ ਲਈ ਜਿਉਣਾ ਮੁਸ਼ਕਲ ਹੋ ਜਾਵੇ।"

ਕਾਰਨੂਟੇਡ ਉਤੇ ਇਸ ਫਟਕਾਰ ਦਾ ਕੁਝ ਵੀ ਅਸਰ ਨਾ ਹੋਇਆ। ਉਹ ਅਜੇ ਤੱਕ ਆਪਣੇ ਵਡਿੱਤਣ ਉਤੇ ਆਕੜਿਆ ਹੋਇਆ, ਨਫ਼ਰਤ ਦੇ ਲਹਿਜੇ ਵਿਚ ਮੁਸਕਰਾ ਰਿਹਾ ਸੀ। ਜਾਪਦਾ ਸੀ ਜਿਵੇਂ ਇਸ ਵਾਰਤਾਲਾਪ ਵਿਚ ਹੋਰ ਗਰਮੀ ਆ ਜਾਵੇਗੀ। ਇਸ ਹਾਲਤ ਨੂੰ ਵੇਖ ਕੇ ਕਾਊਂਟ ਨੇ ਭਗੜਾ ਬੰਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਾਊਂਟੈਸ ਤੇ ਸ੍ਰੀਮਤੀ ਲੋਸ਼ੀਓ, ਆਮ ਅਮੀਰਾਂ ਦੀ ਆਦਤ ਅਨੁਸਾਰ ਪਰਜਾਤੰਤਰਵਾਦੀਆਂ ਨੂੰ ਘ੍ਰਿਣਾ ਨਾਲ ਵੇਖਦੀਆਂ ਤੇ ਸਾਮਰਾਜ ਦੀ ਤੜਕ-ਭੜਕ ਨੂੰ ਪਸੰਦ ਕਰਦੀਆਂ ਸਨ। ਇਸ ਕਰ ਕੇ ਆਪਣੀ ਰੁਚੀ ਦੇ ਉਲਟ ਚਾਲ-ਚਲਨ ਵਾਲੀ ਤੀਵੀਂ ਨਾਲ ਵੀ ਉਨ੍ਹਾਂ ਦੀ ਦਿਲਚਸਪੀ ਪੈਦਾ ਹੋ ਗਈ ਜਿਸ ਦੇ ਰਾਜਨੀਤਕ ਖਿਆਲ ਉਨ੍ਹਾਂ ਨਾਲ ਮਿਲਦੇ ਜੁਲਦੇ ਸਨ।

ਟੋਕਰੀ ਹੁਣ ਖਾਲੀ ਹੋ ਚੁੱਕੀ ਸੀ। ਉਸ ਵਿਚਲਾ ਸਾਮਾਨ ਭਾਵੇਂ ਦਸਾਂ ਆਦਮੀਆਂ ਦੇ ਢਿੱਡਾਂ ਨੂੰ ਘੰਡੀ ਤੱਕ ਭਰਨ ਲਈ ਕਾਫ਼ੀ ਸੀ, ਤਾਂ ਵੀ ਕਈਆਂ ਨੂੰ ਅਫ਼ਸੋਸ ਸੀ ਕਿ ਜੇ ਕਿਤੇ ਥੋੜ੍ਹਾ ਜਿਹਾ ਹੋਰ ਹੁੰਦਾ ਤਾਂ ਰਾਤ ਦੀ ਰੋਟੀ ਦਾ ਫ਼ਿਕਰ ਵੀ ਮੁੱਕ ਜਾਂਦਾ। ਖਾਣਾ ਮੁੱਕਣ ਦੇ ਨਾਲ ਹੀ ਗੱਲਾਂ ਦਾ ਸਿਲਸਿਲਾ ਵੀ ਬੰਦ ਹੋ ਗਿਆ।

ਰਾਤ ਪੈਣ ਲੱਗੀ। ਹੌਲੀ-ਹੌਲੀ ਬਰਫ਼ ਲੱਦੀ ਧਰਤੀ ਉਤੇ ਕਾਲੀ ਚਾਦਰ ਵਿਛਣ ਸ਼ੁਰੂ ਹੋ ਗਈ। ਮਾਰਗਰੇਟ ਮੋਟੀ ਹੋਣ 'ਤੇ ਵੀ ਸਰਦੀ ਨਾਲ ਕੰਬ ਰਹੀ ਸੀ। ਕੋਚਵਾਨ ਨੇ ਲਾਲਟੈਣਾਂ ਬਾਲੀਆਂ ਜਿਨ੍ਹਾਂ ਦਾ ਮੱਧਮ ਚਾਨਣ ਸੜਕ ਦੇ ਦੋਹੀਂ ਪਾਸੀਂ ਫੈਲ ਰਿਹਾ ਸੀ।

ਗੱਡੀ ਅੰਦਰ ਹੁਣ ਹਨੇਰਾ ਸੀ। ਕੁਝ ਵੀ ਦਿਖਾਈ ਨਹੀਂ ਸੀ ਦਿੰਦਾ, ਪਰ ਜਿਸ ਪਾਸੇ ਕਾਰਨੂਟੇਡ ਤੇ ਮਾਰਗਰੇਟ ਬੈਠੇ ਹੋਏ ਸਨ, ਉਥੇ ਕੁਝ ਹਿਲ-ਜੁਲ ਜਿਹੀ ਦਿਖਾਈ ਦਿੱਤੀ। ਲੋਸ਼ੀਓ ਨੂੰ ਹਨੇਰੇ ਵਿਚ ਇਸ ਤਰ੍ਹਾਂ ਮਹਿਸੂਸ ਹੋਇਆ, ਜਿਵੇਂ ਲੰਮਦਾੜ੍ਹੀਆ ਪਰਜਾਤੰਤਰਵਾਦੀ ਤੇਜ਼ੀ ਨਾਲ ਇਕ ਪਾਸੇ ਨੂੰ ਉਲਰਿਆ, ਜਿਵੇਂ ਉਸ ਨੂੰ ਕਿਸੇ ਨੇ ਕੱਸ ਕੇ ਘਸੁੰਨ ਜੜਿਆ ਹੋਵੇ।

ਸਾਹਮਣੇ ਛੋਟੀਆਂ-ਛੋਟੀਆਂ ਬੱਤੀਆਂ ਦਿਖਾਈ ਦਿੱਤੀਆਂ। ਪੂਰੇ ਯਾਰਾਂ ਘੰਟੇ ਚਲਦੀ ਰਹਿਣ ਤੋਂ ਬਾਅਦ ਅਖੀਰ ਗੱਡੀ 'ਟੋਟਿਸ' ਜਾ ਅੱਪੜੀ। ਇਸ ਵਿਚਾਲੇ ਤਿੰਨਾਂ-ਤਿੰਨਾਂ ਘੰਟਿਆਂ ਪਿੱਛੋਂ ਚਾਰ ਵਾਰੀ ਰਸਤੇ ਵਿਚ ਘੋੜਿਆਂ ਨੂੰ ਸਾਹ ਲੈਣ ਤੇ ਚਾਰਾ ਖਾਣ ਲਈ ਖੋਲ੍ਹਿਆ ਗਿਆ ਸੀ। ਇਸ ਤਰ੍ਹਾਂ ਸਭ ਰਲਾ ਕੇ ਗੱਡੀ ਨੇ ਚੌਦਾਂ ਘੰਟੇ ਵਕਤ ਖਰਚ ਕੀਤਾ।

ਗੱਡੀ ਸ਼ਹਿਰ ਵਿਚ ਪਹੁੰਚ ਕੇ 'ਡੁਕਾਮਰਸ' ਹੋਟਲ ਦੇ ਖੁੱਲ੍ਹੇ ਵਿਹੜੇ ਵਿਚ ਜਾ ਰੁਕੀ।

ਗੱਡੀ ਦਾ ਬੂਹਾ ਖੁੱਲ੍ਹਿਆ, ਤੇ ਨਾਲ ਹੀ ਜਾਣੇ-ਪਛਾਣੇ ਜਿਹੇ ਰੌਲੇ ਦੀ ਆਵਾਜ਼ ਸੁਣ ਕੇ ਸਾਰੇ ਮੁਸਾਫ਼ਰ ਡਰ ਗਏ। ਇਹ ਸ਼ੋਰ ਫ਼ਰਸ਼ ਉਤੇ ਮਿਆਨਾਂ ਖੜਕਾਉਣ ਦਾ ਸੀ। ਇਸ ਦੇ ਨਾਲ ਹੀ ਜਰਮਨ ਬੋਲੀ ਵਿਚ ਕਿਸੇ ਦੀਆਂ ਰੋਹਬ ਭਰੀਆਂ ਗੱਲਾਂ ਸੁਣਾਈ ਦਿੱਤੀਆਂ।

ਗੱਡੀ ਭਾਵੇਂ ਖੜੋਤੀ ਹੋਈ ਸੀ, ਤੇ ਬੂਹਾ ਵੀ ਖੁੱਲ੍ਹਾ ਸੀ, ਪਰ ਕਿਸੇ ਮੁਸਾਫ਼ਰ ਨੂੰ ਝਟਪਟ ਬਾਹਰ ਨਿਕਲਣ ਦੀ ਹਿੰਮਤ ਨਾ ਪਈ। ਉਨ੍ਹਾਂ ਨੂੰ ਕੁਝ ਇਸ ਤਰ੍ਹਾਂ ਦੀ ਸ਼ੰਕਾ ਹੋਰ ਹੀ ਸੀ, ਮਾਨੋ ਬਾਹਰ ਨਿਕਲਦਿਆਂ ਹੀ ਉਹ ਸਿੱਧੇ ਮੌਤ ਦੇ ਮੂੰਹ ਵਿਚ ਜਾ ਪੈਣਗੇ। ਤਦ ਲਾਲਟੈਣ ਹੱਥ ਵਿਚ ਫੜੀ ਗੱਡੀਵਾਨ ਬਾਹਰ ਖੜੋਤਾ ਉਨ੍ਹਾਂ ਨੂੰ ਦਿਖਾਈ ਦਿੱਤਾ। ਲਾਲਟੈਣ ਦਾ ਚਾਨਣ ਸਵਾਰੀਆਂ ਦੇ ਮੂੰਹਾਂ 'ਤੇ ਪਿਆ, ਦੋਹਾਂ ਕਤਾਰਾਂ ਵਿਚ ਬੈਠੇ ਮੁਸਾਫ਼ਰਾਂ ਦੇ ਚਿਹਰੇ ਡਰ ਨਾਲ ਸਹਿਮੇ ਹੋਏ ਸਨ। ਸਭ ਦੇ ਮੂੰਹ ਖੁੱਲ੍ਹੇ ਸਨ। ਸਾਰੇ ਹੀ ਅੱਖਾਂ ਪਾੜ-ਪਾੜ ਕੇ ਇਕ ਦੂਜੇ ਵੱਲ ਤਕਦੇ ਹੋਏ ਕਿਸੇ ਭਿਆਨਕ ਹੋਣੀ ਦੀ ਸੰਭਾਵਨਾ ਨਾਲ ਕੰਬ ਰਹੇ ਸਨ।

ਗੱਡੀਵਾਨ ਨਾਲ ਇਕ ਜਰਮਨ ਅਫ਼ਸਰ ਖੜ੍ਹਾ ਵੇਖ ਕੇ ਸਾਰਿਆਂ ਦੀ ਖਾਨਿਓਂ ਗਈ। ਅਫ਼ਸਰ ਉਚੇ ਲੰਮੇ ਕੱਦ ਦੇ ਇਕਹਿਰੇ ਸਰੀਰ ਦਾ ਬੜਾ ਸਨੁੱਖਾ ਜਵਾਨ ਸੀ। ਚੁਸਤ ਪੁਸ਼ਾਕ ਵਿਚ ਉਹ ਉਸ ਤੀਵੀਂ ਵਰਗਾ ਦਿਸ ਰਿਹਾ ਸੀ ਜਿਸ ਨੇ ਤੰਗ ਚੋਲੀ ਨਾਲ ਆਪਣੇ ਸਰੀਰ ਨੂੰ ਕੱਸਿਆ ਹੋਇਆ ਹੋਵੇ। ਉਸ ਦੇ ਸਿਰ 'ਤੇ ਚਮਕੀਲੀ ਟੋਪੀ ਸੀ। ਉਹ ਟੁੱਟੀ-ਫੁੱਟੀ ਫਰਾਂਸੀਸੀ ਵਿਚ ਮੁਸਾਫ਼ਰਾਂ ਨੂੰ ਕਹਿਣ ਲੱਗਾ, "ਮੁਸਾਫ਼ਰੋ! ਮਿਹਰਬਾਨੀ ਕਰ ਕੇ ਬਾਹਰ ਆ ਜਾਓ।"

ਸਭ ਤੋਂ ਪਹਿਲਾਂ ਦੋਹਾਂ ਬ੍ਰਹਮਚਾਰਨੀਆਂ ਨੇ ਉਸ ਦੀ ਆਗਿਆ ਦਾ ਪਾਲਣ ਕਰ ਕੇ ਇਹ ਸਾਬਤ ਕਰ ਦਿੱਤਾ ਕਿ ਧਾਰਮਿਕ ਰੁਚੀ ਰੱਖਣ ਵਾਲੀਆਂ ਪਵਿੱਤਰ ਤੀਵੀਆਂ ਮੁੱਢ ਤੋਂ ਹੀ 'ਸਤ ਬਚਨ' ਦੀਆਂ ਆਦੀ ਹੁੰਦੀਆਂ ਹਨ। ਇਨ੍ਹਾਂ ਤੋਂ ਬਾਅਦ ਕਾਊਂਟ ਤੇ ਉਸ ਦੀ ਕਾਊਂਟੈਸ, ਫਿਰ ਕੱਪੜੇ ਦਾ ਵਪਾਰੀ ਆਪਣੀ ਪਤਨੀ ਸਮੇਤ, ਤੇ ਉਸ ਪਿੱਛੋਂ ਲੋਸ਼ੀਓ ਆਪ ਤੋਂ ਦੂਣੇ ਕੱਦ ਦੀ ਵਹੁਟੀ ਨੂੰ ਅਗਾਂਹ ਧੱਕਦਾ ਹੋਇਆ ਬਾਹਰ ਆਇਆ।

ਹੇਠਾਂ ਉਤਰਦਿਆਂ ਹੀ ਸਾਰਿਆਂ ਨੇ ਬੜੀ ਨਿਮਰਤਾ ਨਾਲ ਜਰਮਨ ਅਫ਼ਸਰ ਨੂੰ ਸਲਾਮ ਕੀਤੀ, ਪਰ ਉਤਰ ਵਿਚ ਅਫ਼ਸਰ ਨੇ ਆਪਣਾ ਅਫ਼ਸਰੀ ਘੁਮੰਡ ਦੱਸਣ ਲਈ ਬਿਨਾਂ ਸਲਾਮ ਕਿਹਾਂ, ਰੋਹਬ ਭਰੀ ਨਜ਼ਰ ਨਾਲ ਉਨ੍ਹਾਂ ਸਾਰਿਆਂ ਵੱਲ ਤਕ ਛੱਡਿਆ, ਬੱਸ!

ਮਾਰਗਰੇਟ ਤੇ ਕਾਰਨੂਟੇਡ ਭਾਵੇਂ ਬੂਹੇ ਦੇ ਨੇੜੇ ਹੀ ਬੈਠੇ ਸਨ, ਪਰ ਉਤਰੇ ਉਹ ਸਭ ਤੋਂ ਪਿੱਛੋਂ। ਉਹ ਦੋਵੇਂ ਉਸ ਦੁਸ਼ਮਣ ਦੇ ਸਾਹਮਣੇ ਗੱਡੀ ਵਿਚੋਂ ਬੜੀ ਸ਼ਾਨ ਨਾਲ ਉਤਰੇ। ਰਿਸ਼ਟ-ਪੁਸ਼ਟ ਕੁੜੀ (ਮਾਰਗਰੇਟ) ਅੰਦਰੋਂ ਨਿਕਲਦੀ ਹੀ ਬਿਨਾਂ ਅਫ਼ਸਰ ਵੱਲ ਤੱਕਿਆਂ ਆਪਣਾ ਕੱਪੜਾ-ਲੱਤਾ ਅਤੇ ਸਿਰ ਦੇ ਵਾਲ ਸੰਵਾਰਨ ਲੱਗੀ ਪਈ। ਉਹ ਬਿਲਕੁਲ ਸ਼ਾਂਤ ਦਿਖਾਈ ਦਿੰਦੀ ਸੀ। ਪਰਜਾਤੰਤਰਵਾਦੀ ਕੰਬਦੇ ਹੱਥਾਂ ਨਾਲ ਆਪਣੀ ਲੰਮੀ ਦਾੜ੍ਹੀ ਠੀਕ ਕਰਨ ਲੱਗਾ। ਦੋਵੇਂ ਆਪੋ-ਆਪਣਾ ਸਵੈ-ਮਾਣ ਕਾਇਮ ਰੱਖਣ ਦੀ ਕੋਸ਼ਿਸ਼ ਕਰ ਰਹੇ ਸਨ। ਜਾਣਦੇ ਸਨ ਕਿ ਇਹੋ ਜਿਹੇ ਵੇਲੇ ਹਰ ਆਦਮੀ, ਕਿਸੇ ਨਾ ਕਿਸੇ ਅੰਸ਼ ਵਿਚ ਆਪਣੇ ਦੇਸ਼ ਦਾ ਪ੍ਰਤੀਨਿਧ ਸਮਝਿਆ ਜਾਂਦਾ ਹੈ। ਮਾਰਗਰੇਟ ਨੂੰ ਆਪਣੇ ਬਾਕੀ ਸਾਥੀਆਂ 'ਤੇ ਗੁੱਸਾ ਆ ਰਿਹਾ ਸੀ। ਇਸ ਲਈ ਉਹ ਆਪਣੀਆਂ ਦੂਜੀਆਂ ਸਾਥਣਾਂ ਦੇ ਟਾਕਰੇ ਵਧੇਰੇ ਦ੍ਰਿੜਤਾ ਨਾਲ ਖੜੋਤੀ ਰਹੀ।

ਅਖੀਰ ਵਿਚ ਸਾਰੇ ਮੁਸਾਫ਼ਰ ਹੋਟਲ ਦੇ ਇਕ ਕਮਰੇ ਵਿਚ ਪਹੁੰਚੇ। ਜਰਮਨ ਅਫ਼ਸਰ ਨੇ ਸਭ ਕੋਲੋਂ ਰਾਹਦਾਰੀ ਦੇ ਪਰਵਾਨੇ (ਪਾਸਪੋਰਟ) ਮੰਗੇ। ਇਨ੍ਹਾਂ ਪਰਵਾਨਿਆਂ ਵਿਚ ਮੁਸਾਫ਼ਰਾਂ ਦੇ ਨਾਂਵਾਂ ਤੋਂ ਛੁਟ ਉਨ੍ਹਾਂ ਦੇ ਕੰਮ-ਧੰਦੇ ਦਾ ਵੀ ਖਾਨਾ ਹੁੰਦਾ ਹੈ ਜੋ ਉਸ ਨੇ ਬੜੇ ਧਿਆਨ ਨਾਲ ਵੇਖੇ। ਫਿਰ ਸਾਰਿਆਂ ਦਾ ਹੁਲੀਆ ਪਰਵਾਨਿਆਂ ਵਿਚ ਲਿਖੇ ਚਿੰਨ੍ਹਾਂ ਨਾਲ ਮਿਲਾਇਆ। ਇਸ ਤੋਂ ਬਾਅਦ ਉਸ ਨੇ ਰੋਹਬ ਨਾਲ ਕਿਹਾ, 'ਠੀਕ ਹੈ'।

ਸਾਰਿਆਂ ਨੂੰ ਭੁੱਖ ਲੱਗੀ ਹੋਈ ਸੀ। ਹੋਟਲ ਦੇ ਬੁਆਏ ਨੂੰ ਰੋਟੀ ਤਿਆਰ ਕਰਨ ਦਾ ਹੁਕਮ ਦਿੱਤਾ ਗਿਆ। ਰੋਟੀ ਤਿਆਰ ਹੋਣ ਵਿਚ ਅੱਧੇ ਘੰਟੇ ਦੀ ਦੇਰ ਸੀ। ਮੁਸਾਫ਼ਰ ਕਮਰਿਆਂ ਦੀ ਦੇਖ ਭਾਲ ਕਰਨ ਲੱਗੇ। ਸਾਰੇ ਕਮਰਿਆਂ ਦੇ ਅੱਗੇ ਲੰਮਾ ਬਰਾਂਡਾ ਸੀ ਜਿਸ ਵਿਚ ਖਲੋਤਿਆਂ ਦੂਰ ਤੀਕ ਬਾਹਰ ਦਾ ਨਜ਼ਾਰਾ ਦਿਸਦਾ ਸੀ।

ਰੋਟੀ ਤਿਆਰ ਹੋ ਗਈ। ਉਹ ਖਾਣੇ ਦੀ ਮੇਜ਼ ਅੱਗੇ ਬੈਠਣ ਹੀ ਲੱਗੇ ਸਨ ਕਿ ਹੋਟਲ ਦਾ ਮਾਲਕ ਉਨ੍ਹਾਂ ਦੇ ਕੋਲ ਆਇਆ। ਉਹ ਉਚਾ ਲੰਮਾ ਸੀ, ਪਰ ਦਮੇ ਦੀ ਬਿਮਾਰੀ ਨੇ ਉਸ ਦਾ ਲੱਕ ਕੁਝ ਕੁੱਬਾ ਕਰ ਦਿੱਤਾ ਹੋਇਆ ਸੀ। ਉਹ ਅਕਸਰ ਖੰਘਦਾ ਤੇ ਥੁੱਕਦਾ ਰਹਿੰਦਾ ਸੀ। ਉਸ ਦਾ ਨਾਂ ਸੀ ਫਲੇਮਬੀ। ਉਸ ਨੇ ਆਉਂਦਿਆਂ ਹੀ ਕਿਹਾ, "ਮਿਸ ਮਾਰਗਰੇਟ!"

ਮਾਰਗਰੇਟ ਤ੍ਰਭਕੀ, ਤੇ ਮੂੰਹ ਭੁਆ ਕੇ ਆਵਾਜ਼ ਦੇਣ ਵਾਲੇ ਵੱਲ ਤੱਕਦੀ ਬੋਲੀ, "ਮੇਰਾ ਨਾਂ ਹੈ। ਕਿਉਂ ਕੀ ਗੱਲ ਹੈ?"

"ਮਿਸ ਸਾਹਿਬਾ! ਜਰਮਨ ਅਫ਼ਸਰ ਨੇ ਹੁਕਮ ਭੇਜਿਆ ਹੈ ਕਿ ਉਹ ਤੁਹਾਨੂੰ ਇਸੇ ਵੇਲੇ ਮਿਲਣਾ ਚਾਹੁੰਦੇ ਨੇ।"

"ਮੈਨੂੰ?" ਮਾਰਗਰੇਟ ਨੇ ਠਠੰਬਰ ਕੇ ਪੁੱਛਿਆ, "ਮੇਰੇ ਨਾਲ ਕੀ ਕੰਮ ਹੋ ਸਕਦਾ ਹੈ ਉਸ ਦਾ?"

ਫਲੇਮਬੀ ਨੇ ਆਪਣੀ ਵਿਹਾਰਕ ਨਿਮਰਤਾ ਨਾਲ ਕਿਹਾ, "ਉਨ੍ਹਾਂ ਹੁਣੇ ਹੀ ਤੁਹਾਨੂੰ ਸੱਦ



*ਗੱਡੀਵਾਨ ਨਾਲ ਜਰਮਨ ਅਫ਼ਸਰ ਵੇਖ ਕੇ ਸਭ ਦੀ ਖਾਨਿਓਂ ਗਈ। ਸਭ ਤੋਂ ਪਹਿਲਾਂ ਦੋਹਾਂ ਬ੍ਰਹਮਚਾਰਨੀਆਂ ਨੇ ਉਸ ਦੀ ਆਗਿਆ ਦਾ ਪਾਲਣ ਕਰ ਕੇ ਇਹ ਸਾਬਤ ਕਰ ਦਿੱਤਾ ਕਿ ਧਾਰਮਿਕ ਰੁਚੀ ਰੱਖਣ ਵਾਲੀਆਂ ਮੁੱਢ ਤੋਂ ਹੀ 'ਸਤ ਬਚਨ' ਦੀਆਂ ਆਦੀ ਹੁੰਦੀਆਂ ਹਨ। ਫਿਰ ਕਾਊਂਟ ਤੇ ਕਾਊਂਟੈਸ, ਫਿਰ ਕੱਪੜੇ ਦਾ ਵਪਾਰੀ ਆਪਣੀ ਪਤਨੀ ਸਮੇਤ, ਤੇ ਉਸ ਪਿੱਛੋਂ ਲੋਸ਼ੀਓ ਆਪ ਤੋਂ ਦੂਣੇ ਕੱਦ ਦੀ ਵਹੁਟੀ ਨੂੰ ਅਗਾਂਹ ਧੱਕਦਾ ਬਾਹਰ ਆਇਆ। ਸਾਰਿਆਂ ਨੇ ਨਿਮਰਤਾ ਨਾਲ ਅਫ਼ਸਰ ਨੂੰ ਸਲਾਮ ਕੀਤੀ, ਪਰ ਉਤਰ ਵਿਚ ਉਸ ਨੇ ਅਫ਼ਸਰੀ ਘੁਮੰਡ ਦੱਸਣ ਲਈ ਬਿਨਾਂ ਸਲਾਮ ਕਿਹਾਂ, ਰੋਹਬ ਭਰੀ ਨਜ਼ਰ ਨਾਲ ਉਨ੍ਹਾਂ ਸਾਰਿਆਂ ਵੱਲ ਤਕ ਛੱਡਿਆ।*

(ਬਾਕੀ ਅਗਲੇ ਸਫੇ 'ਤੇ)

ਘੱਲਿਆ ਹੈ।"

ਮਾਰਗਰੇਟ ਨੇ ਤਮਕ ਕੇ ਉਤਰ ਦਿੱਤਾ, "ਜਾਓ ਕਹਿ ਦਿਓ, ਮੈਂ ਨਹੀਂ ਆ ਸਕਦੀ।"

ਸਾਥੀ ਕੁਝ ਘਬਰਾ ਕੇ ਉਸ ਦੇ ਹੋਰ ਨੇੜੇ ਹੋ ਗਏ। ਅਫ਼ਸਰਾਂ ਦੀ ਹੁਕਮ ਅਦੂਲੀ? ਫਿਰ ਉਨ੍ਹਾਂ ਅਫਸਰਾਂ ਦੀ ਜਿਹੜੇ ਅਜੇ ਨਵੇਂ ਹੀ ਇਸ ਇਲਾਕੇ ਨੂੰ ਜਿੱਤ ਕੇ ਮਾਲਕ ਬਣੇ ਹੋਣ! ਸੱਚਮੁੱਚ ਹੀ ਮਾਰਗਰੇਟ ਦੀ ਇਹ ਦਲੇਰੀ ਖਤਰਨਾਕ ਸੀ। ਕਾਊਂਟ ਉਸ ਦੇ ਕੋਲ ਆਣ ਕੇ ਬੜੀ ਨਰਮੀ ਨਾਲ ਕਹਿਣ ਲੱਗਾ, "ਮਿਸ ਮਾਰਗਰੇਟ! ਇਹ ਤੁਹਾਡੀ ਭੁੱਲ ਹੈ। ਤੁਹਾਡੇ ਇਨਕਾਰ ਕਰਨ ਦਾ ਜਾਣਦੇ ਹੋ ਕੀ ਨਤੀਜਾ ਹੋਵੇਗਾ? ਨਾ ਕੇਵਲ ਤੁਹਾਡੇ ਉਤੇ ਹੀ, ਬਲਕਿ ਤੁਹਾਡੇ ਸਾਥੀਆਂ ਉਤੇ ਵੀ ਕੋਈ ਭਾਰੀ ਬਿਪਤਾ ਪੈ ਸਕਦੀ ਹੈ। ਤੁਸੀਂ ਜਾਣਦੇ ਹੋ ਟੋਭੇ ਵਿਚ ਰਹਿ ਕੇ ਕੱਛੂ ਨਾਲ ਵੈਰ ਵਿਹਾਝਣਾ ਅਕਲਮੰਦੀ ਨਹੀਂ ਕਹੀ ਜਾ ਸਕਦੀ। ਗੱਲ ਕੋਈ ਖਾਸ ਨਹੀਂ ਹੋਣੀ, ਐਵੇਂ ਸਾਧਾਰਨ ਪੁੱਛ-ਗਿੱਛ ਕੀਤੀ ਜਾਏਗੀ। ਸੋ, ਮੇਰੇ ਆਖੇ ਲੱਗੋ ਤੇ ਚੱਲੇ ਜਾਓ ਬੀਬੀ ਰਾਣੀ।"

ਮਾਰਗਰੇਟ ਨੂੰ ਸਮਝਾਇਆ ਗਿਆ। ਲੈਕਚਰ ਦਿੱਤੇ ਗਏ। ਮਿੰਨਤਾਂ ਕੀਤੀਆਂ ਗਈਆਂ, ਤੇ ਉਸ ਨੂੰ ਯਕੀਨ ਦਿਵਾਇਆ ਗਿਆ ਕਿ ਖਤਰੇ ਵਾਲੀ ਉੱਕਾ ਕੋਈ ਗੱਲ ਨਹੀਂ, ਉਹ ਨਿਧੜਕ ਹੋ ਕੇ ਚਲੀ ਜਾਵੇ। ਅਖੀਰ ਮਾਰਗਰੇਟ ਦੁਖੀ ਹੋ ਕੇ ਬੋਲੀ, "ਮੈਂ ਚਲੀ ਜਾਂਦੀ ਹਾਂ, ਪਰ ਚੇਤੇ ਰੱਖਣਾ ਸਿਰਫ਼ ਤੁਸਾਂ ਲੋਕਾਂ ਦੇ ਮਜਬੂਰ ਕਰਨ 'ਤੇ। ਨਹੀਂ ਤਾਂ ਜਰਮਨ ਅਫ਼ਸਰ ਦਾ ਭਾਵੇਂ ਪਿਓ...?" ਤੇ ਕਾਊਂਟ ਨੇ ਝੱਟ-ਪੱਟ ਹੋਰ ਗੱਲਾਂ ਸ਼ੁਰੂ ਕਰ ਕੇ ਉਸ ਦੀ ਗੱਲ ਵਿਚਲੇ ਟੁੱਕ ਦਿੱਤੀ। ਉਸ ਨੂੰ ਖਤਰਾ ਪੈਦਾ ਹੋ ਗਿਆ ਸੀ ਕਿ ਜੋਸ਼ ਵਿਚ ਆਈ ਇਹ ਰੰਡੀ, ਮਤੇ ਅਫ਼ਸਰ ਨੂੰ ਕੋਈ ਗਾਲ੍ਹ-ਮੰਦਾ ਕਰ ਬੈਠੇ ਤੇ ਸਾਰੇ ਹੀ ਆਟੇ ਨਾਲ ਘੁਣ ਵਾਂਗ ਪੀਠੇ ਜਾਈਏ।

ਕਾਊਂਟੈਸ ਬੋਲੀ, "ਮਿਸ ਮਾਰਗਰੇਟ! ਅਸੀਂ ਸਾਰੇ ਇਸ ਉਦਾਰਤਾ ਲਈ ਤੁਹਾਡੇ ਧੰਨਵਾਦੀ ਹਾਂ।"

ਤੇ ਉਹ ਬਿਨਾਂ ਹੋਰ ਕੁਝ ਕਿਹਾਂ, ਭਰੀ-ਪੀਤੀ ਬਾਹਰ ਨਿਕਲ ਗਈ। ਬਾਕੀ ਯਾਤਰੀ ਰੋਟੀ ਖਾਣ ਵਿਚ ਰੁੱਝ ਗਏ, ਪਰ ਅਜੇ ਵੀ ਇਕ ਸ਼ੰਕਾ ਕਰ ਕੇ ਸਾਰਿਆਂ ਦੇ ਮੂੰਹ ਉਡੇ ਹੋਏ ਸਨ। ਉਨ੍ਹਾਂ ਨੂੰ ਡਰ ਸੀ ਕਿ ਅਫ਼ਸਰ ਦੇ ਸਾਹਮਣੇ ਜਾ ਕੇ ਜੇ ਉਹ ਗੁਸਤਾਖ਼ ਕੁੜੀ ਕੁਝ ਅਵਾ-ਤਵਾ ਬੋਲ ਪਈ, ਤਾਂ ਨਾ ਜਾਣੀਏ ਸਾਡੇ ਉਤੇ ਵੀ ਕੀ ਮੁਸੀਬਤ ਆ ਪਵੇ ਤੇ ਇਸ ਚਿੰਤਾ ਕਰ ਕੇ ਕਈਆਂ ਦੀ ਤਾਂ ਭੁੱਖ ਹੀ ਜਾਂਦੀ ਰਹੀ। ਪਰ ਦਸਾਂ-ਪੰਦਰਾਂ ਮਿੰਟ ਬਾਅਦ ਹੀ ਮਾਰਗਰੇਟ ਗੁੱਸੇ ਨਾਲ ਲਾਲੋ-ਲਾਲ ਹੋਈ ਹਫ਼ਦੀ ਤੇ ਗਾਲ੍ਹਾਂ ਕੱਢਦੀ ਹੋਈ ਮੁੜੀ ਆ ਰਹੀ ਸੀ... "ਬਦਮਾਸ਼! ਕੁੱਤਾ! ਨੀਚ।"

ਰੋਟੀ ਖਾਣੀ ਸਭ ਨੂੰ ਭੁੱਲ ਗਈ ਤੇ ਸਾਰੇ ਜਣੇ ਉਸ ਦੁਆਲੇ ਇਕੱਠੇ ਹੋ ਕੇ 'ਕੀ ਗੱਲ ਸੀ, ਮਾਮਲਾ ਕੀ ਹੈ' ਆਦਿ ਸਵਾਲ ਕਰਨ ਲੱਗੇ। ਖਾਸ ਕਰ ਕੇ ਕਾਊਂਟ ਨੇ ਬੜੇ ਪਿਆਰ ਤੇ ਮਿੰਨਤ ਨਾਲ ਉਸ ਪਾਸੋਂ ਪੁੱਛਣ ਦੀ ਵਾਹ ਲਾਈ, ਪਰ ਉਸ ਦੀ ਇਕੋ ਫ਼ਟਕਾਰ ਨਾਲ ਸਾਰੇ ਦਬਕ ਗਏ, "ਤੁਹਾਡਾ ਕੋਈ ਹੱਕ ਨਹੀਂ ਮੈਥੋਂ ਕੁਝ ਪੁੱਛਣ ਦਾ। ਜਾਓ, ਮੈਂ ਤੁਹਾਡੇ ਨਾਲ ਕੋਈ ਗੱਲ ਨਹੀਂ ਕਰਨਾ ਚਾਹੁੰਦੀ... ਤੁਸੀਂ ਸਾਰੇ...।" ਤੇ ਉਹ ਸ਼ਾਇਦ ਇਹ ਸੋਚ ਕੇ ਰੁਕ ਗਈ ਕਿ ਮਤੇ ਕੋਈ ਸਖ਼ਤ ਗੱਲ ਮੂੰਹੋਂ ਨਿਕਲ ਜਾਵੇ।

ਮਾਰਗਰੇਟ ਆਪਣੇ ਖਾਣੇ ਅੱਗੇ ਬੈਠਣ ਦੀ ਥਾਂ ਪਰੇ ਇਕ ਨੁੱਕਰੇ ਮੇਜ਼ ਦੇ ਕੋਨੇ 'ਤੇ ਜਾ ਬੈਠੀ। ਸਾਰੇ ਖਾਣ ਵਿਚ ਰੁੱਝ ਗਏ, ਤੇ ਉਨ੍ਹਾਂ ਨੂੰ ਚੇਤਾ ਹੀ ਭੁਲ ਗਿਆ ਕਿ ਉਨ੍ਹਾਂ ਦੀ ਇਕ ਸਾਥਣ ਜਿਹੜੀ ਆਪਣੀ ਥਾਲੀ ਅੱਗਿਉਂ ਉਠ ਕੇ ਚਲੀ ਗਈ ਸੀ, ਮੁੜ ਉਥੇ ਆ ਕੇ ਨਹੀਂ ਬੈਠੀ। ਸ਼ਾਇਦ ਇਸ ਲਈ ਕਿ ਉਹ ਪਤਿਤ ਕੁੜੀ ਸੀ!

ਘਟਨਾ ਭਾਵੇਂ ਦੁਖਦਾਈ ਤੇ ਰੰਗ ਵਿਚ ਭੰਗ ਪਾਉਣ ਵਾਲੀ ਸੀ, ਫ਼ਿਰ ਵੀ ਖਾਣ ਵਾਲਿਆਂ ਨੂੰ ਅੱਜ ਦੀ ਰੋਟੀ ਦਾ ਬੜਾ ਸੁਆਦ ਆਇਆ। ਸਿਉਂ ਦੀ ਸ਼ਰਾਬ ਬਹੁਤ ਵਧੀਆ ਸੀ, ਤੇ ਅੰਗੂਰਾਂ ਦੀ ਸ਼ਰਾਬ ਉਦੂੰ ਵੀ ਸੁਆਦਲੀ। ਬ੍ਰਹਮਚਾਰਨੀਆਂ ਸਣੇ ਸਭ ਨੇ ਚੰਗੀ ਤਰ੍ਹਾਂ ਡੰਝ ਲਾਹੀ। ਕਾਰਨੂਟੇਡ ਨੇ ਇਹ ਦਰਸਾਉਣ ਲਈ ਬੀਅਰ ਦੀ ਬੋਤਲ ਮੰਗਾਈ ਕਿ ਵਧੀਆ ਸ਼ਰਾਬਾਂ ਉਤੇ ਖਰਚ ਕਰਨਾ ਦੇਸ਼ ਨਾਲ ਹੱਦ ਦਰਜੇ ਦੀ ਗ਼ਦਾਰੀ ਦੇ ਬਰਾਬਰ ਹੈ। ਉਸ ਨੇ ਬੜੇ ਅੰਦਾਜ਼ ਨਾਲ ਬੀਅਰ ਦੀ ਬੋਤਲ ਖੋਲ੍ਹੀ ਜਿਸ ਕਰ ਕੇ ਉਸ ਵਿਚੋਂ ਝੱਗ ਬਾਹਰ ਨਿਕਲ ਆਈ। ਉਹ ਬੋਤਲ ਦੇ ਹੇਠ ਗਲਾਸ ਨੂੰ ਟਿਕਾਈ ਨਜ਼ਰ ਗੱਡ ਕੇ ਉਸ ਵੱਲ ਦੇਖਦਾ ਜਾਂਦਾ ਸੀ। ਫ਼ਿਰ ਗਲਾਸ ਚੁੱਕ ਕੇ ਆਪਣੀਆਂ ਅੱਖਾਂ ਤੇ ਲਾਲਟੈਣ ਦੇ ਸਾਹਮਣੇ ਇਸ ਢੰਗ ਨਾਲ ਰੱਖਦਾ ਸੀ ਜਿਸ ਨਾਲ ਉਹ ਬੀਅਰ ਦੇ ਸ਼ਰਬਤੀ ਰੰਗ ਨੂੰ ਚੰਗੀ ਤਰ੍ਹਾਂ ਦੇਖ ਸਕੇ। ਜਿਸ ਵੇਲੇ ਉਹ ਘੁੱਟ ਭਰਨ ਲਗਦਾ, ਉਸ ਦੀ ਲੰਮੀ ਦਾੜ੍ਹੀ ਹਿਲੋਰੇ ਲੈਂਦੀ ਜਾਪਦੀ। ਉਸ ਦੀ ਨੀਝ ਨੂੰ ਵੇਖ ਕੇ ਸਾਰੇ ਸਾਥੀ ਇਹੋ ਖਿਆਲ ਕਰਦੇ ਸਨ ਕਿ ਸ਼ਾਇਦ ਉਹ ਇਸ ਵੇਲੇ ਕਿਸੇ ਡੂੰਘੇ ਰਾਜਨੀਤਕ ਮਾਮਲੇ ਬਾਰੇ ਸੋਚ ਰਿਹਾ ਹੈ।

ਤਿੰਨੇ ਸ੍ਰੀਮਾਨ ਤੇ ਸ੍ਰੀਮਤੀਆਂ ਨਾਲੋ-ਨਾਲ ਬੈਠੇ ਖਾਣਾ ਖਾ ਰਹੇ ਸਨ। ਕਾਊਂਟ ਸਾਹਿਬ ਮੋਟਰ ਦੇ ਵਿਗੜੇ ਹੋਏ ਇੰਜਣ ਵਾਂਗ ਜ਼ੋਰ-ਜ਼ੋਰ ਦੀ, ਪਰ ਰੁਕ ਕੇ ਸਾਹ ਲੈ ਰਹੇ ਸਨ। ਖਾਣਾ ਖਾਣ ਸਮੇਂ ਉਹ ਬੋਲ ਨਹੀਂ ਸੀ ਸਕਦਾ, ਪਰ ਉਸ ਦੀ ਕਾਊਂਟੈਸ ਬਰਾਬਰ ਕੁੜ-ਕੁੜ ਕਰੀ ਜਾਂਦੀ ਸੀ। ਉਹ ਬੜੀ ਸ਼ੇਖੀ ਨਾਲ ਜਰਮਨਾਂ ਦੀ ਨਿੰਦਿਆ ਕਰ ਰਹੀ ਸੀ, ਪਰ ਨਾਲ ਹੀ ਕਨੱਖੀਆਂ ਨਾਲ ਇਧਰ-ਉਧਰ ਤੱਕ ਲੈਂਦੀ ਸੀ ਕਿ ਕੋਈ ਸੁਣ ਤਾਂ ਨਹੀਂ ਰਿਹਾ। ਸਭ ਤੋਂ ਬਹੁਤੀ ਸ਼ਿਕਾਇਤ ਉਹ ਇਸ ਗੱਲ ਦੀ ਕਰ ਰਹੀ ਕਿ ਦੁਸ਼ਟ ਜਰਮਨਾਂ ਦੇ ਆਉਣ ਕਰ ਕੇ ਉਸ ਦੀ ਕਿੰਨੀ ਜਾਇਦਾਦ ਨਸ਼ਟ ਹੋ ਗਈ, ਤੇ ਉਸ ਦਾ ਪਤੀ ਘੜੀ-ਮੁੜੀ ਉਸ ਦਾ ਹੱਥ ਘੁੱਟਦਾ ਕਹਿੰਦਾ, "ਚੁੱਪ ਵੀ ਕਰੋ। ਕੰਧਾਂ ਨੂੰ ਵੀ ਕੰਨ ਹੁੰਦੇ ਨੇ।"

ਪਤੀ ਦੇ ਰੋਕਣ 'ਤੇ ਉਹ ਰਤਾ ਕੁ ਰੁਕੀ ਹੀ ਸੀ ਕਿ ਮਿੱਲ ਮਾਲਕ ਦੀ ਪਤਨੀ ਬੋਲੀ ਉਠੀ- "ਬੇਸ਼ੱਕ ਭੈਣ ਜੀ, ਇਹ ਜਰਮਨ ਸਿਪਾਹੀ ਛੁੱਟ ਆਲੂ ਤੇ ਮਾਸ ਖਾਣ ਤੋਂ ਹੋਰ ਕੁਝ ਕੰਮ ਨਹੀਂ ਕਰਦੇ। ਤੁਸੀਂ ਕਦੀ ਵੀ ਖਿਆਲ ਨਾ ਕਰੋ ਕਿ, ਜਿਵੇਂ ਇਹ ਉਤੋਂ ਸਾਫ਼-ਸੁਥਰੇ ਰਹਿੰਦੇ ਨੇ, ਦਿਲਾਂ ਦੇ ਵੀ ਇਸੇ ਤਰ੍ਹਾਂ ਸਾਫ਼ ਹੋਣਗੇ। ਬੜੇ ਚਲਾਕ, ਧੋਖੇਬਾਜ਼ ਤੇ ਪਖੰਡੀ ਨੇ ਇਹ ਲੋਕ। ਗਰੀਬ ਫ਼ਰਾਂਸੀਸੀਆਂ ਨੂੰ ਇਨ੍ਹਾਂ ਦੀ ਚਾਕਰੀ ਇਸ ਕਰ ਕੇ ਕਰਨੀ ਪੈ ਰਹੀ ਹੈ ਕਿ ਇਹ ਲੋਕ ਬੇ-ਰਹਿਮ ਨੇ। ਇਸ ਵਿਚ ਸ਼ੱਕ ਨਹੀਂ ਕਿ ਮੈਂ ਬਹੁਤਾ ਪੜ੍ਹੀ-ਲਿਖੀ ਹੋਈ ਨਹੀਂ ਹਾਂ, ਪਰ ਜਦੋਂ ਮੈਂ ਉਨ੍ਹਾਂ ਨੂੰ ਸਵੇਰ ਤੋਂ ਸ਼ਾਮ ਤੱਕ ਪਰੇਡ ਕਰਦਿਆਂ ਤੇ ਥੱਕਦਿਆਂ ਵੇਖਦੀ ਹਾਂ, ਤਾਂ ਮੈਂ ਸੋਚਦੀ ਹਾਂ... ਜਦ ਹੋਰ ਲੋਕੀ ਨਵੀਆਂ-ਨਵੀਆਂ ਖੋਜਾਂ ਰਾਹੀਂ ਸਮਾਜ ਦੀ ਭਲਾਈ ਕਰਦੇ ਨੇ, ਤਦ ਇਹ ਲੋਕ ਕਿਉਂ ਦੂਜਿਆਂ ਦਾ ਨੁਕਸਾਨ ਕਰਨ ਵਿਚ ਜੁਟੇ ਹੋਏ ਨੇ। ਕੀ ਮਨੁੱਖੀ ਲਹੂ ਵਹਾਉਣਾ ਪਾਪ ਨਹੀਂ? ਪਰ ਭੈਣ, ਕੀ ਅਸੀਂ ਵੀ ਉਨ੍ਹਾਂ ਦੇ ਲਹੂ ਨਾਲ ਹੱਥ ਰੰਗੀਏ? ਇਹ ਭਲਾ ਕਿਧਰ ਦੀ ਅਕਲਮੰਦੀ ਹੈ। ਜੇ ਉਹ ਜ਼ੁਲਮ ਕਰਦੇ ਨੇ, ਤਾਂ ਆਪੇ ਰੱਬ ਤੇ ਈਸਾ ਮਸੀਹ ਉਨ੍ਹਾਂ ਨੂੰ ਸਜ਼ਾ ਦੇਣਗੇ। ਭਲਾ ਅਸੀਂ ਉਨ੍ਹਾਂ ਦੀ ਹੱਤਿਆ ਕਰ ਕੇ ਕਿਉਂ ਮੁਫ਼ਤ ਵਿਚ ਪਾਪੀ ਬਣੀਏ।"

ਕਾਰਨੂਟੇਡ ਨੇ ਦਾੜ੍ਹੀ ਹਿਲਾਉਂਦਿਆਂ ਤੇਜ਼ ਆਵਾਜ਼ ਵਿਚ ਕਿਹਾ, "ਜਿਸ ਵੇਲੇ ਅਸੀਂ ਕਿਸੇ ਗੁਆਂਢੀ ਉਤੇ ਹਮਲਾ ਕਰਦੇ ਹਾਂ ਤਾਂ ਪਸ਼ੂਪਣਾ ਹੁੰਦਾ ਹੈ, ਪਰ ਜੇ ਆਪਣੇ ਦੇਸ਼ ਦੀ ਰੱਖਿਆ ਲਈ ਲੜਾਈ ਕਰਨੀ ਪਵੇ ਤਾਂ ਇਹ ਸਾਡਾ ਪਵਿੱਤਰ ਫ਼ਰਜ਼ ਬਣ ਜਾਂਦਾ ਹੈ।"

ਵਪਾਰੀ ਦੀ ਪਤਨੀ ਨੀਵੀਂ ਪਾ ਕੇ ਬੋਲੀ, "ਤੁਹਾਡਾ ਖਿਆਲ ਠੀਕ ਹੈ, ਪਰ ਕੀ ਸਾਰੇ ਰਾਜਿਆਂ ਨੂੰ ਮਾਰ ਸੁੱਟਣਾ ਹੀ ਠੀਕ ਹੈ?"

ਕਾਰਨੂਟੇਡ ਬੋਲਿਆ, "ਹਾਂ। ਕਿਉਂਕਿ ਉਹ ਲੋਕ ਆਪਣੇ ਲਾਭ ਲਈ ਹੀ ਲੜਾਈ ਛੇੜਦੇ ਨੇ।"

ਲੋਸ਼ੀਓ ਨੂੰ ਸ਼ਾਇਦ ਇਸ ਬੇਸਿਰ-ਪੈਰ ਵਾਰਤਾਲਾਪ ਵਿਚੋਂ ਕੋਈ ਸੁਆਦ ਨਹੀਂ ਸੀ ਆ ਰਿਹਾ। ਉਹ ਉਠ ਕੇ ਹੋਟਲ ਦੇ ਮਾਲਕ ਕੋਲ ਚਲਾ ਗਿਆ, ਤੇ ਉਸ ਨਾਲ ਹੌਲੀ-ਹੌਲੀ ਗੱਲਾਂ ਕਰਨ ਲੱਗਾ। ਹੋਟਲ ਵਾਲਾ ਵੀ ਖੰਘਦਾ ਤੇ ਥੁੱਕਦਾ ਉਸ ਦੀਆਂ ਗੱਲਾਂ ਦਾ ਉਤਰ ਦਈ ਜਾਂਦਾ। ਇਸ ਵਾਰਤਾਲਾਪ ਦਾ ਅੰਤ ਦੋਹਾਂ ਲਈ ਬੜੇ ਸੁਖਦਾਈ ਰੂਪ ਵਿਚ ਹੋਇਆ, ਕਿਉਂਕਿ ਹੋਟਲ ਵਾਲੇ ਨੇ ਲੋਸ਼ੀਓ ਨਾਲ ਵੀਹ ਪੀਪੇ ਬੀਅਰ ਦਾ ਸੌਦਾ ਕਰ ਕੇ ਬਿਆਨੇ ਦੇ ਤੌਰ 'ਤੇ ਕੁਝ ਰਕਮ ਵੀ ਉਸ ਨੂੰ ਫੜਾ ਦਿੱਤੀ ਸੀ।

ਰੋਟੀ ਤੋਂ ਵਿਹਲੇ ਹੋ ਕੇ ਉਹ ਸੌਣ ਦੀ ਤਿਆਰੀ ਕਰਨ ਲੱਗੇ। ਮਾਰਗਰੇਟ ਕਦੋਂ ਆਪਣੇ ਕਮਰੇ ਵਿਚ ਚਲੀ ਗਈ, ਕਿਸੇ ਨੂੰ ਪਤਾ ਨਹੀਂ ਸੀ। ਨਾ ਹੀ ਕਿਸੇ ਨੂੰ ਉਸ ਦੇ ਭੁੱਖੀ ਰਹਿਣ ਦੀ ਚਿੰਤਾ ਸੀ।

ਪਰ ਲੋਸ਼ੀਓ ਚੁੱਪ-ਚਾਪ ਵਰਾਂਡੇ ਵਿਚ ਫ਼ਿਰਦਾ ਰਿਹਾ, ਤੇ ਵਹੁਟੀ ਨੂੰ ਉਸ ਨੇ ਸੌਣ-ਕਮਰੇ ਵਿਚ ਭੇਜ ਦਿੱਤਾ ਸੀ। ਇਹ ਐਵੇਂ ਬੇਮਤਲਬ ਹੀ ਨਹੀਂ ਸੀ ਫਿਰ ਰਿਹਾ, ਸਗੋਂ ਦੱਬਵੇਂ ਪੈਰੀਂ ਉਸ ਵੇਸਵਾ ਦਾ ਕਮਰਾ ਢੂੰਡਦਾ ਫ਼ਿਰਦਾ ਸੀ। ਬਿੜਕ ਲੈਂਦਿਆਂ-ਲੈਂਦਿਆਂ ਅਖੀਰ ਉਹ ਉਸ ਦੇ ਕਮਰੇ ਤੀਕ ਜਾ ਪਹੁੰਚਿਆ। ਕਮਰੇ ਅੰਦਰ ਉਸ ਨੂੰ ਉਹੀ ਮਾਰਗਰੇਟ ਦਿਖਾਈ ਦਿੱਤੀ। ਉਸ ਨੇ ਕਸ਼ਮੀਰੇ ਦਾ ਨੀਲਾ ਗਾਊਨ ਪਹਿਨਿਆ ਹੋਇਆ ਸੀ ਜਿਸ ਕਰ ਕੇ ਉਸ ਦਾ ਸਰੀਰ ਹੋਰ ਵੀ ਗੋਲ-ਮਟੋਲ ਜਾਪਣ ਲੱਗ ਪਿਆ ਸੀ। ਥੋੜ੍ਹੀ ਦੇਰ ਬਾਅਦ ਬੂਹਾ ਖੁੱਲ੍ਹਦਾ ਵੇਖ ਲੋਸ਼ੀਓ ਪਿਛਾਂਹ ਹਟ ਕੇ ਹਨੇਰੀ ਨੁੱਕਰ ਵੱਲ ਹੋ ਗਿਆ। ਉਸ ਨੇ ਵੇਖਿਆ, ਮਾਰਗਰੇਟ ਦੇ ਹੱਥ ਵਿਚ ਮੋਮਬੱਤੀ ਸੀ ਤੇ ਬਰਾਂਡੇ ਦੀ ਕੰਧ ਨਾਲ ਤੁਰਦੀ ਹੋਈ ਉਹ ਲਾਗਲੇ ਕਮਰੇ ਵਿਚ ਜਾ ਵੜੀ।

ਥੋੜ੍ਹੇ ਚਿਰ ਬਾਅਦ ਜਦ ਉਹ ਬਾਹਰ ਨਿਕਲ ਕੇ ਆਪਣੇ ਕਮਰੇ ਵੱਲ ਆਉਣ ਲੱਗੀ ਤਾਂ ਉਸ ਦਾ ਮੇਲ ਇਕ ਹੋਰ ਆਦਮੀ ਨਾਲ ਹੋਇਆ। ਇਹ ਸੀ ਕਾਰਨੂਟੇਡ ਜਿਹੜਾ ਉਸ ਦੇ ਨਾਲ ਹੀ ਉਸ ਦੇ ਕਮਰੇ ਤੀਕ ਚਲਾ ਗਿਆ। ਇਸ ਤਰ੍ਹਾਂ ਜਾਪਦਾ ਸੀ ਜਿਵੇਂ ਮਾਰਗਰੇਟ ਉਸ ਨੂੰ ਆਪਣੇ ਕਮਰੇ ਵਿਚ ਦਾਖ਼ਲ ਨਹੀਂ ਸੀ ਹੋਣ ਦੇਣਾ ਚਾਹੁੰਦੀ।

ਇਸ ਤੋਂ ਪਹਿਲਾਂ ਇਨ੍ਹਾਂ ਦੋਹਾਂ ਵਿਚਕਾਰ ਗੱਲਾਂ ਹੋ ਚੁੱਕੀਆਂ ਸਨ, ਪਰ ਲੋਸ਼ੀਓ ਸੁਣ ਨਹੀਂ ਸੀ ਸਕਿਆ। ਉਂਜ ਉਨ੍ਹਾਂ ਦੀਆਂ ਛੇਕੜਲੀਆਂ ਕੁਝ ਗੱਲਾਂ ਉਸ ਨੂੰ ਸਾਫ਼ ਸੁਣਾਈ ਦਿੱਤੀਆਂ। ਕਾਰਨੂਟੇਡ ਉਸ ਨੂੰ ਕਹਿ ਰਿਹਾ ਸੀ, "ਤੂੰ ਕਿੰਨੀ ਬੇਵਕੂਫ਼ ਏਂ। ਭਲਾ ਇਕ ਬਾਜ਼ਾਰੀ ਤੀਵੀਂ ਨੂੰ ਇਸ ਵਿਚ ਕੀ ਇਤਰਾਜ਼ ਹੋ ਸਕਦਾ ਹੈ।"

ਇਸ ਦੇ ਉਤਰ ਵਿਚ ਮਾਰਗਰੇਟ ਗੁੱਸੇ ਨਾਲ ਕਹਿ ਰਹੀ ਸੀ, "ਨਹੀਂ ਨਹੀਂ ਭਲੇ ਆਦਮੀ! ਕੋਈ-ਕੋਈ ਵੇਲਾ ਐਸਾ ਵੀ ਹੁੰਦਾ ਹੈ, ਜਦ ਬਾਜ਼ਾਰੀ ਤੀਵੀਆਂ ਵਿਚ ਵੀ ਇਸਤਰੀ ਅਣਖ ਜਾਗ ਉਠਦੀ ਹੈ। ਨਾਲੇ ਤੈਨੂੰ ਖੁਦ ਸ਼ਰਮ ਆਉਣੀ ਚਾਹੀਦੀ ਹੈ। ਇਸ ਥਾਂ ਤਾਂ ਉਂਜ ਹੀ ਇਹੋ ਜਿਹੀ ਹਰਕਤ...।"

"ਕਿਉਂ?" ਕਾਰਨੂਟੇਡ ਨੇ ਸ਼ਾਇਦ ਉਸ ਦਾ ਮਤਲਬ ਨਾ ਸਮਝ ਕੇ ਪੁੱਛਿਆ, "ਇਸ ਥਾਂ ਕੀ ਹਰਜ ਐ?"

ਇਸ 'ਤੇ ਮਾਰਗਰੇਟ ਗੁੱਸੇ ਨਾਲ ਬੇਕਾਬੂ ਹੋ ਕੇ ਬੋਲੀ, "ਇਸ ਦਾ ਕਾਰਨ ਤੂੰ ਸਮਝ ਨਾ ਸਮਝ? ਜਾਣਦਾ ਨਹੀਂ ਕਿ ਇਸ ਮਕਾਨ ਵਿਚ ਜਰਮਨ ਮੌਜੂਦ ਨੇ? ਤੇ ਉਹ ਵੀ ਦੂਰ ਨਹੀਂ... ਸ਼ਾਇਦ ਨਾਲ ਦੇ ਇਨ੍ਹਾਂ ਕਮਰਿਆਂ ਵਿਚ ਹੀ।"

ਉਹ ਫਿਰ ਨਹੀਂ ਬੋਲਿਆ। ਇਸ ਪਤਿਤ ਕੁੜੀ ਦੀ ਦੇਸ਼ ਭਗਤੀ ਭਰਪੂਰ ਸ਼ਰਮ, ਜਿਹੜੀ ਉਸ ਨੂੰ ਦੁਸ਼ਮਣ ਦੀ ਮੌਜੂਦਗੀ ਵਿਚ ਆਪਣਾ ਪੇਸ਼ਾ ਕਰਨੋਂ ਵੀ ਰੋਕ ਰਹੀ ਸੀ, ਨੇ ਕਾਰਨੂਟੇਡ ਨੂੰ ਬੇਵਸ ਕਰ ਦਿੱਤਾ, ਤੇ ਉਹ ਕੇਵਲ ਇਕ ਵਾਰੀ ਉਸ ਦਾ ਮੂੰਹ ਚੁੰਮ ਕੇ ਆਪਣੇ ਕਮਰੇ ਵਿਚ ਮੁੜ ਗਿਆ। ਲੋਸ਼ੀਓ ਦਾ ਦਿਮਾਗ਼ ਵੀ ਸ਼ਾਂਤ ਹੋ ਗਿਆ। ਨਾਲ ਹੀ ਉਸ ਦੇ ਸੀਨੇ ਵਿਚ ਬਲ ਰਹੀਆਂ ਇਸ ਵਿਕਾਰ ਦੀਆਂ ਲਾਟਾਂ ਵੀ ਆਪਣੇ-ਆਪ ਬੁਝਣੀਆਂ ਸ਼ੁਰੂ ਹੋ ਗਈਆਂ। ਉਸ ਦੇ ਕਦਮ ਅਗਾਂਹ ਵਧਣ ਦੀ ਥਾਂ ਆਪਣੇ ਆਪ ਪਿਛਾਂਹ ਹਟਣੇ ਸ਼ੁਰੂ ਹੋ ਗਏ। ਇਸ ਤੋਂ ਬਾਅਦ ਉਹ ਆਪਣੇ ਕਮਰੇ ਵੱਲ ਮੁੜ ਆਇਆ, ਤੇ ਬਿਨਾਂ ਖੜਾਕ ਕੀਤਿਆਂ ਬੂਹਾ ਖੋਲ੍ਹ ਕੇ ਅੰਦਰ ਸੁੱਤੀ ਹੋਈ ਆਪਣੀ ਵਹੁਟੀ ਦੇ ਪਾਸੇ ਨਾਲ ਲੰਮਾ ਪੈ ਗਿਆ।

***(ਚਲਦਾ)***

# ਕੁਝ ਪੰਜਾਬੀ ਮਹਾਰਥੀਆਂ ਦੀ ਬਸੰਤੀ ਸਾਂਝ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਦੋ ਫਰਵਰੀ ਮੇਰੇ ਮਿੱਤਰ ਖੁਸ਼ਵੰਤ ਸਿੰਘ ਦਾ ਜਨਮ ਦਿਨ ਸੀ। ਉਸ ਦੇ 100ਵੇਂ ਵਰ੍ਹੇ ਵਿਚ ਪ੍ਰਵੇਸ਼ ਕਰਨ ਦਾ ਦਿਨ। ਪੰਜਾਬ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਨੇ ਉਸ ਦੀ ਸਾਹਿਤ, ਇਤਿਹਾਸ




***ਖੁਸ਼ਵੰਤ ਸਿੰਘ***

ਤੇ ਪੱਤਰਕਾਰੀ ਨੂੰ ਦੇਣ ਬਾਰੇ ਪੰਜ ਫਰਵਰੀ ਨੂੰ ਇਕ ਵਧੀਆ ਸੈਮੀਨਾਰ ਰਚਾਇਆ। ਉਥੇ ਉਪ ਕੁਲਪਤੀ ਏ. ਕੇ. ਗਰੋਵਰ ਤੋਂ ਬਿਨਾਂ ਇਤਿਹਾਸਕਾਰ ਡਾ. ਇੰਦੂ ਬੰਗਾ ਤੇ ਖੁਸ਼ਵੰਤ ਸਿੰਘ ਦਾ ਬੇਟਾ ਰਾਹੁਲ ਸਿੰਘ ਵੀ ਖੁੱਲ੍ਹ ਕੇ ਬੋਲੇ। ਡਾ. ਬੰਗਾ ਨੇ ਉਸ ਦੀ ਇਤਿਹਾਸਕਾਰੀ ਨੂੰ ਰਚਨਾਤਮਕ ਗਰਦਾਨਿਆਂ ਤੱਥਾਂ ਵਜੋਂ ਊਣੀ ਕਿਹਾ। ਰਾਹੁਲ ਨੇ ਆਪਣੇ ਪਿਤਾ ਨੂੰ ਦਿਲ ਦਾ ਬਾਦਸ਼ਾਹ ਦੱਸਿਆ ਜਿਹੜਾ ਸਦਾ ਆਪਣੇ ਦਿਲ ਦੀ ਗੱਲ ਕਰਦਾ ਹੈ ਤੇ ਇਸ ਤਰ੍ਹਾਂ ਕਈ ਵਾਰੀ ਬਹੁਤ ਚੰਗੇ ਮਿੱਤਰਾਂ ਨਾਲ ਵੀ ਵਿਗਾੜ ਲੈਂਦਾ ਹੈ। ਤੱਥਾਂ ਦੀ ਬਹੁਤੀ ਪ੍ਰਵਾਹ ਨਹੀਂ ਕਰਦਾ। ਖੁਸ਼ਵੰਤ ਸਿੰਘ ਨੇ ਆਪਣੇ ਲਿਖਤੀ ਸੰਦੇਸ਼ ਵਿਚ ਆਉਣ ਵਾਲੇ ਸਮੇਂ ਨੂੰ ਨੌਜਵਾਨਾਂ ਦਾ ਯੁੱਗ ਕਿਹਾ। ਉਸ ਨੇ ਚੰਗੇਰੀ ਵਿਦਿਆ ਅਤੇ ਧੀਆਂ ਦੀ ਬਿਹਤਰੀ ਉਤੇ ਵੀ ਪੂਰਾ ਜ਼ੋਰ ਦਿੱਤਾ।

ਡਾ. ਮਹਿੰਦਰ ਸਿੰਘ ਰੰਧਾਵਾ ਦਾ ਜਨਮ ਦਿਨ ਵੀ ਦੋ ਫਰਵਰੀ ਹੈ। ਇਸ ਪ੍ਰਸੰਗ ਵਿਚ ਪੰਜਾਬ ਕਲਾ ਪ੍ਰੀਸ਼ਦ ਨੇ ਪੂਰਾ ਇਕ ਮਹੀਨਾ ਰੰਧਾਵਾ ਦੀ ਸ਼ਖਸੀਅਤ ਤੇ ਦੇਣ ਦੇ ਵਖ ਵਖ ਰੂਪਾਂ ਨੂੰ ਕਲਾ, ਸਾਹਿਤ, ਸੰਗੀਤ ਤੇ ਸਭਿਆਚਾਰ ਵਿਚ ਢਾਲ ਕੇ ਪੇਸ਼ ਕਰਨ ਦਾ ਐਲਾਨ ਕੀਤਾ। ਪਹਿਲੇ ਦਿਨ ਯਾਦਗਾਰੀ ਭਾਸ਼ਨ ਤੋਂ ਬਿਨਾਂ ਉਨ੍ਹਾਂ ਦੇ ਜੀਵਨ ਬਾਰੇ ਡਾਕੂਮੈਂਟਰੀ ਫਿਲਮ ਵੀ ਦਿਖਾਈ ਗਈ ਜਿੱਥੇ ਉਨ੍ਹਾਂ ਦੀ ਪਤਨੀ ਇਕਬਾਲ ਕੌਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਪੰਜਾਬ ਸਰਕਾਰ ਦੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਸਰਵਣ ਸਿੰਘ ਫਲੌਰ ਨੇ ਵਿਸ਼ੇਸ਼ ਮਹਿਮਾਨ ਹੋਣ ਤੋਂ ਬਿਨਾ ਪ੍ਰੇਮ ਸਿੰਘ ਆਰਟਿਸਟ ਵਰਗੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ।

ਮੇਰੇ ਲਈ ਦੋਨੋਂ ਸਮਾਗਮ ਅਹਿਮ ਸਨ। ਮੈਂ ਖੁਸ਼ਵੰਤ ਸਿੰਘ ਨੂੰ 1957 ਤੋਂ ਮਿਲਦਾ ਆ ਰਿਹਾ ਹਾਂ ਅਤੇ ਪੂਰੇ ਤਿੰਨ ਦਹਾਕੇ ਰੰਧਾਵਾ ਸਾਹਿਬ ਦੀ ਸੰਗਤ ਵਿਚ ਕੰਮ ਕੀਤਾ ਹੈ। ਮੈਂ ਦੋਨਾਂ ਦੀ ਬਹੁ ਪੱਖੀ ਸ਼ਖਸੀਅਤ ਤੋਂ ਕੇਵਲ ਜਾਣੂ ਹੀ ਨਹੀਂ, ਉਨ੍ਹਾਂ ਦਾ ਦੇਣਦਾਰ ਵੀ ਹਾਂ। ਜੇ ਖੁਸ਼ਵੰਤ ਸਿੰਘ ਕਲਮ ਦਾ ਬਾਦਸ਼ਾਹ ਹੈ ਤਾਂ ਰੰਧਾਵਾ ਪੰਜਾਬ ਦੇ ਸਭਿਆਚਾਰਕ ਵਿਕਾਸ ਦਾ। ਖੁਸ਼ਵੰਤ ਸਿੰਘ ਕਹਾਣੀ, ਨਾਵਲ, ਇਤਿਹਾਸ ਕੁਝ ਵੀ ਲਿਖੇ ਉਸ ਦੀ ਰਚਨਾਕਾਰੀ ਸਮਾਂ ਬੰਨ੍ਹ ਦਿੰਦੀ ਹੈ। ਉਸ ਦਾ ਨਾਵਲ 'ਪਾਕਿਸਤਾਨ ਮੇਲ' ਫਿਲਮਾਇਆ ਜਾ ਚੁੱਕਾ ਹੈ ਤੇ ਉਸ ਦੀ ਸੰਪਾਦਕੀ ਥੱਲੇ ਇਲਸਟ੍ਰੇਡ ਵੀਕਲੀ ਆਫ ਇੰਡੀਆ ਦੇ ਪਾਠਕਾਂ ਦੀ ਗਿਣਤੀ ਹਜ਼ਾਰਾਂ ਦੀ ਥਾਂ ਲੱਖਾਂ ਤਕ ਪਹੁੰਚ ਗਈ ਸੀ। ਕਲ ਤੱਕ ਉਸ ਦੇ ਕਾਲਮ ਦੇਸ਼ ਵਿਦੇਸ਼ ਦੇ ਪੰਜ ਦਰਜਨ ਪੱਤਰਾਂ ਵਿਚ ਛਪਦੇ ਰਹੇ ਹਨ। ਮਹਿੰਦਰ ਸਿੰਘ ਰੰਧਾਵਾ ਵੀ ਸਾਹਿਤ, ਕਲਾ ਤੇ ਸਭਿਆਚਾਰ ਨੂੰ ਦੇਣ ਬਾਰੇ ਪੁਸਤਕਾਂ ਲਿਖੀਆਂ ਜਾ ਸਕਦੀਆਂ ਹਨ



***ਡਾ. ਮਹਿੰਦਰ ਸਿੰਘ ਰੰਧਾਵਾ***

ਤੇ ਲਿਖੀਆਂ ਜਾ ਰਹੀਆਂ ਹਨ। ਟ੍ਰਿਬਿਊਨ ਸੰਸਥਾ ਦਾ ਟਰਸਟੀ ਬਣਦਿਆਂ ਇਸ ਦੇ ਹਿੰਦੀ ਤੇ ਪੰਜਾਬੀ ਐਡੀਸ਼ਨ ਸ਼ੁਰੂ ਕਰਵਾਉਣ ਵਾਲਾ ਵੀ ਉਹੀਓ ਸੀ।

ਟ੍ਰਿਬਿਊਨ ਦਾ ਜਨਮ ਦਿਨ ਵੀ ਦੋ ਫਰਵਰੀ ਹੀ ਹੈ। ਇਹ ਦਿਆਲ ਸਿੰਘ ਮਜੀਠੀਆ ਦੀ ਦ੍ਰਿਸ਼ਟੀ ਸਦਕਾ 133 ਸਾਲ ਪਹਿਲਾਂ ਇਸ ਦਿਨ ਲਾਹੌਰ ਤੋਂ ਸ਼ੁਰੂ ਹੋਇਆ ਸੀ, ਅੰਗਰੇਜ਼ੀ ਭਾਸ਼ਾ ਵਿਚ। 1947 ਤੱਕ ਇਹ ਅਟੁੱਟ ਪੰਜਾਬ ਦੀ ਰਾਜਧਾਨੀ ਲਾਹੌਰ ਤੋਂ ਨਿਕਲਦਾ ਰਿਹਾ ਤੇ ਉਸ ਤੋਂ ਪਿੱਛੋਂ ਸ਼ਿਮਲਾ ਤੇ ਅੰਬਾਲਾ ਰਾਹੀਂ ਚੰਡੀਗੜ੍ਹ ਆ ਟਿਕਿਆ। ਦੇਸ਼ ਦੇ ਇਧਰਲੇ ਪਾਸੇ ਦੇ ਖੇਤਰ ਵਿਚ ਇਹਦੇ ਵਰਗਾ ਪ੍ਰਭਾਵ ਹੋਰ ਕੋਈ ਅਖਬਾਰ ਨਹੀਂ ਪਾ ਸਕਿਆ। ਸ. ਦਿਆਲ ਸਿੰਘ ਮਜੀਠੀਆ ਨੇ ਇਸ ਅਖਬਾਰ ਤੋਂ ਬਿਨਾ ਆਪਣੇ ਨਾਂ ਦਾ ਇਕ ਕਾਲਜ ਤੇ ਇਕ ਲਾਇਬ੍ਰੇਰੀ ਵੀ ਸਥਾਪਤ ਕੀਤੀ। ਇਨ੍ਹਾਂ ਦਾ ਸਥਾਨ ਵੀ ਉਤਮ ਹੈ। ਮਜੀਠੀਆ ਨੇ ਕੇਵਲ 50 ਸਾਲ ਦੀ ਉਮਰ ਭੋਗੀ। ਟ੍ਰਿਬਿਊਨ ਦੀ ਸਥਾਪਨਾ ਕਰਨ ਸਮੇਂ ਉਹ ਕੇਵਲ 33 ਸਾਲ ਦਾ ਸੀ।

ਇਸ ਸਾਲ ਦੋ ਫਰਵਰੀ ਤੋਂ ਦੋ ਦਿਨ ਪਿੱਛੋਂ ਬਸੰਤ ਪੰਚਮੀ ਸੀ ਜਿਸ ਨੇ ਅਟੁੱਟ ਪੰਜਾਬ ਦਾ ਅਤਿਅੰਤ ਮਹਾਨ ਇਕ ਹੋਰ ਪੰਜਾਬੀ ਚੇਤੇ ਕਰਵਾ ਦਿੱਤਾ ਹੈ। ਰੋਹਤਕ ਜ਼ਿਲ੍ਹੇ ਦੇ ਗੜ੍ਹੀ ਸਾਂਪਲਾ ਪਿੰਡ ਵਿਚ ਜਨਮਿਆ ਸਰ ਛੋਟੂ ਰਾਮ। ਉਸ ਨੇ ਉਰਦੂ ਵਿਚ ਲਿਖੇ ਆਪਣੇ ਲੇਖਾਂ ਤੇ ਯੂਨੀਅਨ ਮਨਿਸਟਰੀ ਤੋਂ 1936 ਤੇ 1943 ਵਿਚਕਾਰ ਪਾਸ ਕਰਵਾਏ ਕਿਰਸਾਣ ਪੱਖੀ ਕਾਨੂੰਨਾਂ ਨਾਲ ਛੋਟੇ ਵੱਡੇ ਜ਼ਿਮੀਦਾਰਾਂ ਦਾ ਉਹ ਕਲਿਆਣ ਕੀਤਾ ਕਿ ਉਹ ਅਟੁੱਟ ਪੰਜਾਬ ਦੇ ਕਿਰਸਾਨਾਂ ਦਾ ਮਸੀਹਾ ਮੰਨਿਆ ਜਾਂਦਾ ਹੈ। ਉਸ ਪੰਜਾਬ ਦਾ ਜਿਸ ਵਿਚ ਪਾਕਿਸਤਾਨੀ ਪੰਜਾਬ ਹੀ ਨਹੀਂ ਇਧਰਲਾ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੀ ਸ਼ਾਮਲ ਸੀ। 24 ਨਵੰਬਰ 1881 ਨੂੰ ਜੰਮਿਆ ਇਹ ਪੰਜਾਬੀ ਆਪਣਾ ਜਨਮ ਦਿਨ ਬਸੰਤ ਪੰਚਮੀ ਵਾਲੇ ਦਿਨ ਮਨਾਉਂਦਾ ਹੁੰਦਾ ਸੀ। ਮੈਨੂੰ ਇਸ ਵਰ੍ਹੇ ਦੀ ਬਸੰਤ ਪੰਚਮੀ ਤੇ ਇਨ੍ਹਾਂ ਪੰਜਾਬੀ ਪਿਆਰਿਆਂ ਨੂੰ ਚੇਤੇ ਕਰਨਾ ਚੰਗਾ ਲੱਗ ਰਿਹਾ ਹੈ। ਦੁਨੀਆਂ ਭਰ ਦੇ ਪੰਜਾਬੀਆਂ ਨੂੰ ਬਸੰਤ ਰੁੱਤ ਮੁਬਾਰਕ!

**ਚੰਡੀਗੜ੍ਹ ਦਾ ਨਵਾਂ ਵਿੱਤ ਸਕੱਤਰ:** ਮੇਰੇ ਮਿੱਤਰ ਮਨਮੋਹਨ ਸਿੰਘ ਦੇ ਬੇਟੇ ਸਰਵਜੀਤ ਨੇ ਚੰਡੀਗੜ੍ਹ ਪ੍ਰਸ਼ਾਸਨ ਵਿਚ ਵਿੱਤ ਸਕੱਤਰ ਦਾ ਅਹੁਦਾ ਸੰਭਾਲ ਲਿਆ ਹੈ। ਉਹ ਚਾਰ ਸਾਲ ਦਾ ਸੀ ਜਦੋਂ ਮੈਂ ਆਪਣੀ ਕਾਰ ਵਿਚ ਉਸ ਦੇ ਪਿਤਾ ਨੂੰ ਉਨ੍ਹਾਂ ਦੇ ਲੋਧੀ ਰੋਡ ਵਾਲੇ ਘਰ ਛੱਡਣ ਜਾ ਰਿਹਾ ਸਾਂ। ਰਸਤੇ ਵਿਚ ਬੂੰਦਾ ਬਾਂਦੀ ਹੋਣ ਲੱਗੀ ਤਾਂ ਮੈਂ ਵਾਈਪਰ ਚਲਾ ਲਏ। "ਇਨ੍ਹਾਂ ਨੂੰ ਕੀ ਕਹਿੰਦੇ ਹਨ ਜੀਤ?" ਮਨਮੋਹਣ ਸਿੰਘ ਨੇ ਪੁੱਛਿਆ। "ਸ਼ੀਸ਼ਾ ਸਾਫ ਕਰਨ ਵਾਲੇ ਡੰਡੇ"' ਕਹਿ ਕੇ ਉਸ ਨੇ ਸਾਨੂੰ ਦੋਹਾਂ ਨੂੰ ਹੈਰਾਨ ਕਰ ਦਿੱਤਾ। "ਆਪਾਂ ਨੂੰ ਇਸ ਦੇ ਭਵਿੱਖ ਬਾਰੇ ਸੋਚਣ ਦੀ ਲੋੜ ਨਹੀਂ", ਮੇਰੇ ਮੂੰਹੋਂ ਅਚਾਨਕ ਹੀ ਨਿਕਲਿਆ, "ਇਹ ਆਪਣਾ ਰਸਤਾ ਆਪ ਹੀ ਬਣਾ ਲਵੇਗਾ। ਸਰਵਜੀਤ ਸੁੱਚਾ ਤੇ ਸਫਲ ਅਫਸਰ ਹੈ। ਨਵੀਂ ਨੌਕਰੀ ਉਤੇ ਤਾਇਨਾਤ ਹੋਣ ਤੋਂ ਪਹਿਲਾਂ ਉਹ ਪੰਜਾਬ ਦਾ ਮਾਲ ਸਕੱਤਰ ਸੀ। ਮਨਮੋਹਣ ਸਿੰਘ ਅਜ ਕੱਲ ਆਪਣੀ ਬੇਟੀ ਰੋਜ਼ੀ ਕੋਲ ਬਰਤਾਨੀਆ ਵਿਚ ਹੈ। ਮੇਰੇ ਵੱਲੋਂ ਉਸ ਨੂੰ ਵਧਾਈ ਦੇਣ ਦਾ ਇਹ ਵੀ ਇਕ ਤਰੀਕਾ ਹੈ। ਦੁਨੀਆਂ ਬਦਲ ਰਹੀ ਹੈ।

**ਅੰਤਿਕਾ:** (ਸੋਹਣ ਸਿੰਘ ਮੀਸ਼ਾ)
ਪੁਛਦੀ ਲਹੂ ਲੁਹਾਨ ਹੈ ਧਰਤੀ ਪੰਜਾਬ ਦੀ
ਕੱਟੋਗੇ ਕਦੋਂ ਤੀਕ ਮੇਰਾ ਬੰਦ ਬੰਦ ਹੋਰ।



ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

# ਪੀਲੀ ਪਈ ਬਸੰਤ

**ਬਾਲ-ਵਰੇਸ!... ਉਦੋਂ ਸਕੂਲ ਦੀਆਂ ਪਾਠ-ਪੁਸਤਕਾਂ 'ਤੇ ਫਿਰਕੂ ਸੋਚ ਭਾਰੀ ਸੀ। ਇਹ ਉਸ ਹਕੂਮਤ ਦੀ ਸ਼ਰਾਰਤੀ ਲੋੜ ਸੀ। ਦੀਵਾਲੀ ਦੇ ਲੇਖ ਦੀ ਸ਼ੁਰੂਆਤ 'ਚ ਸਾਨੂੰ ਲਿਖਵਾਇਆ ਜਾਂਦਾ ਕਿ ਇਸ ਨੂੰ ਸਿੱਖ ਕਿਉਂ ਮੰਨਾਂਦੇ ਹਨ ਤੇ ਹਿੰਦੂ ਕਿਉਂ? ਅਸਾਂ ਨਿਆਣਿਆਂ ਦੀ ਮਾਸੂਮੀਅਤ ਵਿਚ ਕੁੱਟ-ਕੁੱਟ ਕੇ ਭਰਿਆ ਜਾਂਦਾ ਕਿ ਸਿੱਖਾਂ ਦੇ ਤਿਉਹਾਰ ਕਿਹੜੇ ਹੁੰਦੇ ਨੇ, ਹਿੰਦੂਆਂ ਦੇ ਕਿਹੜੇ ਤੇ ਮੁਸਲਮਾਨਾਂ ਦੇ ਕਿਹੜੇ। ਦੁਸਹਿਰੇ ਦੀਆਂ ਝਾਕੀਆਂ, ਗੁਰਪੂਰਬਾਂ ਦੇ ਜਲੂਸਾਂ ਤੇ ਦੀਵਾਲੀ ਦੀ ਦੀਪਮਾਲਾ-ਪੂਜਾ 'ਚ ਸਾਡੇ ਮੁਸਲਮਾਨ-ਮਿੱਤਰਾਂ ਦੀ ਸ਼ਮੂਲੀਅਤ ਦਰਸ਼ਕਾਂ ਦੇ ਤੌਰ 'ਤੇ ਹੀ ਹੁੰਦੀ ਸੀ। ਉਹ ਕਿਸੇ ਵੀ ਰਸਮ ਜਾਂ ਜਸ਼ਨ ਦੇ ਭਾਈਵਾਲ ਨਹੀਂ ਸਨ ਹੁੰਦੇ।**

ਬਚਪਨ ਨਾਲ ਜੁੜੇ ਦਿਨ-ਦਿਹਾੜਿਆਂ ਵਿਚੋਂ ਬਸੰਤ ਮੇਰੀ ਯਾਦ ਦਾ ਸਭ ਤੋਂ ਵੱਧ ਉਮਾਹ ਭਰਿਆ ਤਿਉਹਾਰ ਹੈ।

ਦੁਸਹਿਰਾ, ਦੀਵਾਲੀ, ਲੋਹੜੀ, ਹੋਲੀ ਸਭ ਧੂਮ-ਧੜੱਕੇ ਅਤੇ ਸ਼ੋਰ-ਸ਼ਰਾਬੇ ਵਾਲੇ ਤਿਉਹਾਰ ਹਨ। ਮੈਂ ਇਨ੍ਹਾਂ ਦੇ ਭੀੜ-ਭੜੱਕੇ ਤੋਂ ਕਾਹਲੀ ਪੈ ਜਾਂਦੀ ਹਾਂ। ਵਿਆਹ-ਸ਼ਾਦੀਆਂ ਦੇ ਇਕੱਠਾਂ ਅਤੇ ਇਨ੍ਹਾਂ ਤਿਉਹਾਰਾਂ ਉਤੇ ਮੈਂ ਉਦਾਸ ਹੋ ਜਾਂਦੀ ਹਾਂ, ਉਖੜੀ-ਉਖੜੀ। ਇਨ੍ਹਾਂ ਨਾਲ ਸਬੰਧਤ ਆਪਣੇ ਮਾਪਿਆਂ-ਰਿਸ਼ਤੇਦਾਰਾਂ ਅਤੇ ਤੁਰ ਗਏ ਭੈਣਾਂ-ਭਰਾਵਾਂ ਦੀਆਂ ਯਾਦਾਂ ਮਨ ਵਿਚ ਟੀਸ ਪੈਦਾ ਕਰਦੀਆਂ ਹਨ। ਉਹ ਉਮਰ ਦੀ ਇਕੱਲ ਵਿਚ ਹੋਰ ਵਾਧਾ ਕਰ ਦੇਂਦੀਆਂ ਹਨ ਪਰ ਬਸੰਤ?

ਬਸੰਤ ਦੇ ਆਗਮਨ ਤੋਂ ਪਹਿਲਾਂ ਹੀ ਮੈਂ ਨਵੀਂ ਪੀਲੀ ਪੁਸ਼ਾਕ ਦੀ ਤਿਆਰੀ ਕਰਨ ਲੱਗਦੀ ਹਾਂ।

ਮਾਂ-ਦਾਦੀ ਦੇ ਚੇਤੇ ਮੁਤਾਬਕ ਮੇਰਾ ਜਨਮ ਬਾਈ ਮਾਘ ਦਾ ਹੈ। ਉਹ ਬਸੰਤ ਦਿਵਸ ਸੀ ਜਾਂ ਨਹੀਂ, ਉਨ੍ਹਾਂ ਨੂੰ ਤਾਂ ਯਾਦ ਨਹੀਂ ਸੀ ਪਰ ਪੰਜਾਹ ਬਸੰਤਾਂ ਪਾਰ ਕਰ ਕੇ ਮੈਨੂੰ ਪਤਾ ਲੱਗਾ ਕਿ ਮੇਰਾ ਜਨਮ ਬਸੰਤ ਪੰਚਮੀ ਵਾਲੇ ਦਿਨ ਹੀ ਹੋਇਆ, ਮੇਰੇ ਦਾਦਕੇ ਘਰ।

ਮੇਰੀ ਜਨਮ-ਤਿਥੀ 'ਤੇ ਅਕਸਰ ਹੀ ਬਸੰਤ ਪੰਚਮੀ ਆ ਢੁਕਦੀ ਹੈ। ਕਦੇ ਉਸੇ ਦਿਨ ਅਤੇ ਕਦੇ ਇਕ-ਦੋ ਦਿਨ ਪਹਿਲਾਂ ਜਾਂ ਪਿੱਛੋਂ।

ਕਿਧਰੇ ਇਹ ਵੀ ਇਕ ਅਚੇਤ ਕਾਰਨ ਤਾਂ ਨਹੀਂ ਮੇਰੇ ਇਸ ਦਿਨ ਦੇ ਉਮਾਹ ਅਤੇ ਖੇੜੇ ਦਾ?

ਸਵੇਰ ਦੀ ਸੈਰ ਦੌਰਾਨ ਫੁੱਲ-ਪੌਦਿਆਂ 'ਚੋਂ ਨਵੀਆਂ ਫੁੱਟ ਰਹੀਆਂ ਕਰੂੰਬਲਾਂ ਮੈਨੂੰ ਮੁਸ ਮੁਸ ਜੀਆਉਂਦੀਆਂ ਹਨ। ਮਸਾਂ ਉਂਗਲ ਜੇਡੀਆਂ ਕੱਚ-ਪੀਲੀਆਂ ਨਿੱਕੀਆਂ-ਨਿੱਕੀਆਂ ਚਿੜੀਆਂ ਫੁਦਕ-ਫੁਦਕ ਕੇ ਰੂਹ ਨੂੰ ਸਰਸ਼ਾਰ ਕਰਦੀਆਂ ਹਨ। ਇਕ-ਦੋ ਮਹੀਨਿਆਂ ਤੋਂ ਘੋਰ ਸੀਤ ਕਾਰਨ ਗੰਜੇ ਹੋ ਰਹੇ ਰੁੰਡ-ਮਰੁੰਡ ਚੰਪਾ ਦੇ ਰੁੱਖਾਂ ਦੀਆਂ ਟਾਹਣੀਆਂ ਮੁੜ ਫੁਟ-ਫੁਟ ਕੇ ਪੰਛੀਆਂ ਨੂੰ ਸੱਦਾ ਦੇਂਦੀਆਂ ਲਗਦੀਆਂ ਹਨ। ਮੰਦਰਾਂ ਤੇ ਗੁਰਦੁਆਰਿਆਂ 'ਚੋਂ ਬਸੰਤ ਰਾਗ ਦਾ ਅਲਾਪ ਧੁਰ-ਅੰਦਰ ਦੀ ਸੁਰਤ ਨੂੰ ਤਰੰਗੋ-ਤਰੰਗ ਕਰਨ ਲੱਗਦਾ ਹੈ।

ਵਾਤਾਵਰਣ ਦੀ ਨਵੀਂ ਚਹਿਲ-ਪਹਿਲ ਦੀ ਬਸੰਤੀ ਰੌਅ ਮੇਰੀਆਂ ਅੱਖਾਂ ਅੱਗਿਉਂ ਕਈ ਬਸੰਤਾਂ ਫਿਲਮ-ਦਰ-ਫਿਲਮ ਲੰਘਾ ਜਾਂਦੀ ਹੈ।

ਇਨ੍ਹਾਂ ਦਿਨਾਂ ਵਿਚ ਦੂਰ ਪਿੱਛੇ ਅਣਵੰਡੇ ਪੰਜਾਬ ਵਿਚ ਮੇਰੀ ਸੁਰਤ ਜਾ ਟਿਕਦੀ ਹੈ।

ਬਾਲ-ਵਰੇਸ!

ਉਦੋਂ ਸਕੂਲ ਦੀਆਂ ਪਾਠ-ਪੁਸਤਕਾਂ 'ਤੇ ਫਿਰਕੂ ਸੋਚ ਭਾਰੀ ਸੀ। ਇਹ ਉਸ ਹਕੂਮਤ ਦੀ ਸ਼ਰਾਰਤੀ ਲੋੜ ਸੀ। ਦੀਵਾਲੀ ਦੇ ਲੇਖ ਦੀ ਸ਼ੁਰੂਆਤ ਵਿਚ ਸਾਨੂੰ ਲਿਖਵਾਇਆ ਜਾਂਦਾ ਕਿ ਇਸ ਨੂੰ ਸਿੱਖ ਕਿਉਂ ਮੰਨਾਂਦੇ ਹਨ ਤੇ ਹਿੰਦੂ ਕਿਉਂ? ਅਸਾਂ ਨਿਆਣਿਆਂ ਦੀ ਮਾਸੂਮੀਅਤ ਵਿਚ ਕੁੱਟ-ਕੁੱਟ ਕੇ ਭਰਿਆ ਜਾਂਦਾ ਕਿ ਸਿੱਖਾਂ ਦੇ ਤਿਉਹਾਰ ਕਿਹੜੇ ਹੁੰਦੇ ਨੇ, ਹਿੰਦੂਆਂ ਦੇ ਕਿਹੜੇ ਅਤੇ ਮੁਸਲਮਾਨਾਂ ਦੇ ਕਿਹੜੇ। ਦੁਸਹਿਰੇ ਦੀਆਂ ਝਾਕੀਆਂ, ਗੁਰਪੁਰਬਾਂ ਦੇ ਜਲੂਸਾਂ ਅਤੇ ਦੀਵਾਲੀ ਦੀ ਦੀਪਮਾਲਾ-ਪੂਜਾ ਵਿਚ ਸਾਡੇ ਮੁਸਲਮਾਨ-ਮਿੱਤਰਾਂ ਦੀ ਸ਼ਮੂਲੀਅਤ ਦਰਸ਼ਕਾਂ ਦੇ ਤੌਰ 'ਤੇ ਹੀ ਹੁੰਦੀ ਸੀ। ਉਹ ਕਿਸੇ ਵੀ ਰਸਮ ਜਾਂ ਜਸ਼ਨ ਦੇ ਭਾਈਵਾਲ ਨਹੀਂ ਸਨ ਹੁੰਦੇ।

ਹੋਲੀ ਦੇ ਦਿਨਾਂ ਵਿਚ ਰੰਗਾਂ ਦੀਆਂ ਪਿਚਕਾਰੀਆਂ ਭਰਦੇ ਅਸਾਂ ਬਾਲਕਾਂ ਨੂੰ ਤਾੜਨਾ



ਕੀਤੀ ਜਾਂਦੀ ਸੀ ਕਿ ਭੁੱਲ ਕੇ ਵੀ ਕਿਸੇ ਮੁਸਲਮਾਨ ਸਖੀ-ਮਿੱਤਰ ਜਾਂ ਵਡੇਰੇ ਉਪਰ ਰੰਗ ਨਾ ਛਿੜਕਿਆ ਜਾਵੇ। ਵਿਆਹਾਂ ਸ਼ਾਦੀਆਂ ਉਪਰ ਆਪਣੇ ਆਂਢ-ਗੁਆਂਢ ਦੇ ਮੁਸਲਮਾਨ ਪ੍ਰੀਤ-ਭਾਈਚਾਰਿਆਂ ਨੂੰ ਸੁੱਕੀ ਰਸਦ ਹੀ ਸ਼ਗਨ ਦੀ ਮਿਠਾਈ ਵਜੋਂ ਭੇਟਾ ਕੀਤੀ ਜਾਂਦੀ ਸੀ। ਰੋਟੀ ਦੀ ਕੋਈ ਸਾਂਝ ਨਹੀਂ ਸੀ। ਬਸ ਬਸੰਤ ਤੇ ਸਿਰਫ਼ ਬਸੰਤ ਹੀ ਸੀ ਸਭ ਦਾ ਸਾਂਝਾ ਤਿਉਹਾਰ। ਇਸ ਨਾਲ ਕਿਸੇ ਮੰਦਰ, ਗੁਰਦੁਆਰੇ ਜਾਂ ਮਸੀਤ ਦਾ ਸਬੰਧ ਘਟੋ ਘਟ ਮੇਰੀ ਯਾਦ ਵਿਚ ਉੱਕਾ ਨਹੀਂ। ਬਸੰਤ ਦਿਵਸ ਤੋਂ ਕਿੰਨੇ ਦਿਨ ਪਹਿਲਾਂ ਤੋਂ ਹੀ ਲਲਾਰੀਆਂ ਦਾ ਪੀਲੇ ਰੰਗ ਦਾ ਬਜ਼ਾਰ ਗਰਮ ਹੋਣ ਲੱਗਦਾ। ਘਰਾਂ ਵਿਚ ਵੀ ਰੰਗ-ਰੰਗਾਈ ਸ਼ੁਰੂ ਹੋ ਜਾਂਦੀ।

ਨਵੇਂ ਮੁਹੱਲੇ ਦੀ ਪੁਰਾਣੀ ਗਲੀ ਦੇ ਉਚੇ ਥੜ੍ਹੇ ਵਾਲੇ ਸਾਡੇ ਘਰ ਮੂਹਰੇ ਅੰਗੀਠੀ ਭਖੀ ਰਹਿੰਦੀ। ਸਰਬ-ਸਾਂਝੇ ਵੱਡੇ ਸਾਰੇ ਕੜਾਹੇ ਵਿਚ ਪੀਲਾ ਰੰਗ ਕੜ੍ਹਨ ਲੱਗਦਾ। ਸਾਰੇ ਮੁਹੱਲੇ ਦੇ ਨਿੱਕੇ-ਵੱਡੇ ਜਾਤਕਾਂ ਅਤੇ ਬੰਦਿਆਂ ਦੀਆਂ ਪੱਗਾਂ ਰੰਗਣੀਆਂ ਸ਼ੁਰੂ ਹੋ ਜਾਂਦੀਆਂ। ਇਸ ਪ੍ਰਕਿਰਿਆ ਵਿਚ ਧਰਮ-ਜਾਤ ਦਾ ਕੋਈ ਭੇਦ-ਭਾਵ ਨਹੀਂ ਸੀ ਹੁੰਦਾ। ਫਿਰ ਵਾਰੀ ਆਉਂਦੀ ਮੁਹੱਲੇ ਦੀਆਂ ਮਾਂਵਾਂ-ਮਾਸੀਆਂ, ਚਾਚੀਆਂ-ਤਾਈਆਂ, ਭੂਆ-ਭੈਣਾਂ ਅਤੇ ਸਖੀਆਂ-ਸਹੇਲੀਆਂ ਦੇ ਪੱਲੇ-ਚੁੰਨੀਆਂ ਰੰਗਣ ਦੀ।

ਥੜ੍ਹੇ ਉਤੇ ਚਿਣੇ ਤੰਦੂਰ ਨੂੰ ਵੀ ਵਿਹਲ ਨਾ ਮਿਲਦੀ। ਤਪਿਆ ਹੀ ਰਹਿੰਦਾ। ਪੇੜਿਆਂ ਦੀਆਂ ਪਰਾਤਾਂ ਢੁਕੀਆਂ ਹੀ ਰਹਿੰਦੀਆਂ। ਇਕ ਆਂਦੀ ਇਕ ਜਾਂਦੀ। ਹਾਸਾ-ਠੱਠਾ ਤੇ ਛੇੜਛਾੜ ਵੀ ਨਾਲੋ-ਨਾਲ। ਮੁਹੱਲੇ ਦੇ ਐਨ ਵਿਚਕਾਰ ਸਥਿਤ ਸਾਡਾ ਘਰ ਬਸੰਤੀ ਕਾਰਜਸ਼ਾਲਾ ਬਣ ਜਾਂਦਾ। ਰੰਗਣ ਮਗਰੋਂ ਕਲਫ਼ ਦਾ ਕੰਮ ਸ਼ੁਰੂ ਹੋ ਜਾਂਦਾ। ਵੱਡੇ ਵੱਡੇ ਪਤੀਲਿਆਂ ਵਿਚ ਮਾਇਆ ਪਕਾਈ ਜਾਂਦੀ ਜਿਸ ਵਿਚ ਲਿਸ਼ਲਿਸ਼ ਕਰਦਾ ਅਬਰਕ ਵੀ ਰਲਾਇਆ ਜਾਂਦਾ, ਮੁੱਠੋ-ਮੁੱਠ। ਝਮਝਮ ਕਰਦੇ ਪੱਲੇ ਤੇ ਪੱਗਾਂ ਨੂੰ ਅਸੀਂ ਬਾਲਕ ਛੰਡ ਛੰਡ ਕੇ ਦੋਹਾਂ ਪਾਸਿਆਂ ਦੀਆਂ ਕੰਨੀਆਂ ਨੂੰ ਫੜ-ਫੜ ਕੇ ਦੌੜਦੇ-ਸੁਕਾਂਦੇ। ਵੱਟ ਕੱਢਦੇ ਅਤੇ ਆਠਰੀਆਂ-ਆਠਰੀਆਂ ਹੀ ਤਹਿ ਕਰ ਕੇ ਕੋਠਿਆਂ ਦੇ ਜੰਗਲਿਆਂ ਅਤੇ ਬਨੇਰਿਆਂ ਉਤੇ ਪਾਈ ਜਾਂਦੇ ਆਕੜਨ ਲਈ।

ਰੰਗ ਅਤੇ ਕਲਫ਼ ਦੀ ਪ੍ਰਕਿਰਿਆ ਮਗਰੋਂ ਅਸੀਂ ਬਾਲੜੀਆਂ, ਨੱਢੀਆਂ ਚੋਣਾਂ ਪਾਉਣ ਦਾ ਕੰਮ ਛੁਹ ਲੈਂਦੀਆਂ। ਇਕ ਕੁੜੀ ਪੱਲੇ ਨੂੰ ਇਕ ਇਕ ਫੁੱਟ ਦੀ ਵਿਥ ਤੋਂ ਦੋਹਾਂ ਹੱਥਾਂ ਵਿਚ ਨੱਪਦੀ ਅਤੇ ਦੂਜੀ ਦੋਹਾਂ ਹੱਥਾਂ ਦੇ ਅੰਗੂਠਿਆਂ ਨਾਲ ਦੱਬ ਕੇ ਮਹੀਨ ਮਹੀਨ ਚੋਣਾਂ ਪਾਉਂਦੀ। ਜਿਸ ਨੂੰ ਕੋਈ ਸਾਥਣ ਨਾ ਮਿਲੇ, ਉਹ ਆਪਣੇ ਹੀ ਦੋਹਾਂ ਪੈਰਾਂ ਦੇ ਅੰਗੂਠਿਆਂ ਵਿਚ ਕੰਨੀਆਂ ਫਸਾ ਕੇ ਚੋਣਾਂ ਪਾਣ ਲੱਗਦੀ। ਮਾਇਆ ਨਾਲ ਆਕੜੀਆਂ ਚੁੰਨੀਆਂ ਨੂੰ ਮਰੋੜੇ ਦੇਂਦੀਆਂ ਦੇ ਹੱਥ ਵੀ ਛਿੱਲੇ ਜਾਂਦੇ। ਅਸਾਂ ਬਾਲੜੀਆਂ ਨੂੰ ਆਪਣੀਆਂ ਚੁੰਨੀਆਂ ਵਿਚ ਆਪੇ ਹੀ ਚੋਣਾਂ ਪਾ ਕੇ ਅਨੰਦ ਆਉਂਦਾ।

ਜੇ ਵੱਡੀਆਂ ਭੈਣਾਂ-ਭਾਬੀਆਂ ਆਪਣੇ ਚੋਣ-ਦੁਪੱਟਿਆਂ ਨੂੰ ਵੰਗ ਵਿਚੋਂ ਲੰਘਾਉਣ 'ਤੇ ਮਾਣ ਕਰਦੀਆਂ ਤਾਂ ਅਸੀਂ ਨਿੱਕੀਆਂ ਵੀ ਆਪਣੀਆਂ ਚੋਣਾਂ ਵਾਲੀਆਂ ਚੁੰਨੀਆਂ ਨੂੰ ਆਪਣੇ ਨਿੱਕੇ-ਨਿੱਕੇ ਕੜਿਆਂ ਅਤੇ ਛਾਪਾਂ ਵਿਚੋਂ ਲੰਘਾ-ਲੰਘਾ ਕੇ ਆਪਣੀ ਤਾਕਤ-ਅਜ਼ਮਾਈ ਕਰਦੀਆਂ। ਇਹ ਚੋਣਾਂ ਵਾਲੀਆਂ ਚੁੰਨੀਆਂ ਬਸੰਤੀ ਛੀਟ ਦੇ ਸੂਟਾਂ ਦਾ ਸ਼ਿੰਗਾਰ ਬਣਦੀਆਂ। ਜ਼ੀਨਤ ਮੁਮਤਾਜ, ਸੁਰੱਈਆ ਜ਼ੁਬੈਦਾ, ਕਮਲਾ, ਕਾਂਤਾ, ਸ਼ਸ਼ੀ, ਬਿਮਲਾ, ਰੂਬੀ, ਜੂਲੀਆ ਅਤੇ ਹਰਵਿੰਦਰ, ਸਤਨਾਮ ਸਾਰੇ ਹੀ ਨਾਂ ਇਕਮਿਕ ਹੋ ਕੇ ਇਕੋ ਬਸੰਤੀ ਸੁਰ ਵਿਚ ਅਲਾਪਣ ਲੱਗਦੇ:

ਆਈ ਬਸੰਤ
ਪਾਲਾ ਉਡੰਤ

ਸੂਟ ਜਾਂ ਕੁੜਤੀਆਂ-ਕਮੀਜ਼ਾਂ ਤਾਂ ਆਪੋ-ਆਪਣੇ ਸ਼ੌਕ ਜਾਂ ਵਿਤ ਮੂਜਬ ਬੇਸ਼ਕ ਵੱਖਰੀਆਂ ਵੀ ਪਾ ਲਈਆਂ ਜਾਂਦੀਆਂ ਪਰ ਪੱਗ-ਚੁੰਨੀ-ਪੱਲਾ ਹਰ ਕਿਸੇ ਦਾ ਪੀਲਾ ਹੋਣਾ ਲਾਜ਼ਮੀ ਹੁੰਦਾ ਸੀ। ਜੇ ਭੈਣਾਂ-ਭਾਬੀਆਂ ਚੋਣ ਮੁਹਿੰਮ ਵਿਚ ਰੁੱਝੀਆਂ ਹੁੰਦੀਆਂ ਤਾਂ ਵੀਰ-ਭਰਾ ਅਤੇ ਉਨ੍ਹਾਂ ਦੇ ਦੋਸਤ-ਮਿੱਤਰ ਪਤੰਗਾਂ ਅਤੇ ਡੋਰਾਂ ਦੀ ਤਿਆਰੀ ਵਿਚ। ਸਭ ਨੇ ਰਲ-ਮਿਲ ਕੇ ਵੱਡੇ ਵੱਡੇ ਰੰਗ-ਬਰੰਗੇ ਗੁੱਡੀ ਕਾਗਜ਼ਾਂ ਨੂੰ ਵੇਤਰਨਾ-ਕਤਰਨਾ। ਉਹ ਬਾਂਸਾਂ ਦੀਆਂ ਫਾਂਕਾਂ ਚੀਰਦੇ। ਗੂੰਦ ਸੇੜਕੇ ਸਲੇਸ਼ ਬਣਾਂਦੇ ਅਤੇ ਕੱਚ ਨੂੰ ਮਹੀਨ ਪੀਹ ਕੇ, ਅਰ ਕਪੜ-ਛਾਣ ਕਰ ਕੇ ਸਲੇਸ਼ ਵਿਚ ਰਲਾਂਦੇ। ਹਫ਼ਤਾ ਦੋ ਹਫ਼ਤੇ ਲੱਗੀ ਰਹਿੰਦੀ ਬਸੰਤ ਦਿਵਸ ਦੇ ਆਗਮਨ ਦੀ ਚਹਿਲ-ਪਹਿਲ। ਹੱਸਦਿਆਂ-ਖੇਡਦਿਆਂ, ਗਾਉਂਦਿਆਂ-ਨੱਚਦਿਆਂ, ਰੀਸਾਂ ਕਰਦਿਆਂ ਅਤੇ ਨਕਲਾਂ ਲਾਂਦਿਆਂ ਵਿਚ ਆ ਢੁਕਦਾ ਫਿਰ ਢੋਲ-ਢਮੱਕੇ ਦਾ ਜਸ਼ਨ ਦਾ ਦਿਨ।

ਮਾਂ ਵੱਡੀ ਸਾਰੀ ਦੇਗ ਵਿਚ ਮਿੱਠਾ ਪੁਲਾਅ ਚਾੜ੍ਹਦੀ। ਰਿੰਨ੍ਹੇ ਪੁਲਾਅ ਵਿਚ ਪੀਲੇ ਅਤੇ ਗੁਲਾਨਾਰੀ ਮਿੱਠੇ ਰੰਗਾਂ ਦੀਆਂ ਧਾਰਾਂ ਛੋੜਦੀ। ਉਪਰ ਧੂੜਦੀ ਖੋਪੇ ਦਾ ਚੂਰਾ ਅਤੇ ਬਦਾਮਾਂ ਦਾ ਕੁਤਰਾ ਸਣੇ ਲੱਪ-ਲੱਪ ਪਿਸਤਿਆਂ, ਸਾਵਗੀਆਂ ਅਤੇ ਖੌੜਾਂ (ਅਖ਼ਰੋਟਾਂ) ਦੀਆਂ ਗਿਰੀਆਂ ਦੇ। ਮੇਵਿਆਂ ਦੀ ਮੰਡੀ ਜੁ ਸੀ ਪੋਠੋਹਾਰ। ਘਰ ਦੇ ਪਿੱਛੇ ਹੀ ਸੀ ਕਟੜਾ ਅਤੇ ਮੇਵਿਆਂ ਦੇ ਥੋਕ ਵਪਾਰੀ ਸਨ ਰਾਮ ਸਿੰਘ ਸੂਰੀ, ਮੇਰੇ ਪਿਤਾ ਜੀ ਦੇ ਮਾਮਾ ਜੀ। ਬੋਰਿਆਂ ਦੇ ਬੋਰੇ ਪਏ ਰਹਿੰਦੇ ਸਾਡੀ ਗਲੀ ਵਿਚ ਤੇ ਅਸੀਂ ਬਾਲਕ ਵੀ ਸੂਏ ਮਾਰ ਮਾਰ ਕੱਢ ਲੈਂਦੇ ਨੇਜੇ-ਪਿਸਤੇ। ਭਰ-ਭਰ ਕੇ ਥਾਲੀਆਂ ਅਸਾਂ ਬੱਚਿਆਂ ਹੱਥ ਭੇਜਦੀ ਮਾਂ ਘਰੋ-ਘਰ। ਕੁਦ-ਕੁਦ ਜਾਂਦੇ ਅਸੀਂ ਬਸੰਤੀ ਚੋਲੇ-ਫਰਾਕਾਂ ਵਿਚ ਨਚਦੇ-ਮਟਕਦੇ। ਘਰੋਂ ਰੱਜ-ਰਜਾ ਕੇ ਜਾ ਵੜਦੇ ਮੰਦਰ ਵੀ। ਬੁੱਕੋ-ਬੁੱਕ ਬੂੰਦੀ ਦਾ ਪਰਸ਼ਾਦ ਪੜੁੱਛਦੇ। ਮੁੜ ਘਰ ਪਰਤ ਕੇ ਮਾਂ ਦੇ ਚੌਲ ਭੰਡਾਰੇ ਵਿਚ ਸ਼ਾਮਲ ਹੋ ਜਾਂਦੇ।

ਇਕ ਮੁੱਠ ਖਾਲੀ, ਇਕ ਤਿਆਰ

ਵਰਤਾਂਦੀ ਜਾਂਦੀ ਮਾਂ ਮਿੱਠੇ ਚੌਲਾਂ ਦਾ ਪਰਸ਼ਾਦ ਰਾਹ-ਗੁਜ਼ਰੂਆਂ ਨੂੰ। ਖੁੱਲ੍ਹੇ ਗੱਫ਼ੇ। ਫਿਰ ਚੜ੍ਹ ਜਾਂਦੇ ਕੋਠਿਆਂ 'ਤੇ ਭਰਾਵਾਂ ਦੀ ਪਤੰਗਬਾਜ਼ੀ ਵਿਚ ਸ਼ਾਮਲ ਹੋਣ। ਕਿਸੇ ਦੀ ਪਤੰਗ ਨੂੰ ਕੰਨੀ ਦਿੱਤੀ ਜਾਂਦੀ ਤੇ ਕਿਸੇ ਦੀ ਡੋਰ ਦੀ ਫਿਰਕੀ ਪਕੜੀ ਜਾਂਦੀ। ਧਰਤੀ ਦਾ ਪੀਲਾ ਰੰਗ ਡਲ੍ਹਕਾਂ ਮਾਰਦਾ, ਫਰਕਦਾ-ਛਿੜਕਦਾ ਵਿਛ ਜਾਂਦਾ ਪੂਰੇ ਅਸਮਾਨ 'ਤੇ ਪਤੰਗੋ-ਪਤੰਗ ਹੋ ਕੇ।

ਦੇ ਕਾਟੇ ਤੇ ਕਾਟਾ
ਉਹ ਗਈ ਉਹ ਗਈ
ਏਲੀ ਏਲੀ ਏਲੀ
ਮੇਰੀ ਮੇਰੀ ਮੇਰੀ
ਦੁੜੰਗਿਆਂ ਦੇ ਦੁੜੰਗੇ।
ਪਹਿਲਾਂ ਮੈਂ। ਪਹਿਲਾਂ ਮੈਂ, ਮੈਂ ਮੈਂ ਮੈਂ।
ਇਹ ਸੀ ਬਸੰਤ ਸਾਡੇ ਸਮੁੱਚੇ ਪੰਜਾਬ ਦੀ।
ਸਾਂਝੇ ਸਭਿਆਚਾਰ ਦੀ!
ਬਸੰਤ ਪੋਠੋਹਾਰ ਦੀ!
ਰਲ ਕੇ ਸਾਰੇ ਹੇਕ ਲਾਂਦੇ:
ਆਈ ਰੁੱਤ ਬਸੰਤ ਦੀ
ਮੂਲੀ ਛਡਿਆ ਬੀ
ਧੁੱਪਾਂ ਪਰਗਟ ਹੋਈਆਂ ਤੇ
ਘਰਾਂ 'ਚੋਂ ਨਿਕਲੇ ਸੀ।

ਕੋਸੀ ਕੋਸੀ ਧੁੱਪ ਫਿਰ ਕੁਝ ਗਰਮਾਉਣ ਲਗਦੀ। ਭਾਰੇ ਗਰਮ ਕੱਪੜੇ ਲਹੁਕੇ ਹੁੰਦੇ ਹੁੰਦੇ ਲਹਿਣ ਲੱਗਦੇ। ਕਾਲੀਆਂ ਗਾਜਰਾਂ ਦੀ ਆਉਂਦ ਨਾਲ ਘੜਿਆਂ ਵਿਚ ਜਾਮਣੀ ਭਾ ਮਾਰਦੀ ਸੂਹੀ-ਘੁਟ ਕਾਂਜੀ ਤਿਆਰ ਹੋਣ ਲੱਗ ਪੈਂਦੀ। ਡੀਕੀ ਜਾਵੇ ਗਲਾਸੋ-ਗਲਾਸ। ਠੰਢੀ ਰੁੱਤੇ ਖਾਧੀਆਂ ਗਰਮ ਗਜ਼ਾਵਾਂ ਦੀ ਵਾਧੂ ਸੰਜੋੜੀ ਹੋਈ ਊਰਜਾ ਨੂੰ ਖਾਰਜ ਕਰਦੀ ਹੈ, ਕਾਂਜੀ। ਮੁੜ ਨਵੇਂ ਸਿਰਿਓਂ ਨਵੇਂ ਮੌਸਮ ਨਾਲ ਇਕਸੁਰ ਹੋਣ ਲਈ ਹਰ ਕੋਈ ਤਿਆਰ। ਕੋਇਲ ਦੀ ਕਿਧਰੇ ਕਿਧਰੇ ਕੋਰੀ ਕੋਰੀ ਕੂਕ! ਮੁੜ ਮੋਰੀਆਂ 'ਚੋਂ ਨਿਕਲ ਨਿਕਲ ਖੰਭ ਸੁਆਰਦੀਆਂ ਨਜ਼ਰ ਆਂਦੀਆਂ ਪਹਿਲੀਆਂ-ਕੀੜੀਆਂ, ਕਤਾਰੋ-ਕਤਾਰ।

---

ਬਸੰਤ ਹੁਣ ਵੀ ਆਉਂਦੀ ਹੈ, ਸਿਰਫ਼ ਪੰਜਾਬ ਵਿਚ ਹੀ ਨਹੀਂ।

ਪੰਜਾਬੋਂ ਬਾਹਰ ਵਸਦੇ ਦੂਰ-ਦੁਰਾਡੇ ਦੇਸਾਂ ਤੇ ਬਦੇਸਾਂ ਵਿਚ ਵਸਦੇ ਸਾਰੇ ਹੀ ਪੰਜਾਬੀਆਂ ਦੇ ਸੁਨੇਹੇ ਲੈ ਕੇ ਧੂਮ-ਧੜੱਕੇ ਦੇ।

ਟੀ.ਵੀ. ਸਾਹਵੇਂ ਸੋਫ਼ਿਆਂ 'ਤੇ ਬਿਰਾਜਮਾਨ ਮਾਪੇ ਅਤੇ ਬਾਲਕ ਨੂਡਲਾਂ ਅਤੇ ਆਈਸ ਕਰੀਮਾਂ ਦੇ ਚਟਖਾਰੇ ਲੈਂਦੇ ਹੋਏ ਬਸੰਤ ਦਾ ਸਵਾਗਤ ਕਰਦੇ ਹਨ। ਨਾ ਮੇਲਾ ਨਾ ਸਾਂਝੀ ਰੰਗਾਈ ਦੀ ਕਾਰਜਸ਼ਾਲਾ, ਤੇ ਨਾ ਹੀ ਰਿਝਦਾ ਹੈ ਦੇਗਾਂ ਵਿਚ ਮਿੱਠਾ ਪੁਲਾਓ। ਹਰ ਕੋਈ ਆਪੋ-ਆਪਣੇ ਘਰ।

'ਹੈਪੀ ਬਸੰਤ, ਹੈਪੀ ਬਸੰਤ' ਦਾ ਰਟਿਆ-ਰਟਾਇਆ ਸਭ ਦਾ ਅਲਾਪ।

ਪੈਰ ਕਿਧਰੇ, ਹੱਥ ਕਿਧਰੇ, ਧਿਆਨ ਕਿਧਰੇ।

ਪੱਤਰਕਾਰ ਫੋਨਾਂ ਉਤੇ ਅਹਿਮ ਹਸਤੀਆਂ ਤੋਂ 'ਹੈਪੀ ਬਸੰਤ' ਦੇ ਸੁਨੇਹੇ ਲੈ ਕੇ ਅਖ਼ਬਾਰਾਂ ਵਿਚ ਪਰੋਸ-ਪਰਾਸ ਕੇ ਸੁਰਖ਼ਰੂ ਹੋ ਜਾਂਦੇ ਹਨ। ਦੂਰ-ਸੰਚਾਰ ਦੇ ਖ਼ਬਰਚੀ ਫ਼ਿਲਮ-ਅਦਾਕਾਰਾਂ ਉਤੇ ਕੈਮਰੇ ਕਲਿੱਕ ਕਰ ਕੇ ਦੋ-ਚਾਰ ਸ਼ਬਦਾਂ ਨਾਲ ਹੀ ਕੰਮ ਸਾਰ ਲੈਂਦੇ ਹਨ। ਬਸੰਤ ਆਉਂਦੀ ਹੈ ਤੇ ਮੀਡੀਏ ਦਾ ਢਿੱਡ ਭਰ ਕੇ ਖਾਲ-ਮ-ਖਾਲੀ ਪਰਤ ਜਾਂਦੀ ਹੈ। ਉਹ ਘਰਾਂ ਵਿਚ ਨਹੀਂ ਵੜਦੀ। ਵਿਹੜਿਆਂ ਵਿਚ ਨਹੀਂ ਪਸਰਦੀ। ਗਲੀਆਂ-ਬਜ਼ਾਰ ਵਿਚੋਂ ਲੰਘਦੀ ਤਾਂ ਹੈ ਪਰ ਪੀਲੀ-ਪੀਲੀ ਹੀ। ਉਸ ਦੀ ਬਸੰਤੀ ਬਹਾਰ ਦੇ ਦੀਦਾਰ ਨਹੀਂ ਹੁੰਦੇ।

ਇਹ ਬਸੰਤ ਕੋਠਿਆਂ 'ਤੇ ਵੀ ਨਹੀਂ ਚੜ੍ਹਦੀ। ਅੱਖਾਂ 'ਤੇ ਖੋਪੇ ਚੜ੍ਹਾਈ ਹੋਮ-ਵਰਕ ਦੇ ਬੋਝ ਹੇਠ ਦੱਬੇ ਬੈਠੇ ਹਨ ਸੁੰਗੜੇ ਸੁੰਗੜੇ ਪਤੰਗਾਂ ਚੜ੍ਹਾਣ ਵਾਲੇ। ਕੋਠੇ ਵੀ ਬੜੇ ਉਚੇ ਹੋ ਗਏ ਹਨ। ਕੀਕੂੰ ਚੜ੍ਹੇ ਅਤੇ ਆਕਾਸ਼ ਨੂੰ ਛੋਹੇ ਬਸੰਤ, ਪਤੰਗੋ-ਪਤੰਗ ਹੋ ਕੇ? ਡਾਢੀ ਪੀਲੀ ਪੈ ਗਈ ਹੈ ਬਸੰਤ!

# ਆਓ ਕਰੀਏ ਸਤਿਕਾਰ ਬਜ਼ੁਰਗਾਂ ਦਾ

ਮਨੁੱਖੀ ਜਿੰਦਗੀ ਤਿੰਨ ਪੜਾਵਾਂ ਵਿਚੋਂ ਹੋ ਕੇ ਗੁਜ਼ਰਦੀ ਹੈ। ਪਹਿਲਾ ਹੈ, ਬਚਪਨ ਜੋ ਚਿੰਤਾਵਾਂ ਤੋਂ ਮੁਕਤ ਹੋ ਗੁਜ਼ਰਦਾ ਹੈ। ਦੂਜਾ ਹੈ, ਜਵਾਨੀ ਜੋ ਨੱਕ 'ਤੇ ਮੱਖੀ ਨਹੀਂ ਬੈਠਣ ਦਿੰਦੀ ਅਤੇ ਜ਼ਿੰਦਗੀ ਦਾ ਤੀਸਰਾ ਤੇ ਅੰਤਿਮ ਪੜਾਅ ਹੈ, ਬੁਢਾਪਾ ਜਿਸ ਵਿਚ ਜੇ ਸਹੀ ਸਹਾਰਾ ਨਾ ਮਿਲੇ ਤਾਂ ਦਿਨ ਕੱਟਣੇ ਬਹੁਤ ਔਖੇ ਹੋ ਜਾਂਦੇ ਹਨ। ਇਸੇ ਉਮਰੇ ਬੰਦਾ ਕਈ ਤਰ੍ਹਾਂ ਦੀਆਂ ਬਿਮਾਰੀਆਂ ਨਾਲ ਵੀ ਘਿਰ ਜਾਂਦਾ ਹੈ। ਇਸ ਤੋਂ ਬਿਨਾਂ ਚਿੰਤਾਵਾਂ, ਮਾਨਸਿਕ ਤਣਾਓ ਤੇ ਹੋਰ ਕਈ ਅਲਾਮਤਾਂ ਦਾ ਸ਼ਿਕਾਰ ਬੰਦਾ ਨਾ ਚਾਹੁੰਦੇ ਵੀ ਹੋ ਜਾਂਦਾ ਹੈ। ਜਿਨ੍ਹਾਂ ਮਾਪਿਆਂ ਨੇ ਸੁੱਖਾਂ ਸੁੱਖ ਕੇ ਪੁੱਤਰ ਆਪਣੀ ਝੋਲੀ ਪੁਆਏ, ਧੀਆਂ-ਪੁੱਤਰਾਂ ਨੂੰ ਲਾਡ ਲਡਾਏ, ਉਹੀ ਔਲਾਦ ਕਈ ਵਾਰ ਏਨੀ ਬੇਗੈਰਤ ਹੋ ਜਾਂਦੀ ਹੈ ਕਿ ਆਪਣੇ ਮਾਪਿਆਂ ਲਈ ਵੀ ਆਪਣੀ ਜਿੰਦਗੀ ਵਿਚੋਂ ਕੁਝ ਪਲ ਵੀ ਨਹੀਂ ਕੱਢ ਸਕਦੇ।

ਜ਼ਿੰਦਗੀ ਖੂਹ ਦੀਆਂ ਟਿੰਡਾਂ ਸਮਾਨ ਹੈ। ਨਰਕ ਤੇ ਸਵਰਗ ਇੱਥੇ ਹੀ ਹਨ। ਜੇ ਜਾਣੀਏ ਤਾਂ ਵੱਡਿਆਂ ਦੀ ਸੇਵਾ ਵਿਚ ਉਹ ਅਨੰਦ ਮਿਲਦਾ ਹੈ ਜੋ ਬਿਆਨ ਨਹੀਂ ਕੀਤਾ ਜਾ ਸਕਦਾ। ਕਹਿੰਦੇ ਹਨ, ਸਮੇਂ ਦੀ ਚੱਕੀ ਚਲਦੀ ਹੌਲੀ ਹੈ ਪਰੇ ਪੀਸਦੀ ਬਹੁਤ ਬਰੀਕ ਹੈ। ਬੱਚਿਆਂ ਦੀਆਂ ਬੋਲੀਆਂ ਤੋਤਲੀਆਂ ਗੱਲਾਂ ਸੁਣ ਕੇ ਮਾਪੇ ਬੇਹੱਦ ਖੁਸ਼ ਹੁੰਦੇ ਹਨ ਪਰ ਵੱਡੇ ਹੋ ਕੇ ਬੱਚਿਆਂ ਦੀ ਉਹੀ ਤੋਤਲੀ ਜ਼ੁਬਾਨ ਗਾਲ੍ਹਾਂ ਕੱਢੇ ਜਾਂ ਮਾਪਿਆਂ 'ਤੇ ਹੱਥ ਚੁੱਕੇ ਤਾਂ ਜਿੰਨਾ ਦੁੱਖ ਮਾਪਿਆਂ ਨੂੰ ਪਹੁੰਚਦਾ ਹੈ, ਉਹੀ ਜਾਣਦੇ ਹਨ। ਜਿਹੜੀਆਂ ਨੂੰਹਾਂ ਆਪਣੇ ਸੱਸ-ਸਹੁਰੇ ਅੱਗੇ ਜ਼ੁਬਾਨ ਲੜਾਉਂਦੀਆਂ ਹਨ ਜਾਂ ਉਨ੍ਹਾਂ ਦੇ ਪਾਲੇ ਪੁੱਤਰਾਂ ਨੂੰ ਆਪਣੇ ਮਗਰ ਲਾ ਲੈਂਦੀਆਂ ਹਨ, ਉਹ ਬੇਹੱਦ ਗਲਤ ਕਰਦੀਆਂ ਹਨ। ਉਨ੍ਹਾਂ ਤੋਂ ਆਪਣੇ ਮਾਤਾ-ਪਿਤਾ ਤੋਂ ਮਿਲੇ ਸੰਸਕਾਰਾਂ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਪੁੱਤਰ ਨੂੰ ਵੀ ਚਾਹੀਦਾ ਹੈ ਕਿ ਉਹ ਵਿਆਹ ਤੋਂ ਬਾਅਦ ਆਪਣੇ ਮਾਪਿਆਂ ਅਤੇ ਆਪਣੀ ਪਤਨੀ-ਦੋਵਾਂ ਲਈ ਸਮਾਂ ਕੱਢੇ। ਨਾ ਮਾਪਿਆਂ ਤੇ ਨਾ ਹੀ ਪਤਨੀ ਦੀ ਚੁੱਕ ਵਿਚ ਆਵੇ। ਜੇ ਕੋਈ ਗੱਲ ਹੋ ਜਾਵੇ ਤਾਂ ਉਸ ਦਾ ਸਹੀ ਹੱਲ ਕੱਢਿਆ ਜਾਵੇ, ਨਾ ਕਿ ਕੋਈ ਇੱਕਪਾਸੜ ਕਦਮ ਚੁੱਕ ਕੇ ਅਜਿਹਾ ਕੰਮ ਕਰੇ ਜਿਸ ਨਾਲ ਮਾਪਿਆਂ ਨਾਲ ਮੋਹ ਜਾਂ ਵਿਆਹੁਤਾ ਜ਼ਿੰਦਗੀ ਵਿਚ ਕਿਸੇ ਕਿਸਮ ਦੀਆਂ ਤਰੇੜਾਂ ਪੈਣ। ਕਈ ਘਰਾਂ ਵਿਚ ਮਾਪਿਆਂ ਦਾ ਵੀ ਕਸੂਰ ਹੁੰਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਜ਼ਿੰਦਗੀ ਵਿਚ ਬੇਵਜ੍ਹਾ ਦਖਲਅੰਦਾਜ਼ੀ ਕਰਦੇ ਹਨ ਜਿਸ ਨੂੰ ਨੂੰਹਾਂ ਬਰਦਾਸ਼ਤ ਨਹੀਂ ਕਰਦੀਆਂ ਅਤੇ ਜਿੰਦਗੀ ਨਰਕ ਸਮਾਨ ਹੋ ਜਾਂਦੀ ਹੈ ਤੇ ਹਸਦਾ ਵਸਦਾ ਘਰ ਟੁੱਟ ਜਾਂਦਾ ਹੈ।

ਕਈ ਪੁੱਤਰ ਹੀ ਅਜਿਹੇ ਹੋ ਜਾਂਦੇ ਹਨ ਕਿ ਜੇ ਮਾਂ ਦੀ ਪੈਨਸ਼ਨ ਛੋਟੇ ਭਰਾ ਨੂੰ ਮਿਲਦੀ ਹੈ ਤਾਂ ਉਹ ਛੋਟੇ ਨਾਲ ਹੀ ਰਹੇ। ਦੂਜਾ ਪੁੱਤਰ ਉਸ ਦੀ ਬਾਤ ਨਹੀਂ ਪੁੱਛਦਾ। ਕਈ ਪੁੱਤਰ ਘਰ ਦੀ ਸਾਰੀ ਕਬੀਲਦਾਰੀ ਨਿਬੇੜਦੇ ਹਨ, ਮਾਂ-ਬਾਪ ਉਸੇ ਪੁੱਤਰ ਦੀ ਬਾਤ ਨਹੀਂ ਪੁੱਛਦੇ। ਸਾਨੂੰ ਖਿਆਲ ਕਰਨਾ ਚਾਹੀਦਾ ਹੈ ਕਿ ਜ਼ਿੰਦਗੀ ਦੋ ਪਹੀਆਂ 'ਤੇ ਸਵਾਰ ਹੋ ਕੇ ਚਲਦੀ ਹੈ। ਜੇ ਸਾਡੇ ਸਕੂਟਰ ਦਾ ਇੱਕ ਟਾਇਰ ਪੈਂਚਰ ਹੋ ਜਾਵੇ ਤਾਂ ਉਹ ਚੱਲੇਗਾ ਨਹੀਂ। ਇਸੇ ਤਰ੍ਹਾਂ ਸਾਡੀ ਜ਼ਿੰਦਗੀ ਹੈ। ਜੇ ਮਨਾਂ ਅੰਦਰ ਫਰਕ ਪੈਣ ਲੱਗ ਜਾਣ ਤਾਂ ਇਹ ਵਧਦੇ ਹੀ ਚਲੇ ਜਾਂਦੇ ਹਨ ਪਰ ਮਾਪਿਆਂ ਨਾਲ ਕਾਹਦਾ ਗੁੱਸਾ ਤੇ ਗਿਲਾ। ਦੋਸਤੋ, ਬੁੱਢੀ ਉਮਰੇ ਜੇ ਕੰਮ ਕਰਨੇ ਪੈ ਜਾਣ ਤਾਂ ਬੱਚਿਆਂ ਲਈ ਸ਼ਰਮ ਦੀ ਗੱਲ ਹੈ।

ਆਉ, ਮਾਪਿਆਂ ਨੂੰ ਬਿਰਧ ਆਸ਼ਰਮ ਭੇਜਣ ਦੀ ਨੌਬਤ ਨਾ ਆਉਣ ਦੇਣ ਦਾ ਪ੍ਰਣ ਕਰੀਏ। ਆਪਣੇ ਹੱਸਦੇ ਵਸਦੇ ਘਰ ਛੱਡ ਕੇ ਪੁੱਤਰਾਂ ਤੇ ਧੀਆਂ ਦੇ ਹੁੰਦੇ ਹੋਏ ਵੀ ਜਿਹੜੇ ਮਾਪੇ ਬਿਰਧ ਆਸ਼ਰਮਾਂ ਵਿਚ ਰਹਿਣ ਲਈ ਮਜਬੂਰ ਹਨ, ਜਿਥੇ ਉਨ੍ਹਾਂ ਦੀ ਹਾਲਤ ਵੇਖ ਕੇ ਅੱਖਾਂ ਭਰ ਆਉਂਦੀਆਂ ਹਨ। ਇਕੱਲ ਤੇ ਤਨਹਾਈ ਸ਼ਬਦਾਂ 'ਚ ਬਿਆਨ ਕਰਨੀ ਮੁਸ਼ਕਲ ਹੈ। ਜੇ ਗਲਤੀ ਹੋ ਵੀ ਗਈ ਹੈ ਤਾਂ ਮਾਪਿਆਂ ਤੋਂ ਕਾਹਦੀ ਸ਼ਰਮ, ਉਨ੍ਹਾਂ ਨੂੰ ਘਰ ਲੈ ਆਉ। ਨਹੀਂ ਤਾਂ ਤਿਆਰੀ ਰੱਖੋ, ਇਹੋ ਹਾਲਤ ਤੁਹਾਡੀ ਵੀ ਹੋ ਸਕਦੀ ਹੈ।

*-ਜਸਦੀਪ ਸਿੰਘ ਖੰਨਾ*
*ਫੋਨ: 91-94630-57786*

# ਜਿਉਂਦੀ ਰਹੁ ਜ਼ੋਇਆ



ਕੱਲ੍ਹ ਤੱਕ ਜ਼ੋਇਆ ਅਖਤਰ, ਸ਼ਾਇਰ ਜਾਵੇਦ ਅਖਤਰ ਅਤੇ ਪਟਕਥਾ ਲੇਖਕਾ ਹਨੀ ਇਰਾਨੀ ਦੀ ਧੀ ਸੀ। ਅੱਜ ਉਸ ਨੇ ਆਪਣੀ ਜਾਣ-ਪਛਾਣ ਆਪ ਬਣਾਈ ਹੈ। ਅੱਜ ਕੱਲ੍ਹ ਉਸ ਦੀ ਅਗਲੀ ਫਿਲਮ ਦੀ ਚਰਚਾ ਗਲੀ-ਗਲੀ ਹੋ ਰਹੀ ਹੈ ਅਤੇ ਇਹ ਫਿਲਮ ਬਣਾਉਣ ਦਾ ਅਜੇ ਐਲਾਨ ਹੀ ਹੋਇਆ ਹੈ। ਇਸ ਫਿਲਮ ਦਾ ਨਾਂ ਵੀ ਅਜੇ ਨਹੀਂ ਰੱਖਿਆ ਗਿਆ। ਸਿਰਫ ਐਲਾਨ ਹੀ ਹੋਇਆ। ਫਿਲਮ ਵਿਚ ਪ੍ਰਿਯੰਕਾ ਚੋਪੜਾ, ਰਣਵੀਰ ਸਿੰਘ ਅਤੇ ਅਨੁਸ਼ਕਾ ਸ਼ਰਮਾ ਕੰਮ ਕਰ ਰਹੇ ਹਨ। ਪ੍ਰਿਯੰਕਾ ਅਤੇ ਰਣਵੀਰ ਸਿੰਘ ਇਸ ਫਿਲਮ ਵਿਚ ਭੈਣ-ਭਰਾ ਬਣਨਗੇ ਅਤੇ ਅਨੁਸ਼ਕਾ ਸ਼ਰਮਾ ਨਾਲ ਰਣਵੀਰ ਸਿੰਘ ਦੀ ਰੁਮਾਂਟਿਕ ਜੋੜੀ ਬਣਾਈ ਗਈ ਹੈ। ਇਨ੍ਹਾਂ ਦੋਹਾਂ ਐਕਟਰਾਂ ਦੀ ਪਲੇਠੀ ਫਿਲਮ 'ਬੈਂਡ ਬਾਜਾ ਬਰਾਤ' ਬੜੀ ਸਫਲ ਰਹੀ ਹੀ; ਕਮਾਈ ਪੱਖੋਂ ਵੀ ਅਤੇ ਤਾਰੀਫ ਪੱਖੋਂ ਵੀ। ਜ਼ੋਇਆ ਦੀ ਇਸ ਨਵੀਂ ਫਿਲਮ ਵਿਚ ਜ਼ੋਇਆ ਦਾ ਭਰਾ ਫਰਹਾਨ ਅਖਤਰ ਵੀ ਅਹਿਮ ਕਿਰਦਾਰ ਨਿਭਾਅ ਰਿਹਾ ਹੈ। ਪਿਛੇ ਜਿਹੇ ਰਿਲੀਜ਼ ਹੋਈ ਫਰਹਾਨ ਅਖਤਰ ਦੀ ਫਿਲਮ 'ਭਾਗ ਮਿਲਖਾ ਭਾਗ' ਨੇ ਸਭ ਦਾ ਦਿਲ ਜਿੱਤ ਲਿਆ ਸੀ। ਇਹ ਫਿਲਮ ਉਡਣੇ ਸਿੱਖ ਮਿਲਖਾ ਸਿੰਘ ਦੀ ਜ਼ਿੰਦਗੀ ਉਤੇ ਆਧਾਰਤ ਸੀ। ਖੈਰ! 10 ਅਕਤੂਬਰ 1972 ਨੂੰ ਜਨਮੀ ਜ਼ੋਇਆ ਅਖਤਰ ਨੇ ਬਤੌਰ ਡਾਇਰੈਟਰ ਆਪਣੀ ਪਹਿਲੀ ਫਿਲਮ ਸਾਲ 2009 ਵਿਚ ਬਣਾਈ ਸੀ। ਫਿਲਮ ਦਾ ਨਾਂ ਸੀ- 'ਲੱਕੀ ਬਾਈ ਚਾਂਸ'। ਇਸ ਫਿਲਮ ਵਿਚ ਲੀਡ ਰੋਲ ਫਰਹਾਨ ਅਖਤਰ ਅਤੇ ਕੋਨਕਨਾ ਸੇਨ ਸ਼ਰਮਾ ਦੇ ਸਨ। ਇਨ੍ਹਾਂ ਤੋਂ ਇਲਾਵਾ ਰਿਸ਼ੀ ਕਪੂਰ, ਐਲੀ ਖਾਨ, ਡਿੰਪਲ ਕਪਾਡੀਆ, ਜੂਹੀ ਚਾਵਲਾ, ਰਿਤਿਕ ਰੌਸ਼ਨ, ਈਸ਼ਾ ਸ਼ਿਵਾਨੀ ਅਤੇ ਸੰਜੇ ਕਪੂਰ ਵਰਗੇ ਐਕਟਰਾਂ ਦੀ ਪੂਰੀ ਫੌਜ ਸੀ। ਇਹੀ ਨਹੀਂ, ਸ਼ਾਹਰੁਖ ਖਾਨ, ਕਰੀਨਾ ਕਪੂਰ, ਕਰਨ ਜੌਹਰ, ਮਨੀਸ਼ਾ ਮਲਹੋਤਰਾ, ਰਣਬੀਰ ਕਪੂਰ, ਅਭਿਸ਼ੇਕ ਬੱਚਨ, ਅਕਸ਼ੈ ਖੰਨਾ, ਜੌਹਨ ਅਬਰਾਹਿਮ, ਆਮਿਰ ਖਾਨ ਅਤੇ ਰਾਣੀ ਮੁਖਰਜੀ ਵਰਗੀਆਂ ਚੋਟੀ ਦੀ ਫਿਲਮੀ ਹਸਤੀਆਂ ਵੀ ਫਿਲਮ ਦਾ ਹਿੱਸਾ ਬਣੀਆਂ ਸਨ। ਫਿਲਮ ਦੀ ਕਹਾਣੀ ਮੁੰਬਈ ਵਿਖੇ ਐਕਟਰ ਬਣਨ ਆਏ ਨੌਜਵਾਨ ਦੁਆਲੇ ਘੁੰਮਦੀ ਹੈ। ਇਹ ਫਿਲਮ ਭਾਵੇਂ ਬਾਕਸ ਆਫਿਸ ਉਤੇ ਬਹੁਤੀ ਕਮਾਈ ਤਾਂ ਨਹੀਂ ਸੀ ਕਰ ਸਕੀ, ਪਰ ਲੋਕਾਂ ਨੇ ਇਹ ਜ਼ਰੂਰ ਆਖਿਆ ਸੀ ਕਿ ਇਹ ਕੁੜੀ (ਜ਼ੋਇਆ ਅਖਤਰ) ਫਿਲਮੀ ਦੁਨੀਆਂ ਵਿਚ ਬਹੁਤ ਉਚੀ ਉਡਾਣ ਭਰੇਗੀ। ਇਸ ਫਿਲਮ ਵਿਚ ਉਸ ਨੇ ਤਜਰਬੇ ਬਹੁਤ ਜ਼ਿਆਦਾ ਕੀਤੇ ਸਨ। ਸਭ ਨੇ ਫਿਲਮ ਦੀ ਰੱਜ ਕੇ ਤਾਰੀਫ ਕੀਤੀ ਸੀ। ਤੇ ਇਹ ਗੱਲ ਸੱਚੀ ਹੀ ਸੀ। ਇਕ ਤਾਂ ਇਸ ਫਿਲਮ ਲਈ ਉਸ ਨੂੰ ਸਰਵੋਤਮ ਨਵੇਂ ਡਾਇਰੈਕਟਰ ਦਾ ਫਿਲਮਫੇਅਰ ਇਨਾਮ ਮਿਲਿਆ; ਦੂਜੇ ਜਦੋਂ ਦੋ ਸਾਲ ਬਾਅਦ ਉਸ ਦੀ ਦੂਜੀ ਫਿਲਮ 'ਜ਼ਿੰਦਗੀ ਨਾ ਮਿਲੇਗੀ ਦੁਬਾਰਾ' ਆਈ ਤਾਂ ਸਭ ਉਲਾਂਭੇ ਲਹਿ ਗਏ। ਇਸ ਫਿਲਮ ਲਈ ਉਸ ਨੂੰ ਸਰਵੋਤਮ ਡਾਇਰੈਟਰ ਦੇ ਕੋਈ ਇਕ-ਦੋ ਨਹੀਂ ਸਗੋਂ ਚਾਰ ਇਨਾਮ (ਫਿਲਮਫੇਅਰ, ਆਈ.ਆਈ.ਐਫ.ਏ.-ਆਈਫਾ, ਜ਼ੀ ਸਿਨੇ ਤੇ ਅਪਸਰਾ) ਮਿਲੇ। ਇਸ ਫਿਲਮ ਵਿਚ ਨਸੀਰੂਦੀਨ ਸ਼ਾਹ, ਅਭੈ ਦਿਓਲ, ਰਿਤਿਕ ਰੌਸ਼ਨ, ਫਰਹਾਨ ਅਖਤਰ, ਕੈਟਰੀਨਾ ਕੈਫ ਅਤੇ ਕਾਲਕੀ ਕੋਇਚਲਿਨ ਦੀਆਂ ਅਹਿਮ ਭੂਮਿਕਾਵਾਂ ਸਨ। ਫਿਲਮ ਦੀ ਕਹਾਣੀ ਤਿੰਨ ਦੋਸਤਾਂ ਬਾਰੇ ਹੈ ਜੋ ਬਚਪਨ ਵਿਚ ਜੁਦਾ ਹੋ ਜਾਂਦੇ ਹਨ। ਫਿਰ ਜਦੋਂ ਜ਼ਿੰਦਗੀ ਵਿਚ ਦੁਬਾਰਾ ਮਿਲਦੇ ਹਨ ਤਾਂ ਖੂਬ ਧਮਾਲਾਂ ਕਰਦੇ ਹਨ। ਇਨ੍ਹਾਂ ਨੂੰ ਲਗਦਾ ਹੈ ਕਿ ਦੁਬਾਰਾ ਜ਼ਿੰਦਗੀ ਮਿਲਣੀ ਨਹੀਂ ਹੈ, ਇਸ ਲਈ ਇਸ ਜ਼ਿੰਦਗੀ ਨੂੰ ਹੋਰ, ਹੋਰ ਖੂਬਸੂਰਤ ਬਣਾਓ। ਇਸ ਫਿਲਮ ਉਤੇ ਕੁੱਲ 5.50 ਕਰੋੜ ਰੁਪਏ ਲੱਗੇ ਸਨ ਅਤੇ ਇਸ ਨੇ ਕਮਾਈ 15.53 ਕਰੋੜ ਰੁਪਏ ਦੀ ਕੀਤੀ ਸੀ। ਜ਼ੋਇਆ ਅਖਤਰ ਪਹਿਲਾਂ-ਪਹਿਲ ਬਤੌਰ ਐਕਟਰ ਫਿਲਮੀ ਦੁਨੀਆਂ ਵਿਚ ਆਈ ਸੀ। ਫਿਲਮ 'ਕਾਮਸੂਤਰ' ਵਿਚ ਉਹ ਮਸ਼ਹੂਰ ਅਦਾਕਾਰਾ ਰੇਖਾ ਨਾਲ ਆਈ ਸੀ ਅਤੇ ਇਹ ਕਿਰਦਾਰ ਕੋਈ ਬਹੁਤਾ ਮਹੱਤਵਪੂਰਨ ਨਹੀਂ ਸੀ ਪਰ ਆਪਣੀ ਅਦਾਕਾਰੀ ਨਾਲ ਜ਼ੋਇਆ ਨੇ ਸਭ ਦਾ ਧਿਆਨ ਖਿੱਚ ਲਿਆ। ਜ਼ੋਇਆ ਨੇ ਪੈਪਸੀ ਅਤੇ ਫਿਨੋਲੈਕਸ ਵਰਗੇ ਬ੍ਰਾਂਡਾਂ ਦੇ ਇਸ਼ਤਿਹਾਰ ਵੀ ਬਣਾਏ। ਫਿਰ ਉਸ ਨੇ ਇਕ ਰੌਕ ਬੈਂਡ ਲਈ 'ਪਰਾਈਸ ਆਫ ਬੁਲਿਟਸ' ਸੰਗੀਤ ਵੀਡੀਓ ਬਣਾਈ। ਫਿਰ ਕੁਝ ਫਿਲਮਾਂ ਵਿਚ ਕਾਸਟਿੰਗ ਡਾਇਰੈਟਰ ਬਣੀ। ਇਸ ਤੋਂ ਬਾਅਦ ਆਪੇ ਭਰਾ ਦੀਆਂ ਫਿਲਮਾਂ ਵਿਚ ਅਸਿਸਟੈਂਟ ਡਾਇਰੈਟਰ ਵਜੋਂ ਕੰਮ ਕੀਤਾ। ਇਨ੍ਹਾਂ ਫਿਲਮਾਂ ਵਿਚ 'ਲਕਸ਼ੈ' ਅਤੇ 'ਦਿਲ ਚਾਹਤਾ ਹੈ' ਵਰਗੀਆਂ ਫਿਲਮਾਂ ਵੀ ਸ਼ਾਮਲ ਹਨ। ਫਿਰ ਤਾਂ ਚੱਲ ਸੋ ਚੱਲ। ਉਸ ਨੇ ਕਦੀ ਪਿਛੇ ਮੁੜ ਕੇ ਨਹੀਂ ਦੇਖਿਆ। ਉਹ ਖੁਦ ਆਖਦੀ ਹੈ ਜਿਸ ਵਿਚ ਕੋਈ ਪ੍ਰਤਿਭਾ ਹੈ, ਉਹ ਕਿਸੇ ਨਾ ਕਿਸੇ ਦਿਨ ਸਾਹਮਣੇ ਆਉਣੀ ਹੀ ਹੁੰਦੀ ਹੈ।



*ਆਪਣੇ ਭਰਾ ਫਰਹਾਨ ਨੂੰ ਸੀਨ ਸਮਝਾ ਰਹੀ ਜ਼ੋਇਆ ਅਖਤਰ।*



*ਜ਼ੋਇਆ ਅਖਤਰ ਦਾ ਇਕ ਅੰਦਾਜ਼।*




*ਆਪਣੇ ਭਰਾ ਫਰਹਾਨ, ਕਾਲਕੀ ਅਤੇ ਅਭੈ ਦਿਓਲ ਨਾਲ ਜ਼ੋਇਆ ਅਖਤਰ।*

# ਅਹਾਨਾ ਦਿਓਲ ਦਾ ਵਿਆਹ



ਹੇਮਾ ਮਾਲਿਨੀ ਅਤੇ ਧਰਮਿੰਦਰ ਦੀ ਛੋਟੀ ਧੀ ਅਹਾਨਾ ਦਿਓਲ ਦਾ ਵਿਆਹ ਦਿੱਲੀ ਦੇ ਕਾਰੋਬਾਰੀ ਨੌਜਵਾਨ ਵੈਭਵ ਵੋਰਾ ਨਾਲ ਹੋ ਗਿਆ ਹੈ। ਅਹਾਨਾ ਬੁਨਿਆਦੀ ਰੂਪ ਵਿਚ ਆਪਣੀ ਮਾਂ ਹੇਮਾ ਵਾਂਗ, ਕਲਾਸੀਕਲ ਡਾਂਸਰ ਹੈ ਪਰ ਫਿਲਮ ਨਿਰਮਾਣ ਵਿਚ ਉਸ ਨੇ ਵੱਧ ਰੁਚੀ ਦਿਖਾਈ ਹੈ। ਅਹਾਨਾ ਦਿਓਲ ਦਾ ਵਿਆਹ ਬਹੁਤ ਧੂਮ-ਧਾਮ ਨਾਲ ਹੋਇਆ ਪਰ ਅਖਬਾਰਾਂ ਵਾਲਿਆਂ ਨੇ ਇਸ ਵਿਆਹ ਬਾਰੇ ਇਹ ਖਬਰਾਂ ਬੜੇ ਉਚੇਚ ਨਾਲ ਛਾਪੀਆਂ ਹਨ ਕਿ ਅਹਾਨਾ ਦੇ ਮਤਰੇਏ ਭਰਾ ਸਨੀ ਦਿਓਲ ਅਤੇ ਬੌਬੀ ਦਿਓਲ ਵਿਆਹ ਵਿਚ ਸ਼ਾਮਲ ਨਹੀਂ ਹੋਏ। ਦੋਵੇਂ ਭਰਾ ਹੇਮਾ-ਧਰਮਿੰਦਰ ਦੀ ਜੇਠੀ ਦੀ ਈਸ਼ਾ ਦਿਓਲ ਦੇ ਵਿਆਹ ਵਿਚ ਵੀ ਸ਼ਾਮਲ ਨਹੀਂ ਸਨ ਹੋਏ। ਹਾਂ! ਧਰਮਿੰਦਰ ਦਾ ਭਤੀਜਾ ਅਭੈ ਦਿਓਲ ਇਨ੍ਹਾਂ ਦੋਹਾਂ ਸਮਾਗਮਾਂ ਵਿਚ ਬਾਕਾਇਦਾ ਸ਼ਾਮਲ ਹੋਇਆ।

ਚੁੰਝ ਚਰਚਾ ਹੈ ਕਿ ਸਨੀ ਦਿਓਲ ਅਤੇ ਬੌਬੀ ਦਿਓਲ ਨੇ ਅਜੇ ਤਕ ਆਪਣੇ ਬਾਪੂ ਧਰਮਿੰਦਰ ਨੂੰ ਦੂਜੇ ਵਿਆਹ ਲਈ ਮੁਆਫ ਨਹੀਂ ਕੀਤਾ ਹੈ ਅਤੇ ਨਾ ਹੀ ਹੇਮਾ ਮਾਲਿਨੀ ਨੂੰ ਮਾਂ ਹੀ ਤਸੱਵਰ ਕੀਤਾ ਹੈ। ਪਹਿਲਾਂ ਪਹਿਲ ਤਾਂ ਸਨੀ ਦਿਓਲ ਹੇਮਾ ਲਈ ਆਪਣੇ ਦਿਲ ਵਿਚ ਬੜੀ ਨਫਰਤ ਰੱਖਦਾ ਸੀ ਪਰ ਈਸ਼ਾ ਦੇ ਵਿਆਹ ਵੇਲੇ ਚਰਚਾ ਸੀ ਕਿ ਸਨੀ ਭਾਵੇਂ ਵਿਆਹ ਵਿਚ ਸ਼ਾਮ ਨਾ ਹੋਵੇ ਪਰ ਬੌਬੀ ਜ਼ਰੂਰ ਵਿਆਹ ਵਿਚ ਸ਼ਾਮਲ ਹੋਵੇਗਾ। ਉਂਝ ਉਹ ਵੀ ਉਦੋਂ ਵਿਆਹ ਵਿਚ ਨਹੀਂ ਸੀ ਆਇਆ। ਐਤਕੀਂ ਕੁਝ ਸਾਂਝੇ ਸੱਜਣਾਂ-ਮਿੱਤਰਾਂ ਨੇ ਰਲ ਕੇ ਇਨ੍ਹਾਂ ਦੋਹਾਂ ਪਰਿਵਾਰਾਂ ਨੂੰ ਇਕ ਕਰਨ ਦਾ ਯਤਨ ਕੀਤਾ ਪਰ ਇਸ ਵਿਆਹ ਮੌਕੇ ਵੀ ਦੋਹਾਂ ਪਰਿਵਾਰਾਂ ਦੀ ਮਿਲਣੀ ਸੰਭਵ ਨਾ ਹੋ ਸਕੀ।

# ਮਜ਼ਹਬ ਤੇ ਸਿਆਸਤ ਬਾਰੇ ਚਰਚਾ 'ਯਾ ਰੱਬ'

'ਯਾ ਰੱਬ' ਇਕ ਸੰਦੇਸ਼ਮਈ ਫਿਲਮ ਹੈ ਜਿਹੜੀ ਫਿਲਮਸਾਜ਼ ਹਸਨੈਨ ਹੈਦਰਾਬਾਦੀ ਨੇ ਬੜਾ ਜੋਖਮ ਚੁੱਕ ਕੇ ਬਣਾਈ। ਇਹ ਫਿਲਮ ਮਜ਼ਹਬ ਅਤੇ ਸਿਆਸਤ ਉਤੇ ਬੜੀਆਂ ਤਿੱਖੀਆਂ ਟਿੱਪਣੀ ਕਰਦੀ ਹੈ। ਫਿਲਮ ਵਿਚ ਅਹਿਮ ਭੂਮਿਕਾਵਾਂ ਐਜਾਜ਼ ਖਾਨ, ਅਰਜੁਮਾਨ ਮੁਗਲ, ਵਿਕਰਮ ਸਿੰਘ ਅਤੇ ਇਮਰਾਨ ਹਸਨੀ ਨੇ ਨਿਭਾਈਆਂ ਹਨ। ਇਸ ਫਿਲਮ ਵਿਚ ਮੁੱਖ ਰੂਪ ਵਿਚ ਦੋ ਧੜੇ ਦਿਖਾਏ ਗਏ ਹਨ। ਇਕ ਧੜਾ ਮਨੁੱਖੀ ਜ਼ਿੰਦਗੀ ਨੂੰ ਪਿਆਰ ਕਰਦਾ ਹੈ ਅਤੇ ਦੂਜਾ ਧੜਾ ਹਿੰਸਕ ਹੋ ਕੇ ਟੱਕਰਦਾ ਹੈ। ਦੋਵੇਂ ਧੜੇ ਇਸਲਾਮ ਦੀਆਂ ਸਿਖਿਆਵਾਂ ਨੂੰ ਮੰਨਣ ਦਾ ਦਾਅਵਾ ਕਰਦੇ ਹਨ। ਹਿੰਦੀ ਫਿਲਮਾਂ ਵਿਚ ਜਿਵੇਂ ਹੁੰਦਾ ਹੀ ਹੈ, ਜਿੱਤ ਆਖਰ ਮਨੁੱਖਤਾ ਨੂੰ ਪਿਆਰ ਨੂੰ ਕਰਨ ਵਾਲੇ ਧੜੇ ਦੀ ਹੁੰਦੀ ਹੈ। ਇਸ ਫਿਲਮ ਬਾਰੇ ਕੁਝ ਕੱਟੜ ਮੁਲਾਣਿਆਂ ਨੇ ਇਤਰਾਜ਼ ਉਠਾਏ ਸਨ ਪਰ ਸੈਂਸਰ ਬੋਰਡ ਨੇ ਕੁੱਝ ਕੁ ਕੱਟਾਂ ਨਾਲ ਇਹ ਫਿਲਮ ਰਿਲੀਜ਼ ਕਰਨ ਦੀ ਆਗਿਆ ਦੇ ਦਿੱਤੀ। ਫਿਲਮ ਰਿਲੀਜ਼ ਹੋਣ 'ਤੇ ਇਸ ਨੂੰ ਦੋਹਾਂ ਤਰ੍ਹਾਂ ਦੇ ਹੁੰਗਾਰਾ ਮਿਲੇ। ਕੁਝ ਫਿਲਮ ਆਲੋਚਕਾਂ ਨੇ ਫਿਲਮ ਦੀ ਰੱਜ ਕੇ ਪ੍ਰਸੰਸਾ ਕੀਤੀ ਅਤੇ ਕੁਝ ਕੁ ਨੇ ਇਸ ਫਿਲਮ ਨੂੰ ਬਹੁਤ ਮਾੜੀ ਫਿਲਮ ਐਲਾਨਿਆ। ਫਿਰ ਵੀ ਉਨ੍ਹਾਂ ਦਾ ਇਹ ਆਖਣਾ ਸੀ ਕਿ ਫਿਲਮ ਵਿਚ ਬਹੁਤ ਅਹਿਮ ਮਸਲੇ ਬਾਰੇ ਸੰਜੀਦਾ ਢੰਗ ਨਾਲ ਵਿਚਾਰ ਕੀਤਾ ਗਿਆ ਹੈ। ਫਿਲਮ ਦਾ ਹੀਰੋ ਐਜਾਜ਼ ਖਾਨ ਟੀ.ਵੀ. ਪ੍ਰੋਗਰਾਮ 'ਬਿਗ ਬੌਸ' ਦੇ 7ਵੇਂ ਸੀਜ਼ਨ ਨਾਲ ਲੋਕਾਂ ਵਿਚ ਆਪਣੀ ਵੱਖਰੀ ਜਾਣ-ਪਛਾਣ ਕਰਵਾ ਚੁੱਕਾ ਸੀ। ਇਸ ਦਾ ਉਸ ਨੂੰ ਨਫਾ ਵੀ ਹੋਇਆ ਹੈ। ਹੁਣ ਤਕ ਉਹ ਫਿਲਮਾਂ ਵਿਚ ਛੋਟੇ-ਛੋਟੇ ਕਿਰਦਾਰਾਂ ਦੇ ਰੂਪ ਵਿਚ ਦਿਖਾਈ ਦਿੰਦਾ ਦਿਸਿਆ ਹੈ। ਇਸ ਫਿਲਮ ਨਾਲ ਉਸ ਨੂੰ ਵੱਡੀ ਬ੍ਰੇਕ ਮਿਲੀ ਹੈ।



*ਅਰਜੁਮਾਨ ਮੁਗਲ*



APCA
AMERICAN PETROLEUM AND CONVENIENCE STORE ASSOCIATION

**APCA is a non profit organization dedicated to empower petroleum and convenience store owners**

## ਏ ਪੀ ਸੀ ਏ ਲੋਕ ਰਾਜੀ ਅਸੂਲਾਂ 'ਤੇ ਆਧਾਰਤ ਨਿੱਗਰ ਜਥੇਬੰਦੀ ਹੈ ਜਿਸ ਦੀ ਵੱਡੀ ਗਿਣਤੀ ਵਿਚ ਸਟੋਰ ਅਤੇ ਗੈਸ ਸਟੇਸ਼ਨ ਮਾਲਕਾਂ ਤੀਕ ਪਹੁੰਚ ਹੈ।



## ਸਾਡਾ ਟੀਚਾ ਸਿਖਿਆ, ਟਰੇਨਿੰਗ ਅਤੇ ਵਿਚਾਰ-ਵਟਾਂਦਰੇ ਰਾਹੀਂ ਕਨਵੀਨੀਐਂਸ ਸਟੋਰ ਅਤੇ ਗੈਸ ਸਟੇਸ਼ਨ ਮਾਲਕਾਂ ਦੀ ਆਪਣਾ ਬਿਜਨਸ ਵਧਾਉਣ ਵਿਚ ਮਦਦ ਕਰਨਾ ਹੈ।

### Why Join APCA?

- Local Chapter Meetings
- Buying Show
- Member Only Exclusive Programs from Vendors & Service Providers
- Free Training
- Help With Local Governmental Action
- Bi-Annual Magazine
- Provide industry related educational opportunities

**Reach us on the web: http://www.apca.us/**

APCA's Reach




## ਜੇ ਤੁਸੀਂ ਗੈਸ ਸਟੇਸ਼ਨ ਜਾਂ ਕਨਵੀਨੀਐਂਸ ਸਟੋਰ ਮਾਲਕ ਹੋ ਅਤੇ ਆਪਣਾ ਬਿਜਨਸ ਵਧਾਉਣਾ ਚਾਹੁੰਦੇ ਹੋ ਤਾਂ ਸਾਡੇ ਮੈਂਬਰ ਬਣੋ।

### ਫਰਿਜ਼ਨੋ ਵਿਚ ਹੋ ਰਹੀ ਸਾਡੀ ਮੀਟਿੰਗ ਵਿਚ ਸ਼ਾਮਲ ਹੋ ਕੇ ਹੋਰ ਜਾਣਕਾਰੀ ਹਾਸਲ ਕਰੋ

## ਬੁੱਧਵਾਰ 19 ਫਰਵਰੀ, 2014

ਸ਼ਾਮੀ 7 ਵਜੇ ਤੋਂ 9 ਵਜੇ ਤੱਕ

**India's Oven**

3035 W. Ashlan Ave, Fresno, CA 93722, Ph: (559) 229-1313

*Dinner will be served*

# Ph: (916) 714-APCA (2722)


LEO ENTERTAINMENT
& BALBIR SINGH DHANOA
proudly present
BABBU MAAN
ਆਹ ਚੱਕ
VISAKHI - 2014
LIVE
USA
CANADA
APRIL-MAY 2014
TO BOOK SHOW IN YOUR CITY, CALL
OR LOGIN AT WWW.LEOENTINC.COM
DALJEET SINGH: 516-467-7102
BITTU BHULLAR: 516-946-4748
National Sponsor:
Biz4Loans
Commercial Loan Lenders
SHAWN'S REALTY
& FINANCE GROUP
Sponsors:
AWM
ALL WESTERN MORTGAGE
RESIDENTIAL MORTGAGE IN 19 STATES

HURRY! LIMITED-TIME OFFER!




iPad mini

HOME ENTERTAINMENT ANYWHERE.

Only from DISH

Get an iPad® mini FREE when you sign up for DISH and the Hopper.®

Cannot be combined with promotional pricing. Must subscribe to qualifying American programming starting at $54.99/mo in addition to International programming. Requires 24-month commitment, credit qualification and qualifying programming.

Did you know that the first Indian woman in space was a Punjabi trailblazer? With the Hopper, we're trailblazing a new way to watch your home entertainment anywhere.

WATCH WHAT YOU LOVE

PTC PUNJABI | etc ਪੰਜਾਬੀ | jus punjabi
GET ਪੰਜਾਬੀ | mh MH ONE | And many more!

PUNJABI PACK $24.99/mo

AMERICA'S TOP 120

Over 190 American channels starting at $29.99/month for 12 months.†

†Requires 24-month commitment and credit qualification. Monthly DVR and receiver fees apply.

LOVE HOW YOU WATCH IT

Only the Hopper® gives you the power to:

- Watch all your live and recorded TV anywhere*
- Instantly skip commercials*
- Store up to 2,000 hours of your favorite shows

*Feature must be enabled by customer.



Call now! 1-888-926-5479
or visit DishPunjabiTV.com

dish™

**Important Terms and Conditions: Promotional Offers:** International programming requires additional $10/mo International Basic package or any America's Top package. For iPad mini Offer, International programming requires any America's Top package. Requires activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current everyday monthly price applies and is subject to change. **ETF:** If you cancel service during the first 24 months, early termination fee of $20 for each month remaining applies. For iPad mini offer, if you cancel service during first the 24 months, early termination fee of $30 for each month remaining applies. **Activation fee may apply.**

**Additional Requirements: For iPad mini Offer:** Customer must select Hopper system and minimum of America's Top 120 package; allow 4-6 weeks for delivery; offer not available in Puerto Rico or USVI. ETF based in part on everyday price (i.e. non-promotional price) for programming. Available while supplies last. Model subject to change without notice. **Hopper Features:** AutoHop feature is only available with playback the next day of select primetime shows on ABC, CBS, FOX and NBC as part of PrimeTime Anytime feature. Both features are subject to availability. **Installation/Equipment Requirements:** A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Recording hours vary; 2000 hours based on SD programming. Equipment comparison based on equipment available from major TV providers as of 1/17/14. Watching live and recorded TV anywhere requires an Internet-connected, Sling-enabled DVR and compatible mobile device. **Miscellaneous:** Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. **Offers end 6/12/14.**

© 2014 DISH Network L.L.C. All rights reserved. iPad is a trademark of Apple Inc., registered in the U.S. and other countries. Apple is not a participant in or sponsor of this promotion.